# ਗੁਰਪੁਰਬ ਗਾਥਾਵਾਂ

ਸਿੰਘ ਸਾਹਿਬ

ਗਿ: ਜਸਵੰਤ ਸਿੰਘ ਪ੍ਰਵਾਣਾ

# ਗੁਰਪੁਰਬ ਗਾਥਾਵਾਂ


ਗਿਆਨੀ ਜਸਵੰਤ ਸਿੰਘ ਪ੍ਰਵਾਨਾ

*ਸਾਬਕਾ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ*



## ਨਿਊ ਬੁੱਕ ਕੰਪਨੀ

ਮਾਈ ਹੀਰਾਂ ਗੇਟ, ਜਲੰਧਰ।

3

GURPURAB GATHAWAN
*by* GIANI JASWANT SINGH PARWANA

© ਸਭ ਹੱਕ ਕਰਤਾ ਦੇ ਰਾਖਵੇਂ ਹਨ

**ਏਸੇ ਕਲਮ ਤੋਂ**

- ਧਰਮ ਕਲਾ
- ਧਰਮ ਦੀ ਚਾਦਰ
- ਧਰਮ ਦੀ ਯਾਤਰਾ
- ਗੁਰਪੁਰਬ ਗਾਥਾਵਾਂ
- ਦੋ ਦੀਵੇ ਇਕ ਜੋਤ
- ਮੈ ਤੁਧੁ ਆਗੈ ਅਰਦਾਸਿ
- ਗੁਣੀ ਨਿਧਾਨ ਖਾਲਸਾ
- ਬਹੀਐ ਪੜਿਆਂ ਪਾਸਿ
- ਬਾਬਾਣੈ ਘਰਿ ਚਾਨਣਿ ਲਹਿਣਾ
- ਜੀਵਨ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ

ਪਹਿਲੀ ਵਾਰ : 1996, ਦੂਜੀ ਵਾਰ : 1999, ਤੀਜੀ ਵਾਰ : 2004

ਲੇਖਕ : ਗਿਆਨੀ ਜਸਵੰਤ ਸਿੰਘ ਪ੍ਵਾਨਾ
722, ਗੁਰੂ ਤੇਗ ਬਹਾਦਰ ਨਗਰ, ਜਲੰਧਰ। ਫੋਨ : 2272746

ਮੁੱਲ : **75 ਰੁਪਏ**

ਪ੍ਰਕਾਸ਼ਕ : ਮਹਿਤਾਬ ਸਿੰਘ
ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
Ph : 2280045, 3093190, 2284325
Fax : 0181-2234081
E-mail : newbookco@hotmail.com

ਛਾਪਕ : ਸਹਿਗਲ ਪ੍ਰਿੰਟਰਜ਼, ਦੁਆਬਾ ਚੌਕ, ਜਲੰਧਰ।

ਟਾਈਪ ਸੈਟਿੰਗ : ਸਟਾਰ ਪਲੱਸ, ਬਸਤੀ ਸ਼ੇਖ, ਜਲੰਧਰ।

## ਤੀਸਰੀ ਐਡੀਸ਼ਨ ਬਾਰੇ

ਪੁਸਤਕ ਗੁਰਪੁਰਬ ਗਥਾਵਾਂ ਦੀ ਤੀਸਰੀ ਐਡੀਸ਼ਨ ਛਪਣ ਤੇ ਬੇਹੱਦ ਖੁਸ਼ੀ ਹੋ ਰਹੀ ਹੈ। ਇਹ ਪੁਸਤਕ ਐਸੀ ਹੈ ਜਿਸਨੂੰ ਆਮ ਗੁਰਸਿੱਖ ਪਾਠਕਾਂ ਤੋਂ ਬਿਨਾਂ ਨੌਜਵਾਨ ਪ੍ਰਚਾਰਕਾਂ ਨੇ ਬੇਹੱਦ ਪਸੰਦ ਕੀਤਾ ਹੈ ਤੇ ਮੈਨੂੰ ਵਾਰ-ਵਾਰ ਕਿਹਾ ਹੈ ਕਿ ਇਸ ਢੰਗ ਦੀਆਂ ਹੋਰ ਵੀ ਪੁਸਤਕਾਂ ਲਿਖੀਆਂ ਜਾਣ। ਗੁਰੂਆਂ ਦੀ ਕਥਾ ਏਨੀ ਸਮਰੱਥ ਹੈ ਕਿ ਏਸੇ ਕਥਾ ਸਦਕਾ ਇਸ ਨਿਮਾਣੇ ਜਿਹੇ ਦਾਸ ਨੂੰ ਸੰਗਤਾਂ ਦਾ ਇੰਨਾ ਪਿਆਰ ਮਿਲਿਆ ਹੈ।

ਗੁਰੂ ਪੰਥ ਪਾਸੋਂ ਅੱਗੋਂ ਲਈ ਵੀ ਆਸਵੰਦ ਰਹਾਂਗਾ ਕਿ ਨਿਵਾਜ਼ਸ਼ ਕਰਦੇ ਰਹੋਗੇ। ਪੁਸਤਕ ਛਾਪਣ ਲਈ ਨਿਊ ਬੁੱਕ ਕੰਪਨੀ ਦਾ ਹਾਰਦਿਕ ਧੰਨਵਾਦ।

ਦਾਸਰਾ

22-11-04 —*ਗਿ: ਜਸਵੰਤ ਸਿੰਘ ਪ੍ਰਵਾਨਾ*

## ਕਥਾ-ਰਸ

ਜੀਵਨ. ਘਟਨਾ-ਕ੍ਰਮ ਹੈ। ਘਟਨਾ ਸਾਧਾਰਣ ਹੋਵੇ ਤਾਂ ਭਾਵੇਂ ਧਿਆਨ ਹੀ ਨਾ ਜਾਏ. ਪਰ ਜਦੋਂ. ਕੁਝ ਵੀ ਅਸਾਧਾਰਣ ਜਿਹਾ ਵਾਪਰ ਜਾਏ ਤਾਂ ਨਾ ਕੇਵਲ ਉਸਦਾ ਪ੍ਰਭਾਵ ਹੀ. ਉਸਦੀ ਅਸਾਧਾਰਣਤਾ ਅਨੁਸਾਰ ਚਿਰ-ਪ੍ਰਭਾਵੀ ਹੋ ਨਿੱਬੜਦਾ ਹੈ. ਸਗੋਂ ਉਸਦੀ ਚਰਚਾ. ਕਥਾ (ਕਹਾਣੀ) ਦਾ ਰੂਪ ਲੈ ਕੇ ਦੂਰ-ਦੂਰ ਤਕ ਪਸਰਦੀ ਚਲੀ ਜਾਂਦੀ ਹੈ। ਇਹ ਕਹਾਣੀ ਵਰਣਨ ਹੁੰਦੀ ਹੈ. ਅੰਕਿਤ ਹੁੰਦੀ ਹੈ. ਪੁਰਾਣ ਬਣਦੀ ਹੈ. ਇਤਿਹਾਸ ਬਣਦੀ ਹੈ। ਕਹਿਣ ਲਿਖਣ ਵਾਲੇ. ਰਸ ਲੈ-ਲੈ ਕੇ ਵਰਣਨ ਕਰਦੇ ਅਤੇ ਸਰੋਤੇ ਜਾਂ ਪਾਠਕ. ਰਸ ਲੈ-ਲੈ ਕੇ ਸੁਣਦੇ ਪੜ੍ਹਦੇ ਰਹਿੰਦੇ ਨੇ।

ਕਥਾ ਦੇ ਇਸੇ ਰਸ ਕਾਰਨ. ਕਦੇ-ਕਦੇ ਤਾਂ ਕਥਾ-ਕਾਰਾਂ ਨੇ ਤੱਥਾਂ ਨੂੰ ਰੋਚਕ ਢੰਗ ਨਾਲ ਵਰਣਨ ਕੀਤਾ ਹੈ. ਪਰ ਕਦੇ-ਕਦੇ ਇਸੇ ਰਸ ਕਾਰਨ. ਕਲਪਿਤ ਕਥਾਵਾਂ ਦਾ ਵੀ ਜਨਮ ਹੋਇਆ ਹੈ। ਝੂਠ ਦੇ ਪੁਲੰਦਿਆਂ ਵੱਲ ਵਧੇਰੇ ਰੁੱਚੀ ਰੱਖਣ ਵਾਲਿਆਂ ਪ੍ਰਤੀ ਹੀ ਗੁਰੂ ਨਾਨਕ ਸਾਹਿਬ ਨੇ ਫ਼ੁਰਮਾਨ ਕੀਤਾ ਸੀ–

ਦਰੋਗ਼ ਪੜ੍ਹਿ ਪੜ੍ਹਿ ਖ਼ੁਸ਼ੀ ਹੋਇ.......

ਕਲਪਿਤ ਕਥਾ ਪ੍ਰਤੀ ਸੰਦੇਹ ਬਣਿਆ ਰਹਿਣ ਕਾਰਨ ਇਹ. ਰਸ ਦਾ ਸ੍ਰੋਤ ਤਾਂ ਹੋ ਸਕਦੀ ਹੈ. ਪ੍ਰੰਤੂ ਪ੍ਰੇਰਣਾ ਦਾ ਠੋਸ ਸ੍ਰੋਤ ਨਹੀਂ ਬਣ ਪਾਉਂਦੀ।

ਸੁਜਾਣ ਕਥਾ-ਕਾਰ ਆਸਾਧਾਰਣ ਸੱਚੀ ਘਟਨਾ ਨੂੰ ਪ੍ਰੇਰਣਾ-ਸ੍ਰੋਤ ਵਜੋਂ ਰੋਚਿਕਤਾ ਪ੍ਰਦਾਨ ਕਰਨ ਦੀ ਕਲਾ ਜਾਣਦਾ ਹੈ।

ਸਿੰਘ ਸਾਹਿਬ ਗਿ: ਜਸਵੰਤ ਸਿੰਘ ਜੀ ਪ੍ਰਵਾਨਾ. ਐਸੇ ਹੀ ਕਲਾਕਾਰ ਨੇ ਜੋ. ਗੁਰੂ ਸਾਹਿਬਾਨ ਦੇ ਜੀਵਨ-ਕਾਲ ਵਿਚ ਘਟੀਆਂ ਜਾਂ ਉਨ੍ਹਾਂ ਵਲੋਂ ਘਟਾਈਆਂ ਗਈਆਂ. ਜਾਂ ਫਿਰ ਗੁਰੂ ਪਿਆਰਿਆਂ ਦੇ ਜੀਵਨਾਂ ਦੀਆਂ ਆਸਾਧਾਰਣ ਅਤੇ ਪ੍ਰੇਰਣਾ-ਸਰੂਪ ਘਟਨਾਵਾਂ ਨੂੰ ਐਸੇ ਪਿਆਰੇ ਢੰਗ ਨਾਲ ਬਿਆਨ ਕਰਦੇ ਨੇ ਕਿ ਸਰੋਤਾ ਹੋਵੇ ਜਾਂ ਪਾਠਕ. ਕਥਾ-ਰਸ ਵੀ ਮਾਣਦਾ ਜਾਏ ਅਤੇ ਸੁਰਤ ਕਰਕੇ ਗੁਰੂ ਦੇ ਨੇੜੇ-ਨੇੜੇ ਵੀ ਹੁੰਦਾ ਜਾਏ। ਗੁਰਪੁਰਬ ਗਾਥਾਵਾਂ ਦਾ ਹਥਲਾ ਉੱਦਮ ਵੀ ਐਸਾ ਹੀ ਇੱਕ ਸਫ਼ਲ ਉੱਦਮ ਹੈ। ਕਥਾ ਹੈ. ਇਤਿਹਾਸ ਹੈ. ਪ੍ਰੇਰਣਾ ਹੈ।

ਇਹ ਅੱਖਰ ਨਹੀਂ ਭੁੱਲਣ ਵਾਲੇ. ਇਹ ਗੱਲਾਂ ਨਹੀਂ ਵਕਤੀ.<br>
ਸਤਿਗੁਰ ਬਖ਼ਸ਼ੇ ਏਸ ਕਲਮ ਨੂੰ. ਹੋਰ ਵਧੇਰੇ ਸ਼ਕਤੀ।

ਚੇਅਰਮੈਨ<br>
ਸਾ:ਜੁ:ਸ: ਗੁਰਮਤਿ ਮਿਸ਼ਨਰੀ ਕਾਲਿਜ<br>
ਰੋਪੜ।

*ਜਗਜੀਤ ਸਿੰਘ ਸਿਦਕੀ*<br>
੮੩੧-੨. ਭਾ:ਰ:ਸ: ਨਗਰ.<br>
ਲੁਧਿਆਣਾ।

# ਤਤਕਰਾ


| | |
|---|---|
| ਦੋ ਸ਼ਬਦ | ੩ |
| ਕਥਾ-ਰਸ | ੫ |
| ੧. ਮਹਿਮਾ ਸਤਿਗੁਰੂ ਦੀ | ੯-੧੫ |
| ੨. ਪਹਿਲਾ ਗੁਰ ਨਿਵਾਸ-ਮਾਤਾ ਤ੍ਰਿਪਤਾ | ੧੬-੨੦ |
| ੩. ਦੌਲਤਾਂ ਨੂੰ ਸੱਚੀ ਦੌਲਤ ਮਿਲੀ | ੨੧-੨੪ |
| ੪. ਨਾਮ ਰੱਖਣਾ | ੨੫-੨੮ |
| ੫. ਸਿੱਖੀ ਦੀਆਂ ਅੱਖਾਂ ਨਾਲ ਗੁਰੂ ਦੇ ਦਰਸ਼ਨ | ੨੯-੩੩ |
| ੬. ਭਰਮਗੜ ਤੋੜਨ ਵਾਲੇ ਗੁਰੂ ਨਾਨਕ ਦੇਵ | ੩੪-੩੭ |
| ੭. ਵੱਡਾ ਗੁਰੂ | ੩੮-੪੧ |
| ੮. ਸੱਚਾ ਸੌਦਾ | ੪੨-੪੬ |
| ੯. ਸੱਚ ਦਾ ਸੰਦੇਸ਼ | ੪੭-੫੧ |
| ੧੦. ਧਰਤੀ ਦਾ ਦੇਵਤਾ | ੫੨-੫੬ |
| ੧੧. ਜੋਤੀ ਜੋਤਿ ਸਮਾਏ | ੫੭-੬੦ |
| ੧੨. ਤੂੰ ਲੈਹਣਾ ਮੈਂ ਦੇਣਾ | ੬੧-੬੩ |
| ੧੩. ਗੁਰੂ ਦਾ ਭਾਣਾ ਹੀ ਘਾਲਣਾ ਹੈ | ੬੪-੭੦ |
| ੧੪. ਰਾਜ ਯੋਗੀ ਸਤਿਗੁਰੂ ਪਾਤਸ਼ਾਹ | ੭੧-੭੬ |
| ੧੫. ਗੁਰੂ ਦੀ ਖੋਜ | ੭੭-੮੨ |
| ੧੬. ਸੇਵਾ ਦੇ ਪੁੰਜ ਸਤਿਗੁਰੂ ਅਮਰਦਾਸ | ੮੩-੮੬ |

| | |
|---|---|
| ੧੭. ਗੁਰੁ ਡਿਠਾ | ੮੭-੯੧ |
| ੧੮. ਗਾਥਾ ਗੁਰੂ ਰਾਮਦਾਸ ਜੀ ਦੀ | ੯੨-੯੬ |
| ੧੯. ਗਾਥਾ ਗੁਰੂ ਅਰਜਨ ਦੇਵ ਜੀ ਦੀ | ੯੭-੧੦੧ |
| ੨੦. ਸੱਚੀ ਸ਼ਹਾਦਤ | ੧੦੨-੧੦੫ |
| ੨੧. ਛਟਮ ਪੀਰ ਦੀ ਗਾਥਾ | ੧੦੬-੧੦੯ |
| ੨੨. ਭਾਰੀ ਪੀਰ | ੧੧੦-੧੧੪ |
| ੨੩. ਗਾਥਾ ਗੁਰੂ ਹਰਿ ਰਾਇ ਸਾਹਿਬ ਦੀ | ੧੧੫-੧੨੦ |
| ੨੪. ਗਾਥਾ ਅੱਠਵੇਂ ਸਤਿਗੁਰੂ ਦੀ | ੧੨੧-੧੨੯ |
| ੨੫. ਗਾਥਾ ਨੌਵੇਂ ਗੁਰੂ ਦੀ ਦ੍ਰਿੜ੍ਹਤਾ ਵਾਲੇ ਸਤਿਗੁਰੂ | ੧੩੦-੧੩੫ |
| ੨੬. ਗਾਥਾ ਦਸਵੇਂ ਗੁਰੂ ਦੀ | ੧੩੬-੧੪੧ |
| ੨੭. ਅਮੁੱਲ ਗੁਰੂ | ੧੪੨-੧੪੮ |
| ੨੮. ਸ਼ਬਦ ਗੁਰੂ | ੧੪੯-੧੫੧ |
| ੨੯. ਗਾਥਾ ਗੁਰਪੁਰਬ ਦੀ | ੧੫੨-੧੫੫ |
| ੩੦. ਸਿੱਖੀ ਦਾ ਬਚਪਨ | ੧੫੬-੧੬੪ |
| ੩੧. ਸਿੱਖੀ ਦੀ ਜਵਾਨੀ | ੧੬੫-੧੭੧ |
| ੩੨. ਸਿੱਖੀ ਦੀ ਬਜ਼ੁਰਗੀ | ੧੭੨-੧੭੭ |

## ੧

# ਮਹਿਮਾ ਸਤਿਗੁਰੂ ਦੀ

*ਨਾਨਕ, ਸਤਿਗੁਰੁ ਐਸਾ ਜਾਣੀਐ,*
*ਜੋ ਸਭਸੈ ਲਏ ਮਿਲਾਇ ਜੀਉ॥*

*(ਸਿਰੀ ਰਾਗ ਅ: ਮ: ੧, ਆਦਿ ਗ੍ਰੰ. ਪੰਨਾ ੭੨)*

ਸਤਿਗੁਰੂ ਨਾਨਕ ਦੇਵ ਫ਼ੁਰਮਾਉਂਦੇ ਹਨ ਕਿ ਗੁਰੂ ਐਸਾ ਹੈ, ਸਤਿਗੁਰੂ ਦੀ ਇਹ ਵਡਿਆਈ ਹੈ, ਕਿ ਉਹ ਸਾਰੇ ਜੀਵਾਂ ਨੂੰ, ਜੋ ਗੁਰੂ ਦੇ ਸੰਪਰਕ ਵਿਚ ਆ ਜਾਂਦੇ ਹਨ, ਪ੍ਰਮਾਤਮਾ ਨਾਲ ਮੇਲ ਦਿੰਦਾ ਹੈ।

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥*
*ਵਿਛੁੜਿਆ, ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥*

*(ਸਲੋਕ ਮ: ੫, ਵਾਰ ਰਾਮ: ਪੰਨਾ ੯੫੭)*

ਸਤਿਗੁਰੂ ਜਿਹੋ ਜਿਹਾ ਸੁਣੀਦਾ ਸੀ ਉਹੋ ਜਿਹਾ ਹੀ ਮੈਂ ਵੇਖ ਲਿਆ ਹੈ, ਗੁਰੂ ਪ੍ਰਭੂ ਦੀ ਹਜ਼ੂਰੀ ਦਾ ਵਿਚੋਲਾ ਹੈ, ਪ੍ਰਭੂ ਤੋਂ ਵਿਛੜਿਆਂ ਨੂੰ ਫਿਰ ਪ੍ਰਮਾਤਮਾ ਨਾਲ ਮਿਲਾ ਦੇਂਦਾ ਹੈ।

ਗੁਰਮਤਿ ਨੂੰ ਵੀਚਾਰੀਏ ਤਾਂ ਗੁਰੂ ਜੋਤਿ ਹੈ, ਗੁਰੂ ਜੁਗਤਿ ਹੈ, ਭਾਵ, ਗੁਰੂ ਇਕ ਰੂਹਾਨੀ ਪ੍ਰਕਾਸ਼ ਹੈ, ਗੁਰੂ ਇਕ ਜੀਵਨ ਦਾ ਢੰਗ ਹੈ, ਜੀਵਨ ਦੀ ਜੁਗਤੀ ਹੈ। ਅਸੀਂ ਅੱਖਾਂ ਨਾਲ ਵੇਖਦੇ ਹਾਂ ਤੇ ਪੈਰਾਂ ਨਾਲ ਚਲਦੇ ਹਾਂ, ਪ੍ਰਮਾਤਮਾ ਨੇ ਅੱਖਾਂ ਉੱਪਰ ਲਗਾਈਆਂ ਹਨ ਅਤੇ ਪੈਰ ਥੱਲੇ ਲਗਾਏ ਹਨ। ਅੱਖਾਂ ਉੱਪਰ ਇਸ ਲਈ ਹਨ ਕਿ ਦੂਰ ਤੱਕ ਵੇਖਣ, ਤਾਂਕਿ ਪੈਰ ਚੱਲ ਸਕਣ, ਅਸੀਂ ਗੁਰੂ ਦੀ ਜੋਤਿ ਨਾਲ ਵੇਖਣਾ ਹੈ ਤੇ ਗੁਰੂ ਦੀ ਜੁਗਤਿ ਵਿਚ ਚਲਣਾ ਹੈ। ਅੱਖਾਂ ਹੁੰਦਿਆਂ ਵੀ ਸਾਨੂੰ ਬਾਹਰ ਰੋਸ਼ਨੀ

ਚਾਹੀਦੀ ਹੈ ਅਤੇ ਤੁਰਨ ਵਾਸਤੇ ਧਰਤੀ ਚਾਹੀਦੀ ਹੈ, ਅਧਿਆਤਮਕ ਮੰਡਲ ਵਿਚ ਗੁਰੂ ਦਾ ਰੂਹਾਨੀ ਪ੍ਰਕਾਸ਼ ਅੱਖਾਂ ਦਾ ਕੰਮ ਕਰੇਗਾ ਅਤੇ ਗੁਰੂ ਦੀ ਜੁਗਤੀ ਚੱਲਣ ਲਈ ਪੈਰਾਂ ਦਾ ਸਹਾਰਾ ਹੋਵੇਗੀ।

ਇਹ ਜੋਤਿ ਜੁਗਤਿ ਇਕ ਸਤਿ ਹੈ। ਇਹ ਉਹ ਸਾਤ ਹੈ ਜੋ ਮਨੁੱਖਤਾ ਦੀਆਂ ਪਾਈਆਂ ਵੰਡੀਆਂ ਵਿਚ ਵੰਡਿਆ ਨਹੀਂ ਜਾਂਦਾ, ਜਿਵੇਂ ਸੂਰਜ ਦੀ ਰੌਸ਼ਨੀ ਸਭ ਦੀ ਹੈ, ਜਿਵੇਂ ਪਵਨ ਸਭ ਦੀ ਹੈ, ਜਿਵੇਂ ਪਾਣੀ ਸਭ ਦਾ ਹੈ, ਇਸੇ ਤਰ੍ਹਾਂ ਗੁਰੂ ਵੀ ਇਕ ਸਤ ਹੈ। ਜਦੋਂ ਉਹ ਸਤ ਸੇਵਾ ਬਣ ਜਾਂਦਾ ਹੈ ਤਾਂ ਉਹ ਸਭ ਦਾ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਮੇਰੇ ਸਤਿਗੁਰੂ ਦੇ ਮੂੰਹੋਂ ਜਿਹੜਾ ਪਹਿਲਾਂ ਹੀ ਉਪਦੇਸ਼ ਨਿਕਲਿਆ ਹੈ ਉਹ ਮੰਤ੍ਰ ਹੈ ਕਿ ਨਾਮ ਹੀ ਸਤਿ ਹੈ, ਇਸ ਮੰਤ੍ਰ ਨੇ ਮੈਨੂੰ ਭਵਜਲ ਵਿਚੋਂ ਡੁਬਦੇ ਨੂੰ ਬਚਾ ਕੇ ਮੁਕਤਿ ਪਦਾਰਥ ਵਿਚ ਭਾਵ ਨਾਮ ਵਿਚ ਲੀਣ ਕਰ ਦਿੱਤਾ ਹੈ, ਭਾਈ ਸਾਹਿਬ ਵਾਸਤੇ ਨਾਮ ਹੀ ਮੁਕਤਿ ਪਦਾਰਥ ਹੈ।

ਜੇ ਗੁਰੂ ਸਾਰਿਆਂ ਨੂੰ ਬਖ਼ਸ਼ਦਾ ਹੈ, ਸਭ ਨੂੰ ਪ੍ਰਮਾਤਮਾ ਨਾਲ ਮੇਲਦਾ ਹੈ ਤਾਂ ਫਿਰ ਗੁਰੂ ਦਾ ਸਤਿ ਤਾਂ ਪ੍ਰਮਾਤਮਾ ਜਿੰਨਾ ਹੀ ਵਿਸ਼ਾਲ ਹੋਵੇਗਾ ਜਿਹੜਾ ਸਤਿ ਵੰਡਿਆ ਜਾਂਦਾ ਹੈ ਕਿ ਇਹ ਹਿੰਦੂ ਸਤਿ, ਇਹ ਮੁਸਲਮਾਨ ਸਤਿ ਉਹ ਦੋਵਾਂ ਨੂੰ ਕਿਵੇਂ ਮੇਲੇਗਾ? ਗੁਰੂ ਤਾਂ ਉਹ ਹੈ ਜਿਸ ਦਾ ਹਿਰਦਾ ਐਸਾ ਹੋਵੇ

*ਜੋ ਸਭਸੈ ਲਏ ਮਿਲਾਇ ਜੀਉ ॥*

ਗੁਰੂ ਦੀ ਐਸੀ ਦ੍ਰਿਸ਼ਟੀ ਹੈ; ਇਕ ਅਦੀਬ ਉਸ ਦ੍ਰਿਸ਼ਟੀ ਦਾ ਭਾਵ ਪ੍ਰਗਟ ਕਰਨ ਦਾ ਜਤਨ ਕਰਦੇ ਹਨ।

*ਜ਼ਿਮੀਂ ਏਕ ਹੈ ਆਸਮਾਂ ਏਕ ਹੈ, ਹਮਾਰੀ ਨਜ਼ਰ ਮੇਂ ਜਹਾਂ ਏਕ ਹੈ।*
*ਤਨੇ ਆਦਮੀ ਕੇ ਅਨਾਸਰ ਹੈਂ ਪਾਂਚ, ਮਗਰ ਸਭ ਕੇ ਪਰਦੇ ਮੇਂ ਜਾਂ ਏਕ ਹੈ।*
*ਯੇ ਸ਼ੇਖ ਵ ਬ੍ਰਹਮਣ ਦੋਨੋਂ ਹੈਂ ਏਕ, ਕਿ ਦੋਨੋਂ ਕਾ ਵਿਰਦੇ ਜ਼ੁਬਾਂ ਏਕ ਹੈ।*
*ਮੇਰਾ ਇਸ਼ਕ ਹੈ ਏਕ ਕਾ ਰਾਜ਼ਦਾਂ, ਮੇਰੇ ਇਸ਼ਕ ਕਾ ਰਾਜ਼ਦਾਂ ਏਕ ਹੈ।*
*ਮਜ਼ਾਹਬ ਕੀ ਕਿਸਮੇਂ ਬਹੁਤ ਹੈਂ ਮਗਰ, ਹਕੀਕਤ ਮੇਂ ਸਭ ਕਾ ਬਿਆਂ ਏਕ ਹੈ।*

ਗੁਰੂ ਦੀ ਵਡਿਆਈ ਬਾਰੇ ਇਕ ਗੱਲ ਸਮਝਣੀ ਬੜੀ ਹੀ ਜ਼ਰੂਰੀ ਹੈ ਅਸੀਂ ਦੁਨੀਆਂਦਾਰ ਬੰਦੇ ਉਸ ਗੁਰੂ ਨੂੰ ਵੱਡਾ ਗੁਰੂ ਸਮਝਦੇ ਹਾਂ ਜਿਸਨੇ ਮਨੁੱਖ ਲਈ ਜ਼ਿਆਦਾ ਤੋਂ ਜ਼ਿਆਦਾ ਤੇ ਨਵੇਂ ਤੋਂ ਨਵੇਂ ਬੰਧਨ ਤਿਆਰ ਕੀਤੇ ਹੋਣ। ਜਿੰਨੇ ਜ਼ਿਆਦਾ ਗੋਰਖ ਧੰਦੇ ਦੇਵੇ ਉਨਾ ਵੱਡਾ ਗੁਰੂ ਬਣ ਜਾਂਦਾ ਹੈ। ਪਰ ਸੱਚ ਇਹ ਹੈ ਕਿ ਜਿਹੜਾ ਸੇਵਕ ਦੇ ਸਾਰੇ ਹੀ ਬੰਧਨ ਕੱਟ ਦੇਵੇ ਤੇ ਜੀਵਨ ਮੁਕਤ ਕਰ ਦੇਵੇ ਉਹੀ ਪੂਰਾ ਗੁਰੂ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਆਪ ਮੁਕਤ ਸਨ ਉਨ੍ਹਾਂ ਨੂੰ ਕੋਈ ਵੀ ਕਿਸੇ ਤਰ੍ਹਾਂ

ਦਾ ਬੰਧਨ ਨਹੀਂ ਸੀ। ਮੁਕਤ ਪੁਰਸ਼ ਜਿਧਰੋਂ ਵੀ ਗੁਜ਼ਰੇਗਾ, ਜੋ ਵੀ ਰਸਤੇ ਵਿਚ ਮਿਲੇਗਾ ਉਸ ਨੂੰ ਮੁਕਤ ਕਰੇਗਾ। ਉਹ ਇਹ ਨਹੀਂ ਵੇਖਦਾ ਕਿ ਇਹ ਬੰਦਾ ਕਿਹੜੇ ਦੇਸ਼ ਦਾ ਹੈ, ਕਿਹੜੇ ਮਜ਼ਹਬ ਦਾ ਹੈ ਅਤੇ ਕਿਹੜੀ ਜਾਤ ਦਾ ਹੈ, ਕਿਹੜੀ ਨਸਲ ਦਾ ਹੈ? ਮੁਕਤ ਪੁਰਸ਼ ਤਾਂ ਬੰਧਨ ਖੋਹਲੀ ਜਾਂਦਾ ਹੈ।

*ਐਸੇ ਗੁਰ ਕਉ ਬਲਿ ਬਲਿ ਜਾਈਐ, ਆਪਿ ਮੁਕਤੁ ਮੋਹਿ ਤਾਰੈ ॥*

*(ਕਾਨੜਾ ਮ: ੫, ਪੰਨਾ ੧੩੦੧)*

ਗੁਰੂ ਨਾਨਕ ਦੇਵ ਨੇ ਭਰਮ ਦੇ ਬੰਧਨ ਤੋੜੇ ਹਨ ਭਾਵੇਂ ਉਹ ਬੰਧਨ ਮੁਸਲਮਾਨ ਦੇ ਸਨ, ਭਾਵੇਂ ਹਿੰਦੂ ਦੇ ਸਨ, ਭਾਵੇਂ ਜੋਗੀ ਦੇ ਸਨ। ਵਿਗਿਆਨ ਦਾ ਏਨਾ ਬੋਲ-ਬਾਲਾ ਹੋਣ ਦਾ ਇਕ ਕਾਰਨ ਹੈ ਕਿ ਵਿਗਿਆਨ ਸਭ ਦਾ ਬਣ ਗਿਆ ਹੈ, ਧਰਮ ਦਾ ਸਰਬ ਵਿਆਪੀ ਨਾ ਹੋਣਾ, ਇਸ ਦਾ ਦੋਸ਼ ਉਨ੍ਹਾਂ ਬੰਦਿਆਂ ਦੇ ਸਿਰ ਹੈ ਜਿਨ੍ਹਾਂ ਨੇ ਧਰਮ ਨੂੰ ਵੰਡ-ਵਿਤਕਰੇ ਦੀ ਦੀਵਾਰ ਤੋਂ ਬਾਹਰ ਨਹੀਂ ਜਾਣ ਦਿੱਤਾ। ਵਿਗਿਆਨੀ ਨੂੰ ਕੋਈ ਇਤਰਾਜ਼ ਨਹੀਂ ਕਿ ਵਿਗਿਆਨਕ ਉਪਲਬਧੀਆਂ ਕਿਹੜੇ ਘਰ ਵਿਚ ਹੋਣ ਕਿਹੜੇ ਘਰ ਵਿਚ ਨਾ ਹੋਣ। ਬਿਜਲੀ ਹਰ ਘਰ ਹੋਵੇ, ਟੈਲੀਫੋਨ ਹਰ ਘਰ ਹੋਵੇ, ਟਰੇਨ, ਹਵਾਈ ਜਹਾਜ਼ 'ਤੇ ਹਰ ਕੋਈ ਸਫ਼ਰ ਕਰੇ। ਰੇਡੀਓ, ਟੀ.ਵੀ. ਹਰ ਘਰ ਹੋਣ ਉਸਨੂੰ ਕੋਈ ਇਤਰਾਜ਼ ਨਹੀਂ। ਸਿਰਫ ਗੱਲ ਏਨੀ ਹੈ ਕਿ ਗੱਡੀ ਉਹ ਚਾਹੀਦੀ ਹੈ ਜਿਹੜੀ ਚਲਦੀ ਹੋਵੇ। ਪਰ ਧਰਮੀ ਅਖਵਾਉਣ ਵਾਲਿਆਂ ਤਾਂ ਐਸਾ ਕੀਤਾ ਹੈ ਕਿ ਬੇਸ਼ੱਕ ਗੱਡੀ ਦੇ ਪੁਰਜ਼ੇ ਵੱਖ-ਵੱਖ ਹੋਣ, ਟੁੱਟੀ ਭੱਜੀ ਹੋਵੇ ਚੱਲਣ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ। ਇਸ ਦੇ ਹੁੰਦਿਆਂ ਹੋਰ ਕੋਈ ਨਾ ਗੱਡੀ ਬਣਾਏਗਾ ਨਾ ਚੜ੍ਹੇਗਾ। ਚੱਲਣ ਦੀ ਲੋੜ ਹੀ ਨਹੀਂ ਬਸ ਗੱਡੀ ਦੇ ਪਿੰਜਰ ਦੀ ਪੂਜਾ ਕਰਨੀ ਹੈ, ਬਸ ਏਥੋਂ ਕੁ ਆ ਕੇ ਹੀ ਗੱਲ ਵਿਗੜਦੀ ਹੈ ਕਿ ਧਰਮ ਦੀ ਗੱਡੀ ਮੇਰੀ ਹੋਵੇ ਭਾਵੇਂ ਭਰਮਾਂ ਦਾ ਪਿੰਜਰ ਹੀ ਹੋਵੇ। ਗੱਲ ਚੱਲਣ ਦੀ ਨਹੀਂ, ਸਫਰ ਦੀ ਨਹੀਂ, ਸਿਰਫ਼ ਪੂਜਾ ਦੀ ਹੈ। ਇਹ ਇਕ ਬਹੁਤ ਵੱਡਾ ਭਰਮ ਸੀ। ਗੁਰੂ ਨਾਨਕ ਦੇਵ ਨੇ ਇਸ ਭਰਮ ਬੰਧਨ ਨੂੰ ਤੋੜਿਆ ਹੈ। ਸਤਿਗੁਰਾਂ ਦੀ ਦ੍ਰਿਸ਼ਟੀ ਇਹ ਸੀ, ਕਿ ਤੇਰੀ ਗੱਡੀ ਉਹ ਨਹੀਂ ਜੋ ਘਰ ਬਿਖਰੀ ਪਈ ਹੈ, ਤੇਰੀ ਗੱਡੀ ਉਹ ਹੈ ਜੋ ਤੈਨੂੰ ਮੰਜ਼ਲ ਤੇ ਪਹੁੰਚਾ ਦੇਵੇ, ਤੇਰਾ ਭੋਜਨ ਉਹ ਹੈ ਜੋ ਤੇਰੀ ਭੁੱਖ ਮੁਕਾ ਦੇਵੇ, ਤੇਰੀ ਦਵਾਈ ਉਹ ਹੈ ਜੋ ਤੇਰਾ ਰੋਗ ਮੁਕਾ ਦੇਵੇ। ਤੇਰਾ ਧਰਮ ਉਹ ਹੈ ਜੋ ਤੇਰੇ ਅੰਦਰੋਂ ਕੂੜ ਦੀ ਪਾਲ ਤੋੜ ਕੇ ਸੱਚ ਦੇ ਦਰਸ਼ਨ ਕਰਾ ਦੇਵੇ। ਤੇਰਾ ਗੁਰੂ ਉਹ ਹੈ ਜੋ ਤੈਨੂੰ ਪ੍ਰਮਾਤਮਾ ਨਾਲ ਮਿਲਾ ਦੇਵੇ।

ਇਕ ਹੈਰਾਨੀ ਦੀ ਗੱਲ ਹੈ ਕਿ ਭੁੱਖ ਲੱਗੀ ਤੇ ਅਸੀਂ ਇਹ ਨਹੀਂ ਵੇਖਦੇ ਕਿ ਜੋ ਰੋਟੀ ਖਾ ਰਹੇ ਹਾਂ ਇਹ ਆਟਾ ਕਿਹੜੇ ਦੇਸ਼ ਦਾ ਹੈ, ਪਾਣੀ ਪੀਣ ਲੱਗੇ ਨਹੀਂ ਪੁੱਛਦੇ

ਕਿ ਪਾਣੀ ਕਿਹੜੇ ਦੇਸ਼ ਦਾ ਹੈ, ਹਰ ਲੋੜ ਵੇਲੇ ਲੋੜ ਨੂੰ ਮੁੱਖ ਰਖਦੇ ਹਾਂ। ਇਲਾਜ ਵੇਲੇ, ਸਫਰ ਵੇਲੇ, ਖਾਣ ਵੇਲੇ, ਸਾਧਨ ਦਾ ਧਿਆਨ ਨਹੀਂ ਕਿਹੜੇ ਦੇਸ਼ ਦਾ ਹੈ। ਪਰ ਧਰਮ ਕਮਾਉਣ ਲਗਿਆਂ ਫੌਰਨ ਧਿਆਨ ਆਉਂਦਾ ਹੈ ਕਿ ਕਿਹੜੇ ਦੇਸ਼ ਦਾ ਹੈ। ਇਹ ਵੇਖਦੇ ਹੀ ਨਹੀਂ ਕਿ ਮੇਰੀ ਲੋੜ ਪੂਰੀ ਕਰਦਾ ਹੈ ਕਿ ਨਹੀਂ। ਅਸਲ ਵਿਚ ਬੰਦੇ ਨੂੰ ਮੁਰਦੇ ਪੂਜਣ ਦੀ ਆਦਤ ਬਣ ਗਈ ਹੈ ਤੇ ਇਹ ਮੁਰਦੇ ਹੀ ਪੂਜਦਾ ਰਿਹਾ ਹੈ। ਹਿੰਦੂਆਂ ਨੇ ਮੁਰਦੇ ਸਾੜ ਦਿੱਤੇ ਪਰ ਮੁਰਦਾ ਪੂਜਣ ਵਾਲੀ ਬਿਰਤੀ ਨਹੀਂ ਸੜੀ ਉਹ ਅੰਦਰ ਕਾਇਮ ਹੈ। ਸਰਾਧ ਪਰੰਪਰਾ ਕਾਇਮ ਰਹਿਣੀ ਇਸ ਗੱਲ ਦਾ ਸਬੂਤ ਹੈ। ਮੁਸਲਮਾਨ ਤੇ ਈਸਾਈ ਕਬਰ ਵਿਚ ਮੁਰਦਾ ਦਬਾ ਦੇਂਦੇ ਹਨ, ਬੇਸ਼ੱਕ ਇਸਲਾਮ ਦੇ ਬੁਨਿਆਦੀ ਸਿਧਾਂਤ ਕਬਰ ਪੂਜਾ ਦੇ ਖਿਲਾਫ਼ ਹਨ ਲੇਕਿਨ ਮੁਸਲਮਾਨਾਂ ਵਿਚ ਭਾਵੇਂ ਪੀਰਾਂ ਦੀਆਂ ਕਬਰਾਂ ਹੋਣ ਜਾਂ ਮਦੀਨੇ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਕਬਰ ਹੋਵੇ ਆਖਰ ਕਬਰਾਂ 'ਤੇ ਚਿਰਾਗ਼ ਵੀ ਜਗਦੇ ਹਨ, ਕਵਾਲੀਆਂ ਹੁੰਦੀਆਂ ਹਨ। ਮੁਰਦੇ ਪੂਜਣ ਦੀ ਬਿਰਤੀ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਰਹੀ ਹੈ, ਅਤੇ ਹੁਣ ਵੀ ਹੈ।

ਸਤਿਗੁਰ ਨੇ ਕਿਹਾ. ਸਤਿ ਸਭ ਦਾ ਹੈ, ਗੁਰੂ ਸਭ ਦਾ ਹੈ। ਸਤਿ ਸਭ ਦੀ ਆਤਮਿਕ ਤ੍ਰਿਪਤੀ ਕਰਦਾ ਹੈ। ਸਵਾਲ ਸਤਿ ਦੀ ਪੂਜਾ ਦਾ ਨਹੀਂ ਸਵਾਲ ਸਤਿ ਨੂੰ ਜਿਊਣ ਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਦੋਂ ਕੋਈ ਸਤਿ ਨੂੰ ਜਿਊਂਦਾ ਨਹੀਂ ਸਿਰਫ ਪੂਜਾ ਹੀ ਕਰਦਾ ਹੈ ਤਾਂ ਸਤਿ ਉਸਦੇ ਹਥੋਂ ਨਿਕਲ ਜਾਂਦਾ ਹੈ ਤੇ ਵਹਿਮਾਂ-ਭਰਮਾਂ ਦੀ ਮੁਰਦਾ ਪ੍ਰੰਪਰਾ ਹੀ ਉਸਦੇ ਹੱਥ ਵਿਚ ਰਹਿ ਜਾਂਦੀ ਹੈ। ਦਸਾਂ ਗੁਰੂਆਂ ਨੇ ਵੇਖਿਆ ਹੈ ਕਿ ਮਨੁੱਖ ਸਤਿ ਨੂੰ ਜੀ ਨਹੀਂ ਰਿਹਾ ਸਗੋਂ ਸਤਿ ਦੀ ਅਰਥੀ ਬਣਾ ਕੇ ਪੂਜਾ ਕਰ ਰਿਹਾ ਹੈ। ਇਸ ਦੀ ਪੂਜਾ ਵਿਚ, ਪ੍ਰਾਰਥਨਾ ਵਿਚ ਕੋਈ ਜਿੰਦ ਜਾਨ ਨਹੀਂ, ਕੋਈ ਹੁਲਾਰਾ ਨਹੀਂ, ਕੋਈ ਕ੍ਰਾਂਤੀ ਨਹੀਂ ਸਗੋਂ ਇਕ ਬਿਰਥਾ ਵਹਿਮ-ਭਰਮ ਅਤੇ ਹੰਕਾਰ ਹੀ ਇਕੱਠਾ ਹੋ ਰਿਹਾ ਹੈ ਕਿ ਮੈਂ ਕੁਛ ਕਰ ਰਿਹਾ ਹਾਂ। ਗੁਰੂ ਨਾਨਕ ਦੇਵ ਦਾ ਭਾਈ ਲਹਿਣੇ ਨੂੰ ਇਹ ਕਹਿਣਾ ਕਿ ਮੁਰਦਾ ਖਾਹ; ਮੈਨੂੰ ਭਾਣੇ, ਰਜ਼ਾ, ਇਮਤਿਹਾਨ, ਪ੍ਰੀਖਿਆ ਤੋਂ ਇਲਾਵਾ ਇਸ ਗੱਲ ਦਾ ਵੀ ਪ੍ਰਤੀਕ ਜਾਪਦਾ ਹੈ ਕਿ ਲਹਿਣਿਆ! ਇਹ ਜੋ ਧਰਮ ਦੇ ਨਾਂ ਤੇ, ਸਤਿ ਦੇ ਨਾਂ ਤੇ, ਰੱਬ ਦੇ ਨਾਂ ਤੇ ਭਰਮ ਦੇ ਮੁਰਦੇ ਦੀ ਪੂਜਾ ਹੋ ਰਹੀ ਹੈ ਇਸ ਮੁਰਦੇ ਨੂੰ ਖਾ ਜਾ; ਤਾਂ ਕਿ ਇਨ੍ਹਾਂ ਬੰਦਿਆਂ ਦੀ ਖਲਾਸੀ ਹੋਵੇ ਜੋ ਐਵੇਂ ਭਰਮ ਦੇ ਮੁਰਦੇ ਦੀ ਪੂਜਾ ਕਰ ਰਹੇ ਹਨ। ਨਾਂ ਹੀ ਭਰਮ ਦਾ ਮੁਰਦਾ ਰਹੇਗਾ ਅਤੇ ਨਾ ਹੀ ਇਹ ਪੂਜਾ ਕਰਨਗੇ। ਮੇਰਾ ਮਨ ਚਾਹੁੰਦਾ ਹੈ ਇਨ੍ਹਾਂ ਪਾਸੋਂ ਇਨ੍ਹਾਂ ਦਾ ਭਰਮ ਖੋਹ ਲਵਾਂ ਅਤੇ ਇਨ੍ਹਾਂ ਨੂੰ ਜਿਊਂਦਾ ਸਤਿ ਦੇਵਾਂ। ਵਿਦਵਾਨਾਂ ਦਾ ਮਤ ਹੈ ਕਿ ਗੁਰੂ ਗ੍ਰੀ ਧਾਤੂ ਤੋਂ ਹੈ ਜੋ ਸਿਖ ਦੇ ਅਗਿਆਨ ਨੂੰ ਖਾ ਜਾਵੇ, ਨਿਗਲ ਜਾਵੇ ਉਹ ਗੁਰੂ ਹੈ। ਗੁਰੂ ਨਾਨਕ ਦੇਵ ਦੀ ਸ਼ਰਣ ਵਿਚ ਜੋ ਵੀ

ਆਇਆ ਹੈ ਸਤਿਗੁਰਾਂ ਨੇ ਉਸ ਨੂੰ ਪ੍ਰਮਾਤਮਾ ਨਾਲ ਮਿਲਾ ਦਿੱਤਾ ਹੈ। ਇਕ ਅਦੀਬ ਕਹਿੰਦੇ ਹਨ ਕਿ ਹੇ ਗੁਰੂ ਨਾਨਕ ਦੇਵ ਜੀ! ਸਵਾਲ ਇਹ ਨਹੀਂ ਕਿ ਪਾਣੀ ਕਿੱਥੋਂ ਆਇਆ ਹੈ ਕੋਈ ਵਾਕਫ ਦੇ ਰਿਹਾ ਹੈ ਜਾਂ ਅਜਨਬੀ ਦੇ ਰਿਹਾ ਹੈ। ਪਿਆਲਾ ਕਿਸ ਵਸਤੂ ਦਾ ਹੈ ਮਿੱਟੀ ਦਾ ਹੈ ਕਿ ਸੋਨੇ ਦਾ ਹੈ। ਜਦੋਂ ਪਿਆਸ ਲੱਗੀ ਹੋਵੇ ਨਾ ਬਰਤਨ ਦਿਸਦਾ ਹੈ ਨਾ ਦੇਣ ਵਾਲੇ ਦੀ ਜ਼ਾਤ ਪਾਤ ਨਾ ਦੇਸ਼, ਸਗੋਂ ਪਾਣੀ ਹੀ ਨਜ਼ਰ ਆਉਂਦਾ ਹੈ। ਨਖਰੇ ਬੰਦਾ ਉਸ ਵੇਲੇ ਕਰਦਾ ਹੈ ਜਿਸ ਵੇਲੇ ਪਿਆਸ ਨਹੀਂ ਹੁੰਦੀ। ਪਿਆਸ ਹੋਵੇ ਤਾਂ ਪਾਣੀ ਹੀ ਪੀਂਦਾ ਹੈ।

*ਅਪਨਾ ਹੋ ਯਾ ਬੇਗਾਨਾ ਗਰਜ਼ ਇਸ ਸੇ ਨਹੀਂ।*
*ਕਾਅਬਾ ਹੋ ਯਾ ਬੁਤਖ਼ਾਨਾ ਗਰਜ਼ ਇਸ ਸੇ ਨਹੀਂ।*
*ਪਿਆਸੇ ਕੋ ਤੋ ਪੀਨੇ ਸੇ ਹੈ ਮਤਲਬ ਬਾਬਾ,*
*ਕਿਸ ਨੇ ਦੀਆ ਪੈਮਾਨਾ ਗਰਜ਼ ਇਸ ਸੇ ਨਹੀਂ।*

ਜੋਗੀ ਅਲਾ ਯਾਰ ਗੁਰੂ ਨਾਨਕ ਦੇਵ ਦੀ ਮਹਿਮਾ ਕਰਦੇ ਹੋਏ ਲਿਖਦੇ ਹਨ:

*ਯੂੰ ਤੋ ਬਹੁਤ ਪਾਰਸਾ ਹੂਏ ਹੈਂ ਇਸ ਜਹਾਂ ਮੇਂ।*
*ਬਹੁਤ ਸੇ ਰਾਹਨੁਮਾ ਹੂਏ ਹੈਂ ਇਸ ਜਹਾਂ ਮੇਂ।*
*ਵਲੀ ਨਬੀ ਦੇਵਤਾ ਹੂਏ ਇਸ ਜਹਾਂ ਮੇਂ।*
*ਜਿਨ੍ਹੇ ਭੇਜਤਾ ਹੈ ਖ਼ੁਦਾ ਇਸ ਜਹਾਂ ਮੇਂ।*
*ਫ਼ਕਤ, ਉਨਕੇ ਪੈਰੋ ਉਨ੍ਹੇ ਮਾਨਤੇ ਹੈਂ।*
*ਮਗਰ ਤੁਮਕੋ ਸਾਰੇ ਗੁਰੂ ਜਾਨਤੇ ਹੈਂ।*

*ਤੇਰੀ ਗੁਫਤਗੂ ਸਭ ਕੋ ਭਾਈ ਨਾ ਹੋਤੀ। ਤੋ ਮੁਸੱਲਮ ਤੇਰੀ ਰਾਹਨੁਮਾਈ ਨਾ ਹੋਤੀ।*
*ਅਗਰ ਤੁਝ ਪੇ ਸ਼ੈਦਾ ਖ਼ੁਦਾਈ ਨਾ ਹੋਤੀ। ਤੇਰੀ ਲਾਸ਼ ਪੇ ਹਾਥਾ ਪਾਈ ਨਾ ਹੋਤੀ।*
*ਨਾ ਹਿੰਦੂ ਜਲਾਨੇ ਪੇ ਇਸਰਾਰ ਕਰਤੇ। ਨਾ ਮੁਸਲਮ ਦਫਨ ਪੇ ਤਕਰਾਰ ਕਰਤੇ।*

ਮੈਂ ਸੁਣਿਆ ਹੈ ਹਨੇਰੇ ਵਿਚ ਹਾਥੀ ਸੀ। ਟੋਹ ਕੇ ਵੇਖਣ ਵਾਲਿਆਂ ਦਾ ਤਕਰਾਰ ਸੀ। ਜਿਹੜੇ ਅੰਗ ਨੂੰ ਹੱਥ ਲਗਾ ਉਸ ਨੇ ਉਹੋ ਜਿਹਾ ਬਿਆਨ ਦਿਤਾ। ਕਿਸੇ ਨੇ ਕੰਨ ਵੇਖ ਕੇ ਕਿਹਾ ਕਿ ਛਜ ਵਰਗਾ, ਕਿਸੇ ਲੱਤ ਵੇਖ ਕੇ ਕਿਹਾ ਸੀ ਥੰਮ੍ਹ ਵਰਗਾ, ਕਿਸੇ ਵੱਖੀ ਵੇਖ ਕੇ ਕਿਹਾ ਸੀ ਕੰਧ ਵਰਗਾ, ਕਿਸੇ ਸਿਆਣੇ ਨੇ ਦੀਵਾ ਜਗਾ ਦਿੱਤਾ ਤਾਂ ਸਾਰੇ ਹੀ ਇਕ ਜ਼ੁਬਾਨ ਹੋ ਕੇ ਕਹਿਣ ਲੱਗੇ ਕਿ ਹਾਥੀ ਹੈ। ਇਹੀ ਹਾਲਤ ਸੀ, ਸਾਰੇ ਮਜ਼ਹਬ ਹਨੇਰੇ ਵਿਚ ਲੜ ਰਹੇ ਸਨ ਕਿ ਰੱਬ ਕਿਸ ਤਰ੍ਹਾਂ ਦਾ ਹੈ। ਆਪਣੇ-ਆਪਣੇ ਬਿਆਨ ਸਾਰੇ ਦੇ ਰਹੇ ਸਨ। ਕੋਹਰਾਮ ਮੱਚਿਆ ਸੀ, ਰੌਲੇ ਵਿਚ ਵੀਚਾਰ ਨੂੰ ਵੀ ਕੋਈ ਥਾਂ ਨਹੀਂ ਸੀ, ਕੋਈ ਕਿਸੇ ਦੀ ਸੁਣਦਾ ਨਹੀਂ ਸੀ। ਬੋਲ ਸਾਰੇ ਹੀ ਰਹੇ ਸਨ। ਉਸ ਦੁਨੀਆਂ ਦਾ ਕੀ ਹਾਲ ਹੋਵੇਗਾ ਜਿਥੇ ਬੋਲ ਸਾਰੇ ਹੀ ਰਹੇ ਹੋਣ ਪਰ ਸੁਣਨ ਵਾਸਤੇ ਕੋਈ ਵੀ ਤਿਆਰ ਨਾ ਹੋਵੇ। ਸਤਿਗੁਰੂ ਨਾਨਕ ਦੇਵ ਆਏ ਤੇ

ਆ ਕੇ ਪਿਆਰ ਭਰੇ ਕੀਰਤਨ ਦਾ, ਉਸਦੀ ਸਿਫ਼ਤ-ਸਲਾਹ ਦਾ ਦੀਵਾ ਜਗਾ ਦਿੱਤਾ। ਸਾਰੇ ਆ ਗਏ ਤੇ ਇਕ ਜ਼ੁਬਾਨ ਹੋ ਕੇ ਕਹਿਣ ਪ੍ਰਮਾਤਮਾ ਸਿਫ਼ਤ-ਸਲਾਹ ਹੈ।

ਸਤਿਗੁਰਾਂ ਨੇ ਕਿਹਾ, ਆਉ ਸਾਰੇ ਰਲ ਕੇ ਉਸਦੀ ਸਿਫਤ ਕਰੀਏ। ਇਹੀ ਉਸਦਾ ਦਰਵਾਜ਼ਾ ਹੈ, ਇਹੀ ਉਸਦੇ ਦਰਸ਼ਨ ਹਨ, ਇਹੀ ਉਸਦੀ ਪ੍ਰਾਪਤੀ ਹੈ।

*ਜਿਸਨੋ ਬਖਸੇ ਸਿਫਿਤ ਸਲਾਹ। ਨਾਨਕ ਪਾਤਿਸਾਹੀ ਪਾਤਿਸਾਹੁ।* (ਜਪੁ)
*ਤੂ ਸਚਾ ਸਾਹਿਬ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ।*
*(ਆਸਾ ਦੀ ਵਾਰ ਪੰਨਾ ੪੬੮)*

ਉਹ ਸਿਫਤ-ਸਲਾਹ ੧ਓ ਤੋਂ ਸ਼ੁਰੂ ਹੁੰਦੀ ਹੈ ਦੂਜਾ ਕੋਈ ਹੈ ਨਹੀਂ। ਦੂਜਾ ਜੋ ਸਾਨੂੰ ਜਾਪਦਾ ਹੈ ਉਹ ਇਕ ਦਾ ਹੀ ਵਿਸਥਾਰ ਹੈ ਇਕ ਦਾ ਹੀ ਪਸਾਰਾ ਹੈ। ਉਹ ਪਸਰ ਜਾਏ ਤਾਂ ਵੀ ਉਹ ਇਕ ਹੈ। ਉਹ ਆਪਣੇ ਆਪ ਨੂੰ ਸੰਕੋਚ ਲਵੇ ਤਾਂ ਵੀ ਉਹ ਇਕ ਹੈ। ਸਾਡੀ ਬੁਧ ਦਾ ਸੁਭਾਅ ਹੈ ਇਹ ਹਰ ਚੀਜ਼ ਨੂੰ ਟੁਕੜਿਆਂ ਵਿਚ ਵੇਖਦੀ ਹੈ, ਵੰਡ ਕੇ ਵੇਖਦੀ ਹੈ, ਸਤਿਗੁਰਾਂ ਦੀ ਸਿਫਤ ਸਲਾਹ ਦੀ ਦ੍ਰਿਸ਼ਟੀ ਸਾਨੂੰ ਕਹਿੰਦੀ ਹੈ ਕਿ ਤੂੰ ਰੁੱਖ ਨੂੰ ਜੇ ਇੰਜ ਵੰਡ ਕੇ ਵੇਖੇਂ ਕਿ ਇਹ ਤਣਾ ਹੈ, ਇਹ ਜੜ੍ਹਾਂ ਹਨ, ਇਹ ਟਹਿਣੀਆਂ ਹਨ, ਇਹ ਪੱਤੇ ਹਨ, ਇਹ ਫੁੱਲ ਹਨ, ਇਹ ਫਲ ਹਨ, ਤੂੰ ਇਹ ਸਭ ਕੁਝ ਵੱਖ-ਵੱਖ ਕਰ ਦੇਵੇਂ ਤਾਂ ਰੁੱਖ ਬਚੇਗਾ ਨਹੀਂ। ਇਹ ਸਭ ਕੁਝ ਵੇਖ, ਜੜ੍ਹਾਂ ਰੁੱਖ ਦੀਆਂ ਹਨ, ਤਨਾ ਰੁੱਖ ਦਾ ਹੈ। ਟਾਹਣੀਆਂ ਰੁੱਖ ਦੀਆਂ ਹਨ, ਪੱਤੇ ਰੁੱਖ ਦੇ ਹਨ, ਫੁੱਲ ਰੁੱਖ ਦੇ ਹਨ, ਫਲ ਰੁੱਖ ਦੇ ਹਨ। ਪਰ ਇਹ ਸਾਰਾ ਕੁਝ ਰਲ ਕੇ ਰੁੱਖ ਇਕ ਹੈ। ਕਦੀ ਉਹ ਬੀਜ ਰੂਪ ਵਿਚ ਸੂਖਮ ਹੈ–

*ਤੂੰ ਪੇਡ, ਸਾਖ ਤੇਰੀ ਫੂਲੀ। ਤੂ ਸੂਖਮ ਹੋਆ ਅਸਥੂਲੀ।*

ਅਸੀਂ ਸੰਸਾਰ ਦੀ ਅਨੇਕਤਾ ਨੂੰ ਵੇਖ ਕੇ ਭੁੱਲ ਜਾਂਦੇ ਹਾਂ ਪਰ ਅਨੇਕਤਾ ਵਿਚੋਂ ਇਕ ਨੂੰ ਵੇਖਣਾ ਇਹੀ ਉਸਦੀ ਮਹਿਮਾ ਹੈ ਇਹੀ ਉਸਦੀ ਸਿਫ਼ਤ-ਸਲਾਹ ਹੈ। ਗੁਰੂ ਦੀ ਮਹਾਨਤਾ ਹੀ ਇਹੀ ਹੈ ਕਿ ਗੁਰੂ ਪ੍ਰਮਾਤਮਾ ਦੀ ਅਨੇਕਤਾ ਵਿਚੋਂ ਇਕ ਨੂੰ ਵਿਖਾ ਦੇਂਦਾ ਹੈ, ਗੁਰੂ ਸਿਖ ਨੂੰ ਕਹਿੰਦਾ ਹੈ ਵੇਖ ਧਿਆਨ ਨਾਲ ਵੇਖ, ਹਰ ਪੱਤੇ ਵਿਚ ਰੁੱਖ ਹੈ, ਹਰ ਟਾਹਣੀ ਵਿਚ ਰੁੱਖ ਹੈ, ਹਰ ਫੁੱਲ ਵਿਚ ਰੁੱਖ ਹੈ, ਹਰ ਫਲ ਵਿਚ ਰੁੱਖ ਹੈ। ਇਸੇ ਤਰ੍ਹਾਂ ਹਰ ਜੀਵ ਵਿਚ ਪ੍ਰਮਾਤਮਾ ਹੈ।

*ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਇਹੁ ਹਰਿ ਕਾ ਰੂਪੁ ਹੈ,*
*ਹਰਿ ਰੂਪੁ ਨਦਰੀ ਆਇਆ।*

ਅਤੇ ਸਤਿਗੁਰੂ ਕਹਿੰਦੇ ਹਨ ਕਿ ਵੇਖਣ ਵਾਲਿਆ! ਮੈਨੂੰ ਤਾਂ ਤੇਰੇ ਵਿਚੋਂ ਵੀ ਨਜ਼ਰ ਆ ਰਿਹਾ ਹੈ, ਤੈਨੂੰ ਕਿਉਂ ਨਹੀਂ ਨਜ਼ਰ ਆਉਂਦਾ? ਸ਼ਾਇਦ ਤੂੰ ਆਪਣੇ ਆਪ ਨੂੰ ਅਜੇ ਤੱਕ ਵੇਖਿਆ ਹੀ ਨਹੀਂ, ਲੈ ਆਪਣੇ ਆਪ ਨੂੰ ਵੇਖ।

ਆਪ ਨੇ ਉਹ ਕਹਾਣੀ ਸੁਣੀ ਹੋਵੇਗੀ।

ਕਿ ਕੁਝ ਮਨੁੱਖ ਪ੍ਰਦੇਸ ਚੱਲੇ ਸਨ, ਨਦੀ ਪਾਰ ਕੀਤੀ, ਗਿਨਣ ਲੱਗੇ ਤਾਂ ਇਕ ਬੰਦਾ ਘਟਦਾ ਸੀ। ਘਟਣ ਦਾ ਕਾਰਨ ਸੀ ਕਿ ਗਿਨਣ ਵਾਲਾ ਆਪਣੇ ਆਪ ਨੂੰ ਨਹੀਂ ਸੀ ਗਿਣਦਾ। ਸੋਚਣ ਲੱਗੇ, ਮਾਲਕ ਨੇ ੧੭ ਬੰਦੇ ਭੇਜੇ ਹਨ ਇਕ ਡੁੱਬ ਤਾਂ ਨਹੀਂ ਗਿਆ। ਬੜੇ ਪ੍ਰੇਸ਼ਾਨ ਸਨ। ਇਕ ਫਕੀਰ ਆ ਗਿਆ, ਉਸਨੇ ਇਨ੍ਹਾਂ ਨੂੰ ਰੋਂਦਿਆਂ ਵੇਖਿਆ ਤੇ ਦੁੱਖ ਪੁੱਛਿਆ। ਇਨ੍ਹਾਂ ਆਪਣੀ ਮੁਸ਼ਕਿਲ ਦੱਸੀ ਤੇ ਕਿਹਾ ਮੈਂ ਪੂਰੇ ਕਰ ਦਿੰਦਾ ਹਾਂ, ਇਹ ਤਾਂ ਮੇਰਾ ਨਿੱਤ ਦਾ ਕੰਮ ਹੈ ਹਰ ਬੰਦਾ ਦੂਜੇ ਤੇ ਧਿਆਨ ਰੱਖਦਾ ਹੈ ਆਪਣਾ ਧਿਆਨ ਤਾਂ ਆਉਂਦਾ ਨਹੀਂ। ਹੁਣ ਉਸ ਨੇ ਕਿਹਾ ਕਿ ਗਿਣੋ, ਗਿਨਣ ਵਾਲਾ ਗਿਨਣ ਲੱਗਾ। ਦੂਸਰੇ ਦੀ ਛਾਤੀ ਤੇ ਹੱਥ ਰੱਖ ਕੇ ਸ਼ੁਰੂ ਕੀਤਾ। ਉਸਨੇ ਕਿਹਾ ਬਸ ਇਹੀ ਭੁੱਲ ਹੈ, ਜਦੋਂ ਵੀ ਕੋਈ ਗਿਣਤੀ ਕਰੋ ਦੂਜੇ ਤੋਂ ਨਹੀਂ ਆਪਣੀ ਛਾਤੀ ਤੇ ਹੱਥ ਰੱਖ ਕੇ ਸ਼ੁਰੂ ਕਰੋ। ਆਪਣੇ ਦਿਲ ਤੇ ਹੱਥ ਰਖਦਿਆਂ ਹੀ ਸਾਰੀ ਮੁਸ਼ਕਿਲ ਹੱਲ ਹੋ ਜਾਏਗੀ। ਜੀਵਨ ਭਰ ਦੂਸਰੇ ਦੇ ਦਿਲ ਤੇ ਹੀ ਹੱਥ ਰਖਦੇ ਹਾਂ। ਦੂਸਰੇ ਵਿਚੋਂ ਰੱਬ ਵੇਖਦੇ ਹਾਂ, ਨਹੀਂ ਦਿਸਦਾ। ਅਵਗੁਣ ਦਿਸਦੇ ਹਨ ਜਦੋਂ ਲੱਭਣ ਵਾਲਾ ਆਪ ਹੀ ਗਵਾਚ ਜਾਏ ਤਾਂ ਉਹ ਕੀ ਲੱਭੇਗਾ? ਸਤਿਗੁਰੂ ਕਹਿੰਦੇ ਹਨ ਆਪਣੀ ਹੋਸ਼ ਕਾਇਮ ਰੱਖ, ਇਸ ਪਸਾਰੇ ਵਿਚ ਗਵਾਚ ਨਾ। ਗਿਣਤੀ ਆਪਣੇ ਆਪ ਤੋਂ ਸ਼ੁਰੂ ਕਰ ਤੇ ਇੰਜ ਕਰ

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ*
*ਤਾ ਤੂ ਜਗ ਮਹਿ ਆਇਆ।* *(ਅਨੰਦ ਸਾਹਿਬ)*

ਇਹ ਸਭ ਗੁਰੂ ਦੀ ਕ੍ਰਿਪਾ ਹੈ, ਗੁਰੂ ਇੰਜ ਸਾਰਿਆਂ ਨੂੰ ਰੱਬ ਮਿਲਾ ਦੇਂਦਾ ਹੈ, ਰੱਬ ਵਿਖਾ ਦੇਂਦਾ ਹੈ।

■ ■ ■

# ੨

# ਪਹਿਲਾ ਗੁਰ ਨਿਵਾਸ-ਮਾਤਾ ਤ੍ਰਿਪਤਾ

ਬੀਜ ਵਿਚ ਉਹ ਸਾਰੀਆਂ ਸਿਫਤਾਂ, ਸਾਰੇ ਗੁਣ ਮੌਜੂਦ ਹਨ ਜੋ ਰੁੱਖ ਵਿਚ ਹਨ। ਰੁੱਖ ਦੇ ਫਲ ਵਿਚ ਹਨ। ਪਾਣੀ ਦੇ ਇਕ ਕਤਰੇ ਵਿਚ ਸਮੁੰਦਰ ਵਾਲੇ ਗੁਣ ਮੌਜੂਦ ਹਨ, ਸੂਰਜ ਦੀ ਇਕ ਕਿਰਣ ਵਿਚ ਸੂਰਜ ਵਾਲੇ ਗੁਣ ਮੌਜੂਦ ਹਨ, ਸਿਰਫ ਵੇਖਣ ਤੇ ਪਰਖਣ ਵਾਲੀ ਅੱਖ ਚਾਹੀਦੀ ਹੈ। ਹੋਣ ਵੀ ਕਿਉਂ ਨਾ ਇਕ ਬੀਜ ਰੁੱਖ ਤੋਂ ਹੀ ਪੈਦਾ ਹੋਇਆ ਹੈ। ਕਤਰਾ ਸਮੁੰਦਰ ਦੀ ਹੀ ਅੰਸ਼ ਹੈ ਅਤੇ ਕਿਰਣ ਸੂਰਜ ਦੀ ਹੀ ਕਿਰਣ ਹੈ। ਪ੍ਰਮਾਤਮਾ ਦਾ ਭੇਜਿਆ ਹੋਇਆ ਸਤਿਗੁਰੂ ਵੀ ਜਨਮ ਤੋਂ ਹੀ ਰੱਬੀ ਗੁਣ ਨਾਲ ਲੈ ਕੇ ਆਉਂਦਾ ਹੈ। ਉਸ ਨੂੰ ਰੱਬ ਨੇ ਭੇਜਿਆ ਹੈ, ਗੁਰੂ ਵਿਚ ਪ੍ਰਮਾਤਮਾ ਨੇ ਆਪਣਾ ਆਪਾ ਰਖਿਆ ਹੈ।

ਗੁਰ ਵਾਕ ਹੈ—

*ਸਤਿਗੁਰ ਵਿਚਿ ਆਪ ਰਖਿਓਨੁ ਕਰਿ ਪ੍ਰਗਟ ਆਖਿ ਸੁਣਾਇਆ।*

*(ਵਾਰ ਆਸਾ ਪੰਨਾ ੪੬੬)*

ਇਹ ਗੱਲ ਵੀ ਠੀਕ ਹੈ ਕਿ ਸਤਿਗੁਰੂ ਦੇ ਬਹਾਨੇ ਪ੍ਰਮਾਤਮਾ ਦੀ ਬਰਕਤ ਪ੍ਰਗਟ ਹੁੰਦੀ ਹੈ। ਸਰੀਰ ਬੇਸ਼ਕ ਛੋਟਾ ਹੋਵੇ ਜਾਂ ਵੱਡਾ ਪਰ ਉਸ ਰੱਬੀ ਬਰਕਤ ਦਾ ਕੋਈ ਪਾਰਾਵਾਰ ਨਹੀਂ।

ਸਤਿਗੁਰੂ ਨਾਨਕ ਦੇਵ ਦੀਆਂ ਬਰਕਤਾਂ ਬਾਰੇ ਇਕ ਵਿਦਵਾਨ ਲਿਖਦੇ ਹਨ:

*ਈਸਾ ਕੇ ਮੁਅਜ਼ਜ਼ੋਂ ਨੇ ਮੁਰਦੇ ਜੀਵਾ ਦੀਏ,*
*ਨਾਨਕ ਨੇ ਮੁਅਜ਼ਜ਼ੋਂ ਨੇ ਈਸਾ ਬਨਾ ਦੀਏ;*

ਇਹ ਸੱਚ ਹੈ ਕਿ ਜੀਵਨ ਦਾ ਮਸਲਾ ਮੁਰਦੇ ਜ਼ਿੰਦਾ ਕੀਤਿਆਂ ਹੱਲ ਨਹੀ ਹੁੰਦਾ ਸਗੋਂ ਮੁਰਦਾ ਦਿਲਾਂ ਨੂੰ ਜ਼ਿੰਦਾ ਕਰਨ ਨਾਲ ਹੀ ਜੀਵਨ ਦਾ ਮਸਲਾ ਹੱਲ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਮਹਿਮਾ ਕਰਦੇ ਸਿੱਖ ਵਿਦਵਾਨ ਅਤੇ ਹੋਰ ਵਿਦਵਾਨ ਲਿਖਦੇ ਹਨ ਕਿ ਜਿਵੇਂ ਕਿਸੇ ਰਾਜੇ ਨੇ ਆਉਣਾ ਹੋਵੇ ਤਾਂ ਉਸ ਲਈ ਸੁੰਦਰ ਦਰਬਾਰ ਸਜਾਇਆ ਜਾਂਦਾ ਹੈ, ਅਤੇ ਦਰਬਾਰੀ ਪਹਿਲਾਂ ਹੀ ਪੁੱਜ ਜਾਂਦੇ ਹਨ. ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੀ ਖੁਸ਼ੀ ਵਿਚ ਉਨ੍ਹਾਂ ਦੇ ਆਦਰ ਵਾਸਤੇ ਕੁਦਰਤ ਨੇ ਪਹਿਲਾਂ ਤਲਵੰਡੀ ਨੂੰ ਇਕ ਦਰਬਾਰ ਦੀ ਤਰ੍ਹਾਂ ਸਜਾ ਦਿੱਤਾ ਸੀ. ਤਲਵੰਡੀ ਦੀ ਆਬੋ ਹਵਾ, ਤਲਵੰਡੀ ਦਾ ਹਰ ਇਕ ਦ੍ਰਿਸ਼, ਤਲਵੰਡੀ ਵਿਚ ਭਾਂਤ-ਭਾਂਤ ਦੀਆਂ ਜਾਤਾਂ ਦੇ ਅਤੇ ਉੱਚੇ ਨੀਵੇਂ ਬੰਦਿਆਂ ਦੇ ਆਪਸੀ ਪਿਆਰ ਨਾਲ ਸਜਿਆ ਸੀ। ਤਲਵੰਡੀ ਵਿਚ ਮੁੱਲਾਂ ਵੀ ਹੈ, ਤਲਵੰਡੀ ਵਿਚ ਪੰਡਤ ਵੀ ਹੈ. ਗੁਰੂ ਦੀ ਆਮਦ ਨੇ ਲੋਕਾਂ ਦੇ ਸੁਭਾਅ ਤਬਦੀਲ ਕਰ ਦਿੱਤੇ। ਰਾਇ ਬੁਲਾਰ ਵਰਗਾ ਬੰਦਾ ਚੌਧਰ ਦੀ ਆਕੜ ਛੱਡ ਸਾਰਿਆਂ ਨੂੰ ਭੈਣਾਂ-ਭਰਾਵਾਂ ਵਾਂਗੂੰ ਪਿਆਰ ਕਰ ਰਿਹਾ ਹੈ। ਤਲਵੰਡੀ ਦੇ ਪਸ਼ੂ-ਪੰਖੀ ਵੀ ਖੁਸ਼ੀ ਵਿੱਚ ਝੂਮ ਉਠੇ। ਕਿਉਂਕਿ ਜਗਤ ਵਿਚ ਖੁਸ਼ੀਆਂ ਵੰਡਣ ਵਾਲੇ ਗੁਰੂ ਨਾਨਕ ਦੇਵ ਜੀ ਆ ਰਹੇ ਹਨ। ਗੁਰੂ ਨਾਨਕ ਦੇਵ ਨੇ ਜਗਤ ਦੀ ਸ਼ੋਭਾ ਬਨਾਉਣੀ ਹੈ। ਮਨੁੱਖ ਜੋ ਆਪਣਾ ਵਕਾਰ ਗਵਾ ਬੈਠਾ ਸੀ ਉਹ ਵਕਾਰ ਫਿਰ ਬਹਾਲ ਕਰਨਾ ਹੈ। ਮਨੁੱਖ ਦਾ ਅਰਥ ਹੀ ਹੋ ਗਿਆ ਸੀ ਪਾਪੀ। ਇਸ ਜਗਤ ਨੂੰ ਵੇਖ ਕੇ ਇਸ ਤਰ੍ਹਾਂ ਜਾਪਦਾ ਸੀ ਕਿ ਜਿਵੇਂ ਮਨੁੱਖ ਚੰਗਾ ਹੋ ਹੀ ਨਹੀਂ ਸਕਦਾ। ਪਾਪ ਇਕ ਸੁਭਾਵਕ ਗੱਲ ਹੋ ਗਈ ਸੀ। ਪਾਪ ਤੇ ਮਨੁੱਖ ਦਾ ਸੁਭਾਅ ਇਕ-ਮਿਕ ਹੋ ਗਏ ਸਨ। ਇਕ ਫਕੀਰ ਬਾਰੇ ਮੈਂ ਸੁਣਿਆ ਹੈ ਕਿ ਜਦੋਂ ਕੋਈ ਬੱਚਾ ਕਿਸੇ ਦੇ ਘਰ ਜਨਮ ਲੈਂਦਾ ਸੀ ਤਾਂ ਉਹ ਕਹਿੰਦਾ ਸੀ ਹੇ ਰੱਬਾ ਤੂੰ ਫਿਰ ਭੁੱਲ ਗਿਆ ਹੈਂ। ਤੂੰ ਇਕ ਹੋਰ ਬੇਈਮਾਨ ਤੇ ਇਤਬਾਰ ਕਰ ਲਿਆ, ਤੂੰ ਇਕ ਹੋਰ ਬੰਦਾ ਇਸ ਬਾਗ਼ ਨੂੰ ਉਜਾੜਨ ਵਾਸਤੇ ਭੇਜ ਦਿੱਤਾ ਹੈ। ਤੂੰ ਇਕ ਹੋਰ ਅਕ੍ਰਿਤਘਣ 'ਤੇ ਵਿਸ਼ਵਾਸ ਕਰ ਲਿਆ ਹੈ। ਇਸ ਦਾ ਅਰਥ ਸੀ ਕਿ ਹਰ ਬੰਦਾ ਜੋ ਏਥੇ ਆਉਣ ਵਾਲਾ ਹੈ ਉਹ ਬੇਈਮਾਨ ਹੈ, ਚੋਰ ਹੈ, ਅਕ੍ਰਿਤਘਣ ਹੈ, ਉਜਾੜੂ ਹੈ।

ਆਖ਼ਰ ਮਨੁੱਖ ਐਸਾ ਕਿਉਂ ਕਰਦਾ ਹੈ? ਉਸ ਦਾ ਉੱਤਰ ਸਪੱਸ਼ਟ ਹੈ ਕਿ ਮਨੁੱਖ ਪਾਪ ਆਪਣੀ ਖੁਸ਼ੀ ਵਾਸਤੇ ਜਾਂ ਆਪਣੀ ਸ਼ੋਭਾ ਵਾਸਤੇ ਕਰਦਾ ਹੈ। ਇਹ ਸੱਚ ਹੈ ਕਿ ਜੋ ਸਿਰਫ ਲੋੜ ਵਾਸਤੇ ਪਾਪ ਹੋਏ ਹਨ, ਉਹ ਬਹੁਤ ਥੋੜ੍ਹੇ ਹਨ। ਬਹੁਤੇ ਪਾਪ ਉਸ ਤ੍ਰਿਸ਼ਨਾ ਦੇ ਅਧੀਨ ਹੋਏ ਹਨ, ਜਿਨ੍ਹਾਂ ਤੋਂ ਬਿਨਾਂ ਮਨੁੱਖ ਬੜੇ ਅਨੰਦ ਨਾਲ ਜੀ ਸਕਦਾ ਸੀ। ਸਤਿਗੁਰੂ ਅਰਜਨ ਦੇਵ ਜੀ ਨੇ ਸੱਚ ਹੀ ਫ਼ੁਰਮਾਇਆ ਹੈ ਕਿ ਜਿਸ ਸੁਖ ਤੇ ਸੋਭਾ ਲਈ ਮਨੁੱਖ ਖੱਜਲ-ਖੁਆਰ ਹੁੰਦਾ ਹੈ, ਹੇ ਦਾਤਾ ਉਹ ਸੁਖ ਤੇ ਸੋਭਾ ਤੂੰ ਸਾਨੂੰ ਆਪਣੇ ਨਾਮ ਦੇ ਰਾਹੀਂ ਹੀ ਬਖਸ਼ਸ਼ ਕਰ ਦੇ ਤੇ ਸਾਡੀ ਚਿੰਤਾ ਮੁਕਾ ਦੇ।

*ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥* (ਟੋਡੀ ਮ: ੫, ਪੰਨਾ ੭੧੩)

ਗੁਰੂ ਨਾਨਕ ਦੇਵ ਦੀ ਆਮਦ ਨੇ ਸੋਭਾ ਅਤੇ ਸੁੰਦਰਤਾ ਦੀ ਵਿਆਖਿਆ ਕਰ ਦਿੱਤੀ ਸੀ। ਬੰਦੇ ਦੇ ਗੁਣਾਂ ਕਰਕੇ ਬਸਤਰਾਂ ਦੀ ਸ਼ੋਭਾ ਬਣਨੀ ਚਾਹੀਦੀ ਹੈ ਨਾ ਕਿ ਕੱਪੜਿਆਂ ਕਰਕੇ ਬੰਦੇ ਦੀ ਸੋਭਾ?

ਮਨੁੱਖ ਦੇ ਗੁਣਾਂ ਕਰਕੇ ਮਕਾਨ ਦੀ ਸ਼ੋਭਾ ਹੋਣੀ ਚਾਹੀਦੀ ਹੈ ਨਾ ਕਿ ਮਕਾਨ ਕਰਕੇ ਬੰਦੇ ਦੀ ਸ਼ੋਭਾ?

ਬੰਦੇ ਦੀ ਯੋਗਤਾ ਕਰਕੇ ਪਦਵੀ ਦੀ ਸ਼ੋਭਾ ਬਣਨੀ ਚਾਹੀਦੀ ਹੈ ਨਾ ਕਿ ਕਿਸੇ ਪਦਵੀ ਦੇ ਆਸਰੇ ਬੰਦੇ ਦੀ ਸੋਭਾ?

ਜੇ ਥਾਂ ਉੱਚੀ ਹੈ ਤੇ ਉਸ ਥਾਂ ਤੇ ਬੰਦਾ ਬੜਾ ਘਟੀਆ, ਨੀਵਾਂ ਤੇ ਅਯੋਗ ਬੈਠਾ ਹੈ ਤਾਂ ਉਹ ਬੰਦਾ ਚੰਗਾ ਨਹੀਂ ਲੱਗੇਗਾ। ਅੱਜ ਸੰਸਾਰ ਇਸੇ ਲਈ ਇੰਨਾ ਕਰੂਪ ਨਜ਼ਰ ਆ ਰਿਹਾ ਹੈ ਕਿ ਯੋਗ ਥਾਵਾਂ ਤੇ ਅਯੋਗ ਬੰਦੇ ਬੈਠੇ ਹਨ। ਗੁਰੂ ਨਾਨਕ ਦੇਵ ਜੀ ਦਾ ਅਵਤਰਨ ਕਿਸੇ ਕਾਸ਼ੀ ਵਰਗੀ ਮਹਾਨ ਨਗਰੀ ਵਿਚ ਨਹੀਂ ਹੋਇਆ ਜਿਸਦੇ ਆਸਰੇ ਇਹ ਮਹਿਮਾ ਬਣੇ ਕਿ ਸਤਿਗੁਰੂ ਮਹਾਨ ਹਨ। ਕਿਉਂਕਿ ਪਵਿੱਤਰ ਨਗਰੀ ਵਿਚ ਜਨਮ ਹੋਇਆ ਹੈ। ਕਈਆਂ ਮਹਾਂਪੁਰਖਾਂ ਦੀ ਮਹਿਮਾ ਇਸੇ ਲਈ ਹੈ ਕਿ ਕਿਸੇ ਤੀਰਥ ਅਸਥਾਨ ਤੇ ਜਾਂ ਕਿਸੇ ਮਹਾਨ ਧਾਰਮਿਕ ਅਸਥਾਨ ਵਾਲੇ ਨਗਰ ਵਿਚ ਜਨਮ ਹੋਇਆ ਸੀ। ਕਿਸੇ ਦੀ ਵਡਿਆਈ ਹੈ ਕਿ ਹਰਦਵਾਰ ਜਨਮ ਹੋਇਆ। ਕਿਸੇ ਦੀ ਮਹਿਮਾ ਹੈ ਕਿ ਕਾਸ਼ੀ ਵਿਚ ਜਨਮ ਹੋਇਆ। ਕਿਸੇ ਦੀ ਮਹਿਮਾ ਹੈ ਕਿ ਮੱਕੇ ਜਨਮ ਹੋਇਆ ਸੀ। ਕਬੀਰ ਸਾਹਿਬ ਨੇ ਇਸ ਭਰਮ ਨੂੰ ਤੋੜਿਆ ਸੀ। ਉਨ੍ਹਾਂ ਕਿਹਾ ਸੀ ਕਿ ਜਨਮ ਵੇਲੇ ਤਾਂ ਆਪਣੇ ਵਸ ਦੀ ਗੱਲ ਨਹੀਂ ਸੀ। ਕਿਉਂਕਿ ਜਿਥੇ ਪ੍ਰਮਾਤਮਾ ਨੇ ਜਨਮ ਦੇ ਦਿਤਾ ਅਸੀਂ ਆ ਗਏ ਪਰ ਮਰਨ ਲਗਿਆਂ ਤਾਂ ਕਾਸ਼ੀ ਛੱਡ ਕੇ ਮਗਹਰ ਚਲੇ ਜਾਈਏ।

*ਸਗਲ ਜਨਮੁ ਸਿਵ ਪੁਰੀ ਗਵਾਇਆ।*
*ਮਰਤੀ ਬਾਰ, ਮਗਹਰਿ ਉਠਿ ਆਇਆ।* (ਗਉੜੀ ਕਬੀਰ ਜੀ, ਪੰਨਾ ੩੨੬)
*ਹਰ ਕਾ ਸੰਤੁ ਮਰੈ ਹੜੰਬੈ,*
*ਤਾ ਸਗਲੀ ਸੈਨ ਤਰਾਈ।* (ਆਸਾ ਕਬੀਰ ਜੀ, ਪੰਨਾ ੪੮੪)

ਉਨ੍ਹਾਂ ਨੇ ਸਪੱਸ਼ਟ ਕਹਿ ਦਿੱਤਾ ਸੀ ਕਿ

*ਕਹਿ ਕਬੀਰ ਹਉ ਭਇਆ ਉਦਾਸੁ।*
*ਤੀਰਥੁ ਬਡਾ, ਕਿ ਹਰਿ ਕਾ ਦਾਸ।* (ਗਉੜੀ ਕਬੀਰ ਜੀ ਪੰਨਾ ੩੩੧)

ਕਰਨ ਕਾਰਨ ਸਤਿਗੁਰੂ ਨਾਨਕ ਦੇਵ ਜੀ ਆਏ ਹੀ ਉਸ ਨਗਰ ਵਿਚ ਸਨ ਜਿਸਦੀ ਉਨ੍ਹਾਂ ਤੋਂ ਪਹਿਲੇ ਨਾ ਕੋਈ ਧਾਰਮਿਕ ਮਹਾਨਤਾ ਸੀ ਅਤੇ ਨਾ ਹੀ ਕੋਈ ਇਤਿਹਾਸਕ ਮਹਾਨਤਾ ਸੀ। ਜੇ ਕੋਈ ਜੋੜਨ ਦਾ ਜਤਨ ਵੀ ਕੀਤਾ ਜਾਵੇ ਤਾਂ ਬਿਲਕੁਲ ਬਿਰਥਾ ਕਲਪਣਾ ਹੀ ਹੋਵੇਗੀ। ਗੁਰੂ ਨਾਨਕ ਦੇਵ ਜੀ ਆਏ ਤੇ ਤਲਵੰਡੀ

ਦਾ ਇਤਿਹਾਸ ਸ਼ੁਰੂ ਹੋ ਗਿਆ। ਜਾਂ ਇੰਜ ਕਹਾਂ ਕਿ ਸਤਿਗੁਰੂ ਦੇ ਜਨਮ ਨਾਲ ਤਲਵੰਡੀ ਦਾ ਵੀ ਇਤਿਹਾਸ ਦੇ ਵਿਹੜੇ ਵਿਚ ਜਨਮ ਹੋ ਗਿਆ ਸੀ।

*ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ।*
*ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ।* (ਭਾ. ਗੁ.)

ਉਨ੍ਹਾਂ ਦੀ ਸ਼ੋਭਾ ਬਾਹਰਲੀਆਂ ਵਸਤੂਆਂ ਨਾਲ ਨਹੀਂ ਸੀ। ਉਨ੍ਹਾਂ ਦੀ ਸ਼ੋਭਾ ਤਾਂ ਜੋ ਅੰਦਰ ਪ੍ਰਮਾਤਮਾ ਦਾ ਨਾਮ ਹੈ ਉਸ ਨਾਮ ਦੇ ਆਸਰੇ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਸ਼ਬਦ ਹਨ ਕਿ ਮਾਤਾ ਤ੍ਰਿਪਤਾ ਜੀ ਜਿਸ ਕਮਰੇ ਵਿਚ ਬੈਠਦੇ ਹਨ, ਵਿਹੜੇ ਵਿਚ ਬੈਠਦੇ ਹਨ ਉਥੇ ਦੀ ਸ਼ੋਭਾ ਹੀ ਅਲੌਕਿਕ ਬਣ ਜਾਂਦੀ ਹੈ। ਇੱਥੇ ਤੱਕ ਕਿ ਉਨ੍ਹਾਂ ਦੀ ਕਾਇਆ ਦੀ ਸ਼ੋਭਾ ਨਿਰਾਲੀ ਹੋ ਗਈ। ਇਹ ਵਿਚਾਰਨ ਵਾਲੀ ਗੱਲ ਹੈ ਕਿ ਚੰਗੇ ਪੁੱਤਰ ਨੂੰ ਜਨਮ ਦੇ ਕੇ ਮਾਂ ਦੇ ਚਿਹਰੇ ਤੇ ਨਿਖਾਰ ਆ ਜਾਂਦਾ ਹੈ। ਪਰ ਜਿਸ ਕਾਇਆ ਨੂੰ ਮਾਧਿਅਮ ਬਣਾ ਕੇ ਗੁਰੂ ਨਾਨਕ ਦੇਵ ਜੀ ਜਗਤ ਦੇ ਨਿਸਤਾਰੇ ਲਈ ਆ ਰਹੇ ਹਨ ਉਸ ਕਾਇਆ ਉਤੇ ਵੀ ਅਸਰ ਪੈਣਾ ਜ਼ਰੂਰੀ ਹੈ। ਉਸ ਮਨ ਉੱਤੇ, ਤਨ ਉੱਤੇ ਅਤੇ ਉਸ ਘਰ ਉੱਤੇ ਜਿਸ ਘਰ ਵਿਚ ਮਾਤਾ ਜੀ ਰਹਿੰਦੇ ਹਨ ਅਸਰ ਪੈਣਾ ਸੁਭਾਵਕ ਹੈ।

ਇਸ ਕਾਇਆ ਨੂੰ ਜ਼ੇਵਰ ਦੀ ਮੁਹਤਾਜੀ ਨਹੀਂ ਰਹੀ। ਇਹ ਕਾਇਆ ਪ੍ਰਸੰਨ ਹੈ, ਇਹ ਕਾਇਆ ਵੀ ਰੌਸ਼ਨੀ ਨਾਲ ਭਰਪੂਰ ਹੈ। ਅੱਜ ਵੀ ਜਿਸ ਕਾਇਆ ਵਿਚ ਗੁਰੂ ਵਸੇਗਾ, ਉਹ ਰੌਸ਼ਨੀ ਅਤੇ ਪ੍ਰਸੰਨਤਾ, ਸੁੰਦਰਤਾ ਨਾਲ ਭਰਪੂਰ ਹੋਵੇਗੀ। ਜਿੱਥੇ ਗੁਰੂ ਦਾ ਸ਼ਬਦ ਵਸਿਆ ਹੈ ਉਹ ਕਾਇਆ ਵੇਖੋ ਉਨ੍ਹਾਂ ਗੁਰਸਿਖਾਂ ਨੂੰ ਵੇਖ ਕੇ ਮਨ ਅਨੰਦ ਨਾਲ ਭਰਪੂਰ ਹੋ ਜਾਂਦਾ ਹੈ।

ਜੇ ਕਾਇਆ ਦੀ ਸ਼ੋਭਾ ਸੋਨਾ ਚਾਂਦੀ, ਹੀਰਿਆਂ, ਮੋਤੀਆਂ ਨਾਲ ਹੀ ਹੈ, ਫਿਰ ਤਾਂ ਸ਼ੋਭਾ ਬੜੀ ਅਧੂਰੀ ਹੈ। ਇਹ ਚੀਜ਼ਾਂ ਤਾਂ ਸਦਾ ਸਾਥ ਨਹੀਂ ਦਿੰਦੀਆਂ, ਬੰਦੇ ਦੇ ਪਾਸ ਕੁਛ ਐਸਾ ਜ਼ਰੂਰ ਚਾਹੀਦਾ ਹੈ ਜੋ ਇਸਦਾ ਆਪਣਾ ਹੋਵੇ। ਇਸਦੇ ਅੰਦਰ ਹੋਵੇ। ਤ੍ਰਿਪਤਾ ਨਾਂ ਸਫ਼ਲ ਨਾਂ ਹੈ। ਮਾਂ ਤ੍ਰਿਪਤਾ ਤ੍ਰਿਪਤ ਮਾਂ ਹੈ। ਰੱਜੀ ਹੋਈ ਹੈ, ਕਿਉਂਕਿ ਸੰਸਾਰ ਨੂੰ ਤ੍ਰਿਪਤ ਕਰਨ ਵਾਲੇ ਸਤਿਗੁਰੂ ਨੇ ਇਸਨੂੰ ਮਾਂ ਚੁਣਿਆ ਹੈ। ਜਿਸ ਮਾਤਾ ਤ੍ਰਿਪਤਾ ਦੇ ਅੰਦਰ ਗੁਰੂ ਵਸਦਾ ਹੈ ਉਹ ਮਾਤਾ ਜਿਥੇ ਬੈਠਦੀ ਹੈ ਉਸ ਥਾਂ ਦੀ ਸ਼ੋਭਾ ਐਸੀ ਹੈ।

*ਕਾਲੂ ਤੀਅ ਬੈਸੇ ਜਿਸ ਅੰਦਰ। ਅਤ ਸੋਭਾ ਸੁ ਲਗੈ ਸੁ ਸੁੰਦਰ।*
*ਜਦਪ ਭੂਖਨ ਸਗਲ ਉਤਾਰੇ। ਤਦਪ ਸੁੰਦਰਤਾ ਅਧਿਕ ਉਜਾਰੇ।* (ਨਾ. ਪ੍ਰ.)

ਭਾਈ ਸਾਹਿਬ ਕਹਿੰਦੇ ਹਨ ਕੋਈ ਸ਼ੰਕਾ ਕਰੇ ਤਾਂ ਮੈਂ ਉੱਤਰ ਦਿਆਗਾ ਕਿ ਕ੍ਰੋੜਾਂ ਬ੍ਰਹਿਮੰਡਾਂ ਦੀ ਸ਼ੋਭਾ ਵਧਾਉਣ ਵਾਲੇ ਸਤਿਗੁਰੂ ਜਿੱਥੇ ਨਿਵਾਸ ਕਰਦੇ ਹਨ ਉਥੇ ਐਸੀ ਸ਼ੋਭਾ ਹੋਣੀ ਕੋਈ ਹੈਰਾਨਕੁੰਨ ਗੱਲ ਨਹੀਂ।

*ਸੁਨ ਸੰਦੇਹ ਕਰੇ ਜੇ ਕੋਊ। ਕੋਟ ਬ੍ਰਹਿਮੰਡ ਸੋਭ ਦਾ ਜੋਊ।*
*ਤਿਹ ਨਿਵਾਸ ਕੀਨੋ ਜਿਹ ਥਾਈ। ਕਿਉ ਨਾ ਹੋਇ ਤਿਹ ਸੋਭ ਸਵਾਈ।* (ਨਾ. ਪ੍ਰ.)

ਇਸ ਪ੍ਰਕਰਣ ਦਾ ਸਾਰ-ਅੰਸ਼ ਇਹ ਹੈ ਕਿ ਜੇ ਮਨੁੱਖ ਪਦਾਰਥਾਂ ਦੇ ਆਸਰੇ ਹੀ ਸ਼ੋਭਾ ਪਾਉਣ ਦਾ ਜਤਨ ਕਰੇ ਤਾਂ ਸੰਸਾਰ ਮੁਰਦਾ ਹੋ ਜਾਵੇਗਾ, ਸੰਸਾਰ ਇਕ ਸ਼ਮਸ਼ਾਨ ਘਾਟ ਬਣ ਜਾਵੇਗਾ। ਮੁਰਦੇ ਨੂੰ ਕਿੰਨਾ ਵੀ ਸ਼ਿੰਗਾਰ ਲਈਏ ਆਖਰ ਤਾਂ ਮੁਰਦੇ ਪਾਸੋਂ ਬਦਬੂ ਹੀ ਆਵੇਗੀ।

ਪਦਾਰਥ ਨਿਰਜਿੰਦ ਹਨ ਮੁਰਦਾ ਹਨ। ਅੱਜ ਬੰਦਾ ਮੁਰਦੇ ਨਾਲ ਪਿਆਰ ਬਣਾ ਬੈਠਾ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦਾ ਪਿਆਰ ਜੀਵਨ ਨਾਲ ਬਣਾਇਆ ਹੈ, ਉਨ੍ਹਾਂ ਦੇ ਉਪਦੇਸ਼ ਅਨੁਸਾਰ ਬੰਦੇ ਨੂੰ ਜਿਸ ਦਿਨ ਜੀਵਨ ਦਾ ਅਨੰਦ ਆਇਆ, ਉਸ ਦਿਨ ਇਸ ਦੀ ਸ਼ੋਭਾ ਜੀਵਨ ਦੀ ਸ਼ੋਭਾ ਹੋਵੇਗੀ। ਅਜੇ ਬੰਦੇ ਦੀ ਸ਼ੋਭਾ ਨਹੀਂ ਸਗੋਂ ਸੋਨੇ ਚਾਂਦੀ, ਹੀਰੇ, ਪਦਾਰਥਾਂ ਦੀ ਸ਼ੋਭਾ ਹੈ। ਫਿਰ ਇਹ ਇਕੱਠੇ ਕਰਨ ਲਈ ਤਾਂ ਬੜੀ ਮਿਹਨਤ ਕਰਨੀ ਪੈਂਦੀ ਹੈ। ਫਿਰ ਵੀ ਪਤਾ ਨਹੀਂ ਕੁਝ ਪੱਲੇ ਪਵੇ ਕਿ ਨਾ, ਫਿਰ ਜਾਂਦੇ ਹਨ ਤਾਂ ਦੁਖ ਲਗਦਾ ਹੈ। ਪਰ ਜੀਵਨ ਤਾਂ ਨਿਰਯਤਨ ਹਰ ਇਕ ਮਨੁੱਖ ਨੂੰ ਪ੍ਰਮਾਤਮਾ ਵਲੋਂ ਮਿਲਿਆ ਹੈ। ਰੋਟੀ ਸਾਨੂੰ ਮਿਲੀ ਹੀ ਹੈ, ਸਿਰਫ ਖਾਣੀ ਆਉਣੀ ਚਾਹੀਦੀ ਹੈ। ਜੀਵਨ ਸਾਨੂੰ ਮਿਲਿਆ ਹੀ ਹੈ ਸਿਰਫ਼ ਜੀਉਣਾ ਆਉਣਾ ਚਾਹੀਦਾ ਹੈ। ਸਤਿਗੁਰਾਂ ਨੇ ਸਾਨੂੰ ਸਮਝਾ ਦਿੱਤਾ ਹੈ ਕਿ-

*ਸੋ ਜੀਵਿਆ, ਜਿਸੁ ਮਨਿ ਵਸਿਆ ਸੋਇ*
*ਨਾਨਕ ਅਵਰੁ ਨ ਜੀਵੈ ਕੋਇ॥* *(ਮਾਝ ਕੀ ਵਾਰ, ਮ: ੧ ਪੰਨਾ, ੧੪੨)*

ਇਹ ਗੱਲ ਧਿਆਨ ਯੋਗ ਹੈ ਕਿ ਪਹਿਲਾ ਗੁਰ ਨਿਵਾਸ ਅਸਥਾਨ ਮਾਤਾ ਤ੍ਰਿਪਤਾ ਦੀ ਕਾਇਆ ਸੀ। ਅੱਜ ਗੁਰ ਨਿਵਾਸ ਅਸਥਾਨ ਸਿੱਖ ਦਾ ਹਿਰਦਾ ਹੈ ਤੇ ਗੁਰੂ ਗੁਰ-ਸ਼ਬਦ ਹੈ, ਧਰਤੀ ਦਾ ਉਹ ਥਾਂ ਤਲਵੰਡੀ ਧੰਨ ਹੈ ਜਿਹੜਾ ਗੁਰੂ ਨਾਨਕ ਦੇਵ ਜੀ ਨੇ ਅਰੰਭ ਵਿਚ ਆਪਣੇ ਚਰਨ ਕਮਲਾਂ ਨਾਲ ਪਵਿੱਤਰ ਕੀਤਾ। ਪਰ ਅੱਜ ਤਾਂ ਸਾਰੀ ਧਰਤੀ ਨੂੰ ਹੀ ਮਾਣ ਹੈ ਕਿ ਇਸ ਧਰਤੀ ਤੇ ਗੁਰੂ ਨਾਨਕ ਦੇਵ ਵਿਚਰੇ ਸਨ।

*ਸਾ ਧਰਤਿ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ।*
*ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ।*
*(ਸਲੋਕ ਮ: ੪-ਗਉੜੀ ਕੀ ਵਾਰ, ਪੰਨਾ ੩੧੦)*

ਗੁਰੂ ਨਾਨਕ ਦੇਵ ਜੀ ਦਾ ਸਾਰੀ ਪ੍ਰਕ੍ਰਿਤੀ ਨੇ ਸਵਾਗਤ ਕੀਤਾ ਸੀ। ਹਰ ਇਕ ਨੇ ਜੀ ਆਇਆਂ ਆਖਿਆ ਸੀ। ਅਸੀਂ ਵੀ ਆਖੀਏ ਕਿ ਸਤਿਗੁਰੂ! ਜੀ ਆਇਆਂ ਨੂੰ।

*ਦਿਖਲਾਈ ਗੁਮਰਾਹੋਂ ਕੋ ਰਾਹ ਐ ਤੂ ਨੇ ਰਹਿਬਰੇ ਕਾਮਿਲ।*
*ਤੂ ਵੋਹ ਰਾਹੀ ਥਾ ਕਿ ਇਸਤਕਬਾਲ ਕਰਤੀ ਥੀ ਤੇਰਾ ਮੰਜ਼ਲ।*

■ ■ ■

## ੩

# ਦੌਲਤਾਂ ਨੂੰ ਸੱਚੀ ਦੌਲਤ ਮਿਲੀ

ਸਿੱਖ ਨਿੱਤ ਹੀ ਪ੍ਰਮਾਤਮਾ ਪਾਸੋਂ ਚੜ੍ਹਦੀ ਕਲਾ ਦਾ ਦਾਨ ਮੰਗਦਾ ਹੈ। ਚੜ੍ਹਦੀ ਕਲਾ ਇਕ ਐਸੀ ਕਲਾ ਹੈ ਕਿ ਜਿਸ ਨਾਲ ਮਨੁੱਖ ਦਾ ਜੀਵਨ ਇਕ ਉਤਸਵ. ਇਕ ਮੰਗਲ ਬਣਿਆ ਰਹਿੰਦਾ ਹੈ। ਢਹਿੰਦੀ ਕਲਾ ਵਾਲੇ ਦੇ ਜੀਵਨ ਵਿਚ ਆਈ ਹਰ ਖ਼ੁਸ਼ੀ ਵੀ ਦੁੱਖ ਦਾ ਰੂਪ ਧਾਰ ਲੈਂਦੀ ਹੈ। ਉਸ ਦੇ ਜੀਵਨ ਵਿਚ ਆਏ ਫੁੱਲ ਵੀ ਕੰਡੇ ਬਣ ਜਾਂਦੇ ਹਨ. ਉਸ ਦੇ ਲਾਲਾਂ ਦੀਆਂ ਕੌਡੀਆਂ ਬਣ ਜਾਂਦੀਆਂ ਹਨ। ਉਸਦਾ ਸੋਨਾ ਵੀ ਮਿੱਟੀ ਹੋ ਜਾਂਦਾ ਹੈ। ਉਸਦਾ ਅੰਮ੍ਰਿਤ ਵੀ ਜ਼ਹਿਰ ਬਣ ਜਾਂਦਾ ਹੈ। ਪਰ ਚੜ੍ਹਦੀ ਕਲਾ ਵਾਲੇ ਦਾ ਸਭ ਕੁਝ ਇਸ ਤੋਂ ਉਲਟ ਹੋ ਜਾਂਦਾ ਹੈ। ਇਕ ਵਿਦਵਾਨ ਅਦੀਬ ਕਹਿੰਦੇ ਹਨ–

*ਹਜ਼ੂਮੇ ਗ਼ਮ ਮੇਰੀ ਫਿਤਰਤ ਬਦਲ ਨਹੀ ਸਕਤੇ*
*ਮੈ ਕਿਆ ਕਰੂੰ ਮੇਰੀ ਆਦਤ ਹੈ ਮੁਸਕਰਾਨੇ ਕੀ।*

ਸਤਿਗੁਰਾਂ ਦਾ ਬਚਨ ਹੈ–

*ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ॥*
*ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ, ਸਭ ਜੇਤੈ॥*
*(ਕਾਨੜਾ ਮ: ੫ ਪੰਨਾ ੧੩੦੨)*

ਜਨਮ ਅਤੇ ਮਰਣ ਬਹੁਤ ਵੱਡੇ ਦੁੱਖ ਮੰਨੇ ਹਨ. ਇਸੇ ਕਾਰਣ ਸਾਧੂ ਸੰਤਾਂ ਵਾਰ-ਵਾਰ ਰੱਬ ਅੱਗੇ ਜੋਦੜੀ ਕੀਤੀ ਹੈ ਕਿ ਪ੍ਰਮਾਤਮਾ ਜਨਮ ਮਰਣ ਦਾ ਦੁੱਖ ਮੁਕਾ ਕੇ ਸਾਨੂੰ ਮੁਕਤ ਕਰ ਲੈ। ਭਾਵ ਇਹ ਸੀ ਕਿ ਸਾਨੂੰ ਵੀ ਆਪਣੇ ਵਰਗਾ ਬਣਾ ਲੈ। ਤੂੰ ਨਾ ਜਨਮਦਾ ਹੈਂ. ਨਾ ਮਰਦਾ ਹੈਂ ਐਸਾ ਟਿਕਾਣਾ ਸਾਨੂੰ ਵੀ ਬਖਸ਼ ਦੇ।

ਪਰ ਚੜ੍ਹਦੀ ਕਲਾ ਵਾਲੇ ਹਮੇਸ਼ਾ ਇਹੀ ਸਮਝਦੇ ਰਹੇ ਹਨ ਕਿ ਜਿਸ ਦੁੱਖ ਦੇ ਮਗਰ ਕੋਈ ਮਹਾਨ ਪ੍ਰਾਪਤੀ ਹੈ ਉਹ ਦੁੱਖ ਦੁੱਖ. ਨਹੀਂ। ਉਹ ਦੁੱਖ ਸਹਿਣਾ ਚਾਹੀਦਾ ਹੈ. ਜਿਵੇਂ ਕਿ ਇਕ ਮਾਂ ਪੁੱਤਰ ਦੀ ਪ੍ਰਾਪਤੀ ਲਈ ਪ੍ਰਸੂਤਾ ਪੀੜਾ ਤੋਂ ਨਹੀਂ ਘਬਰਾਉਂਦੀ ਸਗੋਂ ਖੁਸ਼ੀ ਨਾਲ ਉਸ ਦਿਨ ਦੀ ਉਡੀਕ ਕਰਦੀ ਹੈ। ਰੱਬ ਦੇ ਪਿਆਰੇ ਵੀ ਸਮਝਦੇ ਹਨ। ਇਹ ਜਨਮ ਗੋਬਿੰਦ ਮਿਲਣ ਕੀ ਬਰੀਆ ਹੈ ਤਾਂ ਫਿਰ ਇਹ ਦੁੱਖ ਤਾਂ ਪ੍ਰਮਾਤਮਾ ਕੋਲੋਂ ਆਪ ਮੰਗ ਕੇ ਲੈਣਾ ਚਾਹੀਦਾ ਹੈ।

*ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ।*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।*
*(ਸੂਹੀ ਮ: ੫, ਪੰਨਾ ੭੪੯)*

ਗੁਰੂ ਨਾਨਕ ਦੇਵ ਜੀ ਦੇ ਪਹਿਲੇ ਦਰਸ਼ਨ ਇਕ ਮੁਸਲਮਾਨ ਔਰਤ ਦਾਈ ਦੌਲਤਾਂ ਨੂੰ ਹੋਏ ਸਨ. ਉਸਨੇ ਪਹਿਲੀ ਗੱਲ ਜੋ ਦੱਸੀ ਉਹ ਹੈਰਾਨ-ਕੁੰਨ ਸੀ ਕਿ ਇਹ ਬਾਲਕ ਜਨਮ ਸਮੇਂ ਰੋਇਆ ਨਹੀਂ ਸਗੋਂ ਜਿਵੇਂ ਕੋਈ ਵੱਡਾ ਮਨੁੱਖ ਕਿਸੇ ਨੂੰ ਹੱਸ ਕੇ ਮਿਲਦਾ ਹੈ ਇਸੇ ਤਰ੍ਹਾਂ ਇਹ ਹੱਸੇ. ਅਵਾਜ਼ ਤਾਂ ਹੋਈ ਪਰ ਉਹ ਰੋਣ ਦੀ ਅਵਾਜ਼ ਨਹੀਂ ਸੀ ਸਗੋਂ ਇਕ ਭਲੀ ਅਵਾਜ਼. ਇਕ ਸੰਗੀਤਕ ਅਵਾਜ਼ ਸੀ। ਬੱਚੇ ਦੇ ਰੋਣ ਦੀ ਅਵਾਜ਼ ਹੀ ਪ੍ਰਮਾਣ ਸਮਝੀ ਜਾਂਦੀ ਹੈ ਕਿ ਬੱਚਾ ਜ਼ਿੰਦਾ ਹੈ। ਰੋਣ ਦੀ ਅਵਾਜ਼ ਆਉਣ ਤੇ ਸਾਰੇ ਪਰਿਵਾਰ ਵਿਚ ਖੁਸ਼ੀ ਦੀ ਲਹਿਰ ਦੌੜ ਜਾਂਦੀ ਹੈ। ਬੱਚਾ ਰੋਵੇ ਨਾ ਤਾਂ ਡਾਕਟਰ ਨੂੰ ਫਿਕਰ ਹੁੰਦਾ ਹੈ ਕਿ ਬੱਚਾ ਠੀਕ ਨਹੀਂ, ਇਹ ਰੋਇਆ ਨਹੀਂ. ਇਸ ਵਿਚ ਹੋਸ਼ ਨਹੀਂ।

ਸੰਸਾਰ ਦਾ ਕੋਈ ਸਿਆਣਾ ਬੰਦਾ ਇਹ ਗੱਲ ਮੰਨਣ ਲਈ ਤਿਆਰ ਹੀ ਨਹੀਂ ਸੀ ਕਿ ਕੋਈ ਬੱਚਾ ਸੰਸਾਰ ਵਿਚ ਬਿਨਾਂ ਰੋਇਆਂ ਵੀ ਆ ਸਕਦਾ ਹੈ. ਇਸ ਜਗਤ ਵਿਚ ਜਨਮ ਸਮੇਂ ਰੋਣਾ ਬੜਾ ਜ਼ਰੂਰੀ ਹੈ। ਇਸ ਦਾ ਜੋ ਸਾਰਾ ਜਨਮ ਹੀ ਰੋਣਾ ਧੋਣਾ ਹੈ ਤਾਂ ਅਰੰਭ ਵੀ ਰੋਣੇ ਤੋਂ ਹੋਣਾ ਜ਼ਰੂਰੀ ਹੈ। ਅਸੀਂ ਆਮ ਕਰਕੇ ਉਸੇ ਜੀਵਨ ਨੂੰ ਜਾਣਦੇ ਹਾਂ ਜਿਸ ਵਿਚ ਰੋਣੇ ਤੋਂ ਬਿਨਾਂ ਹੋਰ ਕੁਝ ਨਹੀਂ। ਪਰ ਕੋਈ ਮਨੁੱਖ ਬਿਨਾਂ ਰੋਇਆਂ ਹੀ ਜਨਮ ਲਵੇ ਤੇ ਬਿਨਾਂ ਰੋਇਆਂ ਹੀ ਸੰਸਾਰ ਤੋਂ ਚਲਾ ਜਾਵੇ ਤਾਂ ਅਸਚਰਜ ਹੈ। ਇਕ ਮਹਾਤਮਾ ਨੂੰ ਕਿਸੇ ਪੁੱਛਿਆ ਸੀ ਕਿ ਸੰਤ ਜੀ ਤੁਹਾਨੂੰ ਪਤਾ ਹੈ ਜੀਵ ਕਿੱਧਰੋਂ ਆਉਂਦੇ ਹਨ ਤੇ ਕਿੱਧਰ ਜਾਂਦੇ ਹਨ? ਉਸ ਨੇ ਕਿਹਾ, ਨਹੀਂ ਮੈਨੂੰ ਇਹ ਨਹੀ ਪਤਾ। ਪਰ ਮੈਨੂੰ ਇਹ ਜ਼ਰੂਰ ਪਤਾ ਹੈ ਕਿ ਰੋਂਦੇ ਹੀ ਆਉਂਦੇ ਹਨ ਤੇ ਰੋਂਦੇ ਹੀ ਜਾਂਦੇ ਹਨ। ਇਕ ਡਾਕਟਰ ਤਾਂ ਕਹੇਗਾ ਕਿ ਬੱਚੇ ਦੇ ਰੋਣ ਦਾ ਕਾਰਨ ਜਨਮ ਦੇ ਸਮੇਂ ਦੀ ਤਕਲੀਫ ਹੈ। ਪਰ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਬੱਚੇ ਦਾ ਰੋਣਾ ਪ੍ਰਭੂ ਵਿਛੋੜੇ ਕਰਕੇ ਹੈ. ਲਿਖਦੇ ਹਨ–

*ਰੋਵੰ ਰਤਨ ਗਵਾਇ ਕੈ ਮਾਇਆ ਮੋਹ ਹਨੇਰ ਗੁਬਾਰਾ।*
*ਓਹ ਰੋਵੈ ਦੁਖ ਆਪਨਾ ਹਸ ਹਸ ਗਾਵੈ ਸਭ ਪਰਵਾਰਾ। (ਭਾਈ ਗੁਰਦਾਸ)*

ਪਰ ਇਕ ਗੱਲ ਤੇ ਦੋਵੇਂ ਸਹਿਮਤ ਹਨ ਕਿ ਬੱਚਾ ਦੁਖੀ ਹੈ. ਰੋਣ ਦਾ ਕਾਰਨ ਦੁੱਖ ਹੈ। ਪਰ ਗੁਰੂ ਨਾਨਕ ਦੇਵ ਜੀ ਨੂੰ ਦੋਵਾਂ ਦੁੱਖਾਂ ਵਿਚੋਂ ਕੋਈ ਵੀ ਦੁੱਖ ਨਹੀਂ। ਰੱਬ ਦਾ ਵਿਛੋੜਾ ਇਸ ਲਈ ਨਹੀਂ ਕਿ ਰੱਬ ਦੀ ਯਾਦ ਨਾਲ ਹੈ। ਸਰੀਰਕ ਦੁੱਖ ਇਸ ਲਈ ਨਹੀਂ ਕਿ ਰੱਬ ਦੀ ਯਾਦ ਦੇ ਆਸਰੇ ਚੜ੍ਹਦੀ ਕਲਾ ਹੈ। ਇਸ ਲਈ ਨਹੀਂ ਰੋਏ। ਦਾਈ ਦੌਲਤਾਂ ਨੇ ਕਿਹਾ ਸੀ ਮੇਰੇ ਹੱਥਾਂ ਵਿਚ ਬਹੁਤ ਬੱਚੇ ਜਨਮੇ ਹਨ ਪਰ ਮੈਂ ਇਹ ਅਸਚਰਜ ਕਦੀ ਨਹੀਂ ਵੇਖਿਆ.

*ਬਹੁ ਸਿਸ ਜਨਮੇ ਮਮ ਕਰ ਮਾਂਹੀ। ਯਹ ਅਸਚਰਜ ਕਬ ਦੇਖਿਉ ਨਾਹੀ।*
*ਦੀਰਘ ਨਰ ਜਯੋ ਬਿਗਸ ਮਿਲੇ ਹੈ। ਤਿਯੋ ਇਨ ਕੀਨੇ ਸ਼ਬਦ ਭਲੇ ਹੈ। (ਨਾ: ਪ੍ਰ.)*

ਇਹ ਸੱਚ ਹੈ ਕਿ ਜਨਮ ਵੇਲੇ ਜਦੋਂ ਬਾਲਕ ਰੋਇਆ ਨਹੀਂ ਤਾਂ ਉਸ ਸਿਆਣੀ ਦਾਈ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੋਵੇਗੀ ਕਿ ਰੱਬ ਮਿਹਰ ਕਰੇ ਇਹ ਬੱਚਾ ਠੀਕ ਹੋਵੇ ਸਹੀ। ਪਰ ਦਾਈ ਦਾ ਇਹ ਫਿਕਰ ਮੁਕਾਉਣ ਵਾਸਤੇ ਸਾਹਿਬਾਂ ਉਸ ਵੱਲ ਵੇਖਿਆ. ਹੱਸੇ ਤੇ ਅਵਾਜ਼ ਕੱਢੀ ਪਰ ਰੋਣ ਦੀ ਨਹੀਂ ਸਗੋਂ ਉਹ ਕੀਰਤਨ ਦੀ ਅਵਾਜ਼ ਸੀ. ਅਨੰਦ ਦੀ ਅਵਾਜ਼ ਸੀ। ਦਾਈ ਨੂੰ ਅਬਿਨਾਸ਼ੀ ਧਨ ਅਨੰਦ ਦੀ ਸੱਚੀ ਦੌਲਤ ਮਿਲ ਗਈ। ਤ੍ਰਿਪਤਾ ਦੇਂ ਘਰ ਆ ਕੇ ਅੱਜ ਦੌਲਤਾਂ ਵੀ ਤ੍ਰਿਪਤ ਹੋ ਗਈ। ਜਿਹੜੀ ਬੱਚਿਆਂ ਦੇ ਜਨਮ ਸਮੇਂ ਵਧਾਈ ਦੇ ਕੇ ਕਹਿਣ ਲੱਗ ਪੈਂਦੀ ਸੀ ਮੈਂ ਬੜੇ ਚਿਰਾਂ ਤੋਂ ਆਸ ਲਗਾ ਕੇ ਬੈਠੀ ਹਾਂ. ਆਖਰ ਤੁਹਾਡਾ ਹੀ ਆਸਰਾ ਹੈ. ਰੱਬ ਨੇ ਤੁਹਾਨੂੰ ਖੁਸ਼ੀ ਬਖਸ਼ੀ ਹੈ. ਵੇਖਿਓ ਕਿਤੇ ਮੇਰੇ ਲਈ ਕੰਜੂਸੀ ਨਾ ਕਰਿਓ ਤੇ ਜੋ ਮਿਲਦਾ ਸੀ ਕਹਿੰਦੀ. ਸ਼ੁਕਰਾਨਾ! ਪਰ ਅਜੇ ਬਸ ਨਹੀਂ।

ਅੱਜ ਉਹ ਦੌਲਤਾਂ ਦਾ ਸਾਹਿਬਾਂ ਦੇ ਚਰਨਾਂ 'ਤੇ ਸਿਰ ਝੁਕ ਗਿਆ। ਉਸ ਨੇ ਵੇਖਿਆ ਕਿ ਮਕਾਨ ਪ੍ਰਕਾਸ਼ ਨਾਲ ਭਰਪੂਰ ਹੈ। ਉਸਦਾ ਇਸ ਬਾਲਕ ਕੋਲੋਂ ਉਠਣ ਤੇ ਜੀਅ ਨਹੀਂ ਕਰਦਾ। ਕੁਝ ਵਿਦਵਾਨਾਂ ਦਾ ਮਤ ਹੈ ਕਿ ਮੁਕਤ ਹੋਣਾ ਹੈ ਤਾਂ ਦਾਈ ਦੀ ਕਲਾ ਸਿੱਖੋ। ਬੱਚੇ ਨੂੰ ਪਿਆਰ ਕਰਦੀ ਹੈ ਪਰ ਅੰਦਰ ਮਮਤਾ ਨਹੀਂ ਰਖਦੀ। ਇਹ ਜਨਮ ਤੋਂ ਬਾਅਦ ਆਖਰ ਵਧਾਈ ਦੇਂਦੀ ਸੀ। ਬਾਹਰ ਆ ਕੇ ਸੰਬੰਧੀਆਂ ਤੋਂ ਵਧਾਈ ਦੇ ਕੇ ਕੁਛ ਮੰਗਦੀ ਸੀ। ਪਰ ਅੱਜ ਤਾਂ ਸਭ ਕੁਝ ਭੁੱਲ ਗਿਆ ਸੀ। ਮਹਿਤਾ ਜੀ ਬਾਹਰ ਉਡੀਕ ਰਹੇ ਹਨ। ਉਡੀਕਣਾ ਪਿਆ. ਬਾਹਰ ਆਈ। ਅੱਖਾਂ ਵਿਚ ਅੱਜ ਕੁਝ ਨੂਰ ਹੈ। ਉਸ ਦੀ ਚਾਲ ਵਿਚ ਗਉਰਾ ਪਨ ਹੈ। ਉਸਦੀ ਵੇਖਣੀ ਵਿਚ ਬਾਦਸ਼ਾਹੀ ਨਜ਼ਰ ਹੈ। ਉਸਦੀ ਰਸਨਾ ਤੇ ਇਕ ਭਿਖਾਰੀ ਦੇ ਨਹੀਂ ਇਕ ਤ੍ਰਿਪਤ ਹੋਈ. ਸੰਤੋਖੀ ਦੇ ਬਚਨ ਹਨ। ਵਧਾਈ ਦਿੱਤੀ ਤੇ ਕਿਸੇ ਰਸ ਵਿਚ ਮਸਤ ਹੋ ਕੇ ਖਾਮੋਸ਼ ਹੋ ਗਈ। ਕਿਸੇ ਅਣਡਿੱਠੀ ਦੁਨੀਆਂ ਵਿਚ ਗੁਆਚ ਗਈ। ਉਸਨੂੰ ਇੰਝ

ਜਾਪਦਾ ਸੀ ਜਿਵੇਂ ਮੈਂ ਬਾਹਰ ਆ ਗਈ ਹੋਵਾਂ ਤੇ ਆਪਣਾ ਸਭ ਕੁਝ ਉਸ ਬਾਲਕ ਕੋਲ ਛੱਡ ਆਈ ਹੋਵਾਂ ਜਿਸ ਨੇ ਹੁਣੇ ਹੀ ਉਸਦੇ ਹੱਥਾਂ ਵਿਚ ਜਨਮ ਲਿਆ ਹੈ।

ਮਹਿਤਾ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਕੁਝ ਦੌਲਤ, ਦੌਲਤਾਂ ਨੂੰ ਦੇਣੀ ਚਾਹੀ ਪਰ ਦੌਲਤਾਂ ਨੇ ਦੌਲਤ ਲੈਣ ਲਈ ਹੱਥ ਨਹੀਂ ਵਧਾਇਆ ਸਗੋਂ ਕਹਿਣ ਲੱਗੀ ਲੈ ਆਈ ਹਾਂ, ਮਿਲ ਗਈ ਹੈ। ਬੇਅੰਤ ਮਿਲ ਗਈ ਹੈ। ਕਾਲੂ ਨੇ ਕਿਹਾ ਤੂੰ ਝੱਲੀ ਤਾਂ ਨਹੀਂ ਹੋ ਗਈ, ਕਿਸ ਨੇ ਤੈਨੂੰ ਕੁਝ ਦਿੱਤਾ ਹੈ। ਮੈਂ ਹੀ ਤਾਂ ਕੁਝ ਦੇਣਾ ਸੀ ਲੈ ਫੜ, ਜੇ ਪੈਸੇ ਥੋੜ੍ਹੇ ਹਨ ਤਾਂ ਹੋਰ ਜਿੰਨੇ ਕਹੇਂਗੀ ਦੇ ਦਿਆਂਗਾ। ਦੌਲਤਾਂ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਸਨ, ਫਿਰ ਦੁਹਰਾਇਆ, ਮਹਿਤਾ! ਮੈਨੂੰ ਦੌਲਤ ਮਿਲ ਗਈ ਹੈ। ਸੱਚ ਕਹਿੰਦੀ ਹਾਂ ਦੌਲਤਾਂ ਨੂੰ ਅਜ ਸੱਚੀ ਦੌਲਤ ਮਿਲ ਗਈ ਹੈ। ਮਹਿਤਾ ਨੇ ਫਿਰ ਕਿਹਾ, ਤੈਨੂੰ ਕਿਸ ਨੇ ਦਿੱਤੀ ਹੈ? ਦੌਲਤਾਂ ਨੇ ਕਿਹਾ, ਮਹਿਤਾ! ਜੋ ਤੇਰੇ ਘਰ ਪੁੱਤਰ ਬਣ ਕੇ ਆਇਆ ਹੈ ਉਸ ਦੇ ਦਰਸ਼ਨਾਂ ਵਿਚੋਂ ਮੈਨੂੰ ਸੱਚੀ ਦੌਲਤ ਪ੍ਰਾਪਤ ਹੋਈ ਹੈ ਤੇ ਮੇਰਾ ਮਨ ਚਾਹੁੰਦਾ ਹੈ ਜੋ ਕੁਝ ਵੀ ਮੇਰੇ ਘਰ ਵਿਚ ਹੈ ਮੈਂ ਸਭ ਕੁਝ ਉਸ ਤੋਂ ਕੁਰਬਾਨ ਕਰ ਦਿਆਂ। ਇਹ ਗੁਰੂ ਦਰਸ਼ਨਾਂ ਦੀ ਬਰਕਤ ਸੀ ਜਿਸ ਨਾਲ ਦੌਲਤਾਂ ਨੂੰ ਸੱਚੀ ਦੌਲਤ ਪ੍ਰਾਪਤ ਹੋਈ ਤੇ ਉਹ ਨਾਂ ਦੀ ਹੀ ਨਹੀਂ ਸੱਚੀ-ਮੁੱਚੀ ਦੌਲਤਾਂ ਬਣ ਗਈ ਸੀ।

■ ■ ■

## ੪

# ਨਾਮ ਰੱਖਣਾ

ਸਾਖੀਆਂ ਪ੍ਰਚੱਲਤ ਹਨ ਕਿ ਸਤਿਗੁਰੂ ਦਾ ਨਾਂ ਪੰਡਤ ਨੇ ਰੱਖਿਆ ਤੇ ਨਾਂ ਨਾਨਕ ਰੱਖਿਆ। ਪਿਤਾ ਜੀ ਨੇ ਇਤਰਾਜ਼ ਕੀਤਾ ਕਿ ਇਹ ਨਾਂ ਠੀਕ ਨਹੀਂ, ਇਹ ਨਾਂ ਨਾ ਹਿੰਦੂਆਂ ਦਾ ਹੈ ਨਾ ਹੀ ਮੁਸਲਮਾਨਾਂ ਦਾ ਹੈ। ਇਹ ਨਾਂ ਤਾਂ ਰਲਵਾਂ ਹੈ। ਤੇ ਪੰਡਤ ਜੀ ਨੇ ਕਿਹਾ ਕਿ ਇਹ ਦੋਵਾਂ ਦੇ ਸਾਂਝੇ ਹੋਣਗੇ। ਇਸ ਲਈ ਇਨ੍ਹਾਂ ਦਾ ਨਾਂ 'ਨਾਨਕ' ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਸਤਿਗੁਰਾਂ ਦੀ ਭੈਣ ਦਾ ਵੀ ਨਾਂ 'ਨਾਨਕੀ' ਸੀ ਜੋ ਸਤਿਗੁਰਾਂ ਤੋਂ ਉਮਰ ਵਿਚ ਪੰਜ ਸਾਲ ਵੱਡੀ ਸੀ। ਉਸਦਾ ਨਾਂ ਵੀ ਪਹਿਲੇ ਰਖਿਆ ਗਿਆ ਸੀ। ਅੱਜ ਅਸੀਂ ਸਤਿਕਾਰ ਨਾਲ ਕਹਿੰਦੇ ਹਾਂ ਬੇਬੇ ਨਾਨਕੀ। ਕੀ ਇਹ ਨਾਂ ਵੀ ਕਿਸੇ ਪੰਡਤ ਨੇ ਰੱਖਿਆ ਸੀ। ਫਿਰ ਇਸ ਤੇ ਵੀ ਪਿਤਾ ਜੀ ਨੇ ਕੋਈ ਇਤਰਾਜ਼ ਕੀਤਾ ਸੀ? ਜੇ ਪਹਿਲਾਂ ਪੁੱਤਰੀ ਦੇ ਨਾਂ ਤੇ ਇਤਰਾਜ਼ ਨਹੀਂ ਤਾਂ ਫਿਰ ਪੁੱਤਰ ਦੇ ਨਾਂ ਤੇ ਇਤਰਾਜ਼ ਕਿਉਂ। ਅਸਲ ਵਿਚ ਬੇਬੇ ਨਾਨਕੀ ਦਾ ਜਨਮ ਨਾਨਕੇ ਹੀ ਹੋਇਆ ਸੀ। ਨਾਨਕਿਆਂ ਦੇ ਪਿਆਰ ਸਦਕਾ ਸੁਭਾਵਕ ਹੀ ਨਾਂ ਨਾਨਕੀ ਪਿਆ। ਉਸੇ ਨਾਮ ਦੇ ਅਧਾਰ ਤੇ ਨਾਮ 'ਨਾਨਕ' ਹੈ। ਬਾਕੀ ਕਿਸੇ ਪੰਡਤ ਜਾਂ ਕਿਸੇ ਲਗਨ ਟੇਵੇ ਵਾਲੀ ਗੱਲ ਜਾਪਦੀ ਨਹੀਂ।

ਹਾਂ, ਇਕ ਗੱਲ ਜ਼ਰੂਰ ਹੈ ਕਿ ਨਾਂ ਦੇ ਅਰਥ ਵਿਦਵਾਨਾਂ ਜੋ ਕੀਤੇ ਹਨ ਭਾਵ-ਪੂਰਤ ਹਨ। ਮੇਰਾ ਇਹ ਵੀ ਵਿਸ਼ਵਾਸ ਹੈ ਕਿ ਸਤਿਗੁਰਾਂ ਦਾ ਕੋਈ ਵੀ ਨਾਂ ਰਖਿਆ ਜਾਂਦਾ ਜਿਹੜਾ ਵੀ ਨਾਂ ਰਖਿਆ ਜਾਂਦਾ ਉਨ੍ਹਾਂ ਦੀ ਕਰਣੀ ਸਦਕਾ ਉਹੀ ਨਾਂ ਸਤਿਕਾਰ ਯੋਗ ਤੇ ਪਿਆਰਾ ਹੋ ਜਾਣਾ ਸੀ। ਬਾਕੀ ਨੌ ਗੁਰੂਆਂ ਦੇ ਨਾਵਾਂ ਦਾ ਅਸੀਂ ਕੋਈ ਘੱਟ ਆਦਰ ਨਹੀਂ ਕਰਦੇ। ਨਾਨਕ ਸ਼ਬਦ ਦੀ ਗੱਲ ਨਹੀਂ ਇਨ੍ਹਾਂ ਤਿੰਨਾਂ ਅੱਖਰਾਂ ਦੇ ਮਗਰ ਮਹਾਨ ਘਾਲਣਾ ਤੇ ਕਮਾਈ ਦੀ ਗੱਲ ਹੈ ਜੋ ਉਨ੍ਹਾਂ ਘਾਲੀ। ਇਨ੍ਹਾਂ ਤਿੰਨਾਂ

ਅੱਖਰਾਂ ਦੇ ਪਿੱਛੇ ਉਸ ਪ੍ਰਮਾਤਮਾ ਦੀ ਬਖ਼ਸ਼ਸ਼ ਹੈ ਜਿਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

*ਪਹਿਲਾ ਬਾਬੇ ਪਾਇਆ ਬਖਸ ਦਰਿ ਪਿਛੋਂ ਦੇ ਫਿਰਿ ਘਾਲ ਕਮਾਈ।*
*(ਭਾਈ ਗੁਰਦਾਸ)*

ਭਾਈ ਨੰਦ ਲਾਲ ਜੀ ਨਾਨਕ ਸ਼ਬਦ ਦੇ ਅਰਥ ਕਰਦੇ ਹਨ:

ਪਹਿਲਾ ਨੂੰਨ ਕਹਿ ਰਿਹਾ ਹੈ ਕਿ ਉਹ 'ਨਈਮ' ਨਿਆਮਤਾਂ ਵੰਡਣ ਵਾਲੇ ਹਨ, ਦੂਸਰਾ ਨੂੰਨ ਕਹਿ ਰਿਹਾ ਹੈ ਕਿ ਉਹ 'ਨਸੀਰ' ਮਦਦਗਾਰ ਹਨ, ਕਾਫ ਕਹਿ ਰਿਹਾ ਹੈ ਉਹ ਕਬੀਰ, 'ਵੱਡੇ' ਹਨ ਅਤੇ ਵਿਚਲਾ ਅਲਫ਼ ਕਹਿ ਰਿਹਾ ਹੈ ਕਿ ਉਹ 'ਇਕ' ਦੇ ਹਨ ਜੋ ਹੱਦ ਤੋਂ ਪਰ੍ਹੇ ਹੈ।

*ਹਰ ਦੋ ਨੂਨੇ ਨਾਮ ਪਾਕਸ਼ ਨਈਮੋ ਨਸੀਰ।*
*ਅਲਫੋ ਮਿਆਨਾ ਅਹਦ ਕਾਫ ਆਖਰੀ ਰਾ ਕਬੀਰ।* *(ਭਾ. ਨੰਦ ਲਾਲ)*

ਅਸੀਂ ਕੋਈ ਵੀ ਸ਼ੁਭ ਗੁਣਾਂ ਵਾਲੇ ਅਰਥ ਕਰਾਂਗੇ ਉਹ ਸਤਿਗੁਰੂ ਨਾਨਕ ਨਾਲ ਢੁਕ ਜਾਣਗੇ। ਕਿਉਂਕਿ ਉਹ ਸਰਵ ਗੁਣ ਭਰਪੂਰ ਸਨ, ਸਰਬ-ਕਲਾ ਸਮਰੱਥ ਸਨ।

ਕਈ ਵਾਰ ਐਸਾ ਹੁੰਦਾ ਹੈ ਕਿ ਬੰਦੇ ਦਾ ਨਾਂ ਵਧੀਆ ਨਹੀਂ ਹੁੰਦਾ, ਉਤਸ਼ਾਹ ਦੇਣ ਵਾਲਾ ਨਹੀਂ ਹੁੰਦਾ ਪਰ ਕਰਮ ਬੜੇ ਚੰਗੇ ਹੁੰਦੇ ਹਨ, ਨਾਂ ਗਰੀਬ ਦਾਸ ਹੈ ਜਾਂ ਗਰੀਬ ਸਿੰਘ ਹੈ, ਪਰ ਹੈ ਬੜਾ ਧਨਵਾਨ। ਨਾਂ ਘੁਮੰਡ ਲਾਲ ਹੈ ਪਰ ਹੈ ਬੜਾ ਨਿਮਰਤਾ ਵਾਲਾ।

ਦੂਸਰੇ ਉਹ ਹਨ ਨਾਂ ਉਪਕਾਰ ਸਿੰਘ ਹੈ ਪਰ ਕਦੀ ਇਸਨੇ ਪਾਣੀ ਦਾ ਘੁੱਟ ਕਿਸੇ ਨੂੰ ਨਹੀਂ ਦਿੱਤਾ। ਨਾਂ ਸੇਵਾ ਸਿੰਘ ਹੈ ਸੇਵਾ ਦੇ ਨੇੜਿਉਂ ਨਹੀਂ ਗੁਜ਼ਰਦਾ। ਨਾਂ ਗੁਰਮੁਖ ਸਿੰਘ ਹੈ ਪਰ ਹੈ ਨਿਰਾ ਮਨਮੁਖ, ਨਾਂ ਨਿਹਾਲ ਸਿੰਘ ਹੈ ਪਰ ਦਿਨ ਰਾਤ ਰੋਂਦਾ ਹੀ ਰਹਿੰਦਾ ਹੈ। ਨਾਂ ਸੋਭਾ ਸਿੰਘ ਹੈ ਪਰ ਹੈ ਸਭ ਤੋਂ ਜ਼ਿਆਦਾ ਬਦਨਾਮ। ਨਾਂ ਸਾਧੂ ਸਿੰਘ ਹੈ ਪਰ ਹੈ ਸਿਰੇ ਦਾ ਚੋਰ। ਨਾਂ ਹੁੰਦਾ ਹੈ ਰਾਮ ਵਰਗਾ ਕਰਮ ਹੁੰਦੇ ਹਨ ਰਾਵਣ ਵਰਗੇ। ਨਾ ਹੁੰਦਾ ਹੈ ਕ੍ਰਿਸ਼ਨ ਪਰ ਕਰਮ ਹੁੰਦੇ ਹਨ ਕੰਸ ਵਰਗੇ। ਪਰ ਕਿਤੇ ਐਸਾ ਹੁੰਦਾ ਹੈ ਕਿ ਨਾਂ ਤੇ ਕਰਮ ਰਲ ਜਾਂਦੇ ਹਨ ਤੇ ਅਨੰਦ ਬਣ ਜਾਂਦਾ ਹੈ, ਮਰਦਾਨੇ ਦਾ ਨਾਂ ਦਾਨਾ ਸੀ। ਸਤਿਗੁਰਾਂ ਕਿਹਾ ਦਾਨਿਆ ਦਾਨਾ ਮਰਦ ਮਰਦਾਨਾ ਬਣ ਆ ਰਲ ਕੇ ਰੱਬ ਦੀ ਸਿਫਤ ਕਰੀਏ। ਬੂੜੇ ਨੂੰ ਕਿਹਾ ਸੀ ਤੂੰ ਤਾਂ ਬੁੱਢਾ ਹੈ ਬੁਢੇ ਦੇ ਅਰਥ ਸਿਆਣੀ ਗੱਲ ਤੋਂ ਸਨ ਸਰੀਰਕ ਕਮਜ਼ੋਰੀ ਤੋਂ ਨਹੀਂ ਸਨ। ਮੌਤ ਦੀ ਗੱਲ ਕਰਨੀ, ਅੱਗਾ ਯਾਦ ਕਰਨਾ ਇਹੋ ਤਾ ਬਜ਼ੁਰਗੀ ਹੈ, ਤੇ ਇਹ ਵੀ ਚੰਗੇ ਹੋਣ ਦੀ ਨਿਸ਼ਾਨੀ ਹੈ। ਬਜ਼ੁਰਗੀ ਦੀ ਨਿਸ਼ਾਨੀ ਹੈ ਕਿ ਕੋਈ ਬੰਦਾ ਜੁਆਨੀ ਵਿਚ

ਹੀ ਗੁਨਾਹਾਂ ਤੋਂ ਤੋਬਾ ਕਰੇ. ਇਹ ਪੈਗੰਬਰੀ ਸੁਭਾਅ ਹੈ। ਇਹ ਮਰਦਾਨਗੀ ਹੈ. ਬੁਢਾਪੇ ਵਿਚ ਤਾਂ ਜ਼ਾਲਮ ਬਘਿਆੜ ਵੀ ਪ੍ਰਹੇਜ਼ਗਾਰ ਹੋ ਹੀ ਜਾਂਦਾ ਹੈ।

*ਦਰ ਜੁਆਨੀ ਤੋਅਬਾ ਕਰਦਨ ਸ਼ੇਵਾ-ਏ ਪੈਗੰਬਰੀ ।*
*ਵਕਤੇ ਪੀਰੀ ਗੁਰਗੇ ਜ਼ਾਲਮ ਮੇ ਸ਼ਵੱਦ ਪ੍ਰਹੇਜ਼ਗਾਰ ।*

ਸਤਿਗੁਰਾਂ ਨੇ ਨਾਂ ਬੁੱਢਾ ਦੇ ਦਿੱਤਾ। ਉਹ ਬਾਬਾ ਬੁੱਢਾ ਸਾਹਿਬ ਹੋਏ ਜਿਨ੍ਹਾਂ ਦੀ ਕਰਨੀ ਤੇ ਨਾਂ ਢੁਕਦੇ ਸਨ।

ਕੁਝ ਨਾਂ ਮੈਂ ਹੋਰ ਲਿਖ ਰਿਹਾ ਹਾਂ ਵਿਦਵਾਨ ਪ੍ਰਕਰਣ ਨੂੰ ਮੁੱਖ ਰੱਖ ਕੇ ਕਾਲ ਭੰਗ ਦੋਸ਼ ਲਈ ਮੈਨੂੰ ਖਿਮਾਂ ਕਰਨਗੇ।

ਸਤਿਗੁਰਾਂ ਠੱਗ ਨੂੰ ਕਿਹਾ ਸੀ ਕਿ ਜਾਂ ਕਰਮ ਬਦਲ ਜਾਂ ਫਿਰ ਨਾਂ ਬਦਲ ਦੇ।

ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ ਕਿਹਾ ਸੀ ਤੇਰੇ ਨਾਂ ਤੇ ਕਰਮ ਨਹੀਂ ਰਲਦੇ. ਤੂੰ ਤਖ਼ਤ ਦੀ ਸ਼ੋਭਾ ਨਹੀਂ. ਤੈਨੂੰ ਫਰੇਬ ਨਹੀਂ ਸ਼ੋਭਾ ਦੇਂਦੇ. ਜਾਂ ਔਰੰਗਜ਼ੇਬ ਨਾਂ ਛੱਡ ਦੇ ਜਾਂ ਫਿਰ ਫਰੇਬ ਛੱਡ ਦੇ।

*ਨਾ ਜ਼ੇਬਦ ਤੁਰਾ ਨਾਮ ਔਰੰਗਜ਼ੇਬ ਕਿ ਔਰੰਗਜ਼ੇਬਾਂ ਨਾ ਬਾਇਦ ਫਰੇਬ ।*

ਇਕ ਸੱਜਣ ਦਾ ਨਾਂ ਸੀ ਦੀਵਾਨ ਕੌੜਾ ਮੱਲ, ਪਰ ਸਿੱਖ ਪੰਥ ਨੇ ਨਾਮ ਰੱਖ ਦਿੱਤਾ ਮਿੱਠਾ ਮੱਲ।

ਗੁਰੂ ਨਾਨਕ ਦੇਵ ਜੀ ਦੇ ਨਾਂ ਵਿਚੋਂ ਜੋ ਅਰਥ ਨਿਕਲਦੇ ਹਨ ਉਨ੍ਹਾਂ ਦੀ ਕਰਣੀ. ਉਸ ਨਾਂ ਨਾਲ. ਉਨ੍ਹਾਂ ਅੱਖਰਾਂ ਨਾਲ ਪੂਰਨ ਤੌਰ 'ਤੇ ਮੇਲ ਖਾਂਦੀ ਹੈ ਤੇ ਮੇਰਾ ਵਿਸ਼ਵਾਸ ਹੈ ਕਿ ਇਹ ਨਾਂ ਕਿਸੇ ਪੰਡਤ ਦੀਆਂ ਪੱਤਰੀਆਂ ਵਿਚੋਂ ਨਹੀਂ ਨਿਕਲਿਆ ਸਗੋਂ ਨਾਨਕਿਆਂ ਦੇ ਪਿਆਰ ਭਰੇ ਹਿਰਦੇ ਵਿਚੋਂ ਨਿਕਲਿਆ ਹੈ। ਕਿੰਨੇ ਭਾਗਾਂ ਵਾਲੇ ਹੋਣਗੇ ਸਤਿਗੁਰਾਂ ਦੇ ਨਾਨਕੇ ਤੇ ਕਿੰਨੀ ਭਾਗਸ਼ੀਲ ਸੀ ਵੱਡੀ ਭੈਣ ਜਿਸ ਦਾ ਨਾਂ ਵੀ ਨਾਨਕੀ ਸੀ। ਭਾਈ ਨੰਦ ਲਾਲ ਜੀ ਨੇ ਜੋ ਨਾਨਕ ਸ਼ਬਦ ਦੇ ਅਰਥ ਕੀਤੇ ਹਨ ਉਹ ਭਾਵ-ਪੂਰਤ ਹਨ। ਨਈਮ ਉਹ ਨਿਆਮਤ ਦੇਣ ਵਾਲੇ ਹਨ. ਉਨ੍ਹਾਂ ਨੇ ਸੰਸਾਰ ਵਿਚ ਨਾਮ ਦੀ ਦਾਤ ਵੰਡ ਕੇ ਥਾਂ-ਥਾਂ ਨਿਆਮਤਾਂ ਹੀ ਵੰਡੀਆਂ ਹਨ। ਉਹ ਨਸੀਰ ਮਦਦਗਾਰ ਹਨ ਜਿਸਨੇ ਇਮਦਾਦ ਮੰਗੀ ਇਕ ਕਦਮ ਪੁੱਟਿਆ. ਸਤਿਗੁਰੂ ਕ੍ਰੋੜਾਂ ਕਦਮ ਅੱਗੋਂ ਲੈਣ ਵਾਸਤੇ ਗਏ। ਸ਼ਾਇਦ ਭਾਈ ਗੁਰਦਾਸ ਜੀ ਨੇ ਇਸੇ ਵਾਸਤੇ ਹੀ ਕਿਹਾ ਸੀ—

*ਚਰਨ ਸਰਨ ਗੁਰ. ਏਕ ਪੈਂਡਾ ਜਾਇ ਚਲ*
*ਸਤਿਗੁਰੂ ਕੋਟ ਪੈਂਡਾ ਆਗੈ ਹੋਇ ਲੇਤ ਹੈ।*

ਸਤਿਗੁਰਾਂ ਨੇ ਹਰ ਇਕ ਨੂੰ ਦਿਲਾਸਾ ਦਿੱਤਾ ਤੇ ਕਿਹਾ ਕਿ ਜਦੋਂ ਪ੍ਰਮਾਤਮਾ ਨੇ ਤੈਨੂੰ ਮਨੁੱਖਾ ਜਨਮ ਦਿੱਤਾ ਹੈ ਫਿਰ ਸਿਮਰਨ ਤੇ ਸੇਵਾ ਦਾ ਤੈਨੂੰ ਅਧਿਕਾਰ ਕਿਉਂ

ਨਹੀਂ। ਹਰ ਬ੍ਰਾਹਮਣ ਸੇਵਾਦਾਰ ਚਾਹੀਦਾ ਹੈ ਅਤੇ ਹਰ ਸੂਦਰ ਨੂੰ ਪ੍ਰਮਾਤਮਾ ਦਾ ਸਿਮਰਨ ਤੇ ਵਿਦਿਆ ਚਾਹੀਦੀ ਹੈ।

ਉਹ ਇਕ ਪ੍ਰਮਾਤਮਾ ਵਿਚ ਅਭੇਦ ਸਨ ਪ੍ਰਮਾਤਮਾ ਦੇ ਬਰਾਬਰ ਹੋਰ ਕੋਈ ਨਹੀਂ ਹੋ ਸਕਦਾ। ਇਸੇ ਲਈ ੧ਓ ਤੋਂ ਪਹਿਲਾਂ ਉਨ੍ਹਾਂ ੧ ਲਿਖਿਆ ਸੀ। ਸਤਿਗੁਰਾਂ ਦੇ ਉਪਦੇਸ਼ ਨੇ ਹਰ ਪ੍ਰਕਾਰ ਦੀਆਂ ਹੱਦਾਂ ਤੋੜ ਦਿੱਤੀਆਂ ਤੇ ਇਕ ਦੀ ਸਿਰਜਨਾ ਸਿਰਜੀ ਸ੍ਰਿਸ਼ਟੀ ਵਿਚੋਂ ਇਕੋ ਨੂੰ ਹੀ ਵੇਖਿਆ ਹੈ। ਉਨ੍ਹਾਂ ਕਿਹਾ ਕਿ ਵਖੇਵੇਂ ਜਿਥੋਂ ਤੱਕ ਉਪਯੋਗੀ ਹਨ ਵਰਤੋਂ ਕਰ ਲਵੋ। ਜਿਵੇਂ ਖੇਤ ਇਕ ਹੋਵੇ ਕਿਆਰੇ ਅਨੇਕ ਹੋਣ, ਸਿਰਫ ਇਸ ਲਈ ਕਿ ਖੇਤ ਦਾ ਪਾਣੀ ਖਰਾਬ ਨਾ ਹੋਵੇ ਪਰ ਯਾਦ ਰਹੇ ਕਿ ਖੇਤ ਇਕ ਹੈ।

ਅਨੇਕ ਤਰ੍ਹਾਂ ਦੇ ਬੰਦੇ ਹਨ। ਅਨੇਕਾਂ ਬੋਲੀਆਂ ਹੋਣ, ਅਨੇਕ ਤਰ੍ਹਾਂ ਦਾ ਰਹਿਣ ਸਹਿਣ ਹੋਵੇ, ਆਪੋ-ਆਪਣੇ ਸਰੀਰ ਮੁਤਾਬਿਕ ਖੁਰਾਕ ਹੋਵੇ, ਪਰ ਯਾਦ ਰਹੇ ਕਿ ਇਹ ਧਰਤੀ ਖੇਤ ਇਕ ਹੈ। ਇਕ ਕ੍ਰਿਸਾਨ ਦਾ ਹੈ, ਬੂਟੇ ਅਨੇਕ ਹਨ ਜੋ ਇਸ ਬਾਗ ਦੀ ਸ਼ੋਭਾ ਵੀ ਹਨ ਅਤੇ ਲੋੜ ਵੀ।

ਪ੍ਰਮਾਤਮਾ ਸਭ ਤੋਂ ਵੱਡਾ ਹੈ। ਗਣਿਤ ਅਨੁਸਾਰ 'ਇਕ' ਛੋਟਾ ਹੈ 'ਦੋ' ਵੱਡੇ ਹਨ ਚਾਰ ਉਨ੍ਹਾਂ ਤੋਂ ਵੱਡੇ ਹਨ, ਗੁਰੂ ਸਾਹਿਬ ਦਾ ਵੀਚਾਰ ਹੈ ਕਿ ਦੋ ਚਾਰ ਅੱਠ ਦਸ ਵੱਡੇ ਨਹੀਂ ਇਕ ਵੱਡਾ ਹੈ। ਇਕ ਦਾ ਵਿਸਥਾਰ ਹੀ, ਦੋ, ਚਾਰ, ਅੱਠ ਹਨ, ਇਕ ਹੀ ਨਾ ਹੁੰਦਾ ਤਾਂ ਦੋ, ਚਾਰ ਕਿਥੋਂ ਆ ਜਾਂਦੇ? ਇਸ ਲਈ ਇਹ ਧਿਆਨ ਰਖਣਾ ਕਿ ਵਿਸਥਾਰ ਇਕ ਦਾ ਹੈ। ਨਾਨਕ ਨਾਮ ਪ੍ਰਮਾਤਮਾ ਦੀਆਂ ਵਡਿਆਈਆਂ ਨਾਲ ਭਰਪੂਰ ਹੈ, ਇਹ ਨਾਮ ਹਰ ਇਕ ਨੂੰ ਪਿਆਰਾ ਲਗਦਾ ਹੈ, ਹਰ ਕੋਈ ਇਸ ਨਾਨਕ ਨਾਮ ਵਾਲੇ ਨੂੰ ਆਪਣਾ ਸਮਝਦਾ ਹੈ। ਇਹ ਨਾਮ ਵਾਲਾ ਸਤਿਗੁਰੂ ਪ੍ਰਮਾਤਮਾ ਦੇ ਨਾਂ ਵਿਚ ਅਭੇਦ ਸੀ ਜਿਸ ਬਾਰੇ ਉਨ੍ਹਾਂ ਕਿਹਾ ਹੈ :

*ਜੇਤਾ ਕੀਤਾ ਤੇਤਾ ਨਾਉ।*
*ਵਿਣੁ ਨਾਵੈ ਨਾਹੀ ਕੋ ਥਾਉ।* (ਜਪੁ)

■ ■ ■

# ੫

# ਸਿੱਖੀ ਦੀਆਂ ਅੱਖਾਂ ਨਾਲ ਗੁਰੂ ਦੇ ਦਰਸ਼ਨ

ਪਿਤਾ ਜੀ ਦੀ ਨਜ਼ਰ ਵਿਚ ਨਾਨਕ ਜੀ ਬੱਚੇ ਸਨ। ਅਜੇ ਉਨ੍ਹਾਂ ਪੜ੍ਹਨਾ ਹੈ ਤੇ ਫਿਰ ਰੋਟੀ ਕਮਾਉਣ ਜੋਗੇ ਹੋਣਾ ਹੈ। ਚੰਦ ਦਿਨਾਂ ਵਿਚ ਜੋ ਉਨ੍ਹਾਂ ਬਾਰੇ ਪੰਡਿਤ ਨੇ ਤੇ ਮੁੱਲਾਂ ਨੇ ਕਿਹਾ ਸੀ ਮਹਿਤਾ ਉਸ ਬਾਰੇ ਹੈਰਾਨ ਸੀ। ਅਸਲ ਵਿਚ ਜਦੋਂ ਸਤਿਗੁਰਾਂ ਨੇ ਵਿਦਿਆ ਦੇ ਮੰਤਵ ਬਾਰੇ ਗੱਲ ਕੀਤੀ ਤਾਂ ਅਧਿਆਪਕ ਹੈਰਾਨ ਹੋ ਗਏ। ਐਸਾ ਨਹੀਂ ਕਿ ਸਤਿਗੁਰਾਂ ਨੇ ਅੱਖਰ ਹੀ ਪੜ੍ਹੇ ਬਲਕਿ ਉਸ ਵੇਲੇ ਦੀ ਜਿੰਨੀ ਵਿਦਿਆ ਸੀ ਉਨ੍ਹਾਂ ਪੜ੍ਹੀ। ਫ਼ਰਕ ਇੰਨਾ ਸੀ ਕਿ ਅਨੇਕਾਂ ਬੰਦੇ ਵਿਦਵਾਨ ਬਣ ਕੇ ਵੀ ਇਨਸਾਨ ਨਹੀਂ ਬਣ ਸਕੇ, ਪਰ ਸਤਿਗੁਰਾਂ ਦਾ ਨਜ਼ਰੀਆ ਵਿਦਿਆ ਬਾਰੇ ਇਹ ਸੀ ਕਿ—

*ਵਿਦਿਆ ਵੀਚਾਰੀ ਤਾ ਪਰਉਪਕਾਰੀ।*

ਉਨ੍ਹਾਂ ਦੀ ਲਿਖੀ ਪਟੀ ਕਿਸੇ ਅਨਪੜ੍ਹ ਦੀ ਨਹੀਂ ਸਗੋਂ ਇਕ ਮਹਾਨ ਰੱਬੀ ਵਿਦਵਾਨ ਦੀ ਲਿਖੀ ਹੈ. ਸਾਡੇ ਸ਼ਰਧਾਵਾਨਾਂ ਦੇ ਇਹ ਸ਼ਬਦ ਪੜ੍ਹ ਕੇ ਹੀ ਅਨੇਕਾਂ ਅਨਮਤੀਆਂ ਵਿਦਵਾਨਾਂ ਨੇ ਗੁਰੂ ਸਾਹਿਬ ਨੂੰ ਪਿੰਡ ਦੇ ਰਹਿਣ ਵਾਲੇ ਅਨਪੜ੍ਹ ਕਹਿ ਦਿੱਤਾ, ਜਿਵੇਂ ਕਿ ਸੁਆਮੀ ਦਯਾਨੰਦ ਨੇ ਸਤਯਾ ਪ੍ਰਕਾਸ਼ ਵਿਚ ਤੇ ਅਚਾਰੀਆ ਰਜਨੀਸ਼ ਨੇ '੧ਓ ਸਤਿਨਾਮ' ਵਿਚ ਇਸ ਗਲਤੀ ਵਿਚ, ਕੁਝ ਹਿੱਸਾ ਸਾਡੇ ਸਾਖੀਕਾਰਾਂ ਦਾ ਵੀ ਹੈ ਜਿਨ੍ਹਾਂ ਨੇ ਇਸ ਗੱਲ ਵਿਚ ਸਤਿਗੁਰੂ ਦੀ ਹੇਠੀ ਸਮਝੀ ਕਿ ਸਤਿਗੁਰ ਨਾਨਕ ਦੇਵ ਤੇ ਉਹ ਕਿਸੇ ਕੋਲੋਂ ਪੜ੍ਹਨ ਜਾਣ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਜਿੰਨੇ ਉਸ ਸਮੇਂ ਪੜ੍ਹਨ ਪੜ੍ਹਾਉਣ ਵਾਲੇ ਸਨ ਵਿਦਿਆ ਬਾਰੇ ਉਨ੍ਹਾਂ ਦੇ ਸਹੀ ਉਸਤਾਦ ਗੁਰੂ ਨਾਨਕ ਦੇਵ ਜੀ ਹੀ ਸਨ।

ਰੁੱਖ ਦੀ ਛਾਂ ਟਿਕੀ ਰਹਿਣੀ ਦਸਦੀ ਹੈ ਕਿ ਜੋ ਸਰਬੱਤ ਦਾ ਭਲਾ ਮੰਗਦਾ ਹੈ ਪ੍ਰਕਿਰਤੀ ਹਰ ਤਰ੍ਹਾਂ ਉਸਦੀ ਸੇਵਾ ਕਰਦੀ ਹੈ, ਰੁੱਖਾਂ ਦੇ ਕੰਡੇ ਵੀ ਸਤਿਗੁਰੂ ਦੇ ਪੈਰਾਂ ਥੱਲੇ ਫੁੱਲ ਬਣ ਜਾਣ ਤਾਂ ਕੋਈ ਅਚੰਭੇ ਵਾਲੀ ਗੱਲ ਨਹੀਂ ਸੀ। ਪਸ਼ੂਆਂ ਦੀਆਂ

ਖਾਧੀਆਂ ਖੇਤੀਆਂ ਹਰੀਆਂ ਹੋ ਜਾਣੀਆਂ ਅਸੀਂ ਇਸ ਨੂੰ ਕਰਾਮਾਤ ਨਾਲ ਜੋੜਦੇ ਹਾਂ ਪਰ ਇਹ ਤਾਂ ਸਤਿਗੁਰੂ ਦੇ ਪਿਆਰ ਦਾ ਕ੍ਰਿਸ਼ਮਾ ਹੈ। ਉਨ੍ਹਾਂ ਦੀ ਨਜ਼ਰ ਵਿਚ ਪਸ਼ੂਆਂ ਦਾ ਵੀ ਹੱਕ ਖੇਤੀਆਂ ਤੇ ਸਾਡੇ ਜਿੰਨਾ ਹੀ ਹੈ। ਉਨ੍ਹਾਂ ਕ੍ਰਿਸਾਨ ਨੂੰ ਕਿਹਾ ਸੀ ਖੇਤੀਆਂ ਰੱਬ ਦੀਆਂ, ਮੱਝਾਂ ਰੱਬ ਦੀਆਂ, ਉਨ੍ਹਾਂ ਦਾ ਛੇੜੂ ਰੱਬ ਦਾ। ਭੋਲਿਆ ਇਹ ਰੱਬ ਦਾ ਕ੍ਰਿਸ਼ਮਾ ਹੈ ਸਬਰ ਰੱਖ। ਤੇਰੀ ਖੇਤੀ ਬਾਕੀਆਂ ਨਾਲੋਂ ਜ਼ਿਆਦਾ ਹੋਵੇਗੀ। ਤੇ ਇਹ ਸੱਚ ਹੈ ਕਿ ਉਹ ਖੇਤੀ ਹਰੀ ਭਰੀ ਸੀ। ਜ਼ਿਆਦਾ ਹੋਈ। ਕ੍ਰਿਸਾਨ ਕਦੀ ਸਤਿਗੁਰੂ ਦੀ ਗੱਲ ਸਮਝ ਜਾਂਦਾ ਤਾਂ ਉਹ ਵੀ ਹਰਾ ਭਰਾ ਹੋ ਜਾਂਦਾ। ਰਾਇ ਬੁਲਾਰ ਸਮਝ ਗਿਆ ਉਹ ਨਾਮ ਨਾਲ ਜੁੜ ਗਿਆ ਉਸਦੇ ਜਨਮ-ਜਨਮ ਦੇ ਸੋਕੇ ਮੁੱਕ ਗਏ, ਉਹ ਹਰਿਆ-ਭਰਿਆ ਹੋ ਗਿਆ।

ਸਰਪ ਨੂੰ ਛਾਂ ਕਰਦਾ ਵੇਖਿਆ ਰਾਇ ਬੁਲਾਰ ਨੇ ਸਮਝ ਲਿਆ ਸੀ ਕਿ ਗੁਰੂ ਨਾਨਕ ਦੇਵ ਕੋਲ ਉਹ ਕਲਾ ਹੈ ਕਿ ਇਨ੍ਹਾਂ ਪਾਸ ਆ ਕੇ ਜ਼ਹਿਰ ਵੀ ਅੰਮ੍ਰਿਤ ਬਣ ਜਾਂਦਾ ਹੈ। ਸਰਪ ਵੀ ਸੇਵਾਦਾਰ ਬਣ ਜਾਂਦੇ ਹਨ। ਉਸ ਨੇ ਸਮਝ ਲਿਆ ਸੀ ਜੀਵਨ ਜੀਣ ਦਾ ਅਸਲ ਢੰਗ ਇਹੀ ਹੈ ਜਿਸ ਢੰਗ ਨਾਲ ਸਤਿਗੁਰੂ ਨਾਨਕ ਦੇਵ ਜੀ ਜੀਅ ਰਹੇ ਹਨ।

ਧਰਮ ਦਾ ਨਾਤਾ ਜਾਤ ਦਾ ਨਹੀਂ ਜੋਤਿ ਦਾ ਹੈ। ਕਈ ਬੰਦੇ ਗੁਰੂ ਦੇ ਰਿਸ਼ਤੇਦਾਰ ਹੁੰਦਿਆਂ ਵੀ ਸਿੱਖ ਨਹੀਂ ਬਣ ਸਕੇ। ਰਿਸ਼ਤੇਦਾਰੀ ਵਾਸਤੇ ਅੰਦਰ ਜਾਤ ਦਾ ਖੂਨ ਚਾਹੀਦਾ ਹੈ। ਪਰ ਸਿੱਖ ਬਣਨ ਵਾਸਤੇ ਅੰਦਰ ਸ਼ਰਧਾ ਦੀ ਅੱਖ ਚਾਹੀਦੀ ਹੈ।

ਅੰਦਰ ਗੁਰੂ ਦੇ ਸਰੀਰ ਦਾ ਖੂਨ ਹੋਣ ਦੀ ਬਜਾਇ ਗੁਰੂ ਦਾ ਸ਼ਬਦ ਤੇ ਸਿੱਖਿਆ ਚਾਹੀਦੀ ਹੈ। ਇਹ ਰਜ਼ਾ ਦਾ ਨਾਤਾ ਹੈ ਇਹ ਭਾਣੇ ਦਾ ਰਿਸ਼ਤਾ ਹੈ। ਗੁਰੂ ਦੇ ਪਿਤਾ ਹੋਣ ਵਿਚ ਤੇ ਗੁਰੂ ਦੇ ਸਿੱਖ ਹੋਣ ਵਿਚ ਬੜਾ ਫਰਕ ਹੈ। ਗੁਰੂ ਦੇ ਪੁੱਤਰ ਹੋਣ ਵਿਚ ਤੇ ਗੁਰੂ ਦੇ ਸਿੱਖ ਹੋਣ ਵਿਚ ਬੜਾ ਫਰਕ ਹੈ। ਗੁਰੂ ਦੇ ਮਾਂ ਬਾਪ ਦਾ ਸਿੱਖ ਦੇ ਮਨ ਵਿਚ ਬੜਾ ਸਨਮਾਨ ਹੈ।

*ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ,*
*ਜਿਨਿ ਗੁਰੂ ਜਣਿਆ ਮਾਇ।* *(ਗਉੜੀ ਕੀ ਵਾਰ, ਮ: ੪, ਪੰਨਾ ੩੧੦)*

ਮਹਿਤਾ ਕਾਲੂ ਪਿਤਾ ਹੈ ਪਰ ਰਾਇ ਬੁਲਾਰ ਸਤਿਗੁਰੂ ਦਾ ਸਿੱਖ ਹੈ। ਰਾਇ ਬੁਲਾਰ ਦਾ ਕਿੰਨਾ ਵੀ ਨੁਕਸਾਨ ਹੋ ਜਾਏ ਉਹ ਸਤਿਗੁਰੂ ਨਾਨਕ ਦੇਵ ਨੂੰ ਚਪੇੜਾਂ ਨਹੀਂ ਮਾਰ ਸਕਦਾ।

ਪਿਤਾ ਕਾਲੂ, ਗੁਰੂ ਨਾਨਕ ਦੇਵ ਨੂੰ ਚਪੇੜਾਂ ਮਾਰਦੇ ਹਨ ਕਿ ਤੂੰ ਵੀਹ ਰੁਪੈ ਉਜਾੜ ਆਇਆ ਹੈਂ। ਪਰ ਭੈਣ ਨਾਨਕੀ ਰੋਕਦੀ ਹੈ ਕਿ ਨਾ ਮਾਰੋ ਕੁਝ ਨਹੀਂ ਵਿਗੜਿਆ ਕਿਉਂਕਿ ਭੈਣ ਨਾਨਕੀ ਨਿਰੀ ਭੈਣ ਹੀ ਨਹੀਂ, ਉਹ ਸਿੱਖ ਵੀ ਹੈ।

ਮੈਨੂੰ ਇਕ ਦਿਨ ਇਕ ਬਜ਼ੁਰਗ ਸਿੱਖ ਨੇ ਕਿਹਾ ਕਿ ਮੈਂ ਜਦੋਂ ਮਹਿਤਾ ਕਾਲੂ ਦੀਆਂ ਚਪੇੜਾਂ ਬਾਰੇ ਸੁਣਦਾ ਹਾਂ ਤਾਂ ਉਸ ਤੇ ਗੁੱਸਾ ਆਉਂਦਾ ਹੈ। ਜਦੋਂ ਰਾਇ ਬੁਲਾਰ ਬਾਰੇ ਸੁਣਦਾ ਹਾਂ ਤਾਂ ਸ਼ਰਧਾ ਨਾਲ ਸਨਮਾਨ ਕਰਦਾ ਹਾਂ। ਪਿਤਾ ਆਪਣਾ ਫਰਜ਼ ਨਿਭਾ ਰਿਹਾ ਹੈ ਪਰ ਸਿੱਖ ਆਪਣਾ ਫਰਜ਼ ਨਿਭਾ ਰਿਹਾ ਹੈ। ਰਾਇ ਬੁਲਾਰ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਗੁਰੂ ਨਾਨਕ ਦੇਵ ਦਾ ਹਰ ਕੀਤਾ ਹੋਇਆ ਨੁਕਸਾਨ ਮੈਂ ਆਪਣੇ ਜ਼ੁੰਮੇ ਲੈਂਦਾ ਹਾਂ। ਤੂੰ ਵੀਹ ਰੁਪੈ ਤਾਂ ਲੈ ਹੀ ਜਾ. ਰਾਇ ਬੁਲਾਰ ਇਕ ਸਿੱਖ ਦੀ ਨਜ਼ਰ ਨਾਲ ਵੇਖਦਾ ਹੈ। ਤਾਂ ਰਾਇ ਬੁਲਾਰ ਨੂੰ ਸਤਿਗੁਰੂ ਦੇ ਕਰਮ ਵਿਚੋਂ ਨਫ਼ਾ ਹੀ ਨਫ਼ਾ ਨਜ਼ਰ ਆ ਰਿਹਾ ਹੈ। ਸੱਚ ਹੈ ਕਿ ਰਾਇ ਬੁਲਾਰ ਨੂੰ ਅੱਜ ਗੁਰੂ ਘਰ ਦੇ ਸਾਰੇ ਚਲਦੇ ਲੰਗਰ ਨਜ਼ਰ ਆ ਗਏ ਹੋਣਗੇ। ਪਰ ਪਿਤਾ ਨੂੰ ਤਾਂ ਪੁੱਤਰ ਦੇ ਹਰ ਕਰਮ ਵਿਚੋਂ ਘਾਟਾ ਹੀ ਘਾਟਾ ਨਜ਼ਰ ਆ ਰਿਹਾ ਸੀ। ਫਰਕ ਇਹ ਸੀ ਕਿ.ਇਕ ਦੀ ਸਿੱਖੀ ਵਾਲੀ ਸ਼ਰਧਾ ਦੀ ਅੱਖ ਹੈ। ਪਰ ਦੂਸਰਾ ਸਿਰਫ਼ ਰਿਸ਼ਤੇਦਾਰੀ ਵਾਲੀ ਦੁਨਿਆਵੀ ਅੱਖ ਨਾਲ ਵੇਖ ਰਿਹਾ ਸੀ।

ਪਿਤਾ ਕਾਲੂ ਜੀ ਸਮਝਦੇ ਸਨ ਕਿ ਨੁਕਸਾਨ ਵੀ ਹੋਵੇ. ਰਾਇ ਬੁਲਾਰ ਵੀਹ ਰੁਪੈ ਦੇ ਵੀ ਦੇਵੇ ਤਾਂ ਇਸ ਵਿਚ ਨਫ਼ੇ ਵਾਲੀ ਕਿਹੜੀ ਗੱਲ ਹੋਈ? ਘੱਟੋ ਘੱਟ ਮੇਰਾ ਪੁੱਤਰ ਵੀਹਾਂ ਦੇ ਤੀਹ ਬਣਾ ਕੇ ਤਾਂ ਘਰ ਆਵੇ। ਗੁਰੂ ਨਾਨਕ ਦੇਵ ਦੀ ਗੱਲ ਰਾਇ ਬੁਲਾਰ ਸਮਝ ਗਿਆ ਸੀ ਪਿਤਾ ਦੀ ਸਮਝ ਵਿਚ ਨਹੀਂ ਸੀ ਆ ਰਹੀ।

ਇਕ ਬਾਦਸ਼ਾਹ ਮਰ ਗਿਆ। ਉਸਦਾ ਪੁੱਤਰ ਸਿੰਘਾਸਨ ਤੇ ਬੈਠਾ. ਇਕ ਵਜ਼ੀਰ ਨੇ ਕਿਹਾ. ਖ਼ਜ਼ਾਨਾ ਹੀ ਬਾਦਸ਼ਾਹੀ ਦੀ ਜੜ੍ਹ ਹੈ। ਖਜ਼ਾਨਾ ਵਿਹਲਾ ਹੋ ਜਾਵੇ ਤਾਂ ਬਾਦਸ਼ਾਹੀ ਆਸਣ ਡੋਲ ਜਾਂਦਾ ਹੈ। ਜੇ ਤੂੰ ਇਕ ਚਾਵਲ ਜਿੰਨਾ ਸੋਨਾ ਇਕ-ਇਕ ਬੰਦੇ ਨੂੰ ਦਾਨ ਕਰੇ ਤਾਂ ਖ਼ਜ਼ਾਨਾ ਵਿਹਲਾ ਹੋ ਜਾਵੇਗਾ। ਇਕ ਚਾਵਲ ਜਿੰਨੀ ਚਾਂਦੀ ਹਰ ਬੰਦੇ ਪਾਸੋਂ ਲਵੇਂ ਤਾਂ ਖ਼ਜ਼ਾਨਾ ਭਰ ਜਾਵੇਗਾ। ਗੁਰ ਇਕੋ ਹੈ ਕਿ ਖਜ਼ਾਨੇ ਵਿਚ ਕੁਝ ਪਾਉਣਾ ਹੀ ਹੈ ਕੱਢਣਾ ਕੁਝ ਨਹੀਂ। ਬਾਦਸ਼ਾਹ ਨੇ ਬੜੀ ਸੁੰਦਰ ਗੱਲ ਕਹੀ ਕਿ ਮੈਂ ਬਾਦਸ਼ਾਹ ਹਾਂ. ਚੌਕੀਦਾਰ ਨਹੀਂ। ਜੋ ਪਹਿਲੇ ਦੌਲਤ ਇਕੱਠੀ ਕਰਾਂ ਉਹ ਵੀ ਲੋਕਾਂ ਤੇ ਜ਼ੁਲਮ ਕਰਕੇ ਫਿਰ ਉਸਦੀ ਪਹਿਰੇਦਾਰੀ ਕਰਾਂ। ਤੂੰ ਜੋ ਕੁਝ ਹੈ ਵੰਡ ਦੇ ਤਾਂ ਕਿ ਪਰਜਾ ਆਪਣੇ ਮਾਲ ਦੀ ਆਪ ਰਾਖੀ ਕਰੇ। ਫਿਰ ਇੰਨੇ ਥੋੜ੍ਹੇ ਨੂੰ ਜ਼ਿਆਦਾ ਰਖਵਾਲੀ ਦੀ ਲੋੜ ਵੀ ਨਹੀਂ ਪਵੇਗੀ।

ਸਤਿਗੁਰੂ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਹਨ ਉਨ੍ਹਾਂ ਦੀ ਕੁਝ ਦੇਣ ਦੀ ਬਿਰਤੀ ਹੈ. ਕੁਝ ਵੰਡਣ ਦੀ ਬ੍ਰਿਤੀ ਹੈ. ਪਰ ਪਿਤਾ ਦੀ ਕੁਝ ਲੈਣ ਦੀ ਬ੍ਰਿਤੀ ਹੈ ਵੰਡਣ ਦੀ ਬ੍ਰਿਤੀ ਨਹੀਂ। ਕੁਝ ਇਕੱਠਾ ਕਰਨ ਦੀ ਬ੍ਰਿਤੀ ਹੈ। ਦੋਵਾਂ ਦਾ ਤਾਲ ਮੇਲ ਨਹੀਂ ਬੈਠਦਾ।

ਮਹਿਤਾ ਕਾਲੂ ਨੇ ਵਿਦਵਾਨ ਪੰਡਤ ਹਰਦਿਆਲ ਜੀ ਨੂੰ ਪੁੱਛਿਆ ਕਿ ਤੁਸੀਂ ਕਹਿੰਦੇ ਸੀ ਕਿ ਇਨ੍ਹਾਂ ਦੇ ਸਿਰ ਤੇ ਛਤਰ ਝੂਲਣਗੇ. ਜਗਤ ਝੁਕੇਗਾ ਬੜੇ ਮਹਾਨ

ਹੋਣਗੇ। ਮੈਂ ਸਮਝਦਾ ਸਾਂ ਕਿ ਇਹ ਸਭ ਰਾਜ ਦੀਆਂ ਨਿਸ਼ਾਨੀਆਂ ਹਨ। ਤੁਸੀਂ ਜੋ ਕਿਹਾ ਸੀ ਸਾਰਾ ਹੀ ਗ਼ਲਤ ਹੈ। ਹਰਦਿਆਲ ਨੇ ਬੜੀ ਸੁਹਣੀ ਗੱਲ ਕਹੀ ਸੀ ਕਿ ਮੈਨੂੰ ਇਕ ਗੱਲ ਦੱਸਣੀ ਯਾਦ ਨਹੀਂ ਸੀ ਰਹੀ ਕਿ ਹੋਵੇਗਾ ਸਭ ਕੁਝ ਅਤੇ ਹੋ ਹੀ ਰਿਹਾ ਹੈ ਪਰ ਤੈਨੂੰ ਨਹੀਂ ਦਿੱਸੇਗਾ ਕਿਉਂਕਿ ਤੇਰੇ ਪਾਸ ਵੇਖਣ ਵਾਲੀ ਸ਼ਰਧਾ ਦੀ ਅੱਖ ਹੀ ਨਹੀਂ।

ਪਿਤਾ ਜੀ ਨੇ ਕਿਹਾ ਸੀ–

*ਭਲੇ ਛਤ੍ਰ ਮੁਝ ਧਾਮ ਫਿਰਾਯੋ।*
*ਅਗਲੀ ਦੀਨੀ ਬਸਤ ਗਵਾਯੋ।* (ਨਾਨਕ ਪ੍ਰਕਾਸ)

ਪੰਡਤ ਨੇ ਕਿਹਾ ਇਹ ਗੱਲ ਰਹਿ ਗਈ ਸੀ ਕਿ

*ਬਾਲਕ ਕੇ ਸਨਬੰਧੀ ਜੇਤੇ।*
*ਮਹਿਮਾ ਲਖ ਨਾ ਸਕੇਂਗੇ ਤੇਤੇ।* (ਨਾਨਕ ਪ੍ਰਕਾਸ)

ਸੱਚ ਹੈ ਕਿ ਸੰਬੰਧ ਦੇ ਰਿਸ਼ਤੇ ਨਾਲ ਗੁਰੂ ਦੀ ਮਹਿਮਾ ਨੂੰ ਨਹੀਂ ਸਮਝਿਆ ਜਾ ਸਕਦਾ। ਸਿੱਖੀ ਦੇ ਸੰਬੰਧ ਨਾਲ, ਸ਼ਰਧਾ ਦੇ ਸੰਬੰਧ ਨਾਲ ਹੀ ਸਤਿਗੁਰੂ ਦੀ ਮਹਿਮਾ ਨੂੰ ਸਮਝਿਆ ਜਾ ਸਕਦਾ ਹੈ।

ਜਿਸ ਪੁੱਤਰ ਨੂੰ ਹੱਥਾਂ ਵਿਚ ਪਾਲਿਆ ਹੋਵੇ, ਮੂੰਹ ਵਿਚ ਬੁਰਕੀਆਂ ਆਪ ਪਾਈਆਂ ਹੋਣ ਉਸ ਤੇ ਸ਼ਰਧਾ ਬਨਾਉਣੀ ਕਠਨ ਹੈ। ਮਹਾਤਮਾ ਬੁੱਧ ਦੇ ਪਿਤਾ ਨੇ ਕਿਹਾ ਸੀ ਕਿ ਮੰਗਤਿਆਂ ਦੀ ਭੀੜ ਇਕੱਠੀ ਕਰੀ ਫਿਰਦਾ ਹੈਂ। ਆ ਜਾ, ਰਾਜ ਸਾਂਭ ਮੈਂ ਹੁਣ ਵੀ ਤੇਰੀ ਗਲਤੀ ਮੁਆਫ਼ ਕਰ ਸਕਦਾ ਹਾਂ ਕਿਉਂਕਿ ਤੂੰ ਮੇਰਾ ਪੁੱਤਰ ਹੈ। ਬੁੱਧ ਦਾ ਬਾਪ ਬੁੱਧ ਦੇ ਰਾਜ਼ ਨੂੰ ਨਹੀਂ ਸੀ ਸਮਝਿਆ।

ਮਹਿਤਾ ਕਾਲੂ ਗੁਰੂ ਨਾਨਕ ਦੇਵ ਦੇ ਰਾਜ਼ ਨੂੰ ਨਹੀਂ ਸਨ ਸਮਝ ਰਹੇ।

ਵਿਦਵਾਨਾਂ ਦਾ ਕਥਨ ਹੈ ਕਿ ਰੱਬੀ ਗੁਣਾਂ ਵਾਲੇ ਮਹਾਂਪੁਰਖਾਂ ਪਾਸੋਂ ਉਨ੍ਹਾਂ ਦੇ ਸੰਬੰਧੀ ਰਿਸ਼ਤੇਦਾਰ, ਉਨ੍ਹਾਂ ਦੇ ਮਿੱਤਰ-ਦੋਸਤ, ਉਨ੍ਹਾਂ ਦੇ ਕਰਜ਼ਾ ਦੇਣ ਵਾਲੇ ਸ਼ਾਹੂਕਾਰ, ਉਨ੍ਹਾਂ ਨਾਲ ਦੁਸ਼ਮਣੀ ਕਰਨ ਵਾਲੇ, ਮਹਾਂਪੁਰਖਾਂ ਪਾਸੋਂ ਫਾਇਦਾ ਨਹੀਂ ਉਠਾ ਸਕਦੇ। ਵੱਡੇ ਸੰਬੰਧੀ ਰਿਸ਼ਤੇਦਾਰ ਸਮਝਦੇ ਹਨ ਅਸੀਂ ਖਿਡਾਉਂਦੇ ਰਹੇ ਹਾਂ। ਹਾਣ ਦੇ ਮਿੱਤਰ ਸਮਝਦੇ ਹਨ ਕਿ ਸਾਡੇ ਨਾਲ ਖੇਡਦਾ ਰਿਹਾ ਹੈ। ਸ਼ਾਹੂਕਾਰ ਸਮਝਦਾ ਹੈ ਗੁਣਾਂ ਦੀ ਕਦਰ ਕੀਤੀ ਤਾਂ ਕਰਜ਼ਾ ਹੀ ਨਾ ਮੰਗ ਲਵੇ। ਫਿਰ ਵਾਪਸ ਲੈਣਾ ਮੁਸ਼ਕਿਲ ਹੋ ਜਾਵੇਗਾ। ਦੁਸ਼ਮਣੀ ਕਰਨ ਵਾਲੇ ਨੂੰ ਕੋਈ ਗੁਣ ਨਜ਼ਰ ਆਉਂਦਾ ਹੀ ਨਹੀਂ। ਪਿਤਾ ਜੀ ਗੱਲ ਸਮਝੇ ਪਰ ਜ਼ਿੰਦਗੀ ਦੇ ਆਖਰੀ ਦਿਨਾਂ ਵਿਚ। ਇਕ ਦਿਨ ਕਿਹਾ, ਨਾਨਕ ਜੀ! ਤੁਹਾਡੀ ਮਹਿਮਾ ਬੜੀ ਹੈ, ਧਨ ਦੀ ਆਸ ਤਾਂ ਮੇਰੀ ਪੂਰੀ

ਨਹੀਂ ਕੀਤੀ। ਚਲੋ, ਕੋਈ ਧਰਮ ਦੀ ਗੱਲ ਹੀ ਸਮਝਾ ਦਿਉ, ਮਨ ਕਿਉਂ ਨਹੀਂ ਟਿਕਦਾ। ਹਰ ਜਗਿਆਸੂ ਦਾ ਇਹ ਪਹਿਲਾ ਪ੍ਰਸ਼ਨ ਹੈ।

ਸਤਿਗੁਰਾਂ ਕਿਹਾ ਸੀ, ਪਿਤਾ ਜੀ! ਮਤਿ ਬੇੜੀ ਵਾਂਗੂੰ ਹੈ। ਮਾਇਆ ਦਾ ਮੋਹ ਦਰਿਆ ਦਾ ਜਲ ਹੈ ਜਿਸ ਤੇ ਮਤਿ ਰੂਪੀ ਬੇੜੀ ਚਲਦੀ ਹੈ। ਬੇੜੀ ਉਪਰ ਚੱਲੇ ਤਾਂ ਪਾਰ ਹੋ ਜਾਂਦੀ ਹੈ, ਪਾਣੀ ਬੇੜੀ ਦੇ ਵਿਚ ਪੈ ਜਾਵੇ ਤਾਂ ਬੇੜੀ ਡੁੱਬ ਜਾਂਦੀ ਹੈ। ਭਾਗਾਂ ਨਾਲ ਸਤਿਗੁਰੂ ਮਿਲੇ ਤੇ ਪਾਣੀ ਦੇ ਉੱਪਰ ਬੇੜੀ ਚਲਾ ਦੇਵੇ, ਬੇੜੀ ਪਾਰ ਹੋ ਜਾਂਦੀ ਹੈ। ਇਹ ਗੱਲ ਕਹਿ ਕੇ ਪਿਤਾ ਦੀ ਮਾਇਆ ਦੀ ਮਮਤਾ ਮੁਕਾ ਦਿੱਤੀ। ਸਤਿਗੁਰੂ ਦੀ ਮਹਿਮਾ ਸਮਝ ਵਿਚ ਆ ਗਈ। ਅੱਜ ਸਰੀਰ ਤਾਂ ਪਿਤਾ ਦਾ ਸੀ, ਪਰ ਮਨ ਇਕ ਸਿੱਖ ਦਾ ਸੀ, ਅੱਖ ਸ਼ਰਧਾ ਦੀ ਸੀ, ਗੱਲ ਸਮਝ ਵਿਚ ਆ ਗਈ, ਨਿਸਤਾਰਾ ਹੋ ਗਿਆ।

*ਸੁਨ ਪਿਤ ਇਹ ਮਤਿ ਨੌਕਾ ਨਿਆਈ। ਦਰਬ ਮੋਹ ਜਲ ਸਰਤਾ ਧਾਈ।*
*ਜੇ ਨੌਕਾ ਮਹਿ ਜਲ ਪਰ ਜਾਵੈ। ਤਤ ਛਿਨ ਅਪੁਨੇ ਬੀਚ ਡੁਬਾਵੈ।*
*ਸਤਿਗੁਰ ਖੇਵਟ ਮਿਲਹਿ ਜੇ ਆਈ। ਮਤਿ ਨੌਕਾ ਪਰ ਹ੍ਵੈ ਚੁਨਸਾਈ।*
*ਮੋਹ ਦਰਬ ਤੇ ਉਰਧ ਚਲਾਵੈ। ਖੇਵਨ ਕਰਹੈਂ ਗਿਆਨ ਸੁਨਾਵੈ।*
*ਅਸ ਕਹਿ ਕ੍ਰਿਪਾ ਦ੍ਰਿਸਟ ਅਵਲੋਕੀ। ਪਿਤ ਕੇ ਉਰ ਤੇ ਮਾਯਾ ਰੋਕੀ।*
*(ਸ੍ਰੀ ਗੁ: ਨਾਨਕ ਪ੍ਰਕਾਸ)*

ਪਰ ਇਹ ਗੱਲ ਜਾਤ ਦੇ ਨਾਤੇ ਨਾਲ ਸਮਝ ਵਿਚ ਨਹੀਂ ਆਉਂਦੀ ਜੋਤ ਦੇ ਨਾਤੇ ਨਾਲ ਸਮਝ ਵਿਚ ਆਉਂਦੀ ਹੈ, ਜਾਤ ਦੇ ਨਾਤੇ ਵੱਧ ਤੋਂ ਵੱਧ ਇਹ ਹੋ ਸਕਦਾ ਹੈ ਕਿ ਜਗਤ ਸਨਮਾਨ ਕਰੇ। ਪਰ ਜੋਤ ਦੇ ਨਾਤੇ ਨਾਲ ਧਰਮ ਦੀ ਪ੍ਰਾਪਤੀ ਹੁੰਦੀ ਹੈ।

ਸਾਨੂੰ ਇਸ ਪ੍ਰਕਰਣ ਤੋਂ ਇਹ ਸਿਖਿਆ ਮਿਲਦੀ ਹੈ ਕਿ ਕੋਈ ਏਸੇ ਗੱਲ ਨਾਲ ਹੀ ਸੰਤੁਸ਼ਟ ਨਾ ਹੋ ਜਾਵੇ ਕਿ ਮੇਰੀ ਤੇ ਸਤਿਗੁਰੂ ਦੀ ਜਾਤ ਇਕ ਹੈ। ਸਗੋਂ ਇਹ ਯਾਤ੍ਰਾ ਉਸ ਵੇਲੇ ਹੀ ਪੂਰੀ ਸਮਝੋ ਜਦੋਂ ਰਜ਼ਾ ਭਾਣੇ ਦੇ ਰਸਤੇ ਚੱਲ ਕੇ ਗੁਰੂ ਨਾਲ ਜੋਤ ਦਾ ਰਿਸ਼ਤਾ ਬਣ ਜਾਵੇ। ਗੁਰੂ ਦਾ ਬਚਨ ਸਿੱਖੀ ਕੰਨਾਂ ਨਾਲ ਸੁਣੇ। ਸ਼ਰਧਾ ਦੀ ਅੱਖ ਪ੍ਰਾਪਤ ਹੋਵੇ, ਫਿਰ ਕੋਈ ਸਤਿਗੁਰੂ ਦੀ ਮਹਿਮਾ ਨੂੰ ਵੇਖੇ ਤਾਂ ਫਿਰ ਗੁਰੂ ਦੇ ਦਰਸ਼ਨ ਹੋਣਗੇ।

■ ■ ■

੬

# ਭਰਮਗੜ੍ਹ ਤੋੜਨ ਵਾਲੇ ਗੁਰੂ ਨਾਨਕ ਦੇਵ

ਇਸ ਬਾਰੇ ਕੋਈ ਦੋ ਮਤ ਨਹੀਂ ਕਿ ਧਰੰਮ ਜਦੋਂ ਮੁਰਦਾ ਹੋ ਜਾਂਦਾ ਹੈ ਤਾਂ ਕਰਮ-ਕਾਂਡ ਬਣ ਜਾਂਦਾ ਹੈ। ਕਰਮ ਕਾਂਡ ਵਿਚ ਕੋਈ ਜਿੰਦ ਜਾਨ ਨਹੀਂ ਹੁੰਦੀ, ਜਿਊਂਦੇ ਜਾਗਦੇ ਧਰਮੀ ਬਨਣ ਵਾਸਤੇ ਸਿਰ ਤਲੀ ਤੇ ਧਰਨਾ ਪੈਂਦਾ ਹੈ।

ਮੈਂ ਬਲਦੀ ਅੱਗ ਦਾ ਅੰਗਿਆਰ ਹੱਥ ਵਿਚ ਫੜਾਂ ਤਾਂ ਬੜਾ ਸੁਚੇਤ ਹੋ ਕੇ ਫੜਨਾ ਪਵੇਗਾ ਪਰ ਮੈਂ ਬੁਝਿਆ-ਕੋਇਲਾ ਹੱਥ ਵਿਚ ਫੜਨਾ ਹੋਵੇ ਤਾਂ ਕੋਈ ਸੁਚੇਤ ਹੋਣ ਦੀ ਲੋੜ ਨਹੀਂ, ਅੰਗਿਆਰ ਦਾ ਚਿਤ੍ਰ ਹੱਥ ਵਿਚ ਫੜਨਾ ਹੋਵੇ ਤਾਂ ਕੋਈ ਖਤਰਾ ਨਹੀਂ, ਮੈਂ ਬਲਦਾ ਅੰਗਿਆਰ ਜੇਬ ਵਿਚ ਪਾ ਕੇ ਨਹੀਂ ਤੁਰ ਸਕਦਾ ਪਰ ਅੱਗ ਦੇ ਚਿਤ੍ਰ ਨੂੰ ਜੇਬ ਵਿਚ ਪਾ ਕੇ ਤੁਰਿਆ ਫਿਰਾਂ ਤਾਂ ਕੋਈ ਖਤਰੇ ਵਾਲੀ ਗੱਲ ਨਹੀਂ।

ਜਿਊਂਦੇ ਜਾਗਦੇ ਭਗਵਾਨ ਨਾਲ ਰਹਿਣਾ, ਹਜ਼ੂਰੀ ਵਿਚ ਰਹਿਣਾ, ਉਸ ਨੂੰ ਸਰਬ ਵਿਆਪਕ ਮੰਨਣਾ ਤਾਂ ਜਿਊਂਦੇ ਮਰਨ ਵਾਲੀ ਗੱਲ ਹੈ। ਉਹ ਤਾਂ ਇਕ ਬਲਦੀ ਅੱਗ ਹੈ, ਬੜਾ ਸੁਚੇਤ ਹੋ ਕੇ ਰਹਿਣਾ ਪਵੇਗਾ।

ਕਰਮ-ਕਾਂਡੀ ਦਾ ਭਗਵਾਨ ਵੀ ਮੁਰਦਾ ਹੈ, ਇਹੀ ਕਾਰਨ ਹੈ ਕਿ ਮੁਰਦੇ ਦੀ ਪੂਜਾ ਵੀ ਮੁਰਦਾ ਹੈ।

ਪੱਥਰ ਦੀ ਮੂਰਤੀ ਨੂੰ ਹੱਥ ਵਿਚ ਫੜ ਕੇ ਚੱਲ ਸਕਦੇ ਹਾਂ ਜਿਥੇ ਮਰਜ਼ੀ ਟਿਕਾ ਦੇਈਏ ਜਦੋਂ ਮਰਜ਼ੀ ਚੁੱਕ ਲਈਏ। ਰੱਬ ਨੂੰ ਇੰਝ ਹੱਥ ਵਿਚ ਫੜ ਕੇ ਅਸੀਂ ਨਹੀਂ ਚੱਲ ਸਕਦੇ। ਰੱਬ ਦੇ ਹੱਥ ਵਿਚ ਤਾਂ ਜਾ ਸਕਦੇ ਹਾਂ ਪਰ ਉਹ ਸਾਡੇ ਹੱਥ ਵਿਚ ਨਹੀਂ ਆ ਸਕਦਾ।

ਕਰਮ-ਕਾਂਡੀ ਇਹ ਨਹੀਂ ਸਮਝ ਰਿਹਾ ਕਿ ਭਗਵਾਨ ਉਹ ਹੈ ਜਿਸ ਨੇ ਮੈਨੂੰ ਘੜਿਆ ਹੈ ਕਿ ਜਾਂ ਭਗਵਾਨ ਉਹ ਹੈ ਜਿਸਨੂੰ ਮੈਂ ਘੜਿਆ ਹੈ। ਕਰਮ ਕਾਂਡੀ ਇਸ

ਬਿਰਥਾ ਪੂਜਾ ਨੂੰ ਹੀ ਧਰਮ ਦਾ ਕੰਮ ਸਮਝ ਰਿਹਾ ਹੈ। ਜਿਹੜਾ ਕਰਮ ਬੰਦਾ ਨਿਤ ਕਰੇ ਤੇ ਜੀਵਨ ਵਿਚ ਤਬਦੀਲੀ ਕੋਈ ਨਾ ਆਵੇ, ਐਸਾ ਕਰਮ ਹੀ ਕਰਮ-ਕਾਂਡ ਹੈ, ਐਸਾ ਬੰਦਾ ਬੜਾ ਹੀ ਕਠੋਰ ਤੇ ਢੀਠ ਹੋ ਜਾਂਦਾ ਹੈ, ਉਹ ਐਸੇ ਪੱਥਰ ਵਰਗਾ ਹੋ ਜਾਂਦਾ ਹੈ ਜਿਸ ਨੂੰ ਜੈਸਾ ਹੀ ਪਾਣੀ ਵਿਚ ਪਾਈਏ ਉਸੇ ਤਰ੍ਹਾਂ ਦਾ ਹੀ ਬਾਹਰ ਕੱਢ ਲਈਏ। ਜਿਵੇਂ ਪੱਥਰ ਨਹੀਂ ਭਿਜਦਾ ਇਸੇ ਤਰ੍ਹਾਂ ਉਹ ਬੰਦਾ ਅੰਦਰੋਂ ਨਹੀਂ ਭਿਜਦਾ। ਭਾਈ ਗੁਰਦਾਸ ਜੀ ਦਾ ਫ਼ੁਰਮਾਨ ਹੈ-

*ਪਥਰ ਮੂਲ ਨਾ ਭਿਜਈ ਸੈ ਵਰਿਆਂ ਜਲ ਅੰਦਰ ਵਸੈ।*

ਕਰਮ-ਕਾਂਡੀ ਕੋਲ ਧਰਮ ਦੇ ਚਿੰਨ੍ਹ ਹੁੰਦੇ ਹਨ ਪਰ ਧਰਮ ਨਹੀਂ ਹੁੰਦਾ। ਉਸ ਵੇਲੇ ਕਰਮ-ਕਾਂਡੀ ਕੋਲ ਜਨੇਊ ਸੀ। ਜਨੇਊ ਦਾ ਵਿਗਿਆਨਕ ਅਰਥ ਕੀ ਹੋ ਸਕਦਾ ਹੈ ਕੁਝ ਵੀ ਨਹੀਂ। ਇਹ ਸਿਰਫ ਇਕ ਪ੍ਰਤੀਕ ਸੀ ਕਿ ਜਨੇਊਧਾਰੀ ਧਰਮੀ ਹੈ, ਜਨੇਊ ਪਾ ਕੇ ਕੋਈ ਪਾਪ ਨਹੀਂ ਕਰੇਗਾ।

ਪਰ ਜਨੇਊਧਾਰੀ ਉਸ ਵੇਲੇ ਹਰ ਤਰ੍ਹਾਂ ਦਾ ਪਾਪ ਕਰ ਰਿਹਾ ਸੀ। ਸਤਿਗੁਰਾਂ ਨੂੰ ਕਹਿਣਾ ਪਿਆ

*ਸੂਤ ਪਾਇ ਕਰੇ ਬੁਰਿਆਈ। ਨਾਤਾ ਧੋਤਾ ਥਾਇ ਨਾ ਪਾਈ।*
*(ਸਲੋਕ ਮ: ੧, ਰਾਮਕਲੀ, ਪੰਨਾ ੯੫੧)*
*ਤਗੁ ਨ ਇੰਦ੍ਰੀ ਤਗੁ ਨਾ ਨਾਰੀ। ਭਲਕੇ ਥੁਕ ਪਵੈ ਨਿਤ ਦਾੜੀ ।*
*(ਮ: ੧, ਵਾਰ ਆਸਾ, ਪੰਨਾ ੪੭੧)*

ਜਿਹੜੇ ਗੁਣਾਂ ਵੱਲ ਪ੍ਰਤੀਕ ਇਸ਼ਾਰਾ ਕਰ ਰਿਹਾ ਹੈ ਉਹ ਗੁਣ ਪ੍ਰਤੀਕਧਾਰੀ ਵਿਚ ਨਹੀਂ ਤਾਂ ਪ੍ਰਤੀਕ ਬਿਲਕੁਲ ਬਿਰਥਾ ਹੋ ਜਾਂਦਾ ਹੈ। ਸਗੋਂ ਇਕ ਪਾਖੰਡ ਬਣ ਜਾਂਦਾ ਹੈ।

ਸਤਿਗੁਰਾਂ ਦੀ ਜਨੇਊ ਦੀ ਰਸਮ ਹੋਣੀ ਸੀ, ਉਨ੍ਹਾਂ ਨੇ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ-

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ।*
*(ਸਲੋਕ ਮ: ੧ ਵਾਰ ਆਸਾ, ਪੰਨਾ ੪੭੧)*

ਕਰਮ-ਕਾਂਡੀ ਦੇ ਪ੍ਰਤੀਕ ਵੀ ਮੁਰਦਾ ਹੋ ਜਾਂਦੇ ਹਨ। ਆਖਰ ਉਨ੍ਹਾਂ ਨੂੰ ਵੇਖ ਕੇ ਨਾ ਹੀ ਕਿਸੇ ਨੂੰ ਕੋਈ ਉਤਸ਼ਾਹ ਮਿਲਦਾ ਹੈ ਨਾ ਹੀ ਆਪ ਨੂੰ। ਉਹ ਸਿਰਫ ਬੋਝ ਢੋਣ ਵਾਲੀ ਗੱਲ ਹੁੰਦੀ ਹੈ। ਸਮਾਂ ਪਾ ਕੇ ਪ੍ਰਤੀਕ ਬੇਕਾਰ ਹੋ ਜਾਂਦੇ ਹਨ, ਮਹਾਂਪੁਰਖ ਨਵੇਂ ਪ੍ਰਤੀਕ ਚੁਣਦੇ ਹਨ ਉਹ ਵੀ ਪੁਰਾਣੇ ਹੋ ਜਾਂਦੇ ਹਨ। ਪ੍ਰਤੀਕ ਸੁਚੇਤ ਕਰਦੇ

ਹਨ ਪਰ ਜੇ ਮਨੁੱਖ ਦੀ ਨੀਯਤ ਜਾਗਣ ਦੀ ਹੋਵੇ ਤਾਂ। ਸਤਿਗੁਰਾਂ ਕਿਹਾ ਸੀ, ਐਸਾ ਜਨੇਊ ਤੇਰੇ ਪਾਸ ਹੈ ਜੋ ਆਤਮਾ ਦੇ ਕੰਮ ਆਵੇ। ਪੰਡਤ ਹਰਦਿਆਲ ਨੇ ਸਿਰ ਝੁਕਾ ਦਿੱਤਾ ਤੇ ਕਿਹਾ, ਬਖਸ਼ਸ਼ ਕਰੋ ਇਹ ਗੁਣ ਮੈਨੂੰ ਵੀ ਬਖਸ਼ੋ। ਇਹ ਜਨੇਊ ਤਾਂ ਤੁਹਾਡੇ ਪਾਸ ਹੀ ਹੈ। ਮਨੁੱਖ ਜਦੋਂ ਕਰਮ-ਕਾਂਡੀ ਬਣ ਜਾਂਦਾ ਹੈ ਤਾਂ ਜੀਵਨ ਦੇ ਸੱਚ ਨਾਲੋਂ ਟੁੱਟ ਜਾਂਦਾ ਹੈ, ਭਰਮ ਵਿਚ ਫਸ ਜਾਂਦਾ ਹੈ ਤਾਂ ਚਾਲਾਕ ਸ਼ਿਕਾਰੀ ਇਸ ਨੂੰ ਹੋਰ ਭਰਮ ਜਾਲ ਸੁੱਟ ਕੇ ਫਸਾ ਲੈਂਦੇ ਹਨ।

ਪਸ਼ੂ ਪੰਛੀ ਫੜਨ ਵਾਲੇ ਸ਼ਿਕਾਰੀ ਭਲੀ-ਭਾਂਤ ਜਾਣਦੇ ਹਨ ਕਿ ਕਿਸ ਜਾਨਵਰ ਦੀ ਕੀ ਕਮਜ਼ੋਰੀ ਹੈ। ਮੱਛੀ ਦੀ ਕੀ ਕਮਜ਼ੋਰੀ ਹੈ, ਹਾਥੀ ਦੀ, ਬਾਂਦਰ ਦੀ, ਤੋਤੇ ਦੀ, ਸਭ ਦੀਆਂ ਕੀ ਕਮਜ਼ੋਰੀਆਂ ਹਨ। ਆਪਣੀਆਂ ਕਮਜ਼ੋਰੀਆਂ ਕਾਰਣ ਇਹ ਫਸ ਜਾਂਦੇ ਹਨ। ਬੰਦੇ ਦੀਆਂ ਦੋ ਮਹਾਨ ਕਮਜ਼ੋਰੀਆਂ ਹਨ। ਵੈਸੇ ਤੇ ਇਸ ਵਿਚ ਬਹੁਤ ਹੀ ਘਾਟਾਂ ਹਨ। ਪਰ ਮੁੱਖ ਕਮਜ਼ੋਰੀਆਂ ਦੋ ਹਨ ਇਕ ਹੈ ਲੋਭ ਤੇ ਦੂਸਰੀ ਹੈ ਭੈ।

ਮਨੁੱਖਾਂ ਦਾ ਸ਼ਿਕਾਰ ਕਰਨ ਵਾਲੇ ਇਨ੍ਹਾਂ ਕਮਜ਼ੋਰੀਆਂ ਤੋਂ ਫਾਇਦਾ ਉਠਾਉਂਦੇ ਹਨ। ਉਹ ਭਰਮ ਦਾ ਜਾਲ ਸੁੱਟ ਦੇਂਦੇ ਹਨ। ਇਕ ਪੁਰਾਣੀ ਕਹਾਵਤ ਹੈ ਕਿ ਵਹਿਮ ਭਰਮ ਦਾ ਕੋਈ ਇਲਾਜ ਨਹੀਂ। ਬੀਮਾਰੀ ਹੀ ਨਹੀਂ ਤਾਂ ਇਲਾਜ ਕੀ ਹੋਵੇਗਾ। ਫਾਹੀ ਹੁੰਦੀ ਤਾਂ ਕੋਈ ਕੱਟੇ, ਜਦੋਂ ਭਰਮਾਂ ਦੀ ਕੋਈ ਸਤਾ ਹੈ ਹੀ ਨਹੀਂ ਤਾਂ ਬੰਦਾ ਇਸ ਨਾਲ ਲੜ ਕੇ ਕੀ ਕਰੇ। ਹਨ੍ਹੇਰੇ ਵਿਚ ਤਲਵਾਰ ਚਲਾਉਣ ਵਾਲੀ ਗੱਲ ਹੋਵੇਗੀ। ਹਨ੍ਹੇਰੇ ਦੀ ਸਤਾ ਕੋਈ ਨਹੀਂ, ਹਨ੍ਹੇਰਾ ਸਿਰਫ ਪ੍ਰਕਾਸ਼ ਦਾ ਅਭਾਵ ਹੈ। ਅਨੇਕ ਤਰ੍ਹਾਂ ਦੀਆਂ ਪੂਜਾ ਅਰੰਭ ਹੋ ਗਈਆਂ ਤੇ ਪੂਜਾ ਵੀ ਉਨ੍ਹਾਂ ਦੇਵਤਿਆਂ ਦੀਆਂ ਜੋ ਹੈ ਹੀ ਨਹੀਂ।

ਅਨੇਕ ਤਰ੍ਹਾਂ ਦੇ ਤੀਰਥ ਤੇ ਵਰਤ। ਅਨੇਕ ਤਰ੍ਹਾਂ ਦੇ ਦਾਨ, ਪੁੰਨ। ਅਨੇਕ ਤਰ੍ਹਾਂ ਦੇ ਪਾਪ ਤੇ ਫਿਰ ਪਾਪਾਂ ਦੇ ਪਰਾਸਚਿਤ, ਇਹ ਇਕ ਐਸਾ ਭਰਮ ਜਾਲ ਸੀ ਕਿ ਜਿਸ ਵਿਚੋਂ ਮਨੁੱਖ ਨਿਕਲ ਹੀ ਨਹੀਂ ਸੀ ਸਕਦਾ

ਫਿਰ ਸਾਰਕੁਤਾਵਲੀ ਦੇ ਕਥਨ ਅਨੁਸਾਰ—

> *ਜਗ ਕੀ ਭੇਡਾ ਚਾਲ ਚਲਤੇ ਕੇ ਪੀਛੈ ਚਲੈ।*
> *ਪਰਮਾਰਥ ਨਾ ਸੰਮਾਲਿ ਵੇਖੇ ਜਗ ਕੀ ਮੂੜਤਾ।*

ਇਕ ਕਹਾਣੀ ਹੈ ਕਿ ਬੀਰਬਲ ਨੇ ਅਕਬਰ ਨੂੰ ਕਿਹਾ ਕਿ ਜਗ ਦੀ ਭੇਡ ਚਾਲ ਐਸੀ ਹੈ ਕਿ ਭੇਡਾਂ ਦੇ ਮਗਰ ਭੇਡਾਂ ਹੀ ਨਹੀਂ ਚਲਦੀਆਂ ਕਈ ਵਾਰ ਭੇਡਾਂ ਦੇ ਪਿੱਛੇ ਸ਼ੇਰ ਵੀ ਚੱਲ ਪੈਂਦੇ ਹਨ। ਅਕਬਰ ਨੇ ਕਿਹਾ ਮੈਂ ਨਹੀਂ ਮੰਨਦਾ। ਬੀਰਬਲ ਨੇ ਕਿਹਾ ਸਮਾਂ ਆਉਣ ਤੇ ਗੱਲ ਕਰਾਂਗੇ। ਇਕ ਦਿਨ ਇਕ ਕਬਰ ਤੇ ਬੜੀ ਭੀੜ ਵੇਖੀ

ਬੀਰਬਲ ਨੇ ਸਜਦਾ ਕੀਤਾ, ਕੀਮਤੀ ਚਾਦਰ ਚੜ੍ਹਾਈ ਅਤੇ ਬੀਰਬਲ ਨੇ ਅਕਬਰ ਅੱਗੇ ਪੀਰ ਦੀ ਬਰਕਤ ਬਿਆਨ ਕੀਤੀ। ਅਕਬਰ ਨੇ ਸਜਦਾ ਕੀਤਾ। ਬੀਰਬਲ ਨੇ ਪੁੱਛਿਆ ਕਿ ਹੇ ਸ਼ਹਿਨਸ਼ਾਹ, ਤੁਸੀਂ ਕਿਸ ਨੂੰ ਸਜਦਾ ਕੀਤਾ ਹੈ? ਅਕਬਰ ਬੜਾ ਹੁਸ਼ਿਆਰ ਸੀ। ਉਹ ਬੀਰਬਲ ਦੀ ਚਾਲ ਨੂੰ ਸਮਝ ਗਿਆ ਤੇ ਅਕਬਰ ਨੇ ਪੁੱਛਿਆ ਉਇ ਨਾਮੁਰਾਦਾ, ਕਿੱਥੇ ਮਥਾ ਟਿਕਾ ਦਿੱਤਾ ਹੈ। ਬੀਰਬਲ ਨੇ ਹੱਸ ਕੇ ਕਿਹਾ, ਸ਼ੇਰ ਭੇਡਾਂ ਦੇ ਪਿੱਛੇ ਚਲਦੇ ਹਨ ਕਿ ਨਹੀਂ। ਇਹ ਕਬਰ ਗਰਧਭ ਪੀਰ ਦੀ ਹੈ ਭਾਵ ਗਧੇ ਦੀ ਹੈ। ਤੇ ਸਿਰਫ ਤੈਨੂੰ ਮੱਥਾ ਟਿਕਾਉਣ ਲਈ ਮੈਂ ਆਪ ਹੀ ਬਣਾਈ ਹੈ ਤੇ ਇਹ ਭੀੜ ਵੀ ਮੈਂ ਆਪ ਹੀ ਇਕੱਠੀ ਕੀਤੀ ਹੈ। ਇਹ ਭੇਡ ਚਾਲ ਇਕ ਭਰਮ ਜਾਲ ਹੈ।

ਗੁਰੂ ਨਾਨਕ ਦੇਵ ਜੀ ਨੇ ਇਹ ਭਰਮ ਜਾਲ ਤੋੜੇ ਸਨ। ਇਹ ਭਰਮ ਜਾਲ ਲੜਿਆਂ ਨਹੀਂ ਟੁਟਦੇ, ਇਹ ਸਿਰਫ ਸਮਝਿਆਂ ਹੀ ਟੁਟਦੇ ਹਨ। ਹਰਦੁਆਰ ਲਹਿੰਦੇ ਨੂੰ ਪਾਣੀ ਸੁੱਟ ਕੇ ਸਮਝਾਉਣਾ ਕਿ ਤੁਹਾਡਾ ਪਾਣੀ ਉਛਾਲਣਾ ਇਕ ਬੱਚਿਆਂ ਦੀ ਖੇਡ ਹੋਵੇ ਤਾਂ ਸੁਹਣੀ ਲਗਦੀ ਹੈ। ਇਹ ਧਰਮ ਦੀ ਸਾਧਨਾ ਨਹੀਂ। ਗਯਾ ਵਿਚ ਨਾਮ ਦਾ ਦੀਵਾ ਜਗਾਉਣ ਲਈ ਕਹਿਣਾ। ਤੇ ਜਗਨਨਾਥ ਪੁਰੀ ਵਿਚ ਸੱਚੀ ਆਰਤੀ ਬਾਰੇ ਉਪਦੇਸ਼ ਦੇਣਾ। ਸਤਿਗੁਰਾਂ ਦੀ ਵੀਚਾਰ ਇਕ ਸ਼ੀਸ਼ੇ ਦੀ ਤਰ੍ਹਾਂ ਸੀ, ਜੋ ਸਭ ਕੁਝ ਵਿਖਾ ਦੇਂਦੀ ਸੀ। ਉਨ੍ਹਾਂ ਮਰਦਾਨੇ ਨੂੰ ਭਾਈ ਕਹਿ ਕੇ ਜਾਤ-ਪਾਤ ਦਾ ਬੰਧਨ ਤੋੜਿਆ। ਅਤੇ ਉਨ੍ਹਾਂ ਕਾਬੇ ਵਲ ਪੈਰ ਕਰਕੇ ਇਹ ਭਰਮ ਤੋੜਿਆ ਕਿ ਸਿਰਫ ਕਾਬਾ ਹੀ ਰੱਬ ਦਾ ਘਰ ਹੈ। ਨਾ ਹੀ ਰੱਬ ਜਨੇਊ ਦੀਆਂ ਤੰਦਾਂ ਵਿੱਚ ਬੱਝਾ ਪਿਆ ਹੈ, ਨਾ ਹੀ ਪ੍ਰਮਾਤਮਾ ਮਜ਼ਹਬ ਦੀਆਂ ਦੀਵਾਰਾਂ ਵਿਚ ਬੰਦ ਹੈ।

ਸਤਿਗੁਰਾਂ ਨੇ ਸਿੱਖ ਦਾ ਸਿੱਧਾ ਹੀ ਨਾਤਾ ਸਰਬ ਵਿਆਪਕ, ਸਰਬ ਸ਼ਕਤੀਮਾਨ, ਦਾਤਾਰ, ਬਖਸ਼ੰਦ ਅਤੇ ਸਿਰਜਨਹਾਰ, ਪ੍ਰਮਾਤਮਾ ਨਾਲ ਜੋੜਿਆ ਹੈ। ਤੇ ਉਸ ਨਾਲ ਜੁੜਨ ਵਾਸਤੇ ਕੋਈ ਕਰਮ-ਕਾਂਡ ਨਹੀਂ ਸਗੋਂ ਉਸ ਪ੍ਰਮਾਤਮਾ ਦੀ ਸਿਫਤ-ਸਲਾਹ, ਉਸਦੀ ਕੀਰਤੀ ਹੀ ਦੱਸੀ। ਉਨ੍ਹਾਂ ਕਿਹਾ ਜੇ ਕੋਈ ਪ੍ਰਮਾਤਮਾ ਨੂੰ ਪਾਉਣ ਲਈ ਜੀਵਤ ਕਰਮ ਹੈ ਤਾਂ ਉਹ ਉਸਦੀ ਕੀਰਤੀ ਹੈ। ਬਾਕੀ ਕਰਮ ਕਾਂਡ ਮੁਰਦਾ ਹੈ। ਸਤਿਗੁਰਾਂ ਨੇ ਭਰਮਗੜ੍ਹ ਤੋੜਿਆ ਤੇ ਸੱਚ ਦਾ ਗੜ੍ਹ ਬਣਾਇਆ। ਬਲਵੰਡ ਨੇ ਸੱਚ ਹੀ ਕਿਹਾ ਹੈ-

*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ।*

*(ਰਾਮਕਲੀ ਕੀ ਵਾਰ, ਪੰਨਾ ੯੬੬)*

■ ■ ■

## ੭

# ਵੱਡਾ ਗੁਰੂ

ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ ਕਿ ਉਸ ਪ੍ਰਮਾਤਮਾ ਨੇ ਆਪਣਾ ਸੰਦੇਸ਼ ਦੇ ਕੇ ਜਿੰਨੇ ਭੇਜੇ ਹਨ ਉਨ੍ਹਾਂ ਸਾਰਿਆਂ ਵਿਚੋਂ ਮੇਰਾ ਸਤਿਗੁਰੂ ਨਾਨਕ ਦੇਵ ਵੱਡਾ ਹੈ ਜਿਸ ਨੇ ਇਸ ਕਲਜੁਗ ਵਿਚ ਮੇਰੀ ਇੱਜ਼ਤ ਪਤ ਰੱਖ ਲਈ ਹੈ।

*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ।*

ਪ੍ਰਮਾਤਮਾ ਦੀ ਸਭ ਤੋਂ ਵੱਡੀ ਵਡਿਆਈ ਇਹ ਹੈ ਕਿ ਉਹ ਕਰਮ ਕਰਦਾ ਵੀ ਅਕਰਤਾ ਹੈ। ਕਰਤਾ ਏਡਾ ਵੱਡਾ ਹੈ ਕਿ ਉਸ ਦੇ ਇਕ ਹੁਕਮ ਨਾਲ ਸ੍ਰਿਸ਼ਟੀ ਦਾ ਸਾਰਾ ਪਸਾਰਾ ਹੋ ਜਾਂਦਾ ਹੈ।

*ਕੀਤਾ ਪਸਾਉ, ਏਕੋ ਕਵਾਉ, ਤਿਸਤੇ ਹੋਇ ਲਖ ਦਰੀਆਉ।* (ਜਪੁ)

ਕੋਈ ਚਿਤ੍ਰਕਾਰ ਚਿਤ੍ਰ ਬਣਾਉਂਦਾ ਹੈ ਤਾਂ ਆਪਣਾ ਨਾਂ ਲਿਖਦਾ ਹੈ ਪਰ ਉਸ ਵੱਡੇ ਚਿਤ੍ਰਕਾਰ ਨੇ ਏਡਾ ਵੱਡਾ ਜਗਤ ਚਿਤ੍ਰ ਬਣਾ ਕੇ ਕਿਤੇ ਵੀ ਆਪਣਾ ਨਾਂ ਨਹੀਂ ਲਿਖਿਆ। ਅਸੀਂ ਪੱਥਰਾਂ ਤੇ ਆਪਣਾ ਨਾਂ ਖੁਦਵਾ ਦਿੰਦੇ ਹਾਂ। ਪਰ ਉਸ ਪੱਥਰ ਬਣਾਉਣ ਵਾਲੇ ਨੇ ਕਿਸੇ ਪੱਥਰ ਤੇ ਆਪਣਾ ਨਾਂ ਨਹੀਂ ਲਿਖਿਆ। ਕਰਮ ਤਾਂ ਸਾਰੇ ਉਸੇ ਦੇ ਹਨ ਪਰ ਸਾਨੂੰ ਉਸਦੇ ਹੱਥ ਨਜ਼ਰ ਨਹੀਂ ਆਉਂਦੇ। ਪਰ ਇਹ ਤਾਂ ਮੰਨਣਾ ਹੀ ਪਵੇਗਾ ਕਿ ਕਰਮ ਦੇ ਪਿੱਛੇ ਕੋਈ ਹੱਥ ਜ਼ਰੂਰ ਹਨ। ਭਾਵੇਂ ਉਹ ਗੁਪਤ ਹੀ ਹੋਣ। ਉਸ ਦੀ ਵੱਡੀ ਵਡਿਆਈ ਇਹੀ ਹੈ ਕਿ ਕਰਤਾ ਹੁੰਦਿਆਂ ਹੋਇਆਂ ਵੀ ਉਹ ਅਕਰਤਾ ਹੈ।

ਪਰ ਜਿਨ੍ਹਾਂ ਨੂੰ ਅਸੀਂ ਰੱਬ ਦੇ ਭੇਜੇ ਕਹਿੰਦੇ ਹਾਂ ਉਨ੍ਹਾਂ ਵਿਚੋਂ ਤਾਂ ਅਨੇਕਾਂ ਆਪਣੇ ਆਪ ਨੂੰ ਭਗਵਾਨ ਅਖਵਾਉਣ ਲੱਗ ਪਏ, ਉਨ੍ਹਾਂ ਏਥੋਂ ਤੱਕ ਦਾਅਵਾ ਕੀਤਾ ਕਿ ਜਿਹੜਾ ਕੰਮ ਰੱਬ ਵੀ ਨਹੀਂ ਕਰ ਸਕਦਾ ਉਹ ਅਸੀਂ ਕਰ ਦਿਆਂਗੇ। ਜਿਹੜਾ ਬੰਦਾ

ਇਹ ਆਖੇ ਸਭ ਕੁਝ ਪ੍ਰਮਾਤਮਾ ਹੀ ਕਰਦਾ ਹੈ ਮੈਂ ਕੁਝ ਨਹੀਂ ਕਰ ਸਕਦਾ ਉਸਦੇ ਨੇੜੇ ਕੌਣ ਆਵੇਗਾ? ਆਮ ਲੋਕੀਂ ਤਾਂ ਇਹੀ ਸਮਝਣਗੇ ਕਿ ਇਹ ਗ਼ਰੀਬ ਤਾਂ ਸਾਡੇ ਵਰਗਾ ਹੀ ਹੈ, ਇਸ ਵਿਚ ਤੇ ਸਾਡੇ ਵਿਚ ਕੀ ਫਰਕ ਹੈ? ਜਿੱਡਾ ਵੱਡਾ ਕੋਈ ਕਰਤਾ ਬਣੇ ਉਨਾ ਵੱਡਾ ਹੀ ਸੰਸਾਰ ਵਿਚ ਉਸਦਾ ਬੋਲਬਾਲਾ ਹੋ ਜਾਂਦਾ ਹੈ। ਸੱਚ ਹੈ ਕਿ ਜਿਹੜੇ ਬੰਦੇ ਕਿਸੇ ਪਾਗਲਖਾਨੇ ਜਾਂ ਕਿਸੇ ਜੇਲ੍ਹ ਵਿਚ ਚਾਹੀਦੇ ਸਨ ਉਹ ਅਨੇਕਾਂ ਪੀਰ ਤੇ ਮਹਾਂਪੁਰਖ ਬਣ ਕੇ ਬੈਠੇ ਹਨ।

ਸਤਿਗੁਰੂ ਨਾਨਕ ਦੇਵ ਨੇ ਬਾਕੀ ਦਾਅਵੇ ਤਾਂ ਛੱਡੇ ਹੀ ਸਨ ਉਨ੍ਹਾਂ ਗਿਆਨ ਦਾ, ਫ਼ਕੀਰੀ ਦਾ ਵੀ ਕੋਈ ਦਾਅਵਾ ਨਹੀਂ ਕੀਤਾ ਸਗੋਂ ਐਸੇ ਬਚਨ ਕਹੇ:

*ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ॥*
*ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂੰ ਨਾਹੀ ਵੀਸਰਿਆ॥*
*(ਆਸਾ ਮ: ੧, ਪੰਨਾ ੧੨)*

ਉਨ੍ਹਾਂ ਦੀ ਬਾਣੀ ਪੜ੍ਹੋ, ਕਹਿੰਦੇ ਹਨ ਗਿਆਨ ਮੇਰਾ ਨਹੀਂ, ਪ੍ਰਮਾਤਮਾ ਦਾ ਹੈ, ਮੈਂ ਤਾਂ ਵੀਚਾਰ ਕਰਕੇ ਸੁਣਾ ਰਿਹਾ ਹਾਂ। ਪ੍ਰੇਰਣਾ ਤਾਂ ਪ੍ਰਮਾਤਮਾ ਆਪ ਹੀ ਦੇਂਦਾ ਹੈ ਬਾਣੀ ਤਾਂ ਉਸ ਵੱਲੋਂ ਹੀ ਆਉਂਦੀ ਹੈ।

*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।*
*(ਤਿਲੰਗ ਮ: ੧ ਪੰਨਾ ੭੨੨)*

ਭਾਈ ਮਰਦਾਨਾ ਜੀ ਪੁੱਛਦੇ ਹਨ ਕਿ ਬਾਬਾ ਜੀ ਅੱਗੋਂ ਕਿਧਰ ਜਾਣਾ ਹੈ, ਕਹਿੰਦੇ ਹਨ ਮਰਦਾਨਿਆ! ਜਿਧਰ ਕਰਤਾਰ ਲੈ ਜਾਂਵੇ। ਆਪਣਾ ਕੋਈ ਦਾਅਵਾ ਨਹੀਂ।

*ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥*
*ਸਭਨੀ ਛਾਲਾਂ ਮਾਰੀਆ ਕਰਤਾ ਕਰੈ ਸੁ ਹੋਇ॥*
*(ਮ: ੧ ਵਾਰ ਆਸਾ: ਪੰਨਾ ੪੬੯)*

ਗੁਰੂ ਨਾਨਕ ਦੇਵ ਜੀ ਇਸ ਲਈ ਵੱਡੇ ਹਨ ਕਿ ਪ੍ਰਮਾਤਮਾ ਨੇ ਜਿਹੜੀ ਜ਼ੁਮੇਵਾਰੀ ਉਨ੍ਹਾਂ ਨੂੰ ਸੌਂਪੀ ਸੀ ਉਨ੍ਹਾਂ ਨੇ ਖਿੜੇ ਮੱਥੇ ਨਿਭਾਈ। ਤੇ ਅਖੀਰ ਵਿਚ ਕਿਹਾ ਕਿ ਹੇ ਦਾਤਾ ਤੇਰੇ ਇਸ ਗੁਲਾਮ ਦੀ ਕੀ ਚਤੁਰਾਈ ਹੈ। ਜੋ ਸਾਹਿਬ ਜੀ ਆਪ ਨੇ ਹੁਕਮ ਕੀਤਾ ਸੀ ਮੈਂ ਚੰਗੀ ਤਰ੍ਹਾਂ ਨਿਭਾ ਨਹੀਂ ਸਕਿਆ।

*ਤੇਰੇ ਲਾਲੇ ਕਿਆ ਚਤੁਰਾਈ॥*
*ਸਾਹਿਬ ਕਾ ਹੁਕਮੁ ਨ ਕਰਣਾ ਜਾਈ॥* *(ਮਾਰੂ ਮ: ੧, ਪੰਨਾ ੯੯੧)*

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਸਿੱਧਾਂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਤੁਸੀਂ ਬੜੇ ਵੱਡੇ ਪੁਰਖ ਪ੍ਰਗਟ ਹੋਏ ਹੋ। ਤੁਸੀਂ ਕਲਜੁਗ ਵਿਚ ਰੂਹਾਨੀਅਤ ਦੀ ਜੋਤ, ਸ਼ਬਦ ਦੀ ਜੋਤ ਜਗਾਈ ਹੈ। ਇਸ ਕਲਜੁਗ ਦੇ ਝੱਖੜ ਵਿਚ ਅਸੀਂ ਰੂਹਾਨੀਅਤ ਦਾ ਦੀਵਾ ਜਗਾਉਣ ਦਾ ਜਤਨ ਕਰਦੇ ਹਾਂ ਉਹ ਫਿਰ ਬੁਝ ਜਾਂਦਾ ਹੈ। ਪਰ ਤੁਸੀ

ਇੰਨੀ ਹਨੇਰੀ ਵਿਚ ਸ਼ਬਦ ਦੀ ਜੋਤ ਜਗਾ ਦਿੱਤੀ ਹੈ ਜਿਸ ਤੋਂ ਸਦਾ ਵਾਸਤੇ ਹੀ ਤੁਹਾਡੀ ਸਿੱਖੀ ਰੌਸ਼ਨੀ ਲੈਂਦੀ ਰਹੇਗੀ, ਇਹ ਤੁਹਾਡੀ ਵੱਡੀ ਕਮਾਈ ਹੈ।

*ਸਿਧ ਬੋਲਣ ਸੁਭ ਬਚਨ ਧਨ ਨਾਨਕ ਤੇਰੀ ਵਡੀ ਕਮਾਈ।*
*ਵਡਾ ਪੁਰਖ ਪ੍ਰਗਟਿਆ ਕਲਜੁਗ ਅੰਦਰ ਜੋਤਿ ਜਗਾਈ।*

ਭਾਈ ਸਾਹਿਬ ਭਾਈ ਨੰਦ ਲਾਲ ਜੀ ਸਤਿਗੁਰੂ ਦੀ ਵਡਿਆਈ ਲਿਖਦੇ ਕਹਿੰਦੇ ਹਨ :

ਕਿ ਪ੍ਰਮਾਤਮਾ ਨੇ ਆਪ ਹੀ ਕਿਹਾ ਹੈ, ਕਿ ਗੁਰੂ ਨਾਨਕ ਦੇਵ ਜੀ ਸਾਰੇ ਜਗਤ ਦੇ ਗੁਰੂ ਹਨ ਇਹ ਸਭ ਨੂੰ ਮੁਕਤ ਕਰਨ ਵਾਲੇ ਹਨ। ਤੇ ਸਭ ਤੇ ਰਹਿਮ ਕਰਨ ਵਾਲੇ ਹਨ। ਉਨ੍ਹਾਂ ਨੇ ਸਜ਼ਾ ਦੇਣ ਵਾਲੇ ਨਹੀਂ ਆਖਿਆ, ਰਹਿਮ ਕਰਨ ਵਾਲੇ ਤੇ ਮੁਕਤ ਕਰਨ ਵਾਲੇ ਕਿਹਾ ਹੈ।

*ਹਕਸ਼ ਗੁਫ਼ਤ ਖ਼ੁਦ ਮੁਰਸ਼ਦੁਲ ਆਲਮੀ।*
*ਨਿਜਾਤੁਲਵਰਾ ਰਹਿਮਤੁਲ ਮੁਜਨਬੀ।* *(ਭਾ: ਨੰਦ ਲਾਲ ਜੀ)*

ਇਕ ਮੁਸਲਮਾਨ ਲਿਖਾਰੀ ਦਾ ਕਥਨ ਹੈ ਕਿ:

*ਬਾਬਾ ਨਾਨਕ ਕਿਤਾਬ ਦਾਰਦ।*
*(ਧਾਰਮਿਕ ਗ੍ਰੰਥ ਬਾਣੀ ਆਪਣੀ ਹੈ)*
*ਬਾਬਾ ਨਾਨਕ ਉਮਤ ਦਾਰਦ।*
*(ਸੰਗਤ ਮਹਾਨ ਹੈ ਆਪਣੀ ਹੈ)*
*ਬਾਬਾ ਨਾਨਕ ਅਸਹਾਬ ਦਾਰਦ।*
*(ਨਿਕਟ ਵਰਤੀ ਇਤਬਾਰ ਯੋਗ ਸੇਵਕ ਹਨ)*
*ਬਾਬਾ ਨਾਨਕ ਮੋਅਜਜਾ ਦਾਰਦ।*
*(ਕਰਾਮਾਤਾਂ ਚਰਨਾਂ ਵਿਚ ਹਾਜ਼ਰ ਹਨ)*
*ਬਜ਼ੁਰਗ ਤਰ ਮੁਸਲਮਾਨ ਬਾਹਮ ਬਾ ਕਰਾਮਾਤ ਕਾਇਲ ਅੰਦ*
*ਪਸ ਬਾਬਾ ਨਾਨਕ ਬਿਲਾ ਸ਼ੱਕ ਵ ਸੁਬਹੇ ਨਬੀਅਸਤ*
*ਬਾਬਾ ਨਾਨਕ ਨਬੀ ਅਸਤ।*

ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚੋਂ ਸਾਖੀਆਂ ਪੜ੍ਹ ਕੇ ਹੈਰਾਨ ਹੋ ਜਾਈਦਾ ਹੈ ਕਿ ਕੌਡਾ ਰਾਕਸ਼ ਤੇ ਹੋਰ ਕਈ ਐਸੇ ਕਹਿੰਦੇ ਹਨ ਕਿ ਸਾਨੂੰ ਸਾਡੇ ਗੁਰੂ ਨੇ ਸਰਾਪ ਦਿੱਤਾ ਸੀ। ਤੇ ਕਿਹਾ ਸੀ ਕਿ ਤੁਹਾਨੂੰ ਗੁਰੂ ਨਾਨਕ ਬਖਸ਼ਣਗੇ। ਸੱਚ ਹੈ ਸਰਾਪ ਦੇਣ ਵਾਲੇ ਗੁਰੂ ਬਹੁਤ ਹਨ ਪਰ ਸ੍ਰਾਪ ਬਖਸ਼ ਕੇ ਸੁਖ ਦੇਣ ਵਾਲੇ, ਮਾਂ ਵਾਲਾ ਪਿਆਰ ਭਰਿਆ ਹਿਰਦਾ ਰੱਖਣ ਵਾਲੇ ਵਡੇ ਗੁਰੂ ਤਾਂ ਗੁਰੂ ਨਾਨਕ ਦੇਵ ਜੀ ਹੀ ਹਨ।

ਵੀਚਾਰਨ ਵਾਲੀ ਗੱਲ ਇਹ ਹੈ ਕਿ ਜੇ ਬਾਣੀ ਉਚਾਰਣ ਵਾਲੇ ਨੂੰ ਉਚਾਰਣ ਦਾ, ਲਿਖਣ ਦਾ ਕੋਈ ਗੁਮਾਨ ਨਹੀਂ। ਤਾਂ ਪਾਠ ਕਰਨ ਵਾਲੇ ਨੂੰ, ਕੀਰਤਨ ਕਰਨ

ਵਾਲੇ ਨੂੰ, ਕਥਾ ਕਰਨ ਵਾਲੇ ਨੂੰ, ਮੱਥਾ ਟੇਕਣ ਵਾਲੇ ਨੂੰ, ਚੌਰ ਕਰਨ ਵਾਲੇ ਨੂੰ ਕਿਉਂ ਅਭਿਮਾਨ ਹੋਵੇ। ਗੁਰੂ ਦੀਆਂ ਵੱਡੀਆਂ ਵਡਿਆਈਆਂ ਜੋ ਭਾਈ ਨੰਦ ਲਾਲ ਨੇ ਲਿਖੀਆਂ ਹਨ ਬੜੀ ਵੱਡੀ ਵਡਿਆਈ ਹੈ ਕਿ ਉਹ ਰਹਿਮ ਕਰਨ ਵਾਲੇ ਹਨ। ਇਕ ਕਥਾ ਹੈ ਕਿ ਇਕ ਬਾਦਸ਼ਾਹ ਦਾ ਜਨਮ ਦਿਨ ਮਨਾਇਆ ਜਾਣਾ ਸੀ। ਜਨਮ ਦਿਨ ਵਾਲੇ ਸਮੇਂ ਇਕ ਸੋਨੇ ਦੇ ਖਾਸ ਥਾਲ ਵਿਚ ਗੁਲਦਸਤਾ ਰੱਖ ਕੇ ਉਸ ਦੀ ਭੇਟ ਕੀਤਾ ਜਾਂਦਾ ਸੀ। ਇਕ ਨੌਕਰ ਨੇ ਉਹ ਥਾਲ ਚੁਰਾ ਲਿਆ। ਥਾਲ ਬੜਾ ਕੀਮਤੀ ਸੀ। ਸਾਲ ਵਿਚ ਇਕ ਵਾਰ ਵਰਤਿਆ ਜਾਂਦਾ ਸੀ। ਬਾਦਸ਼ਾਹ ਨੇ ਵੇਖ ਲਿਆ ਪਰ ਆਖਿਆ ਕੁਝ ਨਹੀਂ। ਉਸ ਥਾਲ ਦੀ ਲੋੜ ਪਈ। ਬਾਦਸ਼ਾਹ ਦੀ ਵਰ੍ਹੇ ਗੰਢ ਸੀ ਉਸੇ ਥਾਲ ਵਿਚ ਫੁਲਾਂ ਦਾ ਗੁਲਦਸਤਾ ਰੱਖ ਕੇ ਬਾਦਸ਼ਾਹ ਦੀ ਭੇਟ ਕੀਤਾ ਜਾਣਾ ਸੀ। ਸਭ ਨੌਕਰ ਪ੍ਰੇਸ਼ਾਨ ਹਨ ਕਿ ਗੁਲਦਸਤਾ ਰੱਖਣ ਵਾਲਾ ਥਾਲ ਕਿੱਥੇ ਗਿਆ ਹੈ। ਕਿਵੇਂ ਚੋਰੀ ਹੋ ਗਿਆ ਹੈ ਅਤੇ ਕਿਸੇ ਨੇ ਵੇਖਿਆ ਨਹੀਂ। ਬਾਦਸ਼ਾਹ ਨੇ ਕਿਹਾ ਫਿਕਰ ਨਾ ਕਰੋ, ਗੁਲਦਸਤਾ ਰੱਖਣ ਵਾਲਾ ਥਾਲ ਜਿਥੇ ਜਾਣਾ ਸੀ ਗਿਆ ਹੁਣ ਹੋਰ ਲੈ ਆਓ, ਜਿਸ ਨੇ ਚੁਰਾਇਆ ਹੈ ਉਹ ਵਾਪਸ ਦੇਵੇਗਾ ਨਹੀਂ ਅਤੇ ਜਿਸਨੇ ਵੇਖਿਆ ਹੈ ਉਹ ਦੱਸੇਗਾ ਨਹੀਂ।

ਥਾਲ ਨਵਾਂ ਆ ਗਿਆ, ਵਰ੍ਹੇਗੰਢ ਦੀ ਰਸਮ ਪੂਰੀ ਹੋ ਗਈ। ਸਮਾਂ ਗੁਜ਼ਰ ਜਾਣ ਤੇ ਬਾਦਸ਼ਾਹ ਨੇ ਉਸਨੂੰ ਬੁਲਾਇਆ ਜਿਸ ਨੌਕਰ ਨੇ ਥਾਲ ਚੋਰੀ ਕੀਤਾ ਸੀ। ਕਿਹਾ ਕਿ ਥਾਲ ਨਵਾਂ ਬਣ ਗਿਆ ਹੈ ਜੇ ਪਹਿਲੇ ਨਾਲ ਕੰਮ ਨਾ ਸਰਿਆ ਹੋਵੇ ਤਾਂ ਇਹ ਵੀ ਲੈ ਜਾ ਮੈਂ ਤੇਰੇ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਪਹਿਲਾਂ ਵੀ ਕਿਸੇ ਨੂੰ ਨਹੀਂ ਸੀ ਦੱਸਿਆ ਹੁਣ ਵੀ ਨਹੀਂ ਦੱਸਾਂਗਾ। ਨੌਕਰ ਨੇ ਪੈਰ ਫੜ ਲਏ ਤੇ ਜਾਨ ਬਖਸ਼ੀ ਲਈ ਤਰਲਾ ਲਿਆ। ਮਾਲਕ ਨੇ ਕਿਹਾ ਕਿ ਮੈਂ ਤਾਂ ਸਿਰਫ ਇਕ ਵਾਰ ਐਸਾ ਕੀਤਾ ਹੈ ਉਹ ਪ੍ਰਮਾਤਮਾ ਤਾਂ ਨਿਤ ਹੀ ਐਸਾ ਕਰਦਾ ਹੈ। ਮੈਂ ਸੋਚ ਰਿਹਾ ਸਾਂ ਕਿ ਤੇਰੀ ਕੋਈ ਮਜਬੂਰੀ ਹੋਵੇਗੀ ਤੂੰ ਤਾਂ ਚੋਰੀ ਕੀਤੀ ਹੋਵੇਗੀ। ਮੈਂ ਤੇਰੀ ਸਹੀ ਪਾਲਣਾ ਨਹੀਂ ਕਰ ਸਕਿਆ। ਕਿਸੇ ਬਾਦਸ਼ਾਹ ਦੀ ਇਹ ਇਕ ਕਹਾਣੀ ਹੈ ਪਰ ਧੰਨ ਗੁਰੂ ਨਾਨਕ ਦੇਵ ਜੀ ਨੇ ਤਾਂ ਸਿਰਫ ਥਾਲ ਚੁਰਾਉਣ ਵਾਲਿਆਂ ਨੂੰ ਹੀ ਨਹੀਂ ਸਗੋਂ ਸਮੁੱਚੇ ਬੰਦੇ ਖਾ ਜਾਣ ਵਾਲਿਆਂ ਨੂੰ, ਅਨੇਕਾਂ ਕਤਲ ਕਰਨ ਵਾਲਿਆਂ ਨੂੰ ਵੀ ਮੁਆਫ਼ ਕੀਤਾ। ਤੇ ਪ੍ਰਮਾਤਮਾ ਨੂੰ ਵੀ ਕਿਹਾ ਕਿ ਦਾਤਾ! ਇਨ੍ਹਾਂ ਜੀਵਾਂ ਤੇ ਗੁੱਸਾ ਨਾ ਕਰਨਾ। ਗੁੱਸਾ ਆਵੇ ਵੀ ਤੇ ਕਿਸ ਤੇ ਆਵੇ। ਤੂੰ ਜੀਵਾਂ ਦਾ ਹੈ ਜੀਵ ਤੇਰੇ ਹਨ।

*ਤੇਰੇ ਜੀਅ ਜੀਆ ਕਾ ਤੋਹਿ॥ ਕਿਤ ਕਉ ਸਾਹਿਬ ਆਵੈ ਰੋਹਿ॥*
*ਜੇ ਤੂ, ਸਾਹਿਬ, ਆਵੈ ਰੋਹਿ॥ ਤੂ ਓਨਾ ਕਾ ਤੇਰੇ ਓਹਿ॥*

*(ਸਿਰੀ ਰਾਗ ਮ: ੧, ਪੰਨਾ ੨੪)*

■ ■ ■

# ੮

# ਸੱਚਾ ਸੌਦਾ

ਸਾਖੀ ਪ੍ਰਸਿੱਧ ਹੈ ਕਿ ਸਤਿਗੁਰਾਂ ਸੱਚਾ ਸੌਦਾ ਕੀਤਾ ਸੀ ਤੇ ਉਸ ਅਸਥਾਨ ਤੇ ਗੁਰਦਵਾਰਾ ਸਾਹਿਬ 'ਸੱਚਾ ਸੌਦਾ' ਪਾਕਿਸਤਾਨ ਵਿੱਚ ਮੌਜੂਦ ਹੈ। ਸੱਚਾ ਸੌਦਾ ਸ਼ਬਦ ਹੀ ਇਕ ਖਿਆਲ ਪੈਦਾ ਕਰਦਾ ਹੈ ਕਿ ਝੂਠਾ ਸੌਦਾ ਵੀ ਹੋ ਸਕਦਾ ਹੈ। ਬਹੁਤ ਹੀ ਥੋੜ੍ਹੇ ਸ਼ਬਦਾਂ ਵਿਚ ਫੈਸਲਾ ਕਰਨਾ ਹੋਵੇ ਤਾਂ ਇਹ ਸ਼ਬਦ ਵਰਤ ਸਕਾਂਗੇ ਕਿ ਜੋ ਝੂਠ ਦੇ ਆਸਰੇ ਹੁੰਦਾ ਹੈ ਉਹ ਝੂਠਾ ਸੌਦਾ ਹੈ। ਜੋ ਸੱਚ ਦੇ ਆਸਰੇ ਹੁੰਦਾ ਹੈ ਉਹ ਸੱਚਾ ਸੌਦਾ ਹੈ। ਜਿਸ ਲਈ ਝੂਠ ਬੋਲਣਾ ਪਵੇ ਉਹ ਝੂਠਾ ਸੌਦਾ ਹੈ। ਪਰ ਜੋ ਸੱਚ ਬੋਲਿਆਂ ਹੋ ਜਾਵੇ, ਉਹ ਸੱਚਾ ਸੌਦਾ ਹੈ।

ਸੰਸਾਰ ਵਿਚ ਕੁਝ ਦੇਣਾ, ਵੰਡਣਾ, ਦੂਸਰੇ ਦਾ ਭਲਾ ਕਰਨਾ, ਦੂਸਰੇ ਦੀ ਸੇਵਾ ਕਰਨਾ, ਇੰਝ ਕਹਾਂ ਕਿ ਰੱਬ ਨੂੰ ਯਾਦ ਕਰਨਾ ਇਹ ਮਨ ਦਾ ਸੱਚਾ ਸੌਦਾ ਹੈ। ਰੱਬ ਦੇ ਸੰਸਾਰ ਦੀ ਸੇਵਾ ਇਹ ਤਨ ਦਾ ਸੱਚਾ ਸੌਦਾ ਹੈ। ਦੋਵਾਂ ਨੂੰ ਜੋੜ ਦੇਈਏ ਤਾਂ ਸਿਮਰਨ ਅਤੇ ਸੇਵਾ, ਇਹ ਸੱਚਾ ਸੌਦਾ ਹੋਵੇਗਾ।

ਭਾਈ ਗੁਰਦਾਸ ਜੀ ਨੇ ਕੱਚੇ ਸੌਦੇ ਤੇ ਸੱਚੇ ਸੌਦੇ ਬਾਰੇ ਇਸ ਤਰ੍ਹਾਂ ਲਿਖਿਆ ਹੈ ਕਿ :

ਹੋਰ ਦੁਕਾਨਾਂ ਤੇ ਦੁਕਾਨਦਾਰ ਜਦੋਂ ਕੋਈ ਮਾਲ ਵੇਚਣ ਆਉਂਦਾ ਹੈ ਤਾਂ ਸਸਤੇ ਭਾਅ ਖਰੀਦਦੇ ਹਨ, ਪਰ ਜਦੋਂ ਕੋਈ ਲੈਣ ਆਉਂਦਾ ਹੈ ਤਾਂ ਮਹਿੰਗੇ ਭਾਅ ਵੇਚਦੇ ਹਨ ਭਾਵ ਇਕ ਦੂਸਰੇ ਨੂੰ ਠੱਗਦੇ ਹਨ। ਇਹੀ ਕਾਰਨ ਹੈ ਕਿ ਵਪਾਰੀ ਵਪਾਰ ਵਿਚ ਚੌਕੰਨਾ ਹੋਵੇ ਤਾਂ ਬਚਦਾ ਹੈ ਨਹੀਂ ਤਾਂ ਲੁੱਟਿਆ ਜਾਂਦਾ ਹੈ। ਲੱਕੜ ਦੀ ਹਾਂਡੀ ਇਕ ਵਾਰ ਚੁਲ੍ਹੇ ਤੇ ਚੜ੍ਹਦੀ ਹੈ ਵਾਰ ਵਾਰ ਨਹੀਂ। ਵਪਾਰੀ ਦਾ ਕਪਟ ਛੁਪਿਆ ਨਹੀਂ ਰਹਿੰਦਾ ਪਤਾ ਲੱਗ ਹੀ ਜਾਂਦਾ ਹੈ ਕਿ ਇਹ ਮੇਰੇ ਨਾਲ ਧੋਖਾ ਕਰ ਰਿਹਾ ਹੈ। ਸਤਿਗੁਰੂ

ਐਸੇ ਸ਼ਾਹ ਹਨ ਜੋ ਗੁਣ ਦੇ ਦੇਂਦੇ ਹਨ ਅਤੇ ਅਵਗੁਣ ਲੈ ਲੈਂਦੇ ਹਨ ਇਸੇ ਕਰਕੇ ਗੁਰੂ ਦੀ ਸ਼ੋਭਾ ਸੁਣ ਕੇ ਸਾਰਾ ਜਗਤ ਹੀ ਸਤਿਗੁਰੂ ਦੇ ਚਰਨ ਪਰਸਨ ਲਈ ਦੌੜਦਾ ਆਉਂਦਾ ਹੈ।

*ਆਨਿ ਹਾਟ ਕੇ ਹਟੂਆ ਲੇਤ ਹੈ ਘਟਾਇ ਮੋਲ,*
*ਦੇਤ ਹੈ ਚੜਾਇ ਡਹਕਤ ਜੋਈ ਆਵੈ ਜੂ।*
*ਤਿਨ ਸਿਉ ਬਨਜ ਕੀਏ ਬੜਤਾ ਨਾ ਪਾਵੈ ਕੋਊ,*
*ਤੋਟਾ ਕੈ ਬਨਜ ਪੇਖਿ ਪੇਖਿ ਪਛਤਾਵੈ ਜੂ।*
*ਕਾਠ ਹੂੰ ਕੀ ਹਾਂਡੀ ਜੈਸੇ ਚੜੈ ਏਕ ਬਾਰ,*
*ਕਪਟ ਬਿਉਹਾਰ ਕੀਏ ਆਪਹਿ ਲਖਾਵੈ ਜੂ।*
*ਸਤਿਗੁਰ ਸ਼ਾਹ ਗੁਣ ਦੇਤ ਅਵਗੁਣ ਲੇਤ,*
*ਸੁਨਿ ਸੁਨਿ ਸੁਜਸ ਜਗਤ ਉਠਿ ਧਾਵੈ ਜੂ।*

ਧਰਮ ਤੇ ਧੰਦਾ ਜੇ ਵੱਖ-ਵੱਖ ਹੋਣ ਤਾਂ ਸੰਸਾਰ ਅਧੂਰਾ ਹੋਵੇਗਾ। ਇਕ ਮਨੁੱਖ ਧੰਦਾ ਕਰੇ ਤੇ ਦੂਸਰਾ ਮਨੁੱਖ ਧਰਮ ਕਰੇ। ਜੇ ਦੋਵੇਂ ਰਲ ਕੇ ਵੀ ਚੱਲਣ ਤਾਂ ਵੀ ਮੇਲ ਐਸਾ ਹੋਵੇਗਾ ਜਿਵੇਂ ਦੋ ਅਪੰਗ ਤੇ ਅਪਾਹਜ ਰਲ ਕੇ ਚੱਲ ਰਹੇ ਹੋਣ। ਹਰ ਬੰਦੇ ਪਾਸ ਮਨ ਹੈ ਇਸ ਲਈ ਸ਼ੁਭ ਵੀਚਾਰਾਂ ਤੇ ਮਨ ਦੀ ਸ਼ਾਂਤੀ ਮਨ ਦਾ ਟਿਕਾਉ ਬੜਾ ਜ਼ਰੂਰੀ ਹੈ। ਉਹ ਧਰਮ ਬਿਨਾਂ ਨਹੀਂ ਹੋ ਸਕਦਾ। ਬੰਦੇ ਨੂੰ ਪੇਟ ਲੱਗਾ ਹੈ, ਅੰਨ ਤੇ ਜਲ ਬਿਨਾਂ ਇਹ ਸਰੀਰ ਨਹੀਂ ਚੱਲ ਸਕਦਾ। ਇਸ ਲਈ ਰੋਟੀ ਖਾਣੀ ਜਿਥੇ ਲਾਜ਼ਮੀ ਹੈ ਉਥੇ ਰੋਟੀ ਕਮਾਣੀ ਵੀ ਲਾਜ਼ਮੀ ਹੈ। ਗੁਰੂ ਨਾਨਕ ਦੇਵ ਜੀ ਨੇ ਧਰਮ ਤੇ ਧੰਦੇ ਨੂੰ ਜੋੜ ਦਿਤਾਂ। ਸੱਚ ਤੇ ਸੌਦੇ ਨੂੰ ਜੋੜ ਦਿੱਤਾ। ਉਨ੍ਹਾਂ ਸੱਚਾ ਸੌਦਾ ਕਰਕੇ ਇਹ ਸਮਝਾ ਦਿਤਾ ਕਿ ਗ੍ਰਿਸਤੀ ਸਾਧੂ ਹੋ ਸਕਦਾ ਹੈ। ਅਤੇ ਆਪ ਕਿਰਤ ਕਰਕੇ ਦੂਸਰੇ ਦੀ ਸੇਵਾ ਕਰ ਸਕਦਾ ਹੈ। ਜਿਹੜਾ ਕ੍ਰਿਤ ਕਰਕੇ ਨਾਮ ਜਪ ਸਕਦਾ ਹੈ, ਵੰਡ ਕੇ ਛਕ ਸਕਦਾ ਹੈ, ਉਹ ਕਿਸੇ ਹੋਰ ਦੀ ਝਾਕ ਵਿਚ ਕਿਉਂ ਬੈਠਾ ਰਹੇ? ਧਿਆਨ ਨਾਲ ਵੀਚਾਰੀਏ ਤਾਂ ਸੱਚੇ ਸੌਦੇ ਦੀ ਸਾਖੀ ਗ੍ਰਿਸਤੀਆਂ ਨੂੰ ਵੀ ਸਿਖਿਆ ਦੇ ਰਹੀ ਹੈ ਕਿ ਗ੍ਰਿਸਤੀ ਬੰਦੇ, ਤੂੰ ਕਾਰ ਵਿਹਾਰ ਕਰਦਾ ਹੋਇਆ ਵੀ ਸੇਵਕ ਬਣ, ਵੰਡ ਕੇ ਛਕ।

*ਪੁੰਨ ਦਾਨ ਕਾ ਕਰੇ ਸਰੀਰੁ॥*
*ਸੋ ਗਿਰਹੀ ਗੰਗਾ ਕਾ ਨੀਰੁ॥* *(ਮ: ੧ ਰਾਮਕਲੀ ਕੀ ਵਾਰ, ਮ: ੩)*

ਸਤਿਗੁਰੂ ਫੁਰਮਾਉਂਦੇ ਹਨ—

*ਗੁਰੁਪੀਰ ਸਦਾਏ ਮੰਗਣ ਜਾਇ॥ ਤਾਕੈ ਮੂਲਿ ਨ ਲਗੀਐ ਪਾਇ॥*
*ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ।*
*(ਸਲੋਕ ਮ: ੧ ਵਾਰ ਸਾਰੰਗ ਕੀ, ਮ: ੪, ਪੰਨਾ ੧੨੪੫)*

ਇਕ ਸਾਧੂ ਪੁੱਛ ਰਿਹਾ ਸੀ ਕਿ ਇਸ ਨਗਰ ਵਿਚ ਕੋਈ ਐਸਾ ਧਰਮੀ ਬੰਦਾ ਹੈ ਜਿਸਦੀ ਧਰਮ ਦੀ ਕਮਾਈ ਹੋਵੇ। ਜਿਸਦੀ ਕਿਰਤ ਸੁੱਚੀ ਹੋਵੇ। ਮੈਂ ਉਸ ਘਰੋਂ ਪ੍ਰਸ਼ਾਦਾ ਛਕਣਾ ਚਾਹੁੰਦਾ ਹਾਂ। ਇਕ ਸਿਆਣੇ ਨੇ ਉਸ ਸਾਧੂ ਨੂੰ ਇਕ ਵਿਧਵਾ ਮਾਤਾ ਦੇ ਘਰ ਭੇਜ ਦਿੱਤਾ। ਤੇ ਕਿਹਾ ਕਿ ਉਹ ਮਾਤਾ ਇਕੱਲੀ ਹੈ, ਚਰਖਾ ਕਤਦੀ ਹੈ, ਸੂਤਰ ਵੇਚ ਕੇ ਆਪਣਾ ਗੁਜ਼ਾਰਾ ਕਰਦੀ ਹੈ। ਸਾਧੂ ਮਾਤਾ ਦੇ ਘਰ ਗਿਆ, ਜਾ ਕੇ ਮਾਤਾ ਨੂੰ ਕਿਹਾ ਮਾਤਾ ਜੀ ਮੈਂ ਸੁਣਿਆ ਹੈ ਕਿ ਤੁਹਾਡੀ ਕਿਰਤ ਬੜੀ ਸੁੱਚੀ ਹੈ, ਮੈਂ ਤੁਹਾਡੇ ਘਰੋਂ ਪ੍ਰਸ਼ਾਦਾ ਛਕਣਾ ਚਾਹੁੰਦਾ ਹਾਂ। ਮਾਤਾ ਨੇ ਕਿਹਾ ਸੰਤ ਜੀ ਪ੍ਰਸ਼ਾਦਾ ਛਕੋ, ਜੀ ਆਇਆਂ ਨੂੰ, ਪਰ ਮੈਂ ਸੁੱਚੀ ਕਿਰਤ ਦਾ ਦਾਵਾ ਨਹੀਂ ਕਰਦੀ। ਪਿਛੇ ਇਕ ਦਿਨ ਮੇਰੇ ਦੀਵੇ ਦਾ ਤੇਲ ਮੁੱਕ ਗਿਆ ਸੀ, ਮੈਂ ਚਰਖਾ ਚੁੱਕ ਦਿਤਾ ਕਿਉਂਕਿ ਰਾਤ ਦਾ ਹਨ੍ਹੇਰਾ ਸੀ। ਪਰ ਬੜਾ ਲੰਮਾ ਲਸ਼ਕਰ ਗੁਜ਼ਰ ਰਿਹਾ ਸੀ। ਰਾਜਾ ਜਾ ਰਿਹਾ ਸੀ, ਮੀਲਾਂ ਤੱਕ ਲੰਮਾ ਜਲੂਸ ਸੀ। ਮਸ਼ਾਲਾਂ ਬਲ ਰਹੀਆਂ ਸਨ, ਮੇਰੇ ਘਰ ਰੌਸ਼ਨੀ ਹੋ ਰਹੀ ਸੀ। ਮੈਂ ਸੋਚਿਆ ਕਿ ਦੋ ਮੁੱਢੇ ਲਾਹ ਹੀ ਲਵਾਂ। ਮੈਂ ਚਰਖਾ ਕੱਤਣ ਲੱਗ ਪਈ ਸੀ। ਬਾਅਦ ਵਿਚ ਖਿਆਲ ਆਇਆ ਕਿ ਜਿਹੜਾ ਸੂਤਰ ਮੈਂ ਬੇਗਾਨੀ ਰੌਸ਼ਨੀ ਵਿਚ ਕੱਤਿਆ ਹੈ ਇਹ ਮੇਰੀ ਧਰਮ ਦੀ ਕਿਰਤ ਵਿਚ ਮਿਲਾਵਟ ਤਾਂ ਨਹੀਂ ਹੋ ਗਈ?

ਸਾਧੂ ਨੇ ਮਾਤਾ ਦੇ ਪੈਰ ਫੜ ਲਏ, ਮਾਤਾ ਤੂੰ ਧੰਨ ਹੈਂ। ਮਾਤਾ ਨੇ ਕਿਹਾ, ਪ੍ਰਸ਼ਾਦਾ ਮੈਂ ਤਿਆਰ ਕਰਦੀ ਹਾਂ। ਪਰ ਮੈਂ ਤੁਹਾਨੂੰ ਇਕ ਗੱਲ ਕਹਾਂ ਕਿ ਤੁਸੀਂ ਕਿਸੇ ਦੀ ਕਮਾਈ ਬਾਰੇ ਪੁਛਦੇ ਫਿਰਦੇ ਹੋ, ਦੋ ਰੋਟੀਆਂ ਵਾਸਤੇ ਤੁਸੀਂ ਆਪ ਹੀ ਕਿਰਤ ਕਿਉਂ ਨਹੀਂ ਕਰ ਲੈਂਦੇ ਤਾਂ ਕਿ ਤੁਹਾਨੂੰ ਕਿਰਤ ਕਮਾਈ ਪਵਿੱਤਰ ਹੈ ਕਿ ਅਪਵਿੱਤਰ ਕੋਈ ਸ਼ੱਕ ਹੀ ਨਾ ਰਹਿ ਜਾਏ। ਉਸ ਸਾਧੂ ਨੇ ਕਿਹਾ ਮਾਤਾ ਤੇਰਾ ਧੰਨਵਾਦ ਹੈ, ਤੂੰ ਮੇਰਾ ਮਾਰਗ ਦਰਸ਼ਨ ਕੀਤਾ ਹੈ। ਤੂੰ ਮੇਰੀ ਗੁਰੂ ਹੈਂ ਹੁਣ ਮੈਂ ਆਪ ਕੰਮ ਕਰਕੇ ਹੀ ਪ੍ਰਸ਼ਾਦਾ ਛਕਾਂਗਾ।

ਸਤਿਗੁਰਾਂ ਦੇ ਇਕ ਸਿੱਖ ਭਾਈ ਸ਼ੀਹੇ ਦੀ ਸਾਖੀ ਹੈ ਕਿ ਉਸਦੇ ਘਰ ਬੜੀ ਹੀ ਗਰੀਬੀ ਸੀ। ਘਰ ਵਿਚ ਪੁੱਤਰ ਜਨਮਿਆ ਸੀ। ਭਾਈ ਲਹਿਣੇ ਦੀ ਦੁਕਾਨ ਤੇ ਸੌਦਾ ਲੈਣ ਗਿਆ ਸੀ। ਭਾਈ ਲਹਿਣੇ ਨੇ ਉਸਨੂੰ ਜਦੋਂ ਗਰੀਬ ਜਾਣ ਕੇ ਕੁਝ ਰਸਦ ਵਾਧੂ ਦੇਣੀ ਚਾਹੀ ਤਾਂ ਉਸਨੇ ਇਨਕਾਰ ਕਰ ਦਿੱਤਾ। ਸਗੋਂ ਉਹ ਜੋ ਆਟਾ ਲੈ ਕੇ ਗਿਆ ਸੀ ਉਨ੍ਹਾਂ ਰੋਟੀਆਂ ਵਿਚੋਂ ਵੀ ਕੁਝ ਲੋੜਵੰਦਾਂ ਨੂੰ ਛਕਾ ਦਿੱਤੀਆਂ। ਭਾਈ ਲਹਿਣੇ ਨੂੰ ਦੱਸਿਆ ਕਿ ਇਹ ਮਤਿ ਮੈਨੂੰ ਗੁਰੂ ਨਾਨਕ ਦੇਵ ਜੀ ਨੇ ਦਿੱਤੀ ਹੈ। ਇਹ ਸਬਰ ਸੰਤੋਖ ਉਨ੍ਹਾਂ ਦਾ ਬਖਸ਼ਿਆ ਹੈ। ਭਾਈ ਲਹਿਣੇ ਨੂੰ ਗੁਰੂ ਨਾਨਕ ਦੇਵ ਜੀ ਤੱਕ ਪਹੁੰਚਣ ਦੀ ਪ੍ਰੇਰਣਾ ਦੋ ਸਿੱਖਾਂ ਪਾਸੋਂ ਮਿਲੀ ਸੀ। ਇਕ ਭਾਈ ਸ਼ੀਹੇ ਪਾਸੋਂ ਦੂਸਰੀ ਭਾਈ ਜੋਧ ਪਾਸੋਂ ਜੋ ਅੰਮ੍ਰਿਤ ਵੇਲੇ ਉੱਠ ਕੇ ਬਾਣੀ ਪੜ੍ਹਦਾ ਸੀ।

ਅਸੀਂ ਵੀਚਾਰ ਰਹੇ ਸਾਂ ਕਿ ਗੁਰੂ ਨਾਨਕ ਦੇਵ ਨੇ ਕਿਰਤ ਤੇ ਕੀਰਤੀ ਨੂੰ ਜੋੜ ਦਿੱਤਾ। ਸੱਚ ਤੇ ਸੌਦੇ ਨੂੰ ਇਕੱਠਾ ਕਰ ਦਿੱਤਾ।

ਪਿਤਾ ਨੇ ਕਿਹਾ ਸੀ ਖਰਾ ਸੌਦਾ ਕਰਕੇ ਆਉਣਾ। ਉਨ੍ਹਾਂ ਦਾ ਭਾਵ ਸੀ ਕਿ ਤੁਸੀਂ ਵੀਹਾਂ ਦੇ ਚਾਲ੍ਹੀ ਜ਼ਰੂਰ ਬਣਾ ਕੇ ਆਉਣਾ ਪਰ ਸਤਿਗੁਰਾਂ ਦੇ ਸੌਦੇ ਨਿਰਾਲੇ ਸਨ। ਨਾਮ ਰੰਗ ਵਿਚ ਰਤੇ ਹੋਏ ਸਾਧੂਆਂ ਨੂੰ ਵੇਖਿਆ ਜੋ ਰੱਬ ਦੇ ਸਿਦਕ ਤੇ ਭਰੋਸੇ ਵਿਚ ਬੈਠੇ ਸਨ। ਸੱਚ ਹੈ ਜਾਂ ਤਾਂ ਬੰਦਾ ਕਿਰਤ ਕਰੇ ਜਾਂ ਫਿਰ ਏਨਾ ਸੰਤੋਖੀ ਹੋਵੇ ਜਿੰਨੇ ਸੰਤ ਰੇਣ ਦਾਸ ਸਨ। ਸਤਿਗੁਰਾਂ ਲੰਗਰ ਛਕਾਉਣ ਦੀ ਇੱਛਾ ਜ਼ਾਹਰ ਕੀਤੀ ਤਾਂ ਉਨ੍ਹਾਂ ਵਾਰ ਵਾਰ ਇਨਕਾਰ ਕੀਤਾ ਤੇ ਕਿਹਾ ਕਿ ਤੁਹਾਨੂੰ ਤੁਹਾਡੇ ਪਿਤਾ ਨੇ ਜਿਸ ਕੰਮ ਲਈ ਭੇਜਿਆ ਹੈ ਉਹੀ ਕੰਮ ਕਰੋ। ਮੈਂ ਇਹ ਪੈਸੇ ਲੰਗਰ ਵਿਚ ਲਾ ਦਿਆਂ ਤਾਂ ਤੁਹਾਡਾ ਪਿਤਾ ਜ਼ਰੂਰ ਕਹੇਗਾ ਕਿ ਉਹ ਸੰਤ ਸਨ ਕਿ ਲੁਟੇਰੇ, ਮੇਰੇ ਭੋਲੇ ਭਾਲੇ ਪੁੱਤਰ ਨੂੰ ਠੱਗ ਲਿਆ ਹੈ। ਵਪਾਰ ਲਈ ਆਏ ਪੈਸੇ ਮੈਂ ਸੇਵਾ ਵਿਚ ਹਰਗਿਜ਼ ਨਹੀਂ ਲੱਗਣ ਦਿਆਂਗਾ। ਕਿੰਨੇ ਸੰਤੋਖੀ ਸਨ ਸੰਤ ਰੇਣ ਦਾਸ।

ਇਕ ਪਾਖੰਡੀ ਸਾਧੂ ਬਾਰੇ ਮੈਂ ਸੁਣਿਆ ਹੈ ਕਿ ਉਹ ਸ਼ਿਕਾਰ ਦੀ ਤਰ੍ਹਾਂ ਲਭਦਾ ਫਿਰਦਾ ਸੀ ਕਿ ਕੋਈ ਕਾਬੂ ਆ ਜਾਏ ਤੇ ਮੈਂ ਆਪਣੀਆਂ ਲੋੜਾਂ ਪੂਰੀਆਂ ਕਰ ਲਵਾਂ। ਇਕ ਨੌਜਵਾਨ ਮੱਥਾ ਖੁਰਕ ਰਿਹਾ ਸੀ। ਉਸ ਨੇ ਸਮਝਿਆ ਮੈਨੂੰ ਨਮਸਕਾਰ ਕਰਦਾ ਪਿਆ ਹੈ। ਉਸਨੇ ਬੜੀਆਂ ਅਸੀਸਾਂ ਦਿੱਤੀਆਂ ਤੇ ਕਿਹਾ ਕਿ ਮੈਂ ਫ਼ਿਰ-ਫਿਰ ਕੇ ਥੱਕ ਗਿਆ ਹਾਂ। ਮੈਂ ਤੇਰੇ ਘਰ ਅਟਕਣਾ ਚਾਹੁੰਦਾ ਹਾਂ। ਨੌਜਵਾਨ ਗ੍ਰਿਸਤੀ ਸੀ ਪਤਨੀ ਚੰਗੇ ਸੁਭਾਅ ਦੀ ਸੀ। ਆਪ ਨਰਮ ਦਿਲ ਤੇ ਸੇਵਾ ਭਾਵ ਵਾਲਾ ਸੀ। ਸਾਧੂ ਨੂੰ ਘਰ ਲੈ ਗਿਆ। ਸਾਧੂ ਲੋਭ ਵੀ ਦੇ ਰਿਹਾ ਸੀ, ਸਾਖੀਆਂ ਸੁਣਾਉਂਦਾ ਸੀ ਕਿ ਜਿਸ ਜਿਸ ਨੇ ਮੇਰੀ ਸੇਵਾ ਕੀਤੀ ਉਸ ਉਸ ਨੂੰ ਕਿਵੇਂ ਮੈਂ ਧੰਨਵਾਨ ਬਣਾ ਦਿੱਤਾ। ਤੇ ਡਰਾ ਵੀ ਰਿਹਾ ਸੀ ਕਿ ਜਿਸ ਜਿਸ ਨੇ ਮੇਰੀ ਹੁਕਮ ਅਦੂਲੀ ਕੀਤੀ ਮੈਂ ਸਰਾਪ ਦਿੱਤਾ। ਉਹ ਬੰਦੇ ਸ਼ਾਹਾਂ ਤੋਂ ਕੰਗਾਲ ਹੋ ਗਏ, ਉਨ੍ਹਾਂ ਦੇ ਘਰ ਦੁੱਖਾਂ ਨਾਲ ਭਰ ਗਏ। ਸਾਧੂ ਨਵੇਂ ਤੋਂ ਨਵਾਂ ਹਵਨ ਦੱਸ ਰਿਹਾ ਸੀ। ਫਿਰ ਕਹਿ ਰਿਹਾ ਸੀ ਏਨੇ ਪੈਸੇ ਦਿਉ ਮੈਂ ਪ੍ਰਯਾਗ ਰਾਜ ਭੰਡਾਰਾ ਕਰਨਾ ਹੈ, ਏਨੇ ਪੈਸੇ ਹਰਦਵਾਰ ਦੇ ਭੰਡਾਰੇ ਲਈ ਦੇ ਦੇਵੋ, ਨਾ ਦੇਵੋ ਤਾਂ ਮੇਰੇ ਮੂੰਹੋਂ ਸਰਾਪ ਨਾ ਨਿਕਲ ਜਾਵੇ। ਨੌਜਵਾਨ ਨੇ ਤੇ ਉਸਦੀ ਪਤਨੀ ਨੇ ਜੋ ਆਪਣੇ ਜ਼ੇਵਰ ਸਨ ਉਹ ਵੀ ਵੇਚ ਕੇ ਲਗਾ ਦਿੱਤੇ। ਆਖਰ ਹੁਣ ਕੋਲ ਕੁਝ ਵੀ ਨਹੀਂ ਸੀ। ਸੰਤਾਂ ਨੇ ਵੀ ਵੇਖ ਲਿਆ ਕਿ ਏਥੇ ਹੋਰ ਕੁਝ ਨਹੀਂ, ਹਰਦਵਾਰ ਦਾ ਮੇਲਾ ਆ ਗਿਆ। ਤਿਆਰ ਹੋ ਪਏ, ਜਦੋਂ ਤੁਰਨ ਲੱਗੇ ਤਾਂ ਨੌਜਵਾਨ ਪਤੀ ਤੇ ਪਤਨੀ ਨੇ ਵੇਖਿਆ ਕਿ ਜਿਹੜਾ ਸਾਧੂ ਸਾਨੂੰ ਘਰ ਬਹਿਸ਼ਤ ਬਣਾਉਣ ਦਾ ਲੋਭ ਦਿੰਦਾ ਸੀ ਇਹ ਤਾਂ ਸਾਡਾ ਘਰ ਉਜਾੜ ਕੇ ਚੱਲਿਆ ਹੈ। ਤੋਰਨ ਲੱਗਿਆਂ ਉਨ੍ਹਾਂ ਦੇ ਅੱਥਰੂ ਨਿਕਲ ਆਏ ਤੇ ਡਰ ਸੀ ਕਿ ਕਿਤੇ ਸਰਾਪ ਨਾ ਦੇ ਜਾਵੇ। ਸੰਤਾਂ ਨੇ ਵੇਖਿਆ ਤੇ ਕਹਿਣ ਲੱਗੇ, ਬੱਚਿਓ, ਮੈਨੂੰ ਪਤਾ ਹੈ ਤੁਸੀਂ ਮੇਰੇ ਵਿਛੋੜੇ ਨੂੰ ਨਾ ਸਹਾਰਦੇ ਹੋਏ ਰੋ ਰਹੇ ਹੋ। ਇਹ ਤੁਹਾਡਾ ਰੋਣਾ ਮੇਰੇ ਕੋਲੋਂ ਨਹੀਂ ਸਹਾਰਿਆ ਜਾਂਦਾ। ਚੰਗਾ, ਜੇ ਤੁਸੀਂ ਨਹੀਂ ਚਾਹੁੰਦੇ ਤਾਂ ਮੈਂ ਨਹੀਂ ਜਾਂਦਾ। ਉਸ ਨੌਜਵਾਨ ਦਾ ਦਿਲ ਭਰ

ਆਇਆ ਤੇ ਉਸਨੇ ਕਿਹਾ ਕਿ ਮਹਾਤਮਾ ਜੀ! ਮੈਨੂੰ ਇੱਕ ਗੱਲ ਦੱਸੋ, ਮੈਂ ਤਾਂ ਮੱਥਾ ਹੀ ਖੁਰਕਿਆ ਸੀ ਤੇ ਮੇਰਾ ਇਹ ਹਾਲ ਹੋਇਆ ਹੈ ਜਿਹੜੇ ਤੁਹਾਨੂੰ ਮੱਥਾ ਟੇਕਦੇ ਹੋਣਗੇ ਉਨ੍ਹਾਂ ਦਾ ਕੀ ਹਾਲ ਹੁੰਦਾ ਹੋਵੇਗਾ, ਐਸੇ ਸਾਧੂ ਹੁੰਦੇ ਤਾਂ ਗੁਰੂ ਨਾਨਕ ਉਨ੍ਹਾਂ ਨੂੰ ਜ਼ਰੂਰ ਕਹਿੰਦੇ, ਕਿ ਕਿਰਤ ਕਰੋ ਤੇ ਛਕੋ ਮੰਗਣਾ ਛੱਡ ਦਿਉ। ਸਤਿਗੁਰੂ ਉਨ੍ਹਾਂ ਸਾਧੂਆਂ ਦੀ ਸੇਵਾ ਕਰ ਰਹੇ ਸਨ ਜਿਹੜੇ ਕਹਿ ਰਹੇ ਸਨ ਕਿ ਅਸੀਂ ਕਿਸੇ ਦਾ ਹੱਕ ਨਹੀਂ ਖਾਂਦੇ, ਜਦੋਂ ਰੱਬ ਭੇਜੇਗਾ, ਅਸੀਂ ਛਕਾਂਗੇ। ਸਤਿਗੁਰਾਂ ਹੱਸ ਕੇ ਕਿਹਾ ਸੀ, ਸੰਤ ਜੀ ਜਿਸਨੂੰ ਤੁਸੀਂ ਅਰਾਧ ਰਹੇ ਹੋ ਜਿਸਦਾ ਭੇਜਿਆ ਤੁਸੀਂ ਛਕਦੇ ਹੋ ਜੇ ਮੈਨੂੰ ਉਸੇ ਨੇ ਹੀ ਭੇਜਿਆ ਹੋਵੇ ਤਾਂ ਫਿਰ ਲੰਗਰ ਛਕੋਗੇ ਕਿ ਨਹੀਂ?

ਜਦੋਂ ਸੰਤ ਰੇਣ ਦਾਸ ਨੇ ਸਤਿਗੁਰਾਂ ਵੱਲ ਵੇਖਿਆ ਤੇ ਸਤਿਗੁਰਾਂ ਨੇ ਸੰਤ ਰੇਣ ਵੱਲ ਨਜ਼ਰ ਭਰ ਕੇ ਵੇਖਿਆ। ਉਸਦੇ ਸਿਦਕ ਨੂੰ ਭਾਗ ਲੱਗ ਗਿਆ। ਉਸਦੇ ਅੰਦਰੋਂ ਜਨਮ-ਜਨਮ ਦੀ ਸੁੱਤੀ ਪ੍ਰੀਤੀ ਜਾਗ ਪਈ। ਗਦ-ਗਦ ਹੋ ਗਿਆ, ਕਹਿਣ ਲੱਗਾ ਆ ਗਏ ਹੋ। ਤੁਸੀਂ ਲੰਗਰ ਛਕਾਉਣ ਨਹੀਂ ਆਏ, ਬਹਾਨੇ ਨਾਲ ਮੈਨੂੰ ਭਾਗ ਲਾਉਣ ਆਏ ਹੋ। ਮੇਰੀ ਜਨਮ ਜਨਮ ਦੀ ਭੁੱਖ ਮੁਕਾਉਣ ਵਾਸਤੇ ਆਏ ਹੋ। ਅੱਜ ਮੇਰੀ ਸਾਧਨਾ ਸਫਲ ਹੋ ਗਈ ਹੈ। ਤੁਹਾਡੇ ਦਰਸ਼ਨਾਂ ਵਾਸਤੇ ਹੀ ਤਾਂ ਸਾਰੀ ਤਪ ਸਾਧਨਾ ਕਰ ਰਹੇ ਸਾਂ। ਲਿਆਓ ਰਸਦ ਛਕਾਓ ਲੰਗਰ, ਤੁਹਾਡੇ ਹੱਥੋਂ ਮੈਨੂੰ ਭੋਜਨ ਮਿਲੇ ਇਸ ਤੋਂ ਉਤਮ ਅੰਮ੍ਰਿਤ ਕੀ ਹੋਵੇਗਾ।

ਸਤਿਗੁਰਾਂ ਨੇ ਰਸਦ ਲਿਆਂਦੀ, ਲੰਗਰ ਤਿਆਰ ਹੋ ਗਿਆ। ਵੀਹ ਰੁਪੈ ਸਫਲ ਹੋ ਗਏ, ਸਾਧੂ ਤ੍ਰਿਪਤ ਹੋ ਗਏ। ਸਤਿਗੁਰੂ ਦਾ ਲੰਗਰ ਅਰੰਭ ਹੋ ਗਿਆ, ਜੋ ਅੱਜ ਤੱਕ ਕਾਇਮ ਹੈ ਤੇ ਸਦਾ ਲਈ ਜੁਗੋ-ਜੁਗ ਅਟੱਲ ਰਹੇਗਾ। ਹਰ ਸ਼ੁਭ ਕੰਮ ਲਈ ਕੁਰਬਾਨੀ ਕਰਨੀ ਪੈਂਦੀ ਹੈ। ਸਤਿਗੁਰੂ ਨੂੰ ਲੰਗਰ ਚਲਾਉਣ ਵਾਸਤੇ ਆਪਣੇ ਮੂੰਹ ਤੇ ਚੁਪੇੜਾਂ ਖਾਣੀਆਂ ਪਈਆਂ। ਅਸੀਂ ਵੀ ਜੇ ਸੱਚੇ ਸੌਦੇ ਵਾਸਤੇ ਚਪੇੜਾਂ ਖਾ ਲਈਏ ਤਾਂ ਕਈ ਰਾਇ ਬੁਲਾਰ ਸਾਡੀ ਹਮਾਇਤ ਤੇ ਖੜ੍ਹੇ ਹੋਣਗੇ ਪਰ ਜੇ ਅਸੀਂ ਝੂਠੇ ਸੌਦਿਆਂ ਵਿਚ ਉਲਝ ਗਏ ਤਾਂ ਫਿਰ ਜਮਾਂ ਦੀਆਂ ਚਪੇੜਾਂ ਖਾਣੀਆਂ ਪੈਣੀਆਂ ਹਨ ਤੇ ਫਿਰ ਛੁਡਾਉਣ ਵਾਲਾ ਵੀ ਕੋਈ ਨਹੀਂ ਹੋਵੇਗਾ।

ਇਕ ਅਦੀਬ ਕਹਿੰਦੇ ਹਨ-

*ਕਰੀਮੇ ਕੀ ਬਾਕੀ ਨਿਸ਼ਾਨੀ ਰਹੇ।*
*ਕਿ ਬਾਦਲ ਗੁਜ਼ਰ ਜਾਇ ਪਾਨੀ ਰਹੇ।*
*ਗਿਰੇ ਮੂੰਹ ਸੇ ਹਾਥੀ ਕੇ ਤਿਨਕਾ ਅਗਰ।*
*ਤੋ ਚੀਟੀ ਬਿਚਾਰੀ ਕਾ ਭਰ ਜਾਇ ਘਰ।*
*ਖਫਾ ਵਕਤੇ ਖੈਰਾਤ ਹੋਨਾ ਨਾ ਤੁਮ।*
*ਕਿ ਭੂੰਨੇ ਹੁਏ ਬੀਜ ਬੋਨਾ ਨਾ ਤੁਮ।*

■ ■ ■

## ੯

# ਸੱਚ ਦਾ ਸੰਦੇਸ਼

ਸਤਿਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਜੋ ਧਰਮ ਦਿੱਤਾ ਹੈ ਇਹ ਸੱਚ ਦਾ ਧਰਮ ਹੈ। ਇਸ ਵਿਚ ਕੋਈ ਵੀ ਉਲਝਨ ਵਾਲੀ ਗੱਲ ਨਹੀਂ। ਬੰਦਾ ਜਿਹੜਾ ਵੀ ਕੰਮ ਕਰ ਰਿਹਾ ਹੈ ਕਰਮ ਕਰਦਾ ਸੱਚ ਦਾ ਪੱਲਾ ਨਾ ਛੱਡੇ ਤਾਂ ਇਸਦਾ ਹਰ ਇਕ ਕਰਮ ਬੰਦਗੀ ਹੀ ਹੋਵੇਗਾ। ਸਾਡਾ ਉਹ ਕੰਮ ਪਾਪ ਬਣ ਜਾਂਦਾ ਹੈ ਜਿਸਦੇ ਕਰਦਿਆਂ ਅਸੀਂ ਸੱਚ ਦਾ ਪੱਲਾ ਛੱਡ ਬੈਠਦੇ ਹਾਂ। ਅੰਦਰ ਸੱਚ ਨਾ ਵਸਿਆ ਹੋਵੇ ਤਾਂ ਵਿਵਹਾਰ ਵਿਚ ਸੱਚ ਕਦੀ ਨਹੀਂ ਆ ਸਕਦਾ। ਬੜੀ ਹੈਰਾਨੀ ਦੀ ਗੱਲ ਹੈ ਕਿ ਜਿਹੜੇ ਬੰਦੇ ਧਾਰਮਿਕ ਅਸਥਾਨਾਂ ਤੇ ਬੈਠੇ ਸੱਚ ਦੀਆਂ ਗੱਲਾਂ ਕਰਦੇ ਵੀ ਹਨ ਤੇ ਸੁਣਦੇ ਵੀ ਹਨ, ਧਾਰਮਿਕ ਗ੍ਰੰਥਾਂ ਨੂੰ ਪੜ੍ਹਦੇ ਸੁਣਦੇ ਸੱਚ ਦੀਆਂ ਵੀਚਾਰਾਂ ਕਰਦੇ ਹਨ, ਸੁਣਦੇ ਹਨ, ਉਨ੍ਹਾਂ ਨੂੰ ਵੇਖੀਏ ਤਾਂ ਇੰਝ ਹੀ ਜਾਪਦਾ ਹੈ ਕਿ ਇਨ੍ਹਾਂ ਵਿਚ ਤੇ ਰੱਬ ਵਿਚ ਕੋਈ ਫਰਕ ਨਹੀਂ। ਪਰ ਵਿਵਹਾਰਕ ਦੁਨੀਆਂ ਵਿਚ ਸਾਨੂੰ ਕੀ ਹੋ ਜਾਂਦਾ ਹੈ। ਅਸੀਂ ਉਹੋ ਹੀ ਬੰਦੇ ਹਾਂ। ਮਾਇਆ ਦੇ ਦੇਸ਼ ਵਿਚ ਅਸੀਂ ਪੈਸੇ-ਪੈਸੇ ਵਾਸਤੇ ਝੂਠ ਬੋਲਦੇ ਹਾਂ। ਝੂਠੀਆਂ ਕਸਮਾਂ ਚੁੱਕਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਵੇਖ ਲਿਆ ਸੀ ਕਿ ਬੰਦਾ ਨਿਰਾ ਵਪਾਰ ਵਿਚ, ਦੁਕਾਨ ਤੇ ਹੀ ਝੂਠ ਨਹੀਂ ਬੋਲਦਾ, ਬੰਦਾ ਰੱਬ ਨਾਲ ਵੀ ਧੋਖਾ ਕਰ ਰਿਹਾ ਹੈ। ਅਤੇ ਬੰਦਾ ਆਪਣੇ ਆਪ ਨਾਲ ਵੀ ਧੋਖਾ ਕਰ ਰਿਹਾ ਹੈ। ਬੰਦਾ ਜੇ ਇਹ ਸਮਝਦਾ ਹੈ ਕਿ ਮੈਂ ਜੋ ਪੂਜਾ ਕਰ ਰਿਹਾ ਹਾਂ ਇਹ ਮੈਂ ਮਨੋਂ ਨਹੀਂ ਕਰ ਰਿਹਾ। ਇਸ ਵਿਚ ਸੱਚ ਨਹੀਂ। ਮੈਂ ਜੋ ਨਮਾਜ਼ਾਂ ਪੜ੍ਹ ਰਿਹਾ ਹਾਂ ਇਨ੍ਹਾਂ ਵਿਚ ਕੋਈ ਸੱਚਾਈ ਨਹੀਂ। ਮੈਂ ਜੋ ਅਰਦਾਸਾਂ ਕਰ ਰਿਹਾ ਹਾਂ ਇਨ੍ਹਾਂ ਵਿਚ ਮੇਰਾ ਮਨ ਸਾਥ ਨਹੀਂ ਦੇ ਰਿਹਾ। ਮੈਂ ਸੁਣਿਆ ਹੈ ਇਕ ਸੱਜਣ ਨੇ ਰੱਬ ਪ੍ਰਤੀ ਪ੍ਰੇਮ ਵਿਖਾਉਂਦਿਆਂ ਦੂਸਰੇ ਮਿੱਤਰ ਨੂੰ ਕਿਹਾ, ਅਸੀਂ ਤਾਂ ਪ੍ਰਮਾਤਮਾ ਨਾਲ ਪੱਕਾ ਨਾਤਾ ਬਣਾਇਆ ਹੈ ਮੈਂ ਇਕ ਛੋਟਾ ਜਿਹਾ ਘੇਰਾ, ਗੋਲ ਚੱਕਰ, ਇਕ ਲੀਕ ਵਾਹ ਕੇ ਆਪਣੇ ਘਰ ਫਰਸ਼

ਤੇ ਬਣਾਉਂਦਾ ਹਾਂ। ਜਦੋਂ ਮੈਨੂੰ ਮਹੀਨੇ ਦੀ ਤਨਖ਼ਾਹ ਮਿਲਦੀ ਹੈ ਤਾਂ ਮੈਂ ਸਾਰੇ ਪੈਸੇ ਉੱਪਰ ਸੁੱਟਦਾ ਹਾਂ। ਜਿਹੜੇ ਉਸ ਘੇਰੇ ਵਿਚ ਪੈ ਜਾਣ ਉਹ ਪ੍ਰਮਾਤਮਾ ਦੇ, ਉਹ ਰੱਬ ਦੇ ਨਾਂ ਤੇ ਲਾ ਦਿੰਦਾ ਹਾਂ। ਬਾਕੀ ਜੋ ਬਾਹਰ ਡਿੱਗ ਪੈਣ ਉਹ ਮੇਰੇ ਕੰਮ ਆਉਂਦੇ ਹਨ। ਪਰ ਕੋਲ ਖੜ੍ਹੇ ਬੱਚੇ ਨੇ ਕਿਹਾ, ਪਿਤਾ ਜੀ! ਅੱਜ ਤੱਕ ਤਾਂ ਕੋਈ ਪੈਸਾ ਉਸ ਘੇਰੇ ਵਿਚ ਡਿੱਗਾ ਨਹੀਂ। ਉਸ ਨੇ ਬੱਚੇ ਨੂੰ ਕਿਹਾ, ਚੁੱਪ ਕਰ ਬੇਸਮਝ ਤੈਨੂੰ ਕੀ ਪਤਾ ਹੈ। ਮੈਂ ਤਾਂ ਸੁੱਟਦਾ ਹਾਂ ਅੱਗੋਂ ਰੱਬ ਦੇ ਭਾਗ। ਅਸਲ ਵਿਚ ਸੁੱਟਦਾ ਹੀ ਇਸ ਢੰਗ ਨਾਲ ਸੀ ਕਿ ਘੇਰੇ ਵਿਚ ਪਵੇ ਹੀ ਕੋਈ ਨਾ। ਦੂਸਰੇ ਮਿੱਤਰ ਨੇ ਕਿਹਾ, ਅਸੀਂ ਇੰਝ ਲੀਕਾਂ ਨਹੀਂ ਵਾਹੁੰਦੇ ਸਾਡਾ ਸਿੱਧਾ ਹੀ ਹਿਸਾਬ ਹੈ। ਆਪਾਂ ਤਾਂ ਜੋ ਮਿਲਦਾ ਹੈ ਸਾਰਾ ਹੀ ਉੱਪਰ ਸੁੱਟ ਦੇਂਦੇ ਹਾਂ, ਜਿਹੜਾ ਉੱਪਰ ਚੜ੍ਹ ਜਾਏ ਉਹ ਰੱਬ ਦਾ ਜਿਹੜਾ ਥੱਲੇ ਆ ਜਾਏ ਉਹ ਸਾਡਾ। ਬਸ ਸਭ ਕੁਝ ਇਕ ਵਾਰ ਰੱਬ ਦੇ ਹਵਾਲੇ ਕਰ ਦਿੰਦੇ ਹਾਂ। ਇਹ ਤਾਂ ਫਿਰ ਵੀ ਆਪਣੀ ਕਮਾਈ ਦੀ ਗੱਲ ਕਰਦੇ ਹਨ। ਪਰ ਸੰਸਾਰ ਵਿਚ ਉਹ ਬੰਦੇ ਵੀ ਮੌਜੂਦ ਹਨ ਜਿਹੜੇ ਧਾਰਮਿਕ ਅਸਥਾਨਾਂ ਨੂੰ ਵੇਚਣ ਲਈ ਨਿੱਤ ਹੀ ਤਤਪਰ ਰਹਿੰਦੇ ਹਨ। ਕੁਝ ਤਾਂ ਐਸੇ ਹਨ ਕਿ ਰੱਬ ਵੀ ਕਾਬੂ ਆ ਜਾਏ ਤਾਂ ਵੇਚਣੋਂ ਫ਼ਰਕ ਨਹੀਂ ਕਰਦੇ। ਰੱਬ ਦੀਆਂ ਮੂਰਤੀਆਂ ਵਿਕਦੀਆਂ ਹਨ ਤਾਂ ਰੱਬ ਨੂੰ ਕੌਣ ਛੱਡੇਗਾ? ਇਕ ਅਦੀਬ ਨੇ ਬੜਾ ਹੀ ਸੋਹਣਾ ਫੁਰਮਾਇਆ ਹੈ–

*ਖ਼ੁਦਾਇਆ ਹਵਸ਼ ਕੇ ਬੰਦੇ, ਵਫ਼ਾ ਕੋ ਬੇਚ ਦੇਤੇ ਹੈਂ।*
*ਖ਼ੁਦਾ ਕੇ ਘਰ ਕੀ ਕਿਆ ਕਹੀਐ, ਖ਼ੁਦਾ ਕੋ ਬੇਚ ਦੇਤੇ ਹੈਂ।*

ਗੁਰੂ ਨਾਨਕ ਦੇਵ ਜੀ ਨੇ ਨਮਾਜ਼ ਪੜ੍ਹਨ ਵਾਲੇ ਮੁੱਲਾ ਨੂੰ ਕਿਹਾ ਸੀ, ਮੁੱਲਾਂ! ਤੂੰ ਚੰਗੀ ਤਰ੍ਹਾਂ ਆਪ ਹੀ ਜਾਣਦਾ ਹੈ ਕਿ ਤੇਰੀ ਨਮਾਜ਼ ਪੜ੍ਹਨ ਵਿਚ ਕਿੰਨੀ ਕੁ ਸ਼ਰਧਾ ਹੈ, ਸੱਚਾਈ ਹੈ। ਤੂੰ ਇਹ ਵੀ ਚੰਗੀ ਤਰ੍ਹਾਂ ਜਾਣਦਾ ਹੈ ਕਿ ਇਸ ਤਰ੍ਹਾਂ ਗੈਰ-ਹਾਜ਼ਰ ਮਨ ਨਾਲ ਨਮਾਜ਼ ਪੜ੍ਹਿਆਂ ਮੇਰਾ ਹੀ ਕੁਝ ਨਹੀਂ ਸੰਵਰਿਆ ਤੇ ਮੇਰੇ ਮਗਰ ਪੜ੍ਹਨ ਵਾਲਿਆਂ ਦਾ ਕੀ ਬਣੇਗਾ? ਮੁੱਲਾਂ ਵਛੇਰੀ ਦੀ ਰਾਖੀ ਲਈ ਘਰ ਸੀ ਤੇ ਦੌਲਤ ਖਾਂ ਦਾ ਮਨ ਘੋੜੇ ਖਰੀਦਣ ਕੰਧਾਰ ਪੁੱਜਿਆ ਹੋਇਆ ਸੀ। ਭਾਈ ਸੰਤੋਖ ਸਿੰਘ ਬੜਾ ਸੁੰਦਰ ਲਿਖਦੇ ਹਨ ਕਿ ਮੁੱਲਾਂ ਨੂੰ ਕਿਹਾ–

*ਬੋਲੇ ਨਾਨਕ ਬੈਨ ਐਨ ਸੁਖ ਗੁਨ ਦਜਾ।*
*ਕਾਜ਼ੀ ਕਰੀ ਨਿਵਾਜ਼ ਸਦਨ ਮਹਿ ਮਨ ਗਯਾ ।* *(ਨਾਨਕ ਪ੍ਰਕਾਸ਼)*

ਤੇ ਦੌਲਤ ਖ਼ਾਂ ਨੂੰ ਕਿਹਾ–

*ਠਾਢੇ ਆਪ ਮਸੀਤ ਨਾ ਮਨ ਠਹਿਰਾਇਆ।*
*ਹੈ ਸਜਦੇ ਸਮੇ ਸੰਕਲਪ ਕੰਧਾਰ ਪਠਾਇਆ।* *(ਨਾਨਕ ਪ੍ਰਕਾਸ਼)*

ਉਨ੍ਹਾਂ ਦੇ ਕਹਿਣ ਦਾ ਭਾਵ ਸੀ ਕਿ ਤੂੰ ਜੋ ਵੀ ਕਰੇਂ ਉਹ ਸੱਚ ਹੋਵੇ ਤੇ ਸੱਚ ਦੀ ਨਿਸ਼ਾਨੀ ਇਹ ਹੋਵੇਗੀ ਕਿ ਜਦੋਂ ਸੱਚ ਦਾ ਹਿਰਦੇ ਵਿਚ ਪ੍ਰਵੇਸ਼ ਹੁੰਦਾ ਹੈ ਤਾਂ ਫਿਰ ਤਨ ਤੇ ਮਨ ਦੋਵੇਂ ਸਹਿਮਤ ਹੁੰਦੇ ਹਨ। ਕਈ ਕੰਮ ਹਨ ਅਸੀਂ ਤਨ ਲਗਾ ਦਿੰਦੇ ਹਾਂ ਮਨ ਨਹੀਂ ਲਗਦਾ। ਹੋ ਸਕਦਾ ਹੈ ਹੱਥਾਂ ਪੈਰਾਂ ਨਾਲ ਕੁਝ ਕੰਮ ਬਿਨਾਂ ਮਨ ਲਗਾਇਆਂ ਵੀ ਹੋ ਜਾਣ। ਜਿਵੇਂ ਇਕ ਬੰਦਾ ਗੱਡੀ ਚਲਾ ਰਿਹਾ ਹੈ ਹੋਰ ਯਾਦਾਂ ਮਨ ਵਿਚ ਆਉਂਦੀਆਂ ਹਨ ਪਰ ਹੱਥ ਪੈਰ ਆਪਣਾ ਕੰਮ ਕਰੀ ਜਾ ਰਹੇ ਹਨ। ਪਰ ਧਰਮ ਤਾਂ ਮਨ ਤੋਂ ਬਿਨਾਂ ਕਮਾਇਆ ਹੀ ਨਹੀਂ ਜਾ ਸਕਦਾ। ਬੰਦੇ ਦਾ ਤਨ ਕੁਝ ਕਰ ਰਿਹਾ ਹੈ, ਰੋਟੀ ਵਾਸਤੇ ਉਸਦੀ ਮਜਬੂਰੀ ਹੈ। ਪਰ ਜਦੋਂ ਤਨ ਨਾਲ ਮਨ ਵੀ ਸਹਿਮਤ ਹੋ ਜਾਏ ਤਾਂ ਸਮਝ ਲੈਣਾ ਕਿ ਕਰਮ ਵਿਚ ਸੱਚ ਆ ਉਤਰਿਆ ਹੈ, ਅਨੇਕਾਂ ਧਰਮ ਹਨ ਅਤੇ ਧਾਰਮਿਕ ਅਸਥਾਨ ਹਨ, ਅਨੇਕਾਂ ਬੰਦੇ ਤਨਖਾਹਦਾਰ ਕੰਮ ਕਰਦੇ ਹਨ। ਉਹੋ ਬੰਦੇ ਜੋ ਦੂਸਰਿਆਂ ਨੂੰ ਸਮਝਾਉਂਦੇ ਸਨ ਕਿ ਨਾਮ ਤੋਂ ਬਿਨਾਂ ਨਾਲ ਕੁਝ ਨਹੀਂ ਜਾਣਾ। ਨਾਮ ਤੋਂ ਬਿਨਾਂ ਜੀਵਨ ਬੇਕਾਰ ਹੈ। ਜਦੋਂ ਕੰਮ ਧੰਦਾ ਹੋਰ ਚੱਲ ਗਿਆ ਤਾਂ ਫਿਰ ਧਾਰਮਿਕ ਅਸਥਾਨ ਤੇ ਮੱਥਾ ਟੇਕਣ ਵੀ ਨਹੀਂ ਗਏ। ਗੁਰਦੁਆਰਿਆਂ ਦੇ ਅਨੇਕਾਂ ਸਕੱਤਰ, ਪ੍ਰਧਾਨ, ਪ੍ਰਬੰਧਕ ਹਨ ਜਿਸ ਦਿਨ ਕੋਈ ਖਾਸ ਇਕੱਠ ਹੈ ਉਸ ਦਿਨ ਚੌਧਰ ਵਾਸਤੇ ਆਉਣਾ ਹੈ। ਕੁਝ ਹੀ ਭਾਗਾਂ ਵਾਲੇ ਹੋਣਗੇ ਜੋ ਨਿੱਤ ਦੇ ਸਤਸੰਗੀ ਹਨ। ਪ੍ਰਧਾਨਗੀ ਸਕੱਤਰੀ ਤੋਂ ਉਤਰ ਗਏ ਤਾਂ ਗੁਰਦੁਆਰੇ ਦਾ ਰਾਹ ਹੀ ਭੁੱਲ ਜਾਂਦਾ ਹੈ। ਕਈਆਂ ਨੇ ਤਾਂ ਚੌਧਰ ਕਾਇਮ ਰੱਖਣ ਵਾਸਤੇ ਗੁਰਦੁਆਰੇ ਹੀ ਨਵੇਂ ਖੜ੍ਹੇ ਕਰ ਦਿੱਤੇ ਹਨ। ਪੁਜਾਰੀ ਤੇ ਪ੍ਰਬੰਧਕ ਇਹ ਹੀ ਜ਼ਿਆਦਾ ਧਰਮ ਦੇ ਦਾਅਵੇਦਾਰ ਹਨ। ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਪੁਜਾਰੀ ਵੀ ਸੀ ਤੇ ਪ੍ਰਬੰਧਕ ਵੀ। ਪ੍ਰਬੰਧਕ ਸੀ ਦੌਲਤ ਖ਼ਾਂ ਲੋਧੀ, ਤੇ ਪੁਜਾਰੀ ਸੀ ਮੁੱਲਾਂ, ਸਤਿਗੁਰਾਂ ਨੇ ਕਹਿ ਦਿੱਤਾ ਕਿ ਸੱਚ ਤੁਹਾਡੇ ਦੋਹਾਂ ਦੇ ਹੀ ਪੱਲੇ ਨਹੀਂ। ਇਸ ਗੱਲ ਨੂੰ ਸਿੱਖ ਪੰਥ ਅੱਜ ਸੁਚੇਤ ਹੋ ਕੇ ਸੋਚੇਗਾ ਤਾਂ ਭਵਿੱਖ ਸੰਵਰ ਸਕੇਗਾ। ਜਿਥੇ ਬੈਠ ਕੇ ਅਸੀਂ ਤੇਰਾ ਤੇਰਾ ਕਰਨਾ ਸੀ ਉਥੇ ਬੈਠ ਕੇ ਵੀ ਮੇਰਾ ਮੇਰਾ ਦਾ ਰਾਗ ਅਲਾਪ ਰਹੇ ਹਾਂ। ਧਾਰਮਿਕ ਅਸਥਾਨਾਂ ਵਿਚ ਤੇ ਵਪਾਰਕ ਅਦਾਰਿਆਂ ਵਿਚ ਕੁਝ ਫ਼ਰਕ ਚਾਹੀਦਾ ਹੈ। ਇਥੇ ਉਹ ਲੇਖੇ ਪੱਤੇ ਨਹੀਂ ਹੋਣੇ ਚਾਹੀਦੇ ਤੇ ਜੇ ਹੁੰਦੇ ਰਹੇ ਤਾਂ ਫਿਰ ਧਾਰਮਿਕ ਅਸਥਾਨ ਵੀ ਦੁਕਾਨਾਂ ਹੀ ਬਣ ਜਾਣਗੀਆਂ। ਜਿਵੇਂ ਕਿ ਲਗਪਗ ਹੋਇਆ ਹੀ ਪਿਆ ਹੈ। ਅਸੀਂ ਅੰਨ੍ਹੇ ਬੋਲੇ ਹੋਏ ਹਾਂ ਸੁਣਦੇ ਨਹੀਂ। ਵੈਸੇ ਗੁਰੂ ਨਾਨਕ ਦੇਵ ਜੀ ਅੱਜ ਵੀ ਬਾਣੀ ਵਿਚੋਂ ਸਾਖਿਆਤ ਬੋਲ ਰਹੇ ਹਨ। ਤੇ ਉਨ੍ਹਾਂ ਦੀ ਨਜ਼ਰ ਵਿਚ ਅਸੀਂ ਉਸ ਸੁਲਤਾਨਪੁਰ ਦੇ ਮੁੱਲਾਂ ਤੇ ਦੌਲਤ ਖ਼ਾਂ ਲੋਧੀ ਨਾਲੋਂ ਕਿੰਨੇ ਕੁ ਚੰਗੇ ਹੋਵਾਂਗੇ। ਇਹ ਅੰਦਾਜ਼ਾ ਅਸੀਂ ਆਪ ਹੀ ਲਗਾ ਸਕਦੇ ਹਾਂ। ਕਿ ਸਾਡੀ ਸੇਵਾ ਵਿਚ, ਸਾਡੇ ਸਿਮਰਨ ਵਿਚ ਸਾਡੀ ਅਰਦਾਸ ਵਿਚ ਕਿੰਨਾ ਕੁ ਸੱਚ ਹੈ? ਗੁਰੂ ਨਾਨਕ ਦੇਵ ਜੀ ਨੇ ਜਿਨ੍ਹਾਂ ਬੰਦਿਆਂ ਦੇ ਝੂਠ ਨੂੰ ਉਘਾੜਿਆ ਸੀ ਉਨ੍ਹਾਂ ਗੁਰੂ ਨਾਨਕ ਦੇਵ ਨੂੰ ਭੂਤਨਾ

ਕਿਹਾ। ਜਿਨ੍ਹਾਂ ਦੀ ਪਾਪ ਦੀ ਕਿਰਤ ਨੂੰ ਉਨ੍ਹਾਂ ਗ਼ਰੀਬਾਂ ਦਾ ਖ਼ੂਨ ਕਿਹਾ ਸੀ ਉਨ੍ਹਾਂ ਗੁਰੂ ਨਾਨਕ ਦੇਵ ਨੂੰ ਕੁਰਾਹੀਆ ਕਿਹਾ। ਜਿਨ੍ਹਾਂ ਬੰਦਿਆਂ ਨੂੰ ਉਨ੍ਹਾਂ ਜੀਵਨ ਦਾ ਅਸਲ ਗੁਰ ਦੱਸਿਆ, ਗੁਰੂ ਵਿਹੂਣਿਆਂ ਨੇ ਗੁਰੂ ਨਾਨਕ ਦੇਵ ਨੂੰ ਨਿਗੁਰਾ ਕਿਹਾ। ਜਦੋਂ ਗੁਰੂ ਨਾਨਕ ਦੇਵ ਜੀ ਮੋਦੀਖਾਨੇ ਦਾ ਕੰਮ ਨਿਪਟਾ ਕੇ ਸੁਲਤਾਨਪੁਰ ਦੇ ਸ਼ਮਸ਼ਾਨ ਘਾਟ ਵਿਚ ਆ ਬੈਠੇ ਤਾਂ ਇਕ ਮੁੱਲਾਂ ਨਗਰ ਦੇ ਕੁਝ ਬੰਦੇ ਜੋ ਤਮਾਸ਼ਬੀਨ ਸਨ ਉਨ੍ਹਾਂ ਨੂੰ ਨਾਲ ਲੈ ਕੇ ਆ ਪਹੁੰਚਿਆ ਤੇ ਕਿਹਾ ਕਿ ਗੁਰੂ ਨਾਨਕ ਦੇਵ ਨੂੰ ਭੂਤ ਚਿੰਬੜ ਗਿਆ ਹੈ। ਮੈਂ ਇਨ੍ਹਾਂ ਦਾ ਭੂਤ ਕੱਢਾਂਗਾ। ਕਵੀ ਚੂੜਾਮਣਿ ਦੀ ਲਿਖਤ ਅਨੁਸਾਰ ਉਸਨੇ ਗੁਰੂ ਜੀ ਦਾ ਸਹੁਰਾ ਪ੍ਰਵਾਰ ਵੀ ਨਾਲ ਲਿਆ। ਸਤਿਗੁਰੂ ਵਾਹਿਗੁਰੂ ਨਾਲ ਜੁੜੇ ਬੈਠੇ ਹਨ, ਉਸਨੇ ਕੁਝ ਧੁਖਾ ਕੇ ਗੁਰੂ ਜੀ ਦੀ ਨੱਕ ਕੋਲ ਕੀਤਾ। ਸਤਿਗੁਰਾਂ ਅੱਖ ਖੋਲ੍ਹੀ ਤੇ ਪੁੱਛਿਆ, ਕੀ ਗੱਲ ਹੈ ਤੇ ਉਸਨੇ ਰੌਲਾ ਪਾ ਦਿੱਤਾ ਕਿ ਹੁਣ ਭੂਤ ਬੋਲਿਆ ਹੈ—

*ਸੁਨਿ ਕਰਿ ਮਾਨਵ ਤਿਤ ਸਮੇ ਪਰੀ ਰੌਰ ਤਿਹ ਥਾਂਇ।*
*ਕਹਿਤ ਪਰਸਪਰ ਭੂਤਨਾ ਬੋਲਿਉ ਹੈ ਦੁਖ ਪਾਇ।* *(ਨਾਨਕ ਪ੍ਰਕਾਸ਼)*

ਸਤਿਗੁਰਾਂ ਇਸ ਮੁੱਲਾਂ ਨੂੰ ਹੀ ਕਿਹਾ ਸੀ ਤੂੰ ਹੀ ਭੂਤਾਂ ਦਾ ਜਨਮ ਦਾਤਾ ਹੈਂ, ਤੂੰ ਭੂਤਾਂ ਦਾ ਭੂਤ ਹੈਂ। ਤੇਰੇ ਵਰਗੇ ਧਾਰਮਿਕ ਆਗੂ ਨੂੰ ਇਹ ਗੱਲਾਂ ਸ਼ੋਭਾ ਨਹੀਂ ਦੇਂਦੀਆਂ, ਤੂੰ ਭਰਮ ਮਿਟਾਉਣਾ ਹੈ ਕਿ ਤੂੰ ਭਰਮ ਦਾ ਪ੍ਰਚਾਰ ਕਰਨਾ ਹੈ। ਜਿਹੜੇ ਮਲਕ ਭਾਗੋ ਵਰਗੇ ਬੰਦੇ ਰੱਜ ਕੇ ਜ਼ੁਲਮ ਤੇ ਪਾਪ ਵੀ ਕਰ ਲੈਣ। ਤੇ ਸਾਲ ਵਿਚ ਇਕ ਵਾਰ ਥੋੜ੍ਹਾ ਜਿਹਾ ਅਡੰਬਰ ਕਰਕੇ ਲੋਕਾਂ ਦੀ ਨਜ਼ਰ ਵਿਚ ਧਰਮੀ ਵੀ ਬਣੇ ਹੋਣ। ਗੁਰੂ ਨਾਨਕ ਦੇਵ ਜਦੋਂ ਉਨ੍ਹਾਂ ਨੂੰ ਸਿੱਧਾ ਰਾਹ ਦੱਸਣ ਤਾਂ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਕੁਰਾਹੀਏ ਹੀ ਜਾਪਣਗੇ। ਗੁਰੂ ਨਾਨਕ ਦੇਵ ਜੀ ਨਾਲੋਂ ਸੱਚਾ ਤੇ ਸਿੱਧਾ ਮਾਰਗ ਹੋਰ ਕਿਤੇ ਲੱਭਣਾ ਔਖਾ ਹੈ। ਫਿਰ ਕੀ ਕਾਰਨ ਹੈ ਕਿ ਉਸ ਵੇਲੇ ਦੇ ਲੋਕ ਗੁਰੂ ਨਾਨਕ ਦੇਵ ਜੀ ਨੂੰ ਕਿਉਂ ਭੂਤਨਾ ਤੇ ਬੇਤਾਲਾ ਤੇ ਕੁਰਾਹੀਆ ਕਹਿੰਦੇ ਸਨ। ਕਾਰਨ ਕੀ ਹੈ? ਕਾਰਨ ਇਕ ਹੀ ਜਾਪਦਾ ਹੈ ਕਿ ਸਾਰੀ ਦੁਨੀਆਂ ਜੇ ਪੁੱਠੀ ਤੁਰਦੀ ਹੋਵੇ ਤਾਂ ਸ਼ੱਕ ਵਾਲੀ ਗੱਲ ਨਹੀਂ, ਅਸੀਂ ਪੁੱਠੇ ਤੁਰਦੇ ਹਾਂ। ਕੁਝ ਸਮਾਂ ਪਹਿਲਾਂ ਮਨੁੱਖ ਚੌਹਾਂ ਹੱਥਾਂ ਪੈਰਾਂ ਨਾਲ ਤੁਰਦਾ ਸੀ, ਜਿਵੇਂ ਕਿ ਬਾਂਦਰ ਚਲਦਾ ਹੈ। ਸਾਰੇ ਮਨੁੱਖ ਇਸ ਤਰ੍ਹਾਂ ਚਲਦੇ ਸਨ ਜਦੋਂ ਕੋਈ ਪਹਿਲਾ ਮਨੁੱਖ ਦੋ ਲੱਤਾਂ ਦੇ ਭਾਰ ਉਠ ਕੇ ਤੁਰਿਆ ਹੋਵੇਗਾ ਤਾਂ ਬਾਕੀ ਸਾਰੇ ਕਹਿੰਦੇ ਹੋਣਗੇ ਕਿ ਇਹ ਪਾਗਲ ਕੀ ਕਰ ਰਿਹਾ ਹੈ। ਇਸ ਦਾ ਦਿਮਾਗ ਠੀਕ ਨਹੀਂ। ਕੋਈ ਕਹਿੰਦਾ ਹੋਵੇਗਾ ਇਹ ਸ਼ੈਤਾਨੀ ਕਰ ਰਿਹਾ ਹੈ। ਇਹ ਮਨੁੱਖਤਾ ਦੀ ਮਰਯਾਦਾ ਨੂੰ ਵਿਗਾੜ ਰਿਹਾ ਹੈ। ਜਿਵੇਂ ਸਾਰੇ ਤੁਰਦੇ ਹਨ ਇਹ ਕਿਉਂ ਨਹੀਂ ਤੁਰਦਾ। ਇਸੇ ਤਰ੍ਹਾਂ ਸਾਰਾ ਜਗਤ ਜਦੋਂ ਝੂਠ ਦਾ ਸਹਾਰਾ ਲੈ ਕੇ ਤੁਰਦਾ

ਹੋਵੇ ਤੇ ਅਚਾਨਕ ਹੀ ਕੋਈ ਸੱਚ ਦਾ ਸਹਾਰਾ ਲੈ ਕੇ ਚੱਲੇ ਤਾਂ ਹੈ ਤਾਂ ਤੁਰਨ ਦਾ ਢੰਗ ਤਾਂ ਇਹੀ ਹੈ ਕਿ ਬੰਦਾ ਸੱਚਾ ਹੋਵੇ। ਪਰ ਝੂਠਿਆਂ ਨੂੰ ਸੱਚਾ ਵੀ ਕੁਰਾਹੀਆ ਹੀ ਜਾਪਦਾ ਹੈ। ਇਸ ਲਈ ਉਹ ਕੁਰਾਹੀਆ ਕਹਿਣ ਲੱਗ ਪਏ।

ਜੋਗੀ ਨਿਗੁਰੇ ਸਨ, ਗੁਰੂ ਹੈ ਇਕ ਪ੍ਰਮਾਤਮਾ। ਪਰ ਪ੍ਰਮਾਤਮਾ ਦੀ ਪ੍ਰੇਮਾ ਭਗਤੀ ਉਨ੍ਹਾਂ ਵਿਚ ਨਹੀਂ ਸੀ। ਯੋਗ ਸਾਧਨਾ ਤੇ ਰਿਧੀਆਂ ਸਿਧੀਆਂ ਦਾ ਸਹਾਰਾ ਸੀ। ਉਹ ਗੁਰੂ ਨਾਨਕ ਦੇਵ ਨੂੰ ਵਾਰ ਵਾਰ ਪੁੱਛਦੇ ਸਨ ਕਿ ਤੁਹਾਡਾ ਗੁਰੂ ਕੌਣ ਹੈ। ਆਉ ਤੁਹਾਨੂੰ ਚੇਲਾ ਬਣਾ ਲਈਏ। ਸਤਿਗੁਰਾਂ ਕਿਹਾ ਨਿਗੁਰੇ ਤਾਂ ਤੁਸੀਂ ਆਪ ਹੋ, ਮੈਂ ਤਾਂ ਆਪਣੇ ਗੁਰੂ ਦੇ ਆਸਰੇ ਹਾਂ, ਉਸਦੇ ਆਸਰੇ ਤੋਂ ਬਿਨਾਂ ਕੋਈ ਟੇਕ ਨਹੀਂ ਰਖਦਾ।

*ਅਪਰੰਪਰ ਪਾਰਬ੍ਰਹਮੁ ਪ੍ਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ॥* *(ਸੋਰਠਿ ਮ: ੧, ਪੰਨਾ ੫੯੮)*

ਸਤਿਗੁਰਾਂ ਸਾਰੇ ਜਗਤ ਨੂੰ ਕਿਹਾ ਸੀ ਕਿ ਤੁਸੀਂ ਇਸ ਤਰ੍ਹਾਂ ਆਪਣੇ ਆਪ ਨੂੰ ਨਾ ਮਿਣੋ ਤੋਲੋ ਕਿ ਜਗਤ ਤੁਹਾਨੂੰ ਕੀ ਕਹਿੰਦਾ ਹੈ ਜਗਤ ਪ੍ਰਤੀ ਸੱਚੇ ਹੋਣ ਲਈ ਤੁਹਾਨੂੰ ਅਨੇਕਾਂ ਝੂਠੇ ਕੰਮ ਕਰਨੇ ਪੈਂਦੇ ਹਨ।

ਤੁਸੀਂ ਆਪਣਾ ਦੀਪਕ ਸੱਚ ਨੂੰ ਬਣਾਓ, ਆਪਣੇ ਪ੍ਰਤੀ ਸੱਚੇ ਹੋ ਜਾਉ, ਤੁਹਾਨੂੰ ਕਦੀ ਨਾ ਝੂਠ ਬੋਲਣਾ ਪਵੇਗਾ, ਨਾ ਝੂਠਾ ਕੰਮ ਕਰਨਾ ਪਵੇਗਾ। ਆਪਣੇ ਸਾਹਮਣੇ ਆਪ ਸੱਚੇ ਹੋ ਕੇ ਪੇਸ਼ ਹੋਣ ਦਾ ਸਾਹਸ ਕਰੋ ਤਾਂ ਤੁਹਾਡਾ ਹਰ ਕੰਮ ਬੰਦਗੀ ਹੈ। ਜੇ ਤੁਸੀਂ ਸੱਚੇ ਹੋ ਆਪਣੀ ਅਦਾਲਤ ਵਿਚ ਆਪ ਖੜ੍ਹੇ ਹੋ ਕੇ ਦੇਖੋ ਤੁਸੀਂ ਕੀ ਹੋ? ਤੁਸੀਂ ਸਾਰੇ ਜਗਤ ਕੋਲੋਂ ਤਾਂ ਆਪਣੇ ਗੁਨਾਹ ਲੁਕਾ ਸਕਦੇ ਹੋ, ਪਰ ਆਪਣੀ ਕੋਈ ਘਾਟ, ਆਪਣਾ ਕੋਈ ਪਾਪ ਆਪਣੇ ਆਪ ਤੋਂ ਤਾਂ ਨਹੀਂ ਛੁਪਾ ਸਕਦੇ। ਆਪਣੇ ਮਨ ਰੂਪੀ ਸ਼ੀਸ਼ੇ ਵਿਚੋਂ ਆਪਣਾ ਆਪਾ ਵੇਖੋ। ਤੁਹਾਨੂੰ ਤੁਹਾਡਾ ਸਹੀ ਸਰੂਪ ਨਜ਼ਰ ਆ ਜਾਵੇਗਾ। ਤੁਸੀਂ ਹਜ਼ਾਰਾਂ ਲੱਖਾਂ ਬੰਦਿਆਂ ਪਾਸੋਂ ਆਪਣੇ ਸਚਿਆਰ ਹੋਣ ਦੇ ਨਾਅਰੇ ਨਾ ਲਗਵਾਉ। ਤੁਸੀਂ ਲੱਖਾਂ ਬੰਦਿਆਂ ਦੇ ਮੂੰਹੋਂ ਆਪਣੇ ਚੰਗੇ ਹੋਣ ਦੀ ਡੌਂਡੀ ਪਿਟਵਾਉਣ ਦੀ ਬਜਾਇ ਤੁਸੀਂ ਸਿਰਫ਼ ਇਕ ਨੂੰ ਹੀ ਪੁੱਛੋ, ਉਹ ਇਕ ਤੁਹਾਡਾ ਮਨ ਹੈ। ਜੋ ਤੁਹਾਨੂੰ ਤੁਹਾਡਾ ਆਪਣਾ ਆਪਾ ਵਿਖਾਏਗਾ। ਜਿਸ ਦਿਨ ਤੁਹਾਡਾ ਮਨ ਇਹ ਗੱਲ ਕਹਿ ਲਏ ਕਿ ਤੁਸੀਂ ਠੀਕ ਹੋ, ਅਵੱਸ਼ ਹੀ ਤੁਸੀਂ ਰੱਬ ਦੇ ਘਰ ਪ੍ਰਵਾਨ ਹੋਵੋਗੇ।

ਜਗਤ ਪ੍ਰਤੀ ਸੱਚੇ ਹੋਣ ਲਈ ਬੰਦੇ ਨੇ ਪਾਖੰਡ ਕਰ ਲਿਆ ਹੈ, ਪਾਖੰਡ ਦਾ ਸਹਾਰਾ ਲੈ ਲਿਆ ਹੈ। ਪਰ ਆਪਣੇ ਮਨ ਪ੍ਰਤੀ ਸੱਚੇ ਹੋਣ ਲਈ ਪਾਖੰਡ ਦਾ ਸਹਾਰਾ ਨਹੀਂ ਚੱਲੇਗਾ। ਆਪਣੇ ਪ੍ਰਤੀ ਸੱਚੇ ਹੋਣ ਲਈ ਤਾਂ ਸੱਚ ਦਾ ਸਹਾਰਾ ਹੀ ਸਾਥ ਦੇਵੇਗਾ। ਰੱਬ ਸੱਚਾ ਹੈ ਉਸ ਨਾਲ ਮੇਲ ਸੱਚੇ ਦਾ ਹੀ ਹੋ ਸਕਦਾ ਹੈ। ਸੱਚੇ ਹੋਣਾ ਹੈ, ਆਪਣੇ ਪ੍ਰਤੀ ਇਹੀ ਬੰਦਗੀ ਦਾ ਪਹਿਲਾ ਕਦਮ ਹੈ ਇਹੀ ਆਖ਼ਰੀ ਕਦਮ ਹੈ।

■ ■ ■

# ੧੦

# ਧਰਤੀ ਦਾ ਦੇਵਤਾ

ਮਨੁੱਖ ਦੀ ਵੱਡੀ ਭੁੱਲ ਇਹ ਹੈ ਕਿ ਇਹ ਸਾਰੀ ਉਮਰ ਉਹ ਮਿਹਨਤ ਕਰਦਾ ਹੈ ਜਿਸ ਨਾਲ ਮਿਲਦਾ ਕੁਝ ਨਹੀਂ। ਤੇ ਸਮਾਂ ਇਸਦਾ ਸਾਰਾ ਹੀ ਬਰਬਾਦ ਹੋ ਜਾਂਦਾ ਹੈ। ਉਹ ਕਿਹੜੀ ਗਲਤੀ ਹੈ, ਉਹ ਕਿਹੜੀ ਭੁੱਲ ਹੈ? ਮਨੁੱਖ ਜੋ ਬਣ ਸਕਦਾ ਹੈ ਜੋ ਕਰ ਸਕਦਾ ਹੈ, ਉਹ ਨਹੀਂ ਕਰਦਾ। ਜੋ ਇਹ ਨਹੀਂ ਕਰ ਸਕਦਾ ਉਹ ਕਰਨ ਵਾਸਤੇ ਸਾਰਾ ਜਤਨ ਹੁੰਦਾ ਹੈ। ਇਹੀ ਕਾਰਨ ਹੈ ਕਿ ਸਮਾਂ ਬਰਬਾਦ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਧਿਆਨ ਨਾਲ ਪੜ੍ਹੀਏ ਤਾਂ ਪਤਾ ਲੱਗੇਗਾ ਕਿ ਉਹ ਚਾਹੁੰਦੇ ਸਨ ਕਿ ਧਰਤੀ ਦੇ ਵਸਨੀਕ ਬੰਦੇ ਨੂੰ ਧਰਤੀ ਤੇ ਚੰਗੀ ਤਰ੍ਹਾਂ ਰਹਿਣਾ ਆ ਜਾਵੇ। ਮਨੁੱਖ ਦਾ ਆਦਰਸ਼ ਚੰਗੀ ਮਨੁੱਖਤਾ ਨਹੀਂ ਸੀ, ਮਨੁੱਖ ਉਸ ਗੱਲ ਨੂੰ ਆਦਰਸ਼ ਬਣਾ ਕੇ ਜੀਅ ਰਿਹਾ ਸੀ ਜਿਸ ਬਾਰੇ ਇਸ ਨੂੰ ਕੁਝ ਪਤਾ ਨਹੀਂ ਸੀ। ਤੇ ਅਫ਼ਸੋਸ ਕਿ ਜਿਨ੍ਹਾਂ ਨੇ ਕੁਝ ਕਿਹਾ ਸੀ ਤੇ ਚੱਲਣ ਵਾਸਤੇ ਕਿਹਾ ਸੀ, ਪਤਾ ਉਨ੍ਹਾਂ ਨੂੰ ਵੀ ਕੁਝ ਨਹੀਂ ਸੀ। ਜਗਤ ਸਿਰਫ਼ ਕਲਪਨਾ ਦੇ ਆਸਰੇ ਹੀ ਹਨ੍ਹੇਰੇ ਵਿਚ ਟੱਕਰਾਂ ਮਾਰ ਰਿਹਾ ਸੀ। ਕਿਸੇ ਪੰਛੀ ਦੀ ਨਕਲ ਕਰਕੇ ਕੋਈ ਸਿੱਧ ਉਡਣ ਦਾ ਜਤਨ ਕਰ ਰਿਹਾ ਸੀ। ਸਾਹਿਬਾਂ ਕਿਹਾ, ਤੂੰ ਜ਼ਮੀਨ ਤੇ ਤੁਰਨਾ ਸਿਖ। ਰੱਬ ਨੇ ਤੈਨੂੰ ਜ਼ਮੀਨ ਤੇ ਭੇਜਿਆ ਹੈ। ਜੇ ਉੱਡਣ ਦੀ ਗੱਲ ਹੁੰਦੀ ਤਾਂ ਤੈਨੂੰ ਵੀ ਖੰਭ ਲਗਾ ਦਿੰਦਾ, ਤੈਨੂੰ ਪੰਛੀ ਬਣਾ ਦਿੰਦਾ। ਤੇਰੇ ਜ਼ਿੰਮੇ ਕੋਈ ਹੋਰ ਕੰਮ ਹੈ ਤੂੰ ਧਰਤੀ ਤੇ ਤੁਰਨਾ ਸਿਖ। ਲੋਕ ਜਦੋਂ ਹਰਦਵਾਰ ਵਿਚ ਪਿਤਰ ਲੋਕ ਵਿਚ ਪਾਣੀ ਭੇਜ ਰਹੇ ਸਨ, ਸਾਹਿਬਾਂ ਕਿਹਾ, ਜੀਉਂਦੇ ਪਿਤਰਾਂ ਨੂੰ ਤੁਸੀਂ ਪਾਣੀ ਦੇਣ ਵਾਸਤੇ ਤਿਆਰ ਨਹੀਂ। ਤੁਸੀਂ ਵੀ ਸੱਚੇ ਹੋ, ਮਰਿਆਂ ਨੂੰ ਸਾਲ ਪਿਛੋਂ ਦੇਂਦੇ ਹੋ ਜਿਉਂਦਿਆਂ ਨੂੰ ਰੋਜ਼ ਕੌਣ ਦੇਵੇ? ਇਕ ਸਾਧੂ ਨੇ ਬੜੀ ਚੰਗੀ ਗੱਲ ਸੁਣਾਈ ਸੀ, ਕਹਿਣ ਲੱਗੇ ਇਕ ਬੀਬੀ ਆਈ ਜੋ ਗੱਲਬਾਤ ਤੋਂ ਬਿਲਕੁਲ ਅਨਪੜ੍ਹ ਜਾਪਦੀ ਸੀ ਤੇ ਕਹਿਣ ਲੱਗੀ, ਬਾਬਾ ਜੀ ਮੈਂ ਪੰਜ ਸੰਤ ਖੁਆਣੇ ਹਨ, ਮੈਂ ਪੁੱਛਿਆ ਬੀਬੀ ਕਿਉਂ? ਕਹਿਣ ਲੱਗੀ ਮੈਨੂੰ ਯਾਦ ਨਹੀਂ ਆਉਂਦਾ ਉਹ ਜੋ ਸਾਲ ਪਿੱਛੋਂ ਵੱਡਿਆਂ ਦਾ ਸਿਰ ਸਾੜੀਦਾ ਹੈ ਉਹਨੂੰ ਕੀ ਕਹਿੰਦੇ

ਹਨ। ਮੈਂ ਕਿਹਾ, ਬੀਬੀ ਤੂੰ ਸ਼ਰਾਧ ਤੇ ਨਹੀਂ ਕਰਨਾ, ਕਹਿਣ ਲੱਗੀ, ਹਾਂ ਉਹੋ ਹੀ ਕਰਨਾ ਹੈ, ਯਾਦ ਨਹੀਂ ਸੀ ਆਉਂਦਾ। ਹੈ ਤਾਂ ਠੀਕ, ਲੋਕ ਲਾਜ ਤਾਂ ਸਿਰ ਸਾੜਨ ਤੇ ਪਿਟਣਾ ਕਰਨ ਵਾਲੀ ਹੀ ਗੱਲ ਹੈ। ਸਤਿਗੁਰਾਂ ਕਿਹਾ ਧਰਤੀ ਸਵਾਰੋ, ਜਿਹੜੇ ਪਿਤਰ ਧਰਤੀ ਤੇ ਹਨ ਇਨ੍ਹਾਂ ਨੂੰ ਪਾਣੀ ਦਿਉ ਖੇਤੀਆਂ ਨੂੰ ਦਿਉ। ਅਨਾਜ ਆਵੇ, ਬਜ਼ੁਰਗਾਂ ਨੂੰ ਛਕਾਉ। ਇਹ ਸੱਚ ਹੈ ਕਿ ਐਸੀਆਂ ਘਟਨਾਵਾਂ ਬਹੁਤ ਹੀ ਹੋਈਆਂ ਹਨ ਕਿ ਪੜਦਾਦੇ ਦਾ ਸ਼ਰਾਧ ਹੋ ਰਿਹਾ ਹੈ ਤੇ ਦਾਦਾ ਕਿਸੇ ਕਮਰੇ ਵਿਚ ਭੁੱਖਾ-ਪਿਆਸਾ ਹੀ ਮਰ ਗਿਆ ਹੈ। ਉਸਦੀ ਕਿਸੇ ਪਾਣੀ ਦੀ ਬਾਤ ਨਹੀਂ ਪੁਛੀ।

*ਜੀਵਤ ਪਿਤਰ ਨਾ ਮਾਨੇ ਕੋਊ, ਮੂਏਂ ਸਿਰਾਧ ਕਰਾਹੀ॥*

*(ਗਉੜੀ ਕਬੀਰ ਜੀ, ਪੰਨਾ ੩੩੨)*

ਸਤਿਗੁਰੂ ਇਹ ਵੀ ਚਾਹੁੰਦੇ ਸਨ ਕਿ ਬੰਦਾ ਧਰਮ ਦੀ ਕਿਰਤ ਕਰੇ। ਇਸ ਨੂੰ ਸਫਲ ਰੋਟੀ ਮਿਲੇ ਪਰ ਇਸਦਾਂ ਨਿਸ਼ਾਨਾ ਸਿਰਫ ਰੋਟੀ ਹੀ ਨਾ ਹੋਵੇ। ਸਾਰੀ ਉਮਰ ਸਿਮਰਨ ਭਜਨ ਤੋਂ ਬਾਅਦ ਇਸਦੀ ਮੰਗ ਰੋਟੀ ਹੀ ਨਾ ਬਣੀ ਰਹੇ। ਇਕ ਦਿਨ ਭਾਈ ਮਰਦਾਨੇ ਨੇ ਸਤਿਗੁਰਾਂ ਨੂੰ ਕਿਹਾ ਸੀ ਸਤਿਗੁਰੂ ਜੀ ਮੈਂ ਅੱਜ ਤੱਕ ਬਹੁਤ ਕੁਝ ਮੰਗਿਆ ਹੈ। ਭੁੱਖ ਲਗਦੀ ਸੀ ਤਾਂ ਰੋਟੀ ਮੰਗਦਾ ਸਾਂ, ਪਿਆਸ ਲਗਦੀ ਸੀ ਪਾਣੀ ਮੰਗਦਾ ਸਾਂ। ਪਰ ਅੱਜ ਮੇਰੀ ਆਖਰੀ ਮੰਗ ਹੈ ਇਸ ਤੋਂ ਬਾਅਦ ਮੈਂ ਕਦੀ ਕੁਝ ਵੀ ਨਹੀਂ ਮੰਗਾਂਗਾ। ਸਾਹਿਬਾਂ ਕਿਹਾ ਸੀ ਮਰਦਾਨਿਆ ਉਹ ਕੀ ਮੰਗ ਹੈ। ਕਹਿਣ ਲੱਗਾ, ਅੱਜ ਤੋਂ ਬਾਅਦ ਮੈਂ ਕਦੀ ਕੁਝ ਮੰਗਾਂ ਹੀ ਨਾ, ਮੇਰੀ ਭੁੱਖ ਹੀ ਮੁਕਾ ਦਿਉ। ਆਪਣੇ ਵਰਗਾ ਸਬਰ ਤੇ ਸਿਦਕ ਮੈਨੂੰ ਬਖਸ਼ਸ਼ ਕਰ ਦਿਉ। ਮੇਰੀਆਂ ਸਭ ਭੁੱਖਾਂ ਹੀ ਮੁਕਾ ਦਿਉ। ਇਹ ਹੈ ਬੰਦਗੀ ਦਾ ਫਲ ਜੋ ਭਾਈ ਮਰਦਾਨੇ ਨੂੰ ਪ੍ਰਾਪਤ ਹੋਇਆ ਸੀ। ਗੁਰੂ ਨੇ ਸਭ ਭੁੱਖਾਂ ਮੁਕਾ ਦਿੱਤੀਆਂ, ਮਰਦਾਨਾ ਬ੍ਰਹਮ ਗਿਆਨੀ ਹੋ ਗਿਆ ਸੀ। ਗੁਰੂ ਜੀ ਚਾਹੁੰਦੇ ਸਨ ਮਨੁੱਖ ਨੂੰ ਸਫ਼ਲ ਰੋਟੀ ਮਿਲੇ। ਪਰ ਇਸ ਤੋਂ ਅੱਗੇ ਰੋਟੀ ਦੇਣ ਵਾਲੇ ਨਾਲ ਨਾਤਾ ਬਣੇ। ਸਿੱਖ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਉਸ ਦੇਸ਼ ਗਏ ਜਿਥੇ ਲੋਕੀਂ ਰੱਬ ਤੋਂ ਮੁਨਕਰ ਸਨ, ਰਾਜੇ ਦੀ ਪੂਜਾ ਕਰਦੇ ਸਨ। ਉਹ ਮੰਤਰ ਪੜ੍ਹਦਾ ਸੀ ਲੋਕਾਂ ਦਾ ਨਿਸਚਾ ਸੀ ਇਹ ਮੰਤਰ ਪੜ੍ਹਦਾ ਹੈ ਤਾਂ ਬਰਸਾਤ ਪੈਂਦੀ ਹੈ, ਅਨਾਜ ਪੈਦਾ ਹੁੰਦਾ ਹੈ। ਸਤਿਗੁਰੂ ਜੀ ਮੁਨਾਫ਼ਕ ਦੇਸ਼ ਗਏ, ਐਸੀ ਸਾਖੀ ਹੈ ਤੇ ਉਨ੍ਹਾਂ ਲੋਕਾਂ ਨੂੰ ਕਿਹਾ ਰੱਬ ਤੇ ਸ਼ਰਧਾ ਰਖੋ। ਰੋਟੀ ਤੇ ਬਰਸਾਤ ਹੀ ਜੀਵਨ ਨਹੀਂ, ਜੀਵਨ ਦੀ ਗੱਲ ਇਸ ਤੋਂ ਅੱਗੇ ਹੈ। ਰੋਟੀ ਪਾਣੀ ਵਿਚ ਹੀ ਖ਼ਤਮ ਹੋ ਜਾਉਗੇ। ਅੱਜ ਵੀ ਦੁਨੀਆ ਮੁਨਕਰਾਂ ਦਾ ਦੇਸ਼ ਬਣੀ ਪਈ ਹੈ, ਹਰ ਥਾਂ ਰਾਜਨੀਤਿਕ ਬੰਦਾ ਹੀ ਰੱਬ ਬਣ ਕੇ ਬੈਠਾ ਹੈ। ਤਾਕਤ ਤੇ ਕਬਜ਼ਾ ਰਾਜਨੀਤਕ ਦਾ ਹੈ, ਧਰਮ ਤੇ ਕਬਜ਼ਾ ਵੀ ਰਾਜਨੀਤਕ ਦਾ ਹੈ। ਸਾਰਾ ਪ੍ਰਬੰਧ

ਰਾਜਨੀਤਕ ਬੰਦਿਆਂ ਦੇ ਹੱਥ ਵਿਚ ਹੈ। ਪੁਜਾਰੀਆਂ ਪਾਸੋਂ ਜੋ ਮਰਜ਼ੀ ਕਰਵਾ ਲੈਣ। ਪੁਜਾਰੀ ਤਾਂ ਵਿਚਾਰੇ ਹੱਥ ਠੋਕੇ ਹਨ। ਹਰ ਥਾਂ ਰਾਜਾ ਹੀ ਰੱਬ ਬਣ ਕੇ ਬੈਠਾ ਹੈ। ਪਰ ਗੁਰੂ ਜੀ ਨੂੰ ਇਹ ਗੱਲ ਪ੍ਰਵਾਨ ਨਹੀਂ ਸੀ ਕਿ ਕੋਈ ਬੰਦਾ ਬੰਦਿਆਂ ਨੂੰ ਇਹ ਗੱਲ ਕਹੇ ਕਿ ਤੁਹਾਡਾ ਰੋਟੀ ਪਾਣੀ ਮੇਰੇ ਹੱਥ ਵਿਚ ਹੈ। ਸਤਿਗੁਰਾਂ ਕਿਹਾ, ਕਰਤਾਰ ਤੇ ਸ਼ਰਧਾ ਰਖੋ। ਉਹ ਕਹਿਣ ਲੱਗੇ, ਕਰਤਾਰ ਨੂੰ ਤਾਂ ਅਸੀਂ ਜਾਣਦੇ ਨਹੀਂ ਉਹ ਕਿਥੇ ਹੈ। ਰਾਜੇ ਨੂੰ ਅਸੀਂ ਜਾਣਦੇ ਹਾਂ। ਇਸ ਵਾਰ ਰਾਜਾ ਮੰਤਰ ਪੜ੍ਹਦਾ ਰਿਹਾ ਪਰ ਬਰਸਾਤ ਨਾ ਪਈ, ਜਿਹੜੇ ਪੁਛਦੇ ਸਨ ਕਿ ਰੱਬ ਦਾ ਘਰ ਕਿਥੇ ਹੈ; ਰੱਬ ਕਿਥੇ ਹੈ। ਉਹ ਹੈਰਾਨ ਹੋਏ।

*ਸੁਨ ਭੂਪ ਉਚਾਰਨ ਮੰਤ੍ਰ ਕੀਯੋ। ਕਹਿ ਬੈਣ ਰਹਿਯੋ ਨਹਿ ਮੇਹ ਪਇਯੋ।*

ਸਤਿਗੁਰਾਂ ਕਿਹਾ—

*ਗੁਰਵਾਕ ਕਹੇ ਕਰਤਾਰ ਭਜੋ। ਛਿਤਪਾਲਕ ਕੀ ਸ਼ਰਧਾ ਸੁ ਤਜੋ।*
*ਬਿਧ ਸੰਗ ਤਿਹਾਵਲ ਕੋ ਕਰਿਯੈ। ਸਤਿਨਾਮ ਗੁਰੂ ਹਿਰਦੇ ਧਰੀਯੈ।*
*ਤਿਹ ਕਾਲ ਸੋ ਬਾਂਛਤ ਨੀਰ ਪਰਿਯੋ। ਸਭ ਦੇਸ਼ ਦੁਕਾਲ ਅਤੰਕ ਹਰਿਯੋ।*
*(ਨਾਨਕ ਪ੍ਰਕਾਸ਼)*

ਉਨ੍ਹਾਂ ਨੂੰ ਅੱਜ ਪਤਾ ਲੱਗਾ ਕਿ ਇਸ ਰਾਜੇ ਤੋਂ ਉੱਪਰ ਕੋਈ ਰਾਜਾ ਹੈ। ਉਨ੍ਹਾਂ ਸਤਿਗੁਰਾਂ ਦੇ ਚਰਨ ਫੜੇ, ਸਤਿਗੁਰਾਂ ਕਿਹਾ, ਮੈਂ ਰਾਜੇ ਨਾਲੋਂ ਤੋੜ ਕੇ ਤੁਹਾਨੂੰ ਆਪਣੇ ਨਾਲ ਜੋੜਨ ਨਹੀਂ ਆਇਆ। ਮੈਂ ਤਾਂ ਤੁਹਾਨੂੰ ਉਸ ਪ੍ਰਮਾਤਮਾ ਨਾਲ ਜੋੜਨ ਆਇਆ ਹਾਂ ਜੋ ਸਦਾ ਹੀ ਕਾਇਮ ਹੈ। ਜਿਸ ਨੇ ਤੁਹਾਨੂੰ ਸਿਰਜਿਆ ਹੈ, ਉਸ ਕਰਤਾਰ ਦਾ ਨਾਮ ਜਪੋ।

ਉਹ ਚਾਹੁੰਦੇ ਸਨ ਕਿ ਮਨੁੱਖ ਅਰਸ਼ਾਂ ਦੀ ਆਸ ਵਿਚ ਆਪਣਾ ਫਰਸ਼ ਨਾ ਵਿਗਾੜ ਬੈਠੇ। ਜਿੰਨਾ ਚਿਰ ਸੰਸਾਰ ਵਿਚ ਹੈ ਕਰਤਾਰ ਚਿੱਤ ਵਿਚ ਵਸਿਆ ਰਹੇ। ਅਤੇ ਜਦੋਂ ਸੰਸਾਰ ਤੋਂ ਮਨੁੱਖ ਤੁਰੇ, ਸ਼ੁਭ ਕਰਮਾਂ ਨਾਲ ਸਰੀਰ ਸਫਲ ਹੋ ਚੁੱਕਾ ਹੋਵੇ। ਤੇ ਕਰਤਾ ਦੀ ਯਾਦ ਲੈ ਕੇ ਉਸਦੇ ਸ਼ਬਦ ਦੇ ਦੀਵੇ ਦੀ ਰੋਸ਼ਨੀ ਵਿਚ ਇਹ ਆਤਮਾ ਉਸ ਪਰਮ ਪਿਤਾ ਵਲ ਚੱਲ ਪਵੇ। ਕਿਸੇ ਮਜ਼ਲੂਮ ਦਾ ਇੰਨਾ ਦਬ ਜਾਣਾ ਕਿ ਉਸਨੂੰ ਭੁੱਲ ਹੀ ਜਾਵੇ ਕਿ ਮੈਂ ਵੀ ਕੋਈ ਉੱਨਤੀ ਕਰ ਸਕਦਾ ਹਾਂ। ਮੈਂ ਵੀ ਇਨਸਾਨ ਹਾਂ, ਮੇਰਾ ਵੀ ਕੋਈ ਜਿਊਣ ਦਾ ਹੱਕ ਹੈ। ਉਸਦੇ ਮਨ ਵਿਚੋਂ ਇਹ ਖ਼ਿਆਲ ਹੀ ਨਿਕਲ ਜਾਵੇ ਤੇ ਜਾਬਰਾਂ ਨੂੰ ਖਿਆਲ ਹੀ ਨਾ ਆਵੇ ਕਿ ਇਕ ਦਿਨ ਅਸੀਂ ਵੀ ਪ੍ਰਮਾਤਮਾ ਦੀ ਹਜ਼ੂਰੀ ਵਿਚ ਦੋਸ਼ੀਆਂ ਵਾਂਗੂ ਖੜ੍ਹੇ ਹੋਣਾ ਹੈ। ਸਾਡੇ ਕੋਲੋਂ ਵੀ ਕਿਸੇ ਲੇਖਾ ਮੰਗਣਾ ਹੈ। ਬਾਬਰ ਨੂੰ ਉਨ੍ਹਾਂ ਦਾ ਕਹਿਣਾ ਕਿ ਤੇਰੇ ਵਰਗੇ ਅਨੇਕਾਂ ਕੀੜੇ ਪ੍ਰਮਾਤਮਾ ਦੀ ਹਜ਼ੂਰੀ ਵਿਚ ਫਿਰਦੇ ਹਨ। ਜਿਹੜਾ ਮਨੁੱਖ ਮਾਲਕ ਦੀ ਮਰਜ਼ੀ ਵਿਚ ਮਰ ਜਾਏ ਉਹੀ ਅਸਲ ਜੀਵਨ ਪ੍ਰਾਪਤ ਕਰਦਾ ਹੈ। ਜਦੋਂ ਕੋਈ ਉਸਦੇ ਨਾਮ ਦਾ

ਉਚਾਰਨ ਕਰਦਾ ਹੈ ਤਾਂ ਉਥੇ ਪ੍ਰਵਾਨ ਹੁੰਦਾ ਹੈ। ਬਾਬਰ ਬਣ ਕੇ ਉਸ ਦਰ ਤੇ ਅੱਜ ਤੱਕ ਕੋਈ ਵੀ ਪ੍ਰਵਾਨ ਨਹੀਂ ਹੁੰਦਾ। ਉਥੇ ਤਾਂ ਨਿਮਰਤਾ ਸਹਿਤ ਜਾਣਾ ਪੈਂਦਾ ਹੈ।

ਸਤਿਗੁਰਾਂ ਦਾ ਇਤਿਹਾਸ ਪੜ੍ਹੀਏ ਤਾਂ ਹੈਰਾਨਕੁੰਨ ਗੱਲ ਸਾਹਮਣੇ ਆਉਂਦੀ ਹੈ। ਕਿ ਜਦੋਂ ਕਿਸੇ ਸਾਧੂ ਸੰਤ ਦੀ ਪ੍ਰਸਿਧੀ ਹੋ ਜਾਂਦੀ ਹੈ ਤਾਂ ਉਸਦਾ ਅਡੰਬਰ ਬਹੁਤ ਹੀ ਵੱਡਾ ਹੋ ਜਾਂਦਾ ਹੈ। ਪਰ ਜਦੋਂ ਸਾਰੇ ਜਗਤ ਵਿਚ ਪ੍ਰਸਿੱਧੀ ਹੋ ਗਈ ਤਾਂ ਸਤਿਗੁਰਾਂ ਨੇ ਸਾਧੂਆਂ ਵਾਲਾ ਪਹਿਰਾਵਾ ਹੀ ਉਤਾਰ ਦਿੱਤਾ। ਜਿਥੇ ਕਰਤਾਰਪੁਰ ਵਸਾਇਆ ਸੀ ਉਥੇ ਆਸ ਪਾਸ ਕਿਰਸਾਨ ਰਹਿੰਦੇ ਸਨ। ਜੈਸਾ ਪਹਿਰਾਵਾ ਉਨ੍ਹਾਂ ਕਿਰਸਾਨਾਂ ਦਾ ਸੀ ਉਹੋ ਜਿਹਾ ਪਹਿਰਾਵਾ ਆਪ ਪਹਿਨ ਲਿਆ। ਭਾਈ ਗੁਰਦਾਸ ਜੀ ਨੇ ਬੜਾ ਸੁੰਦਰ ਲਿਖਿਆ ਹੈ ਕਿ–

*ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ।*
*ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਿਤਾਰਾ ।* *(ਭਾ: ਗੁਰਦਾਸ)*

ਉਨ੍ਹਾਂ ਨੇ ਸਾਰੀ ਜ਼ਿੰਦਗੀ ਮਨੁੱਖਾਂ ਵਿਚ ਬਿਤਾਈ। ਆਖਰੀ ਸਮਾਂ ਜੋ ਕਰਤਾਰਪੁਰ ਬਿਤਾਇਆ, ਪਰਿਵਾਰ ਵੀ ਪਾਸ ਬੁਲਾ ਲਿਆ। ਉਨ੍ਹਾਂ ਕਿਸੇ ਮਾਨ ਅਪਮਾਨ ਦੀ ਪ੍ਰਵਾਹ ਨਹੀਂ ਕੀਤੀ। ਉਹ ਜੇ ਪ੍ਰਵਾਹ ਕਰਦੇ ਸਨ ਤਾਂ ਸਿਰਫ ਸੱਚ ਦੀ। ਲੋਕ ਕੀ ਕਹਿੰਦੇ ਹਨ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ। ਸੱਚ ਕੀ ਹੈ ਇਸ ਗੱਲ ਦੀ ਜ਼ਰੂਰ ਪ੍ਰਵਾਹ ਸੀ।

ਕਿੱਕਰ ਦੇ ਬੂਟੇ ਨੂੰ ਕਦੀ ਅੰਗੂਰ ਨਹੀਂ ਲੱਗੇ ਨਾ ਹੀ ਲੱਗਣਗੇ। ਕਿੱਕਰ ਸਫਲ ਕਿੱਕਰ ਹੋ ਜਾਏ ਇੰਨਾ ਹੀ ਬਹੁਤ ਹੈ। ਮਨੁੱਖ ਸਫਲ ਮਨੁੱਖ ਹੋ ਜਾਏ ਇਸਨੂੰ ਜਿਹੜੇ ਫਲ ਲੱਗ ਸਕਦੇ ਹਨ ਉਹ ਲੱਗ ਜਾਣ ਐਸੀ ਸਤਿਗੁਰੂ ਦੀ ਵੀਚਾਰ ਸੀ। ਫਿਰ ਕਿੱਕਰ ਤਾਂ ਹੋਰ ਕਿਸੇ ਬੂਟੇ ਨੂੰ ਆਦਰਸ਼ ਬਣਾਵੇ ਵੀ ਤਾਂ ਗੱਲ ਸਮਝ ਵਿਚ ਆਉਂਦੀ ਹੈ। ਕਿ ਕਿੱਕਰ ਨੂੰ ਕੰਡੇ ਲਗਦੇ ਹਨ ਹੋਰ ਰੁੱਖਾਂ ਨੂੰ ਫਲ ਲਗਦੇ ਹਨ। ਹਾਲਾਂਕਿ ਕਿੱਕਰ ਦੀ ਇਹ ਆਸ ਵੀ ਕਿ ਮੈਂ ਕੁਝ ਹੋਰ ਬਣ ਜਾਵਾਂ, ਬਿਰਥਾ ਹੈ। ਉਹ ਜੋ ਹੈ ਉਹੀ ਬਣ ਸਕਦਾ ਹੈ। ਪਰ ਕਿੱਕਰ ਨੂੰ ਤਾਂ ਮੁਆਫ਼ ਕੀਤਾ ਜਾ ਸਕਦਾ ਹੈ ਪਰ ਬੰਦਾ ਕੁਝ ਹੋਰ ਬਣਨ ਦਾ ਕਿਉਂ ਜਤਨ ਕਰੇ ਜਦੋਂ ਕਿ ਦੇਵਤੇ ਵੀ ਇਸ ਮਨੁੱਖਾ ਦੇਹੀ ਨੂੰ ਤਰਸਦੇ ਹਨ। ਇਸ ਤੋਂ ਚੰਗਾ ਬੂਟਾ ਹੋਰ ਇਸ ਸੰਸਾਰ ਵਿਚ ਕੋਈ ਨਹੀਂ। ਨਾਮ ਦਾ ਫਲ, ਸਤ, ਸੰਤੋਖ, ਦਇਆ, ਧਰਮ, ਧੀਰਜ, ਸ਼ੁਭ ਗੁਣਾਂ ਦੇ ਫਲ ਇਸ ਮਨੁੱਖ ਨੂੰ ਹੀ ਲਗਦੇ ਹਨ। ਸਤਿਗੁਰੂ ਚਾਹੁੰਦੇ ਹਨ ਕਿ ਮਨੁੱਖ ਜੋ ਹੋ ਸਕਦਾ ਹੈ, ਹੋ ਜਾਵੇ, ਉਨ੍ਹਾਂ ਮਨੁੱਖ ਨਾਲ ਪੂਰੀ ਮਿਹਨਤ ਕੀਤੀ ਹੈ। ਉਹ ਚਾਹੁੰਦੇ ਸਨ ਕਿ ਜੋ ਸੱਚ ਹੈ ਉਸਨੂੰ ਬੰਦਾ ਕਮਾਵੇ ਤੇ ਕਦੀ ਵੀ ਝੂਠ ਨੂੰ ਜੀਵਨ ਵਿਚ ਥਾਂ ਨਾ ਦੇਵੇ.

ਝੂਠ ਨੇ ਸੱਚ ਕਦੀ ਨਹੀਂ ਬਣਨਾ। ਏਸੇ ਲਈ ਅੰਤਮ ਸਮੇਂ ਉਨ੍ਹਾਂ ਜਗਤ ਦੇ ਸਾਹਮਣੇ ਇਕ ਕੜਵਾ ਸੱਚ ਅਮਲੀ ਰੂਪ ਵਿਚ ਰੱਖਿਆ। ਬਾਬਾ ਸਿਰੀ ਚੰਦ ਜੀ ਬੜੇ ਮਹਾਨ ਸਨ। ਉਹ ਐਸੀ ਬਿਰਤੀ ਵਾਲੇ ਸਨ ਕਿ ਸੰਸਾਰਕ ਪਦਾਰਥ ਉਨ੍ਹਾਂ ਦੀ ਨਜ਼ਰ ਵਿਚ ਤੁਛ ਸਨ। ਉਦਾਸੀ ਪਰੰਪਰਾ ਉਨ੍ਹਾਂ ਦੇ ਉਪਦੇਸ਼ਾਂ ਤੇ ਖੜ੍ਹੀ ਹੋਈ ਹੈ। ਬਾਬਾ ਲਖਮੀ ਦਾਸ ਮਹਾਨ ਸਨ। ਐਸਾ ਨਹੀਂ ਕਿ ਉਹ ਕੁਝ ਵੀ ਨਹੀਂ ਸਨ। ਪਰ ਗੁਰੂ ਨਾਨਕ ਦੇਵ ਜੀ ਦੀ ਨਜ਼ਰ ਵਿਚ ਪੁੱਤਰ ਭਾਵੇਂ ਬੜੇ ਸਿਆਣੇ ਹਨ, ਸਮਝਦਾਰ ਹਨ, ਤਿਆਗੀ ਹਨ ਪਰ ਸੇਵਕੀ, ਜਿਸ ਸੇਵਾ ਨਾਲ ਦਰਗਾਹ ਵਿਚ ਥਾਂ ਮਿਲਣੀ ਹੈ, ਸੇਵਕੀ ਦੇ ਇਮਤਿਹਾਨ ਵਿਚ ਪੁੱਤਰਾਂ ਨਾਲੋਂ ਸੇਵਕ ਦੇ ਨੰਬਰ ਜ਼ਿਆਦਾ ਸਨ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਬੰਦਾ ਚਾਹੁੰਦਾ ਹੈ ਕਿਸੇ ਦਾ ਪੁੱਤਰ ਯੋਗ ਵੀ ਹੋਵੇ ਤੇ ਆਪਣਾ ਪੁੱਤਰ ਨਲਾਇਕ ਵੀ ਹੋਵੇ ਤਾਂ ਵੀ ਬੰਦਾ ਚਾਹੁੰਦਾ ਹੈ ਕਿ ਮੇਰਾ ਪੁੱਤਰ ਪਾਸ ਹੋਵੇ। ਨੌਕਰ ਵਿਚਾਰਾ ਦਿਨ ਰਾਤ ਕੰਮ ਕਰੇ ਜਿਤਨੀ ਤਨਖਾਹ ਦਿੰਦੇ ਹਾਂ ਉਸ ਤੋਂ ਕਿਤੇ ਵਧੀਕ ਕੰਮ ਕਰੇ। ਆਪਣਾ ਪੁੱਤਰ ਨਲਾਇਕ ਹੋਵੇ ਅਵਾਰਾਗਰਦੀ ਕਰੇ, ਦਿਨ ਰਾਤ ਉਲਾਂਭੇ ਲਿਆਵੇ, ਦੁੱਖ ਹੀ ਦੁੱਖ ਦੇਵੇ, ਫਿਰ ਵੀ ਕੌਣ ਹੈ ਜਿਹੜਾ ਆਪਣੀ ਜਾਇਦਾਦ ਨੌਕਰ ਨੂੰ ਦੇਵੇ। ਬੇਇੱਜ਼ਤੀ ਵੀ ਕਰਵਾਉਣੀ ਹੈ ਤੇ ਦੇਣਾ ਵੀ ਸਭ ਕੁਝ ਪੁੱਤਰਾਂ ਨੂੰ ਹੈ। ਉਨ੍ਹਾਂ ਐਸਾ ਨਹੀਂ ਕੀਤਾ। ਫ਼ੈਸਲਾ ਇਕ ਬਾਪ ਦੇ ਹੱਥ ਵਿਚ ਹੈ, ਰੱਬੀ ਦਾਤ ਪੁੱਤਰਾਂ ਨੂੰ ਦੇਣੀ ਹੈ ਕਿ ਸੇਵਕ ਨੂੰ । ਨਿਰੇ ਬਾਪ ਹੀ ਹੁੰਦੇ ਤਾਂ ਫੈਸਲਾ ਸਪੱਸ਼ਟ ਸੀ। ਪਰ ਉਹ ਗੁਰੂ ਵੀ ਸਨ ਉਨ੍ਹਾਂ ਕਿਹਾ, ਘਰ ਤੁਸੀਂ ਸਾਂਭ ਲਵੋ ਗੁਰਿਆਈ ਗੱਦੀ ਸੇਵਕ ਨੂੰ ਹੀ ਮਿਲੇਗੀ। ਟਿਕਾਣਾ ਤੁਸੀਂ ਸਾਂਭੋ ਸੇਵਾ ਸੇਵਕ ਨੂੰ। ਪਾਠਕ ਹੈਰਾਨੀ ਨਾਲ ਪੜ੍ਹਦਾ ਹੈ ਕਿ ਡੇਰਾ ਪੁੱਤਰਾਂ ਨੂੰ ਦੇ ਦਿੱਤਾ, ਸੇਵਕ ਨੂੰ ਸਿਰਫ਼ ਥਾਪੜਾ ਦੇ ਕੇ ਤੋਰ ਦਿੱਤਾ, ਅਸ਼ੀਰਵਾਦ ਦਿੱਤੀ, ਕੋਈ ਜ਼ਮੀਨ ਨਹੀਂ, ਡੇਰਾ ਨਹੀਂ, ਜਾਇਦਾਦ ਨਹੀਂ। ਪੋਥੀ ਤੇ ਕਮਰਕੱਸਾ ਲੈ ਜਾਉ, ਸੇਵਾ ਕਰੋ। ਸਾਰੀਆਂ ਬਰਕਤਾਂ ਆ ਗਈਆਂ, ਗੁਰੂ ਨਾਨਕ ਦੇਵ ਜੀ ਦਾ ਜਤਨ ਸੀ ਮਨੁੱਖ ਨਾਲ ਮਿਹਨਤ ਕੀਤੀ ਜਾਏ। ਇਕ ਬੂਟੇ ਦੀ ਤਰ੍ਹਾਂ ਜਿਵੇਂ ਇਕ ਮਾਲੀ ਉਸ ਨਾਲ ਕਰਦਾ ਹੈ ਤੇ ਜੋ ਉਸ ਵਿਚੋਂ ਪੈਦਾ ਹੋਣਾ ਹੈ ਹੋ ਜਾਏ। ਗੁਰੂ ਨਾਨਕ ਨੇ ਮਿਹਨਤ ਕੀਤੀ ਹੈ ਸਿੱਖ ਨਾਲ ਤੇ ਸਿੱਖ ਵਿੱਚੋਂ ਪੈਦਾ ਹੋਏ ਗੁਰੂ ਅੰਗਦ ਦੇਵ।

■ ■ ■

## ੧੧

# ਜੋਤੀ ਜੋਤਿ ਸਮਾਏ

ਮਨੁੱਖ ਜੰਮਦੇ ਹਨ, ਮਰਦੇ ਹਨ, ਜਨਮ ਮਰਨ ਦੀ ਕ੍ਰਿਆ ਨਿਤ ਕ੍ਰਿਆ ਹੈ ਅਤੇ ਲਗਾਤਾਰ ਚਲ ਰਹੀ ਹੈ। ਪਰ ਕਦੀ ਕੋਈ ਜੀਵ ਜੋਤੀ ਜੋਤ ਸਮਾਉਂਦਾ ਹੈ। ਨਹੀਂ ਤਾਂ ਜੀਵ ਮਰਦੇ ਹਨ ਮਰਨ ਦਾ ਭਾਵ ਹੈ ਕਿ ਅੱਗੋਂ ਜਨਮ ਫਿਰ ਤਿਆਰ ਹੈ। ਪਰ ਜੋਤੀ ਜੋਤ ਸਮਾਉਣ ਦਾ ਭਾਵ ਹੈ ਕਿ ਜਨਮ ਮਰਨ ਦਾ ਗੇੜ ਮੁੱਕ ਗਿਆ ਹੈ। ਕਬੀਰ ਸਾਹਿਬ ਕਹਿੰਦੇ ਹਨ ਅਸੀਂ ਹੁਣ ਫਿਰ ਇਸ ਸੰਸਾਰ ਵਿਚ ਕਾਹਦੇ ਵਾਸਤੇ ਆਵਾਂਗੇ। ਭਾਵ ਨਹੀਂ ਆਵਾਂਗੇ। ਬੜਾ ਕਮਾਲ ਗੁਰ ਉਨ੍ਹਾਂ ਦੱਸਿਆ ਹੈ ਕਿ ਆਉਣਾ ਜਾਣਾ ਭਾਵ ਜਨਮ ਮਰਨ ਪ੍ਰਮਾਤਮਾ ਦਾ ਹੁਕਮ ਹੈ ਜਦੋਂ ਅਸੀਂ ਹੁਕਮ ਨੂੰ ਬੁਝ ਲਿਆ ਤਾਂ ਹੁਕਮ ਵਿਚ ਹੀ ਲੀਣ ਹੋ ਜਾਵਾਂਗੇ।

*ਬਹੁਰਿ ਹਮ ਕਾਹੇ ਆਵਹਿਗੇ॥*
*ਆਵਣ ਜਾਣਾ ਹੁਕਮ ਤਿਸੈ ਕਾ, ਹੁਕਮੈ ਬੁਝਿ ਸਮਾਵਹਿਗੇ।*

*(ਮਾਰੂ ਕਬੀਰ ਜੀ, ਪੰਨਾ ੧੧੦੩)*

ਹੁਕਮ ਨੂੰ ਸਮਝਣ ਦਾ ਭਾਵ ਹੁਕਮ ਨੂੰ ਮੰਨਣਾ ਹੀ ਹੈ ਜਿਵੇਂ ਨਮਕ ਦਾ ਪੁਤਲਾ ਸਾਗਰ ਨੂੰ ਸਮਝਣ ਵਾਸਤੇ ਜਾਏ ਤਾਂ ਵਾਪਸ ਨਹੀਂ ਆਏਗਾ। ਹੁਕਮ ਮੰਨਣ ਵਾਲਿਆਂ ਵੀ ਜਦੋਂ ਹੁਕਮ ਵਿਚ ਡੁਬਕੀ ਲਗਾਈ ਹੈ ਤਾਂ ਹੁਕਮ ਵਿਚ ਹੀ ਲੀਣ ਹੋ ਗਏ ਹਨ। ਪ੍ਰਮਾਤਮਾ ਇਕ ਪਰਮ ਜੋਤ ਹੈ, ਜੀਵ ਉਸੇ ਜੋਤ ਤੋਂ ਪ੍ਰਕਾਸ਼ਮਾਨ ਹੋਈ ਜੋਤ ਹੈ। ਜਦੋਂ ਇਹ ਆਪਣੀ ਹਸਤੀ ਮੁਕਾ ਦੇਂਦੀ ਹੈ ਉਸ ਜੋਤ ਵਿਚ ਲੀਨ ਹੋ ਜਾਂਦੀ ਹੈ। ਬੰਦਾ ਆਪਣੀ ਹਸਤੀ ਬਣਾਈ ਰੱਖਣ ਕਾਰਨ, ਉਸ ਜੋਤ ਵਿਚ ਲੀਨ ਨਹੀਂ ਹੁੰਦਾ। ਜੋਤ ਵਿਚ ਜੋਤ ਮਿਲਣ ਦਾ ਭਾਵ ਹੈ, ਸਾਰੀ ਮਮਤਾ ਛੱਡ ਕੇ ਬੰਦਾ ਪ੍ਰਮਾਤਮਾ ਦੇ ਚਰਨਾਂ ਤੱਕ ਜਾ ਪਹੁੰਚੇ ਤਾਂ ਜੋਤ ਵਿਚ ਜੋਤ ਸਮਾ ਜਾਏ। ਜੇ ਇਹ ਆਪਣੀ ਹਉਮੈ

ਨਾਲ ਲੈ ਕੇ ਜਾਣਾ ਚਾਹੇ ਤਾਂ ਹਉਮੈ ਲੈ ਕੇ ਉੱਥੇ ਨਹੀਂ ਪੁੱਜ ਸਕੇਗਾ। ਉਥੇ ਤਾਂ ਸਿਰਫ਼ ਨਿਰ ਹੰਕਾਰ ਹੀ ਪੁਜਦੇ ਹਨ। ਇਕ ਬੜੀ ਸੁੰਦਰ ਕਥਾ ਹੈ ਕਿ ਇਕ ਅਜਨਬੀ ਬੰਦਾ ਇਕ ਜੰਗਲੀ ਰਸਤੇ ਵਿਚੋਂ ਗੁਜ਼ਰ ਰਿਹਾ ਸੀ। ਰਸਤੇ ਵਿਚ ਬੈਠੇ ਇਕ ਬਜ਼ੁਰਗ ਨੂੰ ਪੁੱਛਣ ਲਗਾ, ਬਾਬਾ ਜੀ! ਇਹ ਰਸਤਾ ਤਾਂ ਠੀਕ ਹੈ ਇਥੇ ਕਦੀ ਕੋਈ ਮਾੜੀ ਚੰਗੀ ਘਟਨਾ ਤਾਂ ਨਹੀਂ ਘਟੀ। ਉਸ ਬਜ਼ੁਰਗ ਨੇ ਹਉਕਾ ਭਰਿਆ ਤੇ ਕਿਹਾ ਕਿ ਮਾੜੀਆਂ ਘਟਨਾਵਾਂ ਤਾਂ ਨਿਤ ਘਟਦੀਆਂ ਹੀ ਰਹਿੰਦੀਆਂ ਹਨ। ਪਰ ਮੇਰੀ ਜ਼ਿੰਦਗੀ ਵਿਚ ਮੇਰੇ ਵੇਖਦਿਆਂ ਸਿਰਫ ਇਕ ਚੰਗੀ ਘਟਨਾ ਘਟੀ ਸੀ। ਰਾਹੀ ਨੇ ਪੁੱਛਿਆ ਕਿ ਚੰਗੀ ਘਟਨਾ ਅਤੇ ਸਿਰਫ ਇਕ ਵਾਰ, ਉਹ ਕਿਵੇਂ? ਬਜ਼ੁਰਗ ਫਕੀਰ ਸੀ ਕਹਿਣ ਲੱਗਾ ਕਿ ਇਕ ਸੱਜਣ ਇਸੇ ਰਸਤੇ ਗਿਆ ਸੀ ਤੇ ਸਹੀ ਸਲਾਮਤ ਬਚ ਕੇ ਨਿਕਲ ਗਿਆ ਸੀ, ਬਸ ਸਿਰਫ਼ ਇਕੋ ਵਾਰ। ਜਿਸ ਰਸਤੇ ਵਿਚ ਕਾਮ ਆਦਿਕ ਲੁਟੇਰੇ ਹੋਣ ਇਸ ਜੀਵਨ ਦੇ ਖਤਰਨਾਕ ਰਸਤੇ ਵਿਚੋਂ ਕੋਈ ਉਜਲ ਮੁਖ ਲੈ ਕੇ, ਬੇਦਾਗ਼ ਮਨ ਲੈ ਕੇ ਪ੍ਰਮਾਤਮਾ ਦੀ ਹਜ਼ੂਰੀ ਤਕ ਪੁੱਜ ਜਾਏ ਤਾਂ ਸਮਝ ਲੈਣਾ ਕਿ ਉਹ ਜੋਤੀ ਜੋਤ ਸਮਾ ਗਿਆ ਹੈ। ਗੁਰੂ ਨਾਨਕ ਦੇਵ ਜੀ ਬਾਰੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਕਰਤਾਰਪੁਰ ਡੇਰਾ ਜੋ ਸਤਿਗੁਰਾਂ ਨੇ ਉਦਾਸੀਆਂ ਕਰਨ ਤੋਂ ਬਾਅਦ ਵਸਾਇਆ ਸੀ, ਉਥੇ ਉਹ ਜੋਤੀ ਜੋਤ ਸਮਾ ਗਏ ਸਨ। ਮਹਾਂਪੁਰਖਾਂ ਨਾਲ ਜਦੋਂ ਇਹ ਸ਼ਬਦ ਜੁੜਦਾ ਹੈ ਕਿ ਜੋਤੀ ਜੋਤ ਸਮਾ ਗਏ ਤਾਂ ਉਸਦਾ ਭਾਵ ਹੁੰਦਾ ਹੈ ਕਿ ਉਹ, ਮੋਖ ਤੱਕ ਜਾ ਪੁੱਜੇ ਉਹ ਮੁਕਤ ਹੋ ਗਏ। ਉਨ੍ਹਾਂ ਦਾ ਜਨਮ ਮਰਨ ਦਾ ਗੇੜ ਮੁੱਕ ਗਿਆ ਪਰ ਗੁਰੂ ਨਾਨਕ ਦੇਵ ਜੀ ਬਾਰੇ ਜੋਤੀ ਜੋਤ ਸਮਾਉਣ ਦੀ ਇਹ ਧਾਰਨਾ ਨਹੀਂ ਬਣਾਈ ਜਾ ਸਕਦੀ। ਉਸਦਾ ਕਾਰਨ ਹੈ ਕਿ ਮੁਕਤ ਤਾਂ ਉਹ ਪਹਿਲੇ ਹੀ ਸਨ। ਉਨ੍ਹਾਂ ਨੇ ਪ੍ਰਮਾਤਮਾ ਦੇ ਦਰ ਤੋਂ ਬਖਸ਼ਸ਼ ਤਾਂ ਪਹਿਲੇ ਹੀ ਪ੍ਰਾਪਤ ਕਰ ਲਈ ਸੀ। ਬਖ਼ਸ਼ਸ਼ ਹੀ ਮੁਕਤਿ ਹੈ ਉਹ ਤਾਂ ਪਹਿਲੇ ਹੀ ਪਾਸ ਸੀ। ਉਨ੍ਹਾਂ ਦੀ ਜੋਤਿ ਕਿਥੇ ਸਮਾਈ, ਉਹ ਜੋਤ ਪਹਿਲੇ ਹੀ ਸਰਬ ਵਿਆਪਕ ਸੀ। ਉਸ ਜੋਤ ਨੇ ਤਾਂ ਅਨੇਕਾਂ ਬੁਝਿਆਂ ਦੀਵਿਆਂ ਨੂੰ ਜਗਾਇਆ ਸੀ ਇਹੀ ਕਾਰਨ ਹੈ ਕਿ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਦੀ ਵਿਆਖਿਆ ਕਰਦੇ ਹੋਏ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ—

*ਬਾਬਾ ਮੜੀ ਨਾ ਗੋਰ ਗੁਰ ਅੰਗਦ ਕੇ ਹੀਜੇ ਮਹਿ।*
*ਪੁਨ ਸਤਿਸੰਗਤ ਔਰ ਨਿਸਦਿਨ ਬਸਯੋ ਮੈ ਕਰੋ।*

ਉਹ ਪਰਮ ਸ਼ਕਤੀ ਗੁਰੂ ਅੰਗਦ ਦੇਵ ਦੇ ਹਿਰਦੇ ਵਿਚ ਸਮਾ ਗਈ। ਤੇ ਗੁਰੂ ਅੰਗਦ ਦੇਵ ਇਕੱਲੇ ਨਹੀਂ ਉਨ੍ਹਾਂ ਦੇ ਨਾਲ ਉਹ ਸੰਗਤ ਹੈ ਜਿਨ੍ਹਾਂ ਗੁਰੂ ਨਾਨਕ ਦੇਵ ਦੀ ਬਖਸ਼ਸ਼ ਪ੍ਰਾਪਤ ਕੀਤੀ ਹੈ। ਜਿਨ੍ਹਾਂ ਦੀ ਜੋਤ ਉਸ ਗੁਰ ਜੋਤ ਤੋਂ ਜਗੀ ਹੈ। ਗੁਰੂ ਅੰਗਦ ਦੇਵ ਉਸ ਸੰਗਤ ਦੇ ਮੁਖੀ ਹਨ। ਉਸ ਸੰਗਤ ਤੋਂ ਵੱਖ ਨਹੀਂ। ਗੁਰੂ

ਨਾਨਕ ਦੇਵ ਦੀ ਸੰਗਤ ਤੇ ਗੁਰੂ ਅੰਗਦ ਦੇਵ, ਜੋ ਸੰਗਤ ਦੇ ਮੁਖੀ ਹਨ ਸੰਗਤ ਦੀ ਸੇਵਾ ਲਈ ਸੰਗਤ ਵਿਚ ਗੁਰੂ ਜੋਤ ਜਗਦੀ ਰੱਖਣ ਵਾਸਤੇ ਜਿਨ੍ਹਾਂ ਨੂੰ ਉਚੇਚੇ ਤੌਰ 'ਤੇ ਗੁਰੂ ਨਾਨਕ ਦੇਵ ਜੀ ਨੇ ਥਾਪੜਾ ਲਗਾ ਕੇ ਆਪਣੇ ਥਾਂ ਥਾਪਿਆ ਹੈ ਇਸ ਗੁਰੂ ਅੰਗਦ ਦੇਵ ਤੇ ਇਸ ਸਾਧ ਸੰਗਤ ਵਿਚ ਗੁਰੂ ਨਾਨਕ ਦੇਵ ਜੀ ਦੀ ਜੋਤ ਹੈ। ਇਹ ਗੁਰੂ ਨਾਨਕ ਦੇਵ ਦੀ ਜੋਤ ਮੁਕਤੀ ਦੀ ਭਾਲ ਵਿਚ ਨਹੀਂ। ਬਲਕਿ ਜਿਸ ਸਾਧ ਸੰਗਤ ਵਿਚ ਇਹ ਜੋਤ ਜਗਦੀ ਹੈ ਜਿਥੇ ਗੁਰੂ ਦੀ ਸਾਧ ਸੰਗਤ ਬੈਠਦੀ ਹੈ ਉਹ ਥਾਂ ਹੀ ਬੈਕੁੰਠ ਧਾਮ ਬਣ ਜਾਂਦਾ ਹੈ। ਗੁਰ ਜੋਤੀ ਨੇ ਮਹਾਨ ਪਰਉਪਕਾਰ ਕੀਤਾ ਹੈ ਕਿ ਬੈਕੁੰਠ ਧਾਮ ਜਿਸ ਨੂੰ ਲੋਕ ਅਰਸ਼ਾਂ ਵਿਚ ਮੰਨਦੇ ਸਨ ਉਸ ਕਲਪਨਾ ਨੂੰ ਹਕੀਕਤ ਵਿਚ ਬਦਲ ਦਿੱਤਾ ਤੇ ਧਰਤੀ ਉਤੇ ਹੀ ਬੈਕੁੰਠ ਧਾਮ ਦੇ ਦਰਸ਼ਨ ਕਰਵਾ ਦਿੱਤੇ। ਇਸੇ ਲਈ ਸਤਿਗੁਰੂ ਦੇ ਸਿੱਖ ਨੂੰ, ਅੰਤਮ ਸਮੇਂ ਕੋਈ ਕਲਪਤ ਬੈਕੁੰਠ ਧਾਮ ਯਾਦ ਨਹੀਂ ਆਉਂਦਾ। ਉਸਨੂੰ ਅੰਤਮ ਸਮੇਂ ਸਤਿਗੁਰੂ ਯਾਦ ਆਉਂਦਾ ਹੈ, ਉਸਨੂੰ ਅੰਤਮ ਸਮੇਂ ਸਾਧ ਸੰਗਤ ਯਾਦ ਆਉਂਦੀ ਹੈ। ਜਿਥੇ ਉਹ ਨਿਤ ਬੈਠ ਕੇ ਕੀਰਤਨ ਸੁਣਦਾ ਸੀ। ਜਿਥੇ ਉਹ ਨਿਤ ਬੈਠ ਕੇ ਕਥਾ ਸੁਣਦਾ ਸੀ। ਜਿਥੇ ਬੈਠ ਕੇ ਨਿਤ ਸੁਣਦਾ ਸੀ ਹੇ ਮੇਰੇ ,ਸੱਜਣੋ, ਮੈਨੂੰ ਉਹ ਅਸੀਸਾਂ ਦਿਉ ਜਿਨ੍ਹਾਂ ਅਸੀਸਾਂ ਦਾ ਸਦਕਾ ਮੇਰਾ ਪ੍ਰਮਾਤਮਾ ਨਾਲ ਮੇਲ ਹੋ ਜਾਵੇ।

*ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।*

*(ਸੋਹਿਲਾ ਮ: ੧, ਪੰਨਾ ੧੨)*

ਸਿੱਖ ਸਾਖੀਕਾਰਾਂ ਦਾ ਕਥਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜੋ ਇਸ ਜਗਤ ਤੇ ਬਾਣੀ ਰੂਪ ਵਿਚ ਅੰਤਮ ਬਖ਼ਸ਼ਸ਼ ਕੀਤੀ ਹੈ ਉਹ ਬਾਰਾਮਾਹ ਹੈ ਜੋ ਤੁਖਾਰੀ ਰਾਗ ਵਿਚ ਦਰਜ ਹੈ। ਇਸ ਜੀਵ ਦੇ ਅੰਦਰ ਕਿੰਨੀ ਬਿਰਹੁੰ, ਕਿੰਨਾ ਪ੍ਰੇਮ, ਕਿੰਨਾ ਵੈਰਾਗ, ਕਿੰਨੀ ਨਿਮਰਤਾ ਤੇ ਨਿਮਰਤਾ ਨਾਲ ਅਰਦਾਸ ਇਸ ਜੀਵ ਵਲੋਂ ਸਤਿਗੁਰਾਂ ਨੇ ਉਸ ਪ੍ਰਮਾਤਮਾ ਅੱਗੇ ਕਰਵਾਈ ਹੈ। ਤਾਂ ਕਿ ਇਸ ਜੀਵ ਦੀ ਜੋਤ ਪ੍ਰਮਾਤਮਾ ਦੀ ਜੋਤ ਵਿਚ ਸਮਾ ਸਕੇ। ਪਰ ਉਹ ਪ੍ਰਮਾਤਮਾ ਰਹਿੰਦਾ ਕਿਥੇ ਹੈ, ਕਿਤੇ ਦੂਰ ਨਹੀਂ, ਕਿਤੇ ਸਤਵੇਂ ਅਕਾਸ਼ ਤੋਂ ਪਰ੍ਹਾਂ ਨਹੀਂ। ਬਲਕਿ ਉਹ ਪ੍ਰਮਾਤਮਾ ਸਿੱਖ ਦੇ ਨਾਲ ਹੈ। ਅੰਗ-ਸੰਗ ਹੈ, ਜਿੱਥੇ ਸਾਧ ਸੰਗਤ ਵਿਚ ਸਿੱਖ ਰਹਿੰਦਾ ਹੈ ਉਥੇ ਹੀ ਇਸਦਾ ਪ੍ਰਮਾਤਮਾ ਰਹਿੰਦਾ ਹੈ। ਸਿੱਖ ਨਿੱਤ ਰਜ਼ਾ ਤੇ ਭਾਣੇ ਵਿਚ ਰਹਿਣ ਦਾ ਅਭਿਆਸ ਕਰਦਾ ਹੈ। ਸਿੱਖ ਦਾ ਟਿਕਾਣਾ ਹੀ ਰਜ਼ਾ ਵਿਚ ਹੈ, ਸਿੱਖੀ ਨੇ ਆਪਣਾ ਘਰ ਭਾਣੇ ਵਿਚ ਹੀ ਬਣਾਇਆ ਹੈ। ਜਿਥੇ ਭਾਣੇ ਤੇ ਰਜ਼ਾ ਦਾ ਨਿਤ ਅਭਿਆਸ ਹੁੰਦਾ ਹੈ ਉਸ ਥਾਂ ਨੂੰ ਹੀ ਅਸੀਂ ਸਾਧ-ਸੰਗਤ ਕਹਿੰਦੇ ਹਾਂ। ਗੁਰੂ ਨਾਨਕ ਦੇਵ ਸੰਗਤ ਵਿਚ ਹੀ ਸਮਾ ਗਏ। ਐਸੇ ਸਮਾਏ ਕਿ ਫਿਰ ਵੱਖ ਹੋਏ ਹੀ ਨਹੀਂ। ਗੁਰੂ ਨਾਨਕ ਦੇਵ ਨੂੰ ਕਿਸੇ

ਲੱਭਣਾ ਹੋਵੇ ਤਾਂ ਗੁਰੂ ਨਾਨਕ ਦੇਵ ਦੇ ਪਿਆਰਿਆਂ ਦੇ ਹਿਰਦੇ ਵਿਚੋਂ ਲੱਭੇ। ਗੁਰੂ ਅੰਗਦ ਦੇਵ ਜਦੋਂ ਮਾਈ ਵਿਰਾਈ ਦੇ ਘਰ ਬਿਰਾਜੇ ਸਨ, ਬਾਬਾ ਬੁੱਢਾ ਜੀ ਸੰਗਤਾਂ ਸਹਿਤ ਆ ਪਹੁੰਚੇ ਤੇ ਸਤਿਗੁਰਾਂ ਨੂੰ ਪ੍ਰਗਟ ਕੀਤਾ ਤੇ ਕਿਹਾ ਸਤਿਗੁਰੂ ਜੇ ਮਾਂ ਵੀ ਜ਼ਿੰਦਾ ਹੋਵੇ ਤੇ ਮਾਸੂਮ ਬੱਚਾ ਵੀ ਜ਼ਿੰਦਾ ਹੋਵੇ ਤਾਂ ਦੋਵਾਂ ਨੂੰ ਵੱਖ ਰੱਖਣਾ ਬੜਾ ਹੀ ਮੁਸ਼ਕਿਲ ਹੈ। ਕੀ ਚੰਦ ਤੇ ਚਾਂਦਨੀ ਨੂੰ ਵੱਖ-ਵੱਖ ਕੀਤਾ ਜਾ ਸਕਦਾ ਹੈ, ਕੀ ਸੂਰਜ ਤੇ ਸੂਰਜ ਦੀ ਰੌਸ਼ਨੀ ਨੂੰ ਵੱਖ-ਵੱਖ ਕੀਤਾ ਜਾ ਸਕਦਾ ਹੈ, ਕੀ ਸਤਿਗੁਰੂ ਤੇ ਸਾਧ ਸੰਗਤ ਨੂੰ ਵੱਖ-ਵੱਖ ਕੀਤਾ ਜਾ ਸਕਦਾ ਹੈ? ਸੰਗਤ ਵੱਖ ਹੋ ਕੇ ਕਿਸ ਦੀ ਸੰਗਤ ਹੋਵੇਗੀ। ਗੁਰੂ ਵੱਖ ਹੋ ਕੇ ਕਿਸਦਾ ਗੁਰੂ ਹੋਵੇਗਾ? ਬੱਚੇ ਤੋਂ ਬਿਨਾਂ ਮਾਂ ਵੀ ਮਾਂ ਨਹੀਂ ਅਖਵਾ ਸਕਦੀ। ਤੇ ਮਾਂ ਤੋਂ ਬਿਨਾਂ ਬੱਚਾ ਵੀ ਬੱਚਾ ਨਹੀਂ ਅਖਵਾ ਸਕਦਾ। ਕਿਸ ਦਾ ਬੱਚਾ ਜਾਂ ਕਿਸ ਦੀ ਮਾਂ? ਇਹ ਤਾਂ ਮਾਂ ਪੁੱਤਰ ਇਕੱਠੇ ਹੋਣਗੇ ਤਾਂ ਹੀ ਗੱਲ ਬਣੇਗੀ। ਗੁਰੂ ਤੇ ਸੰਗਤ ਦਾ ਮਾਂ ਪੁੱਤਰ ਵਾਲਾ ਨਾਤਾ ਹੈ। ਗੁਰੂ ਜੋਤ ਸਾਧ ਸੰਗਤ ਵਿਚ ਹੈ। ਗੁਰੂ ਦੀ ਜੋਤ ਜਦੋਂ ਵੀ ਸਮਾਉਂਦੀ ਹੈ ਸੰਗਤ ਵਿਚ ਸਮਾਉਂਦੀ ਹੈ ਜਿਵੇਂ ਕਿਸੇ ਮਾਂ ਦਾ ਮਾਸੂਮ ਬੱਚਾ ਵਿਲਕਦਾ ਹੋਵੇ ਮਾਂ ਨੂੰ ਕਿਹਾ ਜਾਵੇ ਕਿ ਇਹ ਬੱਚਾ ਤੜਪ-ਤੜਪ ਕੇ ਮਰ ਜਾਣ ਦੇ ਤੈਨੂੰ ਸਵਰਗ ਦੇ ਦੇਂਦੇ ਹਾਂ। ਮਾਂ ਤੇ ਕਹੇਗੀ ਮੈਨੂੰ ਸਵਰਗ ਨਹੀਂ ਚਾਹੀਦਾ, ਬੱਚਾ ਮੈਨੂੰ ਦੇ ਦੇਵੋ। ਗੁਰੂ ਸੰਗਤ ਨੂੰ ਛੱਡ ਕੇ ਹੋਰ ਕਿਥੇ ਜਾਣਗੇ। ਗੁਰੂ ਜੋਤੀ ਹਮੇਸ਼ਾ ਸੰਗਤ ਵਿਚ ਹੀ ਜੋਤੀ ਜੋਤ ਸਮਾਉਂਦੀ ਹੈ। ਸੰਗਤ ਪੁੱਤਰ ਨਾਲ ਗੁਰੂ ਮਾਂ ਦਾ ਪਿਆਰ ਹੈ।

■ ■ ■

## ੧੨

# ਤੂੰ ਲੈਹਣਾ ਮੈਂ ਦੇਣਾ

ਸਿੱਖ ਸਾਖੀਕਾਰ-ਲਿਖਦੇ ਹਨ ਕਿ ਜਦੋਂ ਭਾਈ ਲਹਿਣਾ ਜੀ ਸਤਿਗੁਰੂ ਨਾਨਕ ਦੇਵ ਜੀ ਨੂੰ ਮਿਲੇ ਤਾਂ ਪਹਿਚਾਣ ਨਹੀਂ ਸਕੇ ਕਿ ਇਹੋ ਹੀ ਗੁਰੂ ਨਾਨਕ ਦੇਵ ਜੀ ਹਨ। ਭਾਈ ਲਹਿਣਾ ਜੀ ਘੋੜੀ ਤੇ ਅਸਵਾਰ ਹਨ। ਸਤਿਗੁਰੂ ਨਾਨਕ ਦੇਵ ਖੇਤਾਂ ਵਿਚ ਕੰਮ ਕਰਕੇ ਵਾਪਸ ਆ ਰਹੇ ਸਨ। ਭਾਈ ਲਹਿਣਾ ਜੀ ਪੁੱਛਦੇ ਹਨ ਕਿ ਬਾਬਾ ਜੀ! ਮੈਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਜਾਣਾ ਹੈ। ਮੈਂ ਉਨ੍ਹਾਂ ਦਾ ਨਿਵਾਸ ਅਸਥਾਨ ਸੁਣਿਆ ਹੈ ਨੇੜੇ ਹੀ ਹੈ। ਜੇ ਤੁਸੀਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਹਨ ਤਾਂ ਮੈਨੂੰ ਕੋਈ ਉਨ੍ਹਾਂ ਦੇ ਬਾਰੇ ਬਚਨ ਸੁਣਾਓ। ਜੇ ਤੁਸੀਂ ਉਨ੍ਹਾਂ ਦੇ ਡੇਰੇ ਦਾ ਰਾਹ ਜਾਣਦੇ ਹੋ ਤਾਂ ਮੈਨੂੰ ਗੁਰੂ ਦੇ ਘਰ ਦਾ ਰਾਹ ਦੱਸੋ।

ਜੀਵਨ ਵਿਚ ਨਾ-ਵਾਕਫ਼ੀ ਵੀ ਕਿੰਨੀ ਦੂਰੀ ਹੈ? ਜਾਣਕਾਰੀ ਨਾ ਹੋਣੀ ਅਤੇ ਪਹਿਚਾਣ ਨਾ ਹੋਈ ਕਿੰਨੀ ਵੱਡੀ ਰੋਕ ਹੈ? ਗੁਰੂ ਨਾਨਕ ਦੇਵ ਦੇ ਸਾਹਮਣੇ ਖੜ੍ਹਾ ਦਰਸ਼ਨ ਅਭਿਲਾਖੀ ਪੁੱਛਦਾ ਹੈ ਕਿ ਮੈਨੂੰ ਗੁਰੂ ਨਾਨਕ ਦੇ ਘਰ ਦਾ ਰਾਹ ਦੱਸੋ। ਅਸੀਂ ਪ੍ਰਮਾਤਮਾ ਦੇ ਸਾਹਮਣੇ ਖੜ੍ਹੇ ਹਾਂ ਉਸ ਤੋਂ ਦੂਰੀ ਹੋ ਹੀ ਨਹੀਂ ਸਕਦੀ ਉਹ ਸਰਬ ਵਿਆਪਕ ਹੈ। ਉਸ ਵੱਲ ਤਾਂ ਅਸੀਂ ਪਿੱਠ ਵੀ ਨਹੀਂ ਕਰ ਸਕਦੇ ਕਿਉਂਕਿ ਜਿੰਨਾ ਉਹ ਸਾਡੇ ਮੂੰਹ ਵਾਲੇ ਪਾਸੇ ਹੈ ਉਨਾ ਹੀ ਉਹ ਪਿੱਠ ਵਾਲੇ ਪਾਸੇ ਹੈ। ਸੱਚ ਹੈ ਰੱਬ ਨਾ ਅਸੀਂ ਗਵਾਇਆ ਹੈ ਨਾ ਹੀ ਸਾਡੇ ਤੋਂ ਦੂਰ ਹੈ। ਪ੍ਰਮਾਤਮਾ ਨੂੰ ਅਸੀਂ ਭੁਲਾਇਆ ਹੈ ਉਹ ਸਾਡੇ ਸਾਹਮਣੇ ਹੈ।

ਇਕ ਕਥਾ ਹੈ ਕਿ ਪਤੀ ਪਤਨੀ ਦਾ ਬੜਾ ਪ੍ਰੇਮ ਸੀ। ਰੋਜ਼ੀ ਦੀ ਤਲਾਸ਼ ਵਿਚ ਪਤੀ ਪ੍ਰਦੇਸ ਚਲਾ ਗਿਆ। ਪਤਨੀ ਪੱਤਰ ਲਿਖਦੀ ਸੀ ਆਖਰ ਪਤੀ ਇਕ ਰਾਤ ਘਰ ਪੁੱਜ ਗਿਆ। ਉਸਨੇ ਵੇਖਿਆ ਕਿ ਪਤਨੀ ਲਿਖਣ ਵਿਚ ਏਨੀ ਮਸਤ ਹੈ ਕਿ

ਉਸਨੇ ਉਸਦੇ ਆਉਣ ਦਾ ਧਿਆਨ ਨਹੀਂ ਕੀਤਾ। ਇਸਨੂੰ ਉਸਦਾ ਇਹ ਮਸਤ ਹੋ ਕੇ ਲਿਖਣਾ ਏਨਾ ਚੰਗਾ ਲੱਗਾ ਕਿ ਮਨ ਵਿਚ ਖ਼ਿਆਲ ਆਇਆ ਕਿ ਬੁਲਾਵਾਂਗਾ ਨਹੀਂ। ਜਦੋਂ ਇਹ ਪੱਤਰ ਲਿਖ ਕੇ ਵਿਹਲੀ ਹੋ ਜਾਵੇਗੀ ਤਾਂ ਮੈਨੂੰ ਆਪੇ ਵੇਖ ਲਵੇਗੀ। ਪਰ ਹੈਰਾਨੀ ਦੀ ਗੱਲ ਹੈ ਕਿ ਪਤਨੀ ਇਕ ਪੇਪਰ ਲਿਖ ਕੇ ਦੂਸਰਾ ਸ਼ੁਰੂ ਕਰ ਲੈਂਦੀ ਹੈ। ਅਖੀਰ ਇਸਨੂੰ ਅਵਾਜ਼ ਦੇਣੀ ਹੀ ਪਈ ਤੇ ਕਿਹਾ ਸ੍ਰੀਮਤੀ ਜੀ, ਕੀ ਲਿਖ ਰਹੇ ਹੋ? ਪਤਨੀ ਅਚਾਨਕ ਚੌਂਕੀ ਤੇ ਕਹਿਣ ਲੱਗੀ, ਕਦੋਂ ਆਏ ਹੋ? ਆਪ ਨੂੰ ਹੀ ਪੱਤਰ ਲਿਖ ਰਹੀ ਸਾਂ। ਪਤੀ ਦਾ ਆਦਰ ਕੀਤਾ ਤੇ ਕਿਹਾ ਕਿ ਕਮਾਲ ਹੈ ਕਿ ਤੁਸੀਂ ਸਾਹਮਣੇ ਖੜ੍ਹੇ ਹੋ ਤੇ ਮੈਂ ਵੇਖਿਆ ਹੀ ਨਹੀਂ। ਤੁਸੀਂ ਬੋਲੇ ਨਹੀਂ ਮੈਂ ਤੁਹਾਨੂੰ ਹੀ ਯਾਦ ਕਰ ਰਹੀ ਸਾਂ ਤੇ ਦਿਲ ਦੀ ਵੇਦਨਾ ਲਿਖ ਰਹੀ ਸਾਂ। ਆਉਣ ਬਾਰੇ ਹੀ ਲਿਖ ਰਹੀ ਸਾਂ ਤੇ ਤੁਸੀਂ ਸਾਹਮਣੇ ਖੜ੍ਹੇ ਹੋ।

ਇਹ ਸੱਚ ਹੈ ਕਿ ਜਿੰਨੇ ਧਾਰਮਿਕ ਕਰਮ ਹੋ ਰਹੇ ਹਨ, ਕਰਨ ਵਾਲੇ ਸਾਰੇ ਪ੍ਰਮਾਤਮਾ ਨੂੰ ਪੱਤਰ ਲਿਖ ਰਹੇ ਹਨ। ਤੇ ਪ੍ਰਮਾਤਮਾ ਸਾਹਮਣੇ ਖੜ੍ਹਾ ਹੈ। ਕਦੀ ਅਸੀਂ ਵੀ ਅੱਖਾਂ ਉਤਾਂਹ ਕਰਕੇ ਵੇਖ ਸਕੀਏ ਤਾਂ ਜ਼ਰੂਰ ਕਹਾਂਗੇ ਕਿ ਹੇ ਪ੍ਰਭੂ ਕਦੋਂ ਆਏ ਹੋ। ਤੁਹਾਨੂੰ ਹੀ ਪੱਤਰ ਲਿਖ ਰਹੇ ਸਾਂ ਤੇ ਉਹ ਵੀ ਜ਼ਰੂਰ ਕਹੇਗਾ, ਭੋਲੇ ਜੀਵ! ਤੂੰ ਹੀ ਲਿਖਣ ਵਿਚ ਏਨਾ ਮਾਮਰੂਫ ਸੀ, ਤੂੰ ਵੇਖਿਆ ਹੀ ਨਹੀਂ। ਮੈਂ ਤੇਰੇ ਤੋਂ ਦੂਰ ਗਿਆ ਹੀ ਕਦੋਂ ਸਾਂ? ਸਿਰਫ ਤੇਰੀ ਅਗਿਆਨਤਾ ਦੇ ਕਾਰਨ ਹੀ ਮੈਂ ਦੂਰ ਸਾਂ। ਵਰਨਾ ਮੈਂ ਤੇਰੇ ਤੋਂ ਕਦੀ ਦੂਰ ਹੋਇਆ ਹੀ ਨਹੀਂ।

ਇਹੀ ਹਾਲਤ ਭਾਈ ਲਹਿਣਾ ਜੀ ਦੀ ਹੋਈ। ਗੁਰੂ ਨਾਨਕ ਦੇਵ ਜੀ ਨੂੰ ਪੁੱਛਦੇ ਹਨ ਕਿ ਗੁਰੂ ਨਾਨਕ ਦੇਵ ਤੁਸੀਂ ਵੇਖਿਆ ਹੈ? ਤੁਸੀਂ ਦਰਸ਼ਨ ਕੀਤੇ ਹਨ? ਗੁਰੂ ਨਾਨਕ ਦੇਵ ਨੂੰ ਹੀ ਪੁਛਦੇ ਹਨ ਕਿ ਤੁਹਾਨੂੰ ਗੁਰੂ ਨਾਨਕ ਦੇਵ ਦੇ ਘਰ ਦਾ ਰਸਤਾ ਆਉਂਦਾ ਹੈ? ਸਤਿਗੁਰੂ ਹੱਸ ਪਏ, ਸਤਿਗੁਰਾਂ ਦੀ ਉਮਰ ਉਸ ਵੇਲੇ ੬੩ ਸਾਲ ਛੇ ਮਹੀਨੇ ਦੀ ਸੀ। ਭਾਈ ਲਹਿਣੇ ਦੀ ਉਮਰ ਉਸ ਵੇਲੇ ੨੯ ਸਾਲ ਸੀ। ਸਤਿਗੁਰੂ ਕਹਿਣ ਲੱਗੇ, ਭਾਈ! ਤੇਰਾ ਉਤਸ਼ਾਹ ਤਾਂ ਬੜਾ ਚੰਗਾ ਹੈ। ਚੱਲਿਆ ਵੀ ਚੰਗੇ ਪਾਸੇ ਹੈਂ। ਮੈਂ ਤੇਰੀ ਇਮਦਾਦ ਕਰਾਂਗਾ ਤੇ ਮੈਨੂੰ ਗੁਰੂ ਨਾਨਕ ਦੇ ਡੇਰੇ ਦਾ ਰਾਹ ਵੀ ਆਉਂਦਾ ਹੈ ਤੇ ਸਭ ਤੋਂ ਜ਼ਿਆਦਾ ਉਨ੍ਹਾਂ ਨੂੰ ਮੈਂ ਹੀ ਜਾਣਦਾ ਹਾਂ। ਬਾਕੀ ਰਸਤਾ ਪੁੱਛਣ ਵਾਲੇ ਤਾਂ ਕਈ ਵਾਰੀ ਰਾਹ ਵਿਚ ਹੀ ਰਹਿ ਜਾਂਦੇ ਹਨ। ਆ, ਮੈਂ ਤੈਨੂੰ ਪਹੁੰਚਾ ਹੀ ਦੇਵਾਂ। ਇਹ ਕਹਿ ਕੇ ਘੋੜੀ ਦੀ ਵਾਗ ਫੜ ਲਈ ਤੇ ਗੁਰੂ ਨਾਨਕ ਦੇਵ ਜੀ ਨੇ ਰੱਬ ਦੀਆਂ ਗੱਲਾਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ। ਗੁਰੂ ਨਾਨਕ ਦੇਵ ਦੀ ਰਸਨਾ ਤੋਂ ਬਚਨਾਂ ਨੂੰ ਸੁਣਿਆ ਤੇ ਕਹਿਣ ਲੱਗਾ ਬਾਬਾ ਜੀ! ਜਿਸ ਗੁਰੂ ਨਾਨਕ ਦੇਵ ਬਾਰੇ ਤੁਸੀਂ ਦੱਸਿਆ ਹੈ ਕਿ ਉਹ ਰੱਬ ਦੀ ਸਿਫ਼ਤ-ਸਲਾਹ ਕਰਦੇ ਹਨ ਜੇ ਗੁਰੂ ਦਾ ਰਾਹ ਦੱਸਣ ਵਾਲੇ ਦੇ ਬਚਨਾਂ ਨੇ ਮੈਨੂੰ ਦੁਨੀਆਂ ਭੁਲਾ ਦਿੱਤੀ ਹੈ ਤੇ ਗੱਦ

ਗਦ ਕਰ ਦਿੱਤਾ ਹੈ, ਬਾਬਾ ਜੀ! ਉਸ ਗੁਰੂ ਨਾਨਕ ਦੇਵ ਦੇ ਦਰਸ਼ਨ ਕੈਸੇ ਹੋਣਗੇ? ਉਨ੍ਹਾਂ ਦਾ ਕਰਤਾਰ ਕੈਸਾ ਹੋਵੇਗਾ ਜਿਸ ਦੇ ਨਾਂ ਤੇ ਉਨ੍ਹਾਂ ਕਰਤਾਰਪੁਰ ਵਸਾਇਆ ਹੈ। ਡੇਰਾ ਆ ਗਿਆ, ਭਾਈ ਲਹਿਣੇ ਨੂੰ ਇਸ਼ਾਰਾ ਕੀਤਾ, ਘੋੜੀ ਕਿੱਲੇ ਨਾਲ ਬੰਨ੍ਹੀ ਤੇ ਭਾਈ ਲਹਿਣਾ ਦਰਸ਼ਨਾਂ ਲਈ ਆ ਬੈਠਾ। ਸਤਿਗੁਰ ਉਸ ਆਸਣ ਤੇ ਆ ਬੈਠੇ ਜਿਥੇ ਬੈਠ ਕੇ ਉਪਦੇਸ਼ ਕਰਦੇ ਸਨ। ਭਾਈ ਲਹਿਣਾ ਦੀ ਹੈਰਾਨੀ ਦੀ ਹੱਦ ਨਾ ਰਹੀ। ਇਹੋ ਗੁਰੂ ਨਾਨਕ ਹਨ, ਧੰਨ ਹੈ ਇਨ੍ਹਾਂ ਦੀ ਸਾਦਗੀ, ਮੈਂ ਘੋੜੀ ਤੇ ਚੜ੍ਹ ਕੇ ਆਇਆ ਹਾਂ ਇਹ ਤੁਰ ਕੇ। ਸਤਿਗੁਰਾਂ ਕਿਹਾ, ਮੈਂ ਵੀ ਉਡੀਕ ਰਿਹਾ ਸਾਂ ਕਿ ਦਾਤ ਦੇਣੀ ਹੈ ਲਹਿਣੇਦਾਰ ਲਹਿਣਾ ਸਮੇਂ ਨਾਲ ਆ ਜਾਵੇ। ਚੰਗਾ ਹੋਇਆ ਹੈ। ਤੈਨੂੰ ਘੋੜੀ ਦੀ ਸਵਾਰੀ ਕਰਨੀ ਆਉਂਦੀ ਹੈ, ਮਨ ਦੀ ਸਵਾਰੀ ਵੀ ਸਿੱਖ ਅਤੇ ਘੋੜੀ ਵਾਂਗ ਮਨ ਦੀਆਂ ਵਾਗਾਂ ਮੈਨੂੰ ਸੌਂਪ ਦੇ ਤਾਂ ਕਿ ਜੋ ਤੂੰ ਲੈਣਾ ਹੈ ਤੇ ਮੈਂ ਦੇਣਾ ਹੈ ਤੈਨੂੰ ਦੇ ਸਕਾਂ। ਭਾਈ ਲਹਿਣੇ ਨੇ ਐਸਾ ਹੀ ਕੀਤਾ ਤੇ ਲਹਿਣੇ ਦੀ ਝੋਲੀ ਸਤਿਗੁਰੂ ਨਾਨਕ ਦੇਵ ਜੀ ਨੇ ਬਖਸ਼ਸ਼ ਨਾਲ ਭਰ ਕੇ ਲਹਿਣੇ ਨੂੰ ਗੁਰੂ ਅੰਗਦ ਦੇਵ ਬਣਾ ਦਿੱਤਾ।

■ ■ ■

## ੧੩

# ਗੁਰੂ ਦਾ ਭਾਣਾ ਹੀ ਘਾਲਣਾ ਹੈ

ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਕ ਕਥਾ ਹੈ, ਕਿ ਬਾਬਾ ਬੁੱਢਾ ਸਾਹਿਬ ਦੇ ਮਨ ਵਿਚ ਇਕ ਦਿਨ ਖ਼ਿਆਲ ਆਇਆ ਕਿ ਗੁਰੂ ਦੀ ਸੇਵਾ ਅਸੀਂ ਸਾਰੇ ਹੀ ਕਰਦੇ ਹਾਂ ਪਰ ਖੁਸ਼ੀ ਸਭ ਤੋਂ ਜ਼ਿਆਦਾ ਭਾਈ ਲਹਿਣੇ ਤੇ ਕਿਉਂ ਹੈ।

*ਇਕ ਦਿਨ ਬੂਢੇ ਕੇ ਮਨਿ ਆਈ। ਹੌਂ ਭੀ ਸੇਵ ਕਰਉ ਅਧਿਕਾਈ।*
*ਸਦਾ ਰਹਉ ਆਇਸ ਅਨੁਸਾਰੀ। ਤਦਪਿ ਕ੍ਰਿਪਾ ਲਹਿਣੇ ਪਰ ਧਾਰੀ।*

ਸਮਰੱਥ ਗੁਰੂ ਇਹ ਜਾਣਦੇ ਹਨ ਕਿ ਸਿੱਖੀ ਦੇ ਬੂਟੇ ਨੂੰ ਜੋ ਰੋਗ ਲੱਗਦਾ ਹੈ ਉਹ ਸ਼ੱਕ ਹੈ। ਸ਼ੱਕ ਹੈ ਤਾਂ ਘਾਲਣਾ ਸਫਲ ਨਹੀਂ ਹੋਵੇਗੀ। ਇਹ ਸ਼ੱਕ ਤਾਂ ਆ ਹੀ ਗਿਆ ਹੈ ਕਿ ਸਤਿਗੁਰੂ ਮੇਰੇ ਨਾਲ ਬੇ-ਇਨਸਾਫ਼ੀ ਕਰ ਰਹੇ ਹਨ। ਜਿਹੜਾ ਗੁਰੂ ਬੇਇਨਸਾਫ਼ੀ ਕਰ ਰਿਹਾ ਹੈ ਉਸਤੇ ਸ਼ਰਧਾ ਕਿਵੇਂ ਬਣੇਗੀ? ਜੇ ਸ਼ਰਧਾ ਹੀ ਨਾ ਬਣੇਗੀ ਤਾਂ ਸਿੱਖ ਦਾ ਨਿਸਤਾਰਾ ਕਿਵੇਂ ਹੋਵੇਗਾ?

ਸਤਿਗੁਰਾਂ ਇਕ ਰਾਤ ਕੌਤਕ ਵਰਤਾ ਦਿੱਤਾ। ਰਾਤ ਅੱਧੀ ਸੀ ਪਰ ਬੁੱਢੇ ਨੂੰ ਕਿਹਾ ਕਿ ਜਾਉ ਬਾਹਰ ਵੇਖ ਕੇ ਆਉ, ਪਹਿਰ ਰਾਤ ਰਹਿ ਗਈ ਜਾਪਦੀ ਹੈ। ਬੁੱਢੇ ਨੇ ਵੇਖਿਆ ਤੇ ਕਿਹਾ ਸਤਿਗੁਰੂ ਅੱਧੀ ਰਾਤ ਬਾਕੀ ਹੈ ਅਜੇ ਹੋਰ ਅਰਾਮ ਕਰ ਲਵੋ। ਅਜੇ ਇਸ਼ਨਾਨ ਦਾ ਸਮਾਂ ਨਹੀਂ ਹੋਇਆ। ਤਿੰਨ ਵਾਰ ਸਤਿਗੁਰਾਂ ਕਿਹਾ ਕਿ ਪਹਿਰ ਰਾਤ ਰਹਿੰਦੀ ਹੈ ਤੇ ਤਿੰਨੇ ਵਾਰ ਬਾਬੇ ਬੁੱਢੇ ਨੇ ਕਿਹਾ, ਨਹੀਂ ਸਤਿਗੁਰੂ! ਅੱਧੀ ਰਾਤ ਬਾਕੀ ਹੈ।

ਸਤਿਗੁਰਾਂ ਭਾਈ ਲਹਿਣੇ ਨੂੰ ਕਿਹਾ ਤੂੰ ਵੇਖ ਕੇ ਆ। ਭਾਈ ਲਹਿਣਾ ਜੀ ਨੇ ਵੇਖਿਆ ਕਿ ਰਾਤ ਤਾਂ ਅੱਧੀ ਹੀ ਬਾਕੀ ਹੈ। ਬੁੱਢਾ ਜੀ ਠੀਕ ਹੀ ਕਹਿੰਦੇ ਹਨ ਪਰ ਧਿਆਨ ਆਇਆ ਕਿ ਸਤਿਗੁਰੂ ਵਾਰ ਵਾਰ ਕਿਉਂ ਕਹਿ ਰਹੇ ਹਨ ਕਿ ਰਾਤ ਇਕ

ਪਹਿਰ ਹੈ। ਸ਼ਰਧਾਵਾਨ ਸਿੱਖ ਭਾਣੇ ਵਿਚ ਰਹਿਣ ਵਾਲਾ ਸੀ। ਖ਼ਿਆਲ ਆਇਆ ਕਿ, ਹੇ ਮਨਾ, ਰਾਤ ਦੀ ਗੱਲ ਨਹੀਂ ਰਜ਼ਾ ਦੀ ਗੱਲ ਹੈ। ਆ ਕੇ ਸਤਿਗੁਰਾਂ ਦੇ ਚਰਨ ਫੜ ਲਏ ਤੇ ਕਿਹਾ ਕਿ ਹੇ ਮੇਰੇ ਸਤਿਗੁਰੂ ਮੈਂ ਤਾਂ ਅੱਜ ਤੱਕ ਇਹੀ ਸਮਝਿਆ ਹਾਂ ਕਿ ਤੁਹਾਡੇ ਵਿਚ ਤੇ ਕਾਲ ਕਰਤਾ ਵਿਚ ਕੋਈ ਫ਼ਰਕ ਨਹੀਂ। ਤੁਸੀਂ ਹੀ ਕਾਲ ਬਣਾਉਣ ਵਾਲੇ ਹੋ ਤੁਸੀਂ ਹੀ ਦਿਨ ਰਾਤ ਬਿਤਾਉਣ ਵਾਲੇ ਹੋ ਤੇ ਕਿਹਾ ਕਿ—

*ਜਿਤਨੀ ਨਿਸਾ ਬਿਤਾਈ ਗਉਰ। ਤਿਤਨੀ ਥਿਤੀ ਨਾ ਜਾਨਉ ਬਾਉਰ।*
*ਅਬ ਜਿਤਨੀ ਰਾਖੀ ਸੋ ਰਹੀ। ਸਰਬ ਕਾਲ ਕੇ ਕਰਤਾ ਤੁਹੀ ।* (ਨਾਨਕ ਪ੍ਰਕਾਸ)

ਇਸ ਸਾਖੀ ਵਿਚ ਬੜੀ ਗੁਹਝ ਰਮਜ਼ ਹੈ। ਗੁਰੂ ਨਾਨਕ ਦੇਵ ਦੀ ਬਖ਼ਸ਼ਿਸ਼ ਤੇ ਭਾਈ ਲਹਿਣਾ ਜੀ ਦੀ ਘਾਲਣਾ ਨੂੰ ਵੇਖਣਾ ਹੈ। ਤਾਂ ਇਸ ਸਾਖੀ ਨੂੰ ਧਿਆਨ ਨਾਲ ਵੇਖੀਏ। ਮਹਾਨ ਕਰਨੀ ਵਾਲੇ ਮਹਾਂਪੁਰਖ ਬਾਬਾ ਬੁੱਢਾ ਜੀ ਉਸ ਗੱਲ ਨੂੰ ਨਹੀਂ ਸਮਝ ਰਹੇ ਜਿਸ ਗੱਲ ਨੂੰ ਭਾਈ ਲਹਿਣਾ ਸਮਝ ਗਏ ਹਨ। ਜਿਸ ਸਿੱਖ ਨੂੰ ਆਪਣੇ ਸਤਿਗੁਰੂ ਵਿਚੋਂ ਅਕਾਲ ਪੁਰਖ ਨਹੀਂ ਦਿਸਦਾ ਉਸਦੀ ਸ਼ਰਧਾ ਪੂਰਨ ਸ਼ਰਧਾ ਨਹੀਂ ਕਹੀ ਜਾ ਸਕਦੀ। ਉਸਦੀ ਸਿੱਖੀ ਵਿਚ ਕਦੀ ਵੀ ਸ਼ੱਕ ਪੈਦਾ ਹੋ ਸਕਦਾ ਹੈ। ਬਾਬਾ ਜੀ ਬੇਸ਼ੱਕ ਮੂੰਹੋਂ ਨਹੀਂ ਕਹਿ ਰਹੇ ਪਰ ਮਨ ਵਿਚ ਤਾਂ ਐਸਾ ਖ਼ਿਆਲ ਹੈ ਕਿ ਭਾਈ ਲਹਿਣੇ ਤੇ ਜ਼ਿਆਦਾ ਕ੍ਰਿਪਾ ਕਿਉਂ ਹੈ।

ਗੁਰੂ ਨੇ ਸਿੱਖ ਦਾ ਇਹ ਸ਼ੰਕਾ ਰਹਿਣ ਨਹੀਂ ਦੇਣਾ। ਜੇ ਸਮੇਂ ਸਿਰ ਇਹ ਸ਼ੰਕਾ ਨਾ ਮੁਕਾਇਆ ਤਾਂ ਸਿੱਖ ਦੀ ਸਿੱਖੀ ਨੂੰ ਖ਼ਤਰਾ ਹੈ। ਇਹ ਸ਼ੰਕਾ ਬਹੁਤ ਵੱਡੇ ਗਿਲੇ ਦਾ ਰੂਪ ਧਾਰਨ ਕਰ ਸਕਦਾ ਹੈ। ਗੁਰੂ ਦੀ ਕ੍ਰਿਪਾ ਤਾਂ ਇਕ ਬਰਸਾਤ ਵਾਂਗੂੰ ਸਭ ਤੇ ਬਰਸ ਰਹੀ ਹੈ ਪਰ ਸਾਰੇ ਇਕੋ ਜਿਹੇ ਭਿੱਜ ਕਿਉਂ ਨਹੀਂ ਰਹੇ। ਸਤਿਗੁਰਾਂ ਦਾ ਫ਼ੁਰਮਾਨ ਹੈ—

*ਸਤਿਗੁਰੁ ਸਦਾ ਦਇਆਲੁ ਹੈ, ਭਾਈ ਵਿਣੁ ਭਾਗਾ ਕਿਆ ਪਾਈਐ॥*
*ਏਕ ਨਦਰਿ ਕਰਿ ਵੇਖੈ ਸਭ ਊਪਰਿ, ਜੇਹਾ ਭਾਉ ਤੇਹਾ ਫਲੁ ਪਾਈਐ॥*
(ਸੋਰਠਿ ਮ: ੩, ਪੰਨਾ ੬੦੧)

ਇਸੇ ਭਾਵ ਨੂੰ ਪ੍ਰਗਟ ਕਰਦੇ ਹੋਏ ਭਾਈ ਗੁਰਦਾਸ ਜੀ ਇਕ ਕਬਿਤ ਲਿਖਦੇ ਹਨ—

*ਜੈਸੇ ਤਉ ਅਨੇਕ ਰੋਗੀ ਆਵਤ ਹੈ ਬੈਦ ਗ੍ਰਿਹਿ,*
*ਜੈਸੇ ਜੈਸੇ ਰੋਗ ਤੈਸੇ ਅਉਖਧ ਖੁਆਵਈ॥*
*ਜੈਸੇ ਰਾਜ ਦੁਆਰ ਲੋਗ ਆਵਤ ਸੇਵਾ ਨਮਿਤ,*
*ਜੋਈ ਜਾਹੀ ਜੋਗ ਤੈਸੀ ਟਹਿਲ ਬਤਾਵਈ।*

*ਜੈਸੇ ਦਾਤਾ ਪਾਸ ਜਨ ਅਰਥੀ ਅਨੇਕ ਆਵੈ,*
*ਜੋਈ ਜੋਈ ਜਾਚੈ ਦੇ ਦੇ ਦੂਖਨ ਮਿਟਾਵਈ॥*
*ਤੈਸੇ ਗੁਰਸ਼ਰਨ ਆਵਤ ਹੈ ਅਨੇਕ ਸਿੱਖ,*
*ਜੈਸੇ ਜੈਸੋ ਭਾਉ ਤੈਸੀ ਕਾਮਨਾ ਪੁਜਾਵਈ॥*

ਬਹੁਤ ਸਮਾਂ ਪਹਿਲੇ ਇਕ ਵਾਰ ਇਕ ਮੁਰੀਦ ਨੇ ਮੁਰਸ਼ਦ ਤੇ ਗਿਲਾ ਕੀਤਾ ਸੀ। ਬਾਬਾ ਬੁੱਢਾ ਜੀ ਤਾਂ ਮਨ ਵਿਚ ਹੀ ਸੋਚਦੇ ਸਨ। ਪਰ ਉਸ ਮੁਰੀਦ ਨੇ ਤਾਂ ਮੂੰਹੋਂ ਕਹਿ ਹੀ ਦਿੱਤਾ ਸੀ ਕਿ ਹੇ ਪੀਰ! ਸੇਵਾ ਸਾਰੇ ਕਰਦੇ ਹਨ ਤੇ ਰਹਿਮਤ ਇਕ ਤੇ ਜ਼ਿਆਦਾ ਕਿਉਂ? ਮੁਰਸ਼ਦ ਨੇ ਕਿਹਾ ਸੀ ਮੈਂ ਤਾਂ ਸਭ ਨੂੰ ਬਰਾਬਰ ਦੇਂਦਾ ਹਾਂ ਉਹ ਲੈ ਲੈਂਦਾ ਹੈ ਤੁਸੀਂ ਲੈਂਦੇ ਨਹੀਂ। ਮੁਰੀਦ ਦੀ ਸਮਝ ਵਿਚ ਨਹੀਂ ਆਇਆ। ਮੁਰਸ਼ਦ ਨੇ ਰਾਤ ਨੂੰ ਸਾਰੇ ਮੁਰੀਦਾਂ ਦਾ ਨਾਂ ਲੈ ਕੇ ਅਵਾਜ਼ ਮਾਰੀ ਪਰ ਵਾਰ-ਵਾਰ ਆਉਂਦਾ ਇਕੋ ਹੀ ਰਿਹਾ. ਪੀਰ ਨੇ ਸਵੇਰੇ ਕਿਹਾ, ਮੈਂ ਰਾਤ ਰਜ਼ਾ ਦਾ ਪ੍ਰਸ਼ਾਦ ਵਰਤਾਉਂਦਾ ਰਿਹਾ ਹਾਂ। ਪਰ ਤੁਹਾਡਾ ਸਾਰਿਆਂ ਦਾ ਹਿੱਸਾ ਇਕ ਹੀ ਲੈ ਗਿਆ ਹੈ। ਤੁਸੀਂ ਸੁੱਤੇ ਹੀ ਰਹਿ ਗਏ ਹੋ। ਮੇਰੀ ਅਵਾਜ਼ ਸੁਣੀ ਹੀ ਨਹੀਂ। ਮੁਰਸ਼ਦ ਵਿਤਕਰਾ ਨਹੀਂ ਕਰਦਾ ਉਹ ਤਾਂ ਸਭ ਦਾ ਨਾਂ ਲੈ ਕੇ ਪੁਕਾਰ ਰਿਹਾ ਹੈ। ਜਿਨ੍ਹਾਂ ਦੇ ਮਨ ਵਿਚ ਸ਼ੱਕ ਹੈ ਉਹ ਗੁਰੂ ਦੀ ਖੁਸ਼ੀ ਨਹੀਂ ਲੈ ਸਕਦੇ। ਗੁਰੂ ਬੱਦਲ ਬਣ ਕੇ ਸਭਨਾਂ ਤੇ ਬਰਾਬਰ ਬਰਸ ਰਿਹਾ ਹੈ। ਪਰ ਬਾਕੀ ਸਿੱਖਾਂ ਉੱਤੇ ਸ਼ੰਕੇ ਦੀ ਛਤਰੀ ਹੈ ਇਸ ਲਈ ਉਹ ਗੁਰੂ ਦੀ ਬਰਸਾਤ ਵਿਚ ਨਹੀਂ ਭਿੱਜ ਰਹੇ।

ਇਸ ਰਮਜ਼ ਨੂੰ ਇੰਝ ਸਮਝੀਏ, ਅਸੀਂ ਸਮਝਦੇ ਹਾਂ ਕਿ ਅਸੀਂ ਗੁਰੂ ਦੇ ਨਾਲ ਚੱਲ ਰਹੇ ਹਾਂ। ਅਸੀਂ ਗੁਰੂ ਦੀ ਮਤਿ ਅਨੁਸਾਰ ਗੁਰੂ ਦੀ ਸਿਖਿਆ ਅਨੁਸਾਰ ਚੱਲ ਰਹੇ ਹਾਂ। ਪਰ ਐਸਾ ਹੈ ਨਹੀਂ, ਸਾਡਾ ਮਨ ਸਾਨੂੰ ਧੋਖਾ ਦੇ ਰਿਹਾ ਹੈ। ਸੱਚ ਇਹ ਹੈ ਕਿ ਅਸੀਂ ਗੁਰੂ ਦੀ ਮੱਤ ਨਾਲ ਨਹੀਂ ਚਲਦੇ। ਚਲਦੇ ਤਾਂ ਅਸੀਂ ਆਪਣੀ ਮੱਤ ਨਾਲ ਹੀ ਹਾਂ। ਪਰ ਆਪਣੀ ਮਨ-ਮਰਜ਼ੀ ਦੀ ਪੁਸ਼ਟੀ ਅਸੀਂ ਕੋਈ ਸਤਿਗੁਰੂ ਦਾ ਬਚਨ ਲੱਭ ਕੇ ਉਸਦੇ ਆਪਣੀ ਮਨ-ਮਰਜ਼ੀ ਮੁਤਾਬਿਕ ਅਰਥ ਕਰਕੇ ਕਰ ਲੈਂਦੇ ਹਾਂ। ਸਮਝਦੇ ਹਾਂ ਕਿ ਅਸੀਂ ਗੁਰੂ ਦੀ ਮੱਤ ਅਨੁਸਾਰ ਚੱਲ ਰਹੇ ਹਾਂ। ਬਾਣੀ ਦੇ ਅਰਥ ਅਸੀਂ ਆਪਣੇ ਮਨ ਬਚਨ ਕਰਮ ਅਨੁਸਾਰ ਕਰ ਲੈਂਦੇ ਹਾਂ। ਇਹੀ ਕਾਰਨ ਹੈ ਕਿ ਸਤਿਗੁਰੂ ਦੇ ਜਿਹੜੇ ਬਚਨ ਸਾਡੇ ਮਨ ਨੂੰ ਭਾਉਂਦੇ ਹਨ ਉਹ ਅਸੀਂ ਮੰਨ ਲੈਂਦੇ ਹਾਂ। ਜੋ ਨਹੀਂ ਭਾਉਂਦੇ ਉਨ੍ਹਾਂ ਨੂੰ ਅਸੀਂ ਮੰਨਣ ਲਈ ਤਿਆਰ ਨਹੀਂ।

ਇਕ ਸੱਜਣ ਸ਼ਰਾਬੀ ਜੁਆਰੀਆ ਤੇ ਕੇਸ ਕੱਟਣ ਵਾਲਾ ਪਤਿਤ ਸੀ ਪਰ ਕੀਰਤਨ ਸੁਣਦਾ ਸੀ, ਖਾਸ ਕਰਕੇ ਇਸ ਸ਼ਬਦ ਦਾ—

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*

*(ਧਨਾਸਰੀ ਮ: ੫, ਪੰਨਾ ੬੮੧)*

ਕਹਿਣ ਲੱਗਾ, ਮੈਂ ਕਥਾ ਨਹੀਂ ਸੁਣਦਾ ਕਿਉਂਕਿ ਕਥਾ ਵਾਚਕ ਤਾਂ ਸਿੱਧਾ ਹੀ ਕਹਿੰਦੇ ਹਨ ਕਿ ਅੰਮ੍ਰਿਤ ਪਾਨ ਕਰੋ, ਜੂਆ ਨਾ ਖੇਲੋ, ਸ਼ਰਾਬ ਨਾ ਪੀਓ, ਪਰ ਕੀਰਤਨ ਵਿਚ ਐਸਾ ਨਹੀਂ। ਮੈਂ ਉਨ੍ਹਾਂ ਨੂੰ ਕਿਹਾ ਹੈ ਪਰ ਤੁਸੀਂ ਉਹ ਸ਼ਬਦ ਸੁਣਨੇ ਹੀ ਨਹੀਂ।

*ਚੋਰ ਜਾਰ ਜੂਆਰ ਪੀੜੇ ਘਾਣੀਐ॥ (ਮਲਾਰ ਵਾਰ ਮ: ੧, ਪੰਨਾ ੧੨੮੮)*
*ਅਨਕਾਇ ਰਾਤੜਿਆ ਵਾਟ ਦੁਹੇਲੀ ਰਾਮ॥*
*ਪਾਪ ਕਮਾਵਦਿਆ ਤੇਰਾ ਕੋਇ ਨਾ ਬੇਲੀ ਰਾਮ॥*
*(ਬਿਹਾਗੜਾ ਮ: ੫, ਛੰਤ ਪੰਨਾ ੫੪੬)*
*ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ॥*
*ਨਾਨਕ ਜਿਉ ਮਥਨ ਮਾਧਾਣੀਆ ਤਿਉ ਮਥੇ ਧਰਮ ਰਾਇ॥*
*(ਸਲੋਕ ਮ: ੫, ਪੰਨਾ ੧੨੨੫)*
*ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥*
*ਜਿਤ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥*
*ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥*
*ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥*
*ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥*
*(ਬਿਹਾਗੜਾ ਮ: ੪, ਪੰਨਾ ੫੫੪)*

ਅਸਲ ਵਿਚ ਅਸੀਂ ਗੁਰੂ ਦੀ ਨਹੀਂ ਮੰਨਦੇ, ਮੰਨਦੇ ਅਸੀਂ ਆਪਣੇ ਮਨ ਦੀ ਹੀ ਹਾਂ। ਸਾਨੂੰ ਗੁਰੂ ਵੀ ਉਹ ਚੰਗਾ ਲਗਦਾ ਹੈ ਜਿਹੜਾ ਸਾਡੇ ਨਾਲ ਮਿਲ ਕੇ ਚੱਲੇ। ਅਸੀਂ ਸਮਝਦੇ ਹਾਂ ਕਿ ਸਾਨੂੰ ਇੰਨੀ ਅਕਲ ਹੈ, ਭਲਾ ਕੀ ਹੈ ਬੁਰਾ ਕੀ ਹੈ। ਸਿੱਖੀ ਦੇ ਰਸਤੇ ਵਿਚ ਸਭ ਤੋਂ ਵੱਡਾ ਰੋੜਾ ਇਹ ਹੈ ਕਿ ਕੋਈ ਸਿੱਖ ਆਪਣੀ ਮਤ ਤੇ ਭਰੋਸਾ ਕਰ ਲਵੇ। ਜਦੋਂ ਅਸੀਂ ਆਪਣੀ ਮੱਤ ਤੇ ਭਰੋਸਾ ਕਰ ਲੈਂਦੇ ਹਾਂ ਤਾਂ ਗੁਰੂ ਦੀ ਮੱਤ ਤੇ ਸ਼ੰਕੇ ਪੈਦਾ ਹੋ ਜਾਂਦੇ ਹਨ।

*ਗੁਰ ਕੀ ਮਤਿ ਤੂ ਲੇਹਿ ਇਆਣੇ॥ ਭਗਤਿ ਬਿਨਾ ਬਹੁ ਡੂਬੇ ਸਿਆਣੇ॥*
*(ਸੁਖਮਨੀ : ਪੰਨਾ ੨੮੮)*

ਜਦੋਂ ਕੋਈ ਸਿੱਖ ਇਹ ਗੱਲ ਸਮਝ ਲੈਂਦਾ ਹੈ ਕਿ ਮੈਂ ਅਲਪ ਜੀਵ ਹਾਂ ਮੇਰੀ ਮੱਤ ਥੋੜ੍ਹੀ ਹੈ, ਗੁਰੂ ਪ੍ਰਮਾਤਮਾ ਦਾ ਰੂਪ ਹੈ, ਸਮਰੱਥ ਹੈ, ਅਭੁੱਲ ਹੈ। ਮੇਰੇ ਪਾਸੋਂ ਗਲਤੀ ਹੋ ਸਕਦੀ ਹੈ ਗੁਰੂ ਪਾਸੋਂ ਗ਼ਲਤੀ ਨਹੀਂ ਹੋ ਸਕਦੀ। ਫਿਰ ਸਿੱਖ ਆਪਣੀ ਮੱਤ ਤੇ ਸ਼ੰਕਾ ਕਰੇਗਾ ਗੁਰੂ ਦੀ ਮੱਤ ਤੇ ਸ਼ਰਧਾ ਰੱਖੇਗਾ। ਜਿਸ ਬੁਧ ਨੂੰ ਅਸੀਂ ਕਸਵੱਟੀ ਮੰਨ ਕੇ ਸੱਚ ਝੂਠ, ਠੀਕ ਗ਼ਲਤ ਦਾ ਨਿਰਣਾ ਲੈਂਦੇ ਹਾਂ ਇਸ ਕਸਵੱਟੀ ਦਾ ਵੀ ਕੋਈ ਭਰੋਸਾ ਨਹੀਂ। ਇਹ ਕਸਵੱਟੀ ਹੀ ਖੋਟੀ ਹੋਵੇ। ਇਸ ਲਈ ਗੁਰੂ ਜੋ

ਕਹਿੰਦਾ ਹੈ ਸਾਡੇ ਭਲੇ ਵਾਸਤੇ ਹੈ। ਗੁਰੂ ਦੀ ਗੱਲ ਸਾਨੂੰ ਗ਼ਲਤ ਵੀ ਜਾਪੇ ਉਹ ਤਾਂ ਵੀ ਠੀਕ ਹੈ। ਸਾਡੀ ਠੀਕ ਵੀ ਹੋਵੇ ਉਹ ਤਾਂ ਵੀ ਗ਼ਲਤ ਹੈ। ਜੇ ਅਸੀਂ ਠੀਕ ਹੁੰਦੇ ਤਾਂ ਗੁਰੂ ਪਾਸ ਆਉਣ ਦੀ ਹੀ ਲੋੜ ਨਹੀਂ ਸੀ। ਅਸੀਂ ਗ਼ਲਤ ਹਾਂ ਅਸੀਂ ਦੁਖੀ ਹਾਂ, ਅਸੀਂ ਪਾਪੀ ਹਾਂ ਇਸੇ ਵਾਸਤੇ ਗੁਰੂ ਕੋਲ ਆਏ ਹਾਂ। ਅਸੀਂ ਬੀਮਾਰ ਨਾ ਹੁੰਦੇ ਤਾਂ ਵੈਦ ਪਾਸ ਕਿਉਂ ਆਉਂਦੇ। ਫਿਰ ਹੈਰਾਨੀ ਦੀ ਗੱਲ ਹੈ ਕਿ ਵੈਦ ਕੋਲ ਆ ਕੇ ਵੀ ਬੰਦਾ ਮੰਨਣ ਲਈ ਤਿਆਰ ਨਹੀਂ ਕਿ ਮੈਂ ਬੀਮਾਰ ਹਾਂ। ਗੁਰੂ ਕੋਲ ਆ ਕੇ ਵੀ ਕੋਈ ਆਖੇ ਮੈਂ ਬੜਾ ਸਿਆਣਾ ਹਾਂ, ਮੈਂ ਸਤਿਗੁਰੂ ਤੋਂ ਵੀ ਸਿਆਣਾ ਹਾਂ। ਇਹ ਤਾਂ ਐਸੀ ਗੱਲ ਹੈ ਕਿ ਕੋਈ ਵੈਦ ਕੋਲ ਆ ਕੇ ਆਖੇ ਕਿ ਵੈਦ ਸਾਹਿਬ! ਤੁਹਾਨੂੰ ਦਵਾਈ ਮੈਂ ਦਿਆਂਗਾ। ਵੈਦ ਵੀ ਹੈਰਾਨ ਹੋਵੇਗਾ ਕਿ ਇਹ ਦਵਾਈ ਲੈਣ ਆਇਆ ਹੈ ਕਿ ਦਵਾਈ ਦੇਣ ਆਇਆ ਹੈ।

ਗੁਰੂ ਨਾਨਕ ਦੇਵ ਦੇ ਮਨ ਦੀ ਇਹੀ ਹਾਲਤ ਉਸ ਵੇਲੇ ਹੋਵੇਗੀ ਜਦੋਂ ਵਾਰ-ਵਾਰ ਬਾਬਾ ਬੁੱਢਾ ਕਹਿ ਰਹੇ ਹਨ ਕਿ ਨਹੀਂ ਸਤਿਗੁਰੂ ਜੋ ਰਾਤ ਬਾਰੇ ਮੈਂ ਕਹਿੰਦਾ ਹਾਂ, ਠੀਕ ਹੈ। ਸੋਚ ਰਹੇ ਹੋਣਗੇ ਕਿ ਇਹ ਸਿੱਖਿਆ ਲੈਣ ਆਇਆ ਹੈ ਕਿ ਸਿੱਖਿਆ ਦੇਣ ਆਇਆ ਹੈ। ਇਹ ਮਰੀਜ਼ ਇਲਾਜ ਕਰਾਉਣ ਆਇਆ ਹੈ ਕਿ ਇਲਾਜ ਕਰਨ ਆਇਆ ਹੈ। ਜਿਸ ਵੇਲੇ ਭਾਈ ਲਹਿਣੇ ਨੇ ਕਿਹਾ ਸੀ ਕਿ ਮਹਾਰਾਜ ਰਾਤ ਤੁਸੀਂ ਬਣਾਈ ਤੇ ਤੁਸੀਂ ਹੀ ਬਿਤਾਈ ਹੈ ਤੁਸੀਂ ਜਾਣੋ ਕਿੰਨੀ ਬਤੀਤ ਹੋਈ ਹੈ। ਇਸ ਗੱਲ ਨੇ ਬਾਬੇ ਬੁੱਢੇ ਦੇ ਕਪਾਟ ਖੋਲ੍ਹ ਦਿੱਤੇ ਸਨ। ਉਨ੍ਹਾਂ ਦੌੜ ਕੇ ਭਾਈ ਲਹਿਣੇ ਦੇ ਚਰਨ ਫੜ ਲਏ ਸਨ ਤੇ ਕਿਹਾ ਸੀ ਲਹਿਣਿਆ! ਅੱਜ ਮੈਨੂੰ ਪਤਾ ਲੱਗਾ ਹੈ ਕਿ ਗੁਰੂ ਨਾਨਕ ਦੇਵ ਤੈਨੂੰ ਜ਼ਿਆਦਾ ਪਿਆਰ ਕਿਉਂ ਕਰਦੇ ਹਨ ਤੇਰੇ ਤੇ ਜ਼ਿਆਦਾ ਖ਼ੁਸ਼ ਕਿਉਂ ਹਨ।

ਸਾਡੇ ਵਿਚੋਂ ਵੀ ਗੁਰੂ ਬੋਲਦਾ ਹੈ ਪਰ ਥੋੜ੍ਹਾ-ਥੋੜ੍ਹਾ। ਕਿਤੇ ਗੁਰੂ ਬੋਲਦਾ ਹੈ ਕਿਤੇ ਅਸੀਂ ਬੋਲਦੇ ਹਾਂ। ਕਿਤੇ ਗੁਰੂ ਦੀ ਮਤਿ ਬੋਲਦੀ ਹੈ ਕਿਤੇ ਸਾਡੀ ਮਤਿ ਬੋਲਦੀ ਹੈ। ਪਰ ਤੇਰੇ ਅੰਦਰੋਂ ਹੁਣ ਲਹਿਣਾ ਨਹੀਂ ਬੋਲਦਾ ਤੇਰੇ ਅੰਦਰੋਂ ਤਾਂ ਗੁਰੂ ਨਾਨਕ ਹੀ ਬੋਲਦਾ ਹੈ। ਭਾਵ ਇਹ ਸੀ ਕਿ ਤੇਰੀ ਆਪਣੀ ਮਤਿ ਨਹੀਂ ਹੁਣ ਤੇਰੇ ਅੰਦਰ ਗੁਰੂ ਦੀ ਮੱਤ ਹੈ। ਹੁਣ ਤੇਰੇ ਅੰਦਰੋਂ ਗੁਰਮਤਿ ਬੋਲਦੀ ਹੈ।

ਗੁਰੂ ਸਾਡੇ ਅੰਦਰੋਂ ਰਜ਼ਾ ਦੀ ਭਾਸ਼ਾ ਵਿਚ ਬੋਲਣਾ ਚਾਹੁੰਦਾ ਹੈ। ਪਰ ਅਸੀਂ ਆਪ ਹੀ ਇੰਨਾ ਬੋਲੀ ਜਾਂਦੇ ਹਾਂ ਕਿ ਅਸੀਂ ਗੁਰੂ ਦੀ ਵਾਰੀ ਹੀ ਨਹੀਂ ਆਉਣ ਦਿੰਦੇ। ਸਾਡੀ ਸਿਆਣਪ ਸਾਨੂੰ ਚੁੱਪ ਹੀ ਨਹੀਂ ਕਰਨ ਦੇਂਦੀ। ਅਸੀਂ ਗੁਰੂ ਨਾਲ ਵੀ ਸੁਆਲ ਜੁਆਬ ਕਰਦੇ ਹਾਂ। ਅਸੀਂ ਗੁਰੂ ਦੇ ਹੁਕਮਾਂ ਤੇ ਵੀ ਬਹਿਸ ਤੇ ਕਿੰਤੂ ਕਰਦੇ ਹਾਂ। ਅਸੀਂ ਗੁਰੂ ਦਾ ਬਚਨ ਪਲਟਦੇ ਵੀ ਹਾਂ। ਜੇ ਬਾਬਾ ਬੁੱਢਾ ਪਲਟਦੇ ਹਨ ਤਾਂ ਸਾਡਾ ਕੀ ਹਾਲ ਹੋਵੇਗਾ? ਤਿੰਨ ਵਾਰ ਬਾਬਾ ਬੁੱਢਾ ਜੀ ਕਹਿੰਦੇ ਹਨ, ਨਹੀਂ, ਪਾਤਸ਼ਾਹ! ਜੋ ਮੈਂ ਕਹਿੰਦਾ ਹਾਂ ਉਹ ਠੀਕ ਹੈ।

ਭਾਈ ਲਹਿਣਾ ਜੀ ਨੇ ਸੱਤ ਸਾਲ ਜੋ ਘਾਲਣਾ ਘਾਲੀ ਸੀ ਉਨ੍ਹਾਂ ਨੇ ਆਪਣੇ ਆਪ ਨੂੰ ਹੁਕਮ ਰਜ਼ਾ ਵਿਚ ਢਾਲਿਆ ਸੀ। ਉਨ੍ਹਾਂ ਦੇ ਅੰਦਰੋਂ ਹਉਮੈ ਮੁੱਕ ਗਈ ਸੀ। ਉਨ੍ਹਾਂ ਦੇ ਹਿਰਦੇ ਵਿਚ ਹੁਣ ਸਿਰਫ ਗੁਰੂ ਨਾਨਕ ਦੇਵ ਜੀ ਹੀ ਵਸਦੇ ਸਨ। ਰੱਬ ਦੀ ਰਜ਼ਾ ਦੇ ਕਿਸੇ ਸਾਖਯਾਤ ਦਰਸ਼ਨ ਕਰਨੇ ਹੋਣ ਤਾਂ ਉਹ ਗੁਰੂ ਅੰਗਦ ਦੇਵ ਜੀ ਦਾ ਇਤਿਹਾਸ ਪੜ੍ਹੇ। ਇੰਝ ਜਾਪਦਾ ਹੈ ਜਿਵੇਂ ਪ੍ਰਮਾਤਮਾ ਦੀ ਰਜ਼ਾ ਸਾਕਾਰ ਰੂਪ ਧਾਰ ਕੇ ਗੁਰੂ ਅੰਗਦ ਦੇਵ ਬਣ ਕੇ ਬੈਠ ਗਈ ਹੋਵੇ। ਗੁਰੂ ਨਾਨਕ ਦੇਵ ਹਿਰਦੇ ਵਿਚ ਬੈਠ ਗਏ। ਭਾਈ ਲਹਿਣਾ ਜੀ ਅੱਗੇ ਖ਼ੁਦ ਅੰਗਦ ਦੇਵ ਬਣ ਗਏ। ਗੁਰੂ ਅੰਗਦ ਦੇਵ ਦਾ ਇਤਿਹਾਸ ਰਜ਼ਾ ਤੇ ਭਾਣੇ ਦਾ ਇਤਿਹਾਸ ਹੈ। ਰਜ਼ਾ ਵਿਚ ਚੱਲਣ ਲਈ ਸਿੱਖ ਦਾ ਮਾਰਗ ਦਰਸ਼ਨ ਕਰਦਾ ਹੈ। ਸਤਿਗੁਰੂ ਅੰਗਦ ਦੇਵ ਜੀ ਦਾ ਇਤਿਹਾਸ। ਉਨ੍ਹਾਂ ਨੇ ਰਜ਼ਾ ਵਿਚ ਆਪਣੇ ਆਪ ਨੂੰ ਕਿੰਨਾ ਕੁ ਢਾਲਿਆ ਸੀ ਇਕ ਸਾਖੀ ਪੜ੍ਹਿਆਂ ਪਤਾ ਲਗਦਾ ਹੈ।

ਇਕ ਸਿੱਖ ਭਾਈ ਜੀਵਾ, ਸਤਿਗੁਰਾਂ ਨੂੰ ਰੋਜ਼ਾਨਾ ਹੀ ਖਿਚੜੀ ਤਿਆਰ ਕਰਕੇ ਛਕਾਇਆ ਕਰਦਾ ਸੀ। ਇਕ ਦਿਨ ਹਵਾ ਇੰਨੀ ਤੇਜ਼ ਵਗੀ ਕਿ ਅੱਗ ਨਹੀਂ ਸੀ ਬਲ ਰਹੀ। ਉਸਨੂੰ ਆਪਣੇ ਗੁਰੂ ਦੀ ਸਮਰੱਥਾ ਬਾਰੇ ਪਤਾ ਸੀ।

*ਸਤਿਗੁਰੁ ਆਖੇ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ॥*

*(ਬਲਵੰਡ, ਰਾਗ ਰਾਮਕਲੀ ਪੰਨਾ ੯੬੬)*

ਉਸ ਸਿੱਖ ਨੇ ਕਿਹਾ, ਸਤਿਗੁਰੂ ਜੀ ਹਨੇਰੀ ਰੋਕ ਦੇਵੋ ਤਾਂਕਿ ਮੈਂ ਤੁਹਾਡੀ ਜੋ ਨਿੱਤ ਸੇਵਾ ਕਰਦਾ ਹਾਂ ਇਹ ਨਿਭਾ ਸਕਾਂ।

ਹਨੇਰੀ ਰੁਕ ਗਈ, ਖਿਚੜੀ ਲੈ ਕੇ ਇਹ ਭਾਈ ਜੀਵਾ ਤੇ ਇਸਦੀ ਬੱਚੀ ਜੀਵਾਈ ਆਏ। ਸਤਿਗੁਰਾਂ ਖਾਣ ਤੋਂ ਇਨਕਾਰ ਕਰ ਦਿੱਤਾ। ਕਿਹਾ, ਠੀਕ ਹੈ ਤੁਸੀਂ ਰੋਜ਼ਾਨਾ ਤਿੰਨ ਕੋਹ ਪੈਂਡਾ ਕਰਕੇ ਆਉਂਦੇ ਹੋ। ਪਰ ਅੱਜ ਤੁਸੀਂ ਮਨਮਤ ਕੀਤੀ ਹੈ। ਤੁਸੀਂ ਰੱਬ ਦੀ ਰਜ਼ਾ ਮੇਟੀ ਹੈ। ਅਸੀਂ ਥੋੜ੍ਹਾ ਚਿਰ ਬਾਅਦ ਪ੍ਰਸ਼ਾਦ ਛਕ ਲੈਂਦੇ। ਤੁਸੀਂ ਤੇ ਕਹਿ ਦਿੱਤਾ ਕਿ ਸਤਿਗੁਰੂ ਹਨੇਰੀ ਰੁਕ ਜਾਏ। ਪਰ ਮੇਰੇ ਲਈ ਕਿੰਨਾ ਮੁਸ਼ਕਿਲ ਹੈ ਕਿ ਪ੍ਰਮਾਤਮਾ ਨੂੰ ਕਹਾਂ ਕਿ ਜੋ ਤੂੰ ਕਰ ਰਿਹਾ ਹੈਂ ਇਹ ਠੀਕ ਨਹੀਂ।

ਸਤਿਗੁਰੂ ਤਪੇ ਦੀ ਈਰਖਾ ਕਾਰਨ ਵੀ ਕੋਈ ਕਰਾਮਾਤ ਵਿਖਾਉਣ ਲਈ ਰੱਬ ਦੀ ਰਜ਼ਾ ਵਿਚ ਦਖ਼ਲ ਦੇਣ ਲਈ ਤਿਆਰ ਨਹੀਂ ਹੋਏ। ਖਡੂਰ ਸਾਹਿਬ ਦੇ ਜੱਟਾਂ ਨੂੰ ਇੰਨਾ ਹੀ ਕਿਹਾ ਕਿ ਬਰਸਾਤ ਆਵੇਗੀ ਪ੍ਰਮਾਤਮਾ ਦੀ ਰਜ਼ਾ ਵਿਚ। ਹਾਂ ਜੇ ਨਗਰ ਛੱਡਿਆਂ ਤੁਹਾਡਾ ਭਲਾ ਹੁੰਦਾ ਹੈ ਤਾਂ ਮੈਂ ਨਗਰ ਛੱਡਣ ਵਾਸਤੇ ਤਿਆਰ ਹਾਂ। ਸਤਿਗੁਰੂ ਨਗਰ ਛੱਡ ਕੇ ਬਾਹਰ ਚਲੇ ਗਏ। ਪਰ ਜਿਸ ਨਾਥ ਨੇ ਇਹ ਵਾਅਦਾ ਕੀਤਾ ਸੀ ਕਿ ਮੈਂ ਬੱਦਲ ਪੁਆ ਦਿਆਂਗਾ ਉਸਦਾ ਵੀ ਪਾਜ ਖੁਲ੍ਹ ਗਿਆ। ਇਹ ਠੀਕ ਹੈ ਕਿ ਪਾਖੰਡੀ ਗੁਰੂਆਂ ਨੂੰ ਗਰਜ਼ਮੰਦ ਚੇਲੇ ਹੀ ਪਾਲਦੇ ਹਨ। ਤੇ ਗਰਜ਼ ਪੂਰੀ ਨਾ ਹੋਣ ਤੇ ਗਰਜ਼ਮੰਦ ਸੁਆਰਥੀ ਚੇਲੇ ਹੀ ਮਾਰਦੇ ਹਨ। ਜਿਹੜੇ ਲੋਕ ਪੂਜਾ ਕਰਦੇ

ਸਨ ਉਨ੍ਹਾਂ ਨੇ ਹੀ ਖੇਤਾਂ ਵਿਚ ਰੋਲ ਰੋਲ ਕੇ ਉਸ ਨਾਥ ਨੂੰ ਮਾਰ ਦਿੱਤਾ ਸੀ। ਜਦੋਂ ਸਤਿਗੁਰਾਂ ਨੂੰ ਪਤਾ ਲੱਗਾ ਕਿ ਨਾਥ ਦੇ ਮਰਨ ਵਿਚ ਸਾਡੇ ਸੇਵਕ ਅਮਰਦਾਸ ਦਾ ਵੀ ਹੱਥ ਹੈ। ਇਸਨੇ ਕਿਹਾ ਸੀ ਜਿਥੇ ਇਸ ਨੂੰ ਲੈ ਜਾਉ, ਮੀਂਹ ਪਵੇਗਾ। ਤਾਂ ਸਤਿਗੁਰੂ ਅੰਗਦ ਦੇਵ ਨੇ ਅਮਰਦਾਸ ਵੱਲ ਪਿੱਠ ਕਰ ਲਈ ਸੀ। ਮੂੰਹ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਕਿਹਾ ਸੀ ਜੋ ਤੁਸੀਂ ਕੀਤਾ ਹੈ ਕੀ ਇਹ ਮੈਂ ਨਹੀਂ ਸਾਂ ਕਰ ਸਕਦਾ? ਤੁਸੀਂ ਮੇਰੇ ਪਿੱਛੇ ਨਹੀਂ ਚੱਲੇ, ਤੁਸੀ ਨਾਥ ਦੇ ਪਿਛੇ ਚੱਲੇ ਹੋ। ਤੁਸੀਂ ਮੇਰੇ ਸਿੱਖ ਹੋ ਕਿ ਨਾਥ ਦੇ? ਉਸ ਨੇ ਈਰਖਾ ਕੀਤੀ ਤੁਸੀਂ ਵੀ ਈਰਖਾ ਦਾ ਜਵਾਬ ਈਰਖਾ ਵਿਚ ਦਿੱਤਾ। ਦੋਵਾਂ ਵਿਚ ਫ਼ਰਕ ਕੀ ਰਿਹਾ। ਇਹ ਠੀਕ ਹੈ ਕਿ ਭਾਈ ਜੀਵੇ ਨੂੰ ਵੀ ਮੁਆਫ਼ ਕੀਤਾ ਤੇ ਕਿਹਾ, ਅਗੋਂ ਰਜ਼ਾ ਵਿਚ ਰਹਿਣਾ। ਬਾਬੇ ਅਮਰਦਾਸ ਨੂੰ ਵੀ ਮੁਆਫ਼ ਕੀਤਾ ਤੇ ਕਿਹਾ ਕਿ ਅੱਗੋਂ ਰਜ਼ਾ ਵਿਚ ਰਹਿਣਾ। ਰਜ਼ਾ ਤੋਂ ਬਾਹਰ ਹੋਇਆ ਸਿੱਖ ਇੰਝ ਹੋ ਜਾਂਦਾ ਹੈ ਜਿਵੇਂ ਕਿ ਮੱਛੀ ਪਾਣੀ ਤੋਂ ਬਾਹਰ ਹੋ ਜਾਏ।

ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੰਦਿਆਂ ਸਤਿਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਜੋ ਬੰਦਾ ਆਪਣੇ ਮਾਲਕ ਨੂੰ ਸਲਾਮ ਵੀ ਕਰੇ ਅਤੇ ਜਵਾਬ ਵੀ ਦੇਵੇ, ਉਸਦੀ ਕੀਤੀ ਸਲਾਮ ਵੀ ਬਿਰਥਾ, ਜਵਾਬ ਵੀ ਬਿਰਥਾ ਹੈ—

*ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥*
*ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥*

*(ਮ: ੨, ਆਸਾ ਕੀ ਵਾਰ, ਪੰਨਾ ੪੭੪)*

ਭਾਈ ਜੀਵੇ ਨੂੰ ਇਹ ਪਤਾ ਨਹੀਂ ਸੀ ਕਿ ਇਸ ਹਨੇਰੀ ਨਾਲ ਕਿੰਨੇ ਹੋਰ ਜੀਵਾਂ ਦੀ ਖਿਚੜੀ ਬਣਦੀ ਹੋਵੇਗੀ। ਕਈਆਂ ਜੀਵਾਂ ਦੀ ਰੋਜ਼ੀ ਵਿਚ ਮੈਂ ਰੋਕ ਪਾਈ ਹੈ। ਸਤਿਗੁਰਾਂ ਕਿਹਾ ਸੀ ਭਾਈ ਜੀਵਾ ਅਰਦਾਸ ਕਰਦਿਆਂ ਵੀ ਰਜ਼ਾ ਦਾ ਖ਼ਿਆਲ ਰਖਣਾ ਹੈ।

*ਐਸੋ ਨਹੀ ਮਨੋਰਥ ਕਰੀਅਹਿ॥ ਜਿਸ ਤੇ ਮਹਾਂ ਦੋਸ ਸਿਰਿ ਧਰੀਅਹਿ॥*
*ਪ੍ਰਮੇਸੁਰ ਜੋ ਵਾਯੂ ਬਹਾਈ। ਇਸ ਤੇ ਬਹੁ ਕਾਰਜ ਨਿਬਹਾਈ॥* *(ਗੁ.ਪ੍ਰ.ਸੂ.)*

ਭਾਈ ਲਹਿਣੇ ਦਾ ਸ਼ੱਕ ਮੁੱਕ ਗਿਆ ਸੀ। ਭਾਈ ਲਹਿਣੇ ਨੇ ਗੁਰੂ ਨਾਨਕ ਦੇਵ ਨੂੰ ਪੂਰਨ ਗੁਰੂ ਮੰਨਿਆ ਸੀ। ਅਤੇ ਪੂਰੇ ਗੁਰੂ ਦਾ ਪੂਰਾ ਹੀ ਹੁਕਮ ਮੰਨਿਆ ਸੀ। ਇਸ ਲਈ ਪੂਰੇ ਗੁਰੂ ਦਾ ਪੂਰਾ ਹੁਕਮ ਮੰਨਣ ਵਾਲਾ ਭਾਈ ਲਹਿਣਾ ਆਪ ਵੀ ਪੂਰਾ ਹੋ ਗਿਆ। ਉਹ ਲਹਿਣੇ ਤੋਂ ਗੁਰੂ ਨਾਨਕ ਦੇਵ ਦਾ ਰੂਪ ਹੋ ਗਏ। ਅਤੇ ਗੁਰੂ ਅੰਗਦ ਦੇਵ ਬਣ ਗਏ।

■ ■ ■

## ੧੪

# ਰਾਜ ਯੋਗੀ ਸਤਿਗੁਰੂ ਪਾਤਸ਼ਾਹ

**ਨਾਨਕਿ ਰਾਜ ਚਲਾਇਆ ਸਚ ਕੋਟੁ ਸਤਾਣੀ ਨੀਵ ਦੈ।**

ਰਾਜੇ ਦੇ ਦੋ ਫਰਜ਼ ਹਨ ਜੇ ਉਹ ਨਿਭਾਉਂਦਾ ਹੈ ਤਾਂ ਹੀ ਉਹ ਰਾਜਾ ਹੈ। ਰਾਜੇ ਦਾ ਇਕ ਫਰਜ਼ ਹੈ ਕਿ ਪਰਜਾ ਦੀ ਪਾਲਣਾ ਕਰੇ। ਉਸਦੇ ਰਾਜ ਵਿਚ ਕੋਈ ਬੇਘਰਾ ਨਾ ਹੋਵੇ, ਨੰਗਾ, ਭੁੱਖਾ ਨਾ ਹੋਵੇ, ਦੁਖੀ ਨਾ ਹੋਵੇ। ਇਹ ਸਭ ਕੁਝ ਪਾਲਣਾ ਦੇ ਵਿਚ ਹੀ ਆ ਜਾਂਦਾ ਹੈ। ਦੂਸਰਾ ਫ਼ਰਜ਼ ਹੈ ਕਿ ਉਹ ਪਰਜਾ ਦੀ ਰਖਵਾਲੀ ਕਰੇ। ਉਸਦੀ ਪਰਜਾ ਤੇ ਨਾ ਹੀ ਕੋਈ ਜਰਵਾਣਾ ਬਾਹਰੋਂ ਆ ਕੇ ਜ਼ੁਲਮ ਕਰੇ। ਅਤੇ ਨਾ ਹੀ ਕੋਈ ਦੇਸ਼ ਵਿਚ ਰਹਿਣ ਵਾਲਾ ਪਰਜਾ ਤੇ ਵਧੀਕੀ ਕਰੇ। ਐਸਾ ਰਾਜਾ ਹੀ ਸਫ਼ਲ ਰਾਜਾ ਹੈ। ਗੁਰੂ ਨਾਨਕ ਦੇਵ ਨੇ ਵੀ ਰਾਜ ਚਲਾਇਆ ਸੀ। ਰਾਜਿਆਂ ਦੇ ਕਿਲ੍ਹੇ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਪਾਸ ਸੱਚ ਦਾ ਕਿਲ੍ਹਾ ਹੈ। ਬਲ ਉਸਦੀ ਨੀਂਹ ਹੈ। ਉਹ ਬਲ ਪ੍ਰਮਾਤਮਾ ਦਾ ਬਲ ਹੈ। ਕਿਲ੍ਹੇ ਵਿਚ ਰਹਿਣ ਵਾਲਾ ਨਿਰਭੈ ਹੁੰਦਾ ਹੈ। ਕਿ ਜੇ ਕੋਈ ਹਮਲਾਵਰ ਆਏਗਾ ਤਾਂ ਮੇਰੇ ਕੋਲ ਇਸ ਕਿਲ੍ਹੇ ਦੀ ਟੇਕ ਹੈ। ਮੈਂ ਮੁਕਾਬਲਾ ਕਰ ਲਵਾਂਗਾ, ਬਾਕੀ ਕਿਲ੍ਹੇ ਤਾਂ ਬੇਸ਼ੱਕ ਜਿੱਤੇ ਜਾਣ ਪਰ ਗੁਰੂ ਨਾਨਕ ਦਾ ਕਿਲ੍ਹਾ ਅੱਜ ਤੱਕ ਨਾ ਹੀ ਜਿੱਤਿਆ ਗਿਆ ਹੈ ਤੇ ਨਾ ਹੀ ਕਿਸੇ ਕੋਲੋਂ ਜਿੱਤਿਆ ਜਾਵੇਗਾ। ਗੁਰੂ ਨਾਨਕ ਦੇਵ ਦਾ ਰਾਜ ਸੱਚ ਦੇ ਆਸਰੇ ਹੈ। ਉਨ੍ਹਾਂ ਆਪਣਾ ਰਾਜ ਗੁਰੂ ਅੰਗਦ ਦੇਵ ਨੂੰ ਸੌਂਪ ਦਿੱਤਾ ਅਤੇ ਨਾਮ ਦੀ ਸ਼ੋਭਾ ਦਾ ਛਤਰ ਗੁਰੂ ਅੰਗਦ ਦੇਵ ਦੇ ਸਿਰ ਤੇ ਰੱਖ ਦਿੱਤਾ। ਸੰਸਾਰ ਵਿਚ ਦੁਹਾਈ ਫਿਰਾ ਦਿੱਤੀ–

*ਥਾਪਿਆ ਲਹਿਣਾ ਜੀਵਦੇ ਗੁਰਆਈ ਸਿਰ ਛਤ੍ਰ ਫਿਰਾਇਆ।* (ਭਾ: ਗੁਰਦਾਸ)

ਅਤੇ ਨਾਲ ਚਿਤਾਵਨੀ ਦੇ ਦਿੱਤੀ ਕਿ ਤਾਣ ਵਾਲੀ ਨੀਂਹ ਵਾਲਾ ਸੱਚ ਦਾ ਕੋਟ ਤੁਹਾਡੇ ਹਵਾਲੇ ਕਰਦੇ ਹਾਂ, ਸੰਗਤ ਰੂਪ ਪਰਜਾ ਦੀ ਰਖਵਾਲੀ ਵੀ ਤੁਸੀਂ ਕਰਨੀ

ਹੈ ਅਤੇ ਪਾਲਣਾ ਵੀ ਤੁਸੀਂ ਕਰਨੀ ਹੈ। ਕੋਈ ਭੁੱਖਾ ਨਾ ਰਹੇ, ਕੋਈ ਦੁਖੀ ਨਾ ਰਹੇ। ਦੁਨਿਆਵੀ ਰਾਜਿਆਂ ਨੂੰ ਵੇਖੀਏ ਤਾਂ ਕੋਈ ਵਿਰਲਾ ਹੀ ਰਾਜਾ ਹੋਵੇਗਾ ਜਿਹੜਾ ਇਨ੍ਹਾਂ ਫਰਜ਼ਾਂ ਨੂੰ ਨਿਭਾਉਂਦਾ ਹੋਵੇਗਾ। ਨਹੀਂ ਤਾਂ ਆਮ ਕਰਕੇ ਤਾਂ ਗੁਰੂ ਨਾਨਕ ਦੇਵ ਜੀ ਦੇ ਕਹਿਣ ਅਨੁਸਾਰ ਰਾਜੇ ਕਸਾਈ ਹੀ ਸਨ। ਜਿਵੇਂ ਕਿ ਕਸਾਈ ਬੱਕਰੇ ਪਾਲਦੇ ਸਨ ਫਿਰ ਲੋੜ ਪਵੇ ਤਾਂ ਜਿਉਂਦੇ ਬੱਕਰੇ ਦੀ ਇੱਕ ਲੱਤ ਕੱਟ ਲੈਣ। ਉਹ ਸਾਰੀ ਰਾਤ ਤੜਪਦਾ ਰਹੇ ਉਨ੍ਹਾਂ ਨੂੰ ਕੋਈ ਫ਼ਿਕਰ ਨਹੀਂ। ਰਾਜਾ ਹੀ ਪਰਜਾ ਨੂੰ ਭੁੱਖਾ ਮਾਰਦਾ ਸੀ। ਰਾਜਾ ਹੀ ਪਰਜਾ ਨੂੰ ਦੁਖੀ ਕਰਦਾ ਸੀ। ਨੌਸ਼ੇਰਵਾਂ ਵਰਗੇ ਤੇ ਮਹਾਰਾਜਾ ਰਣਜੀਤ ਸਿੰਘ ਵਰਗੇ ਰਾਜੇ ਤਾਂ ਨਿਤ ਨਹੀਂ ਹੁੰਦੇ। ਬਹੁਤੇ ਤਾਂ ਐਸੇ ਸਨ ਉਨ੍ਹਾਂ ਦੇ ਅਹਿਲਕਾਰ ਪਰਜਾ ਦਾ ਧਨ ਲੁੱਟ ਕੇ ਲੈ ਜਾਂਦੇ ਸਨ। ਕਿਸਾਨਾਂ ਦਾ ਅਨਾਜ ਜ਼ਬਰਦਸਤੀ ਉਠਾ ਕੇ ਲੈ ਜਾਣਾ। ਇਥੇ ਹੀ ਬਸ ਨਹੀਂ ਪਰਜਾ ਦੀਆਂ ਸੁੰਦਰ ਬੱਚੀਆਂ ਜ਼ਬਰਦਸਤੀ ਉਠਾ ਕੇ ਰਾਜਿਆਂ ਦੇ ਮਹੱਲਾਂ ਵਿੱਚ ਪਹੁੰਚਾ ਦੇਣੀਆਂ। ਇਹ ਇਕ ਆਮ ਗੱਲ ਸੀ। ਗ੍ਰਿਸਤ ਦੀ ਕੋਈ ਮਜਬੂਰੀ ਹੋਵੇ ਤਾਂ ਵੱਖਰੀ ਗੱਲ ਹੈ। ਨਹੀਂ ਤਾਂ ਕੋਈ ਪਤਨੀ ਨਹੀਂ ਚਾਹੁੰਦੀ ਕਿ ਮੈਨੂੰ ਉਸ ਘਰ ਭੇਜਿਆ ਜਾਏ ਜਿਥੇ ਪਹਿਲਾਂ ਪਤਨੀ ਮੌਜੂਦ ਹੈ। ਪਰ ਰਾਜਿਆਂ ਦੇ ਘਰ ਸੈਂਕੜੇ ਨਹੀਂ ਹਜ਼ਾਰਾਂ ਪਤਨੀਆਂ ਸਨ। ਅਸਲ ਵਿਚ ਇਹ ਪਤਨੀਆਂ ਨਹੀਂ ਸਨ ਮਾਸੂਮ ਅਬਲਾਵਾਂ ਸਨ। ਉਨ੍ਹਾਂ ਦੇ ਜ਼ੁਲਮ ਦਾ ਸ਼ਿਕਾਰ ਹੋਈਆਂ ਸਨ। ਤੇ ਵਿਚਾਰੀਆਂ ਅੰਦਰੇ-ਅੰਦਰ ਧੁਖ ਰਹੀਆਂ ਸਨ। ਆਪਣੇ ਦਿਲ ਦੀ ਹਵਾੜ ਵੀ ਬਾਹਰ ਨਹੀਂ ਸਨ ਕੱਢ ਸਕਦੀਆਂ। ਪਰ ਗੁਰੂ ਦਾ ਰਾਜ ਕੈਸਾ ਸੀ ਤੇ ਪਾਲਣਾ ਤੇ ਇਹੋ ਜਿਹੀ ਸੀ ਕਿ–

*ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ।* *(ਪੰਨਾ ੯੬੭)*

ਸਤਿਗੁਰਾਂ ਦੀ ਪਤਨੀ ਮਾਤਾ ਖੀਵੀ ਜੀ ਲੰਗਰ ਚਲਾ ਰਹੇ ਸਨ ਕਿ ਕੋਈ ਵੀ ਆਇਆ ਪ੍ਰਾਣੀ ਪੇਟੋਂ ਭੁੱਖਾ ਨਾ ਜਾਏ। ਜਿਹੜਾ ਆਵੇ ਉਹ ਤ੍ਰਿਪਤ ਹੋ ਕੇ ਜਾਵੇ, ਪਿੰਡਾਂ ਵਿਚ ਰਹਿਣ ਵਾਲੇ ਗ਼ਰੀਬਾਂ ਦੇ ਬੱਚੇ ਜਦੋਂ ਉਨ੍ਹਾਂ ਨੂੰ ਚੰਗੀ ਖ਼ੁਰਾਕ ਮਿਲ ਗਈ ਤਾਂ ਉਹ ਤਾਕਤਵਰ ਪਹਿਲਵਾਨ ਬਣ ਗਏ। ਸਤਿਗੁਰੂ ਉਨ੍ਹਾਂ ਦੀਆਂ ਕੁਸ਼ਤੀਆਂ ਕਰਾਉਂਦੇ ਸਨ। ਅਤੇ ਬੜੇ ਸ਼ੌਕ ਨਾਲ ਆਪ ਵੇਖਦੇ ਸਨ। ਹਮਾਯੂੰ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਪਾਸੋਂ ਹਾਰ ਕੇ ਜਦੋਂ ਪੰਜਾਬ ਵਿਚ ਆਇਆ ਤਾਂ ਅਨੇਕਾਂ ਫ਼ਕੀਰਾਂ ਪਾਸੋਂ ਹੁੰਦਾ ਹੋਇਆ ਉਹ ਗੁਰੂ ਅੰਗਦ ਦੇਵ ਜੀ ਦੇ ਪਾਸ ਖਡੂਰ ਸਾਹਿਬ ਵੀ ਪਹੁੰਚ ਗਿਆ। ਰਾਜੇ ਜਦੋਂ ਤਾਕਤ ਵਿਚ ਹੁੰਦੇ ਹਨ ਉਸ ਵੇਲੇ ਤਾਂ ਇਨ੍ਹਾਂ ਨੂੰ ਰੱਬ ਯਾਦ ਨਹੀਂ ਆਉਂਦਾ। ਪਰ ਜਦੋਂ ਉਸ ਦੀ ਨਦਰ ਉਪੱਠੀ ਹੁੰਦੀ ਹੈ ਫਿਰ ਇਨ੍ਹਾਂ ਨੂੰ ਭਟਕਦੇ ਵੇਖੋ। ਫਿਰ ਇਨ੍ਹਾਂ ਦੀ ਨਿਮਰਤਾ ਵੇਖੋ ਕਿਵੇਂ ਫ਼ਕੀਰਾਂ ਦੇ ਡੇਰਿਆਂ ਤੇ ਜਾਣਗੇ। ਅਰਦਾਸਾਂ ਕਰਨਗੇ ਪਰ ਇਹ ਕਦੀ ਭੁੱਲ ਕੇ ਨਾ ਸਮਝ ਲੈਣਾ ਕਿ ਰਾਜਨੀਤਕ

ਬੰਦੇ ਦੀ ਇਹ ਨਿਮਰਤਾ ਸੱਚੀ ਹੈ। ਨਹੀਂ, ਰਾਜਨੀਤਕ ਬੰਦਾ ਇੰਨਾ ਹੁਸ਼ਿਆਰ ਹੁੰਦਾ ਹੈ ਕਿ ਉਹ ਹਮੇਸ਼ਾ ਦੂਸਰੇ ਨੂੰ ਵਰਤਦਾ ਹੈ। ਤੇ ਇੰਝ ਵਰਤਦਾ ਹੈ ਜਿਵੇਂ ਕੋਈ ਬੰਦਾ ਨਿੰਬੂ ਨੂੰ ਨਿਚੋੜ ਦੇਵੇ ਤੇ ਉਸਨੂੰ ਪਾਸੇ ਸੁੱਟ ਦੇਵੇ। ਇਸੇ ਤਰ੍ਹਾਂ ਰਾਜਨੀਤਕ ਬੰਦੇ ਦੇ ਹੱਥ ਵਿਚ ਭਾਵੇਂ ਕੋਈ ਧਨਵਾਨ ਆ ਜਾਵੇ ਭਾਵੇਂ ਕੋਈ ਗੁਣਵਾਨ ਆ ਜਾਵੇ। ਭਾਵੇਂ ਕੋਈ ਪੀਰ ਆ ਜਾਵੇ। ਭਾਵੇਂ ਕੋਈ ਫਕੀਰ ਆ ਜਾਵੇ। ਉਸ ਨੇ ਕੋਈ ਸੰਤ ਤਾਂ ਬਨਣਾ ਨਹੀਂ। ਉਸਨੇ ਤਾਂ ਆਪਣਾ ਮਤਲਬ ਕੱਢਣਾ ਹੈ। ਰਾਜਨੀਤਕ ਬੰਦਾ ਕਿਸੇ ਤੇ ਭਰੋਸਾ ਨਹੀਂ ਕਰਦਾ ਸਗੋਂ ਆਪਣੇ ਤੇ ਭਰੋਸਾ ਕਰਵਾਉਂਦਾ ਹੈ। ਦੂਸਰਿਆਂ ਨੂੰ ਵਿਸ਼ਵਾਸ ਦੁਆਏਗਾ ਕਿ ਮੇਰੇ ਤੇ ਵਿਸ਼ਵਾਸ ਕਰੋ। ਲੇਕਿਨ ਆਪਣਾ ਉਸਦਾ ਕਿਸੇ ਤੇ ਵੀ ਭਰੋਸਾ ਨਹੀਂ ਹੁੰਦਾ। ਉਸਦਾ ਭਰੋਸਾ ਹਮੇਸ਼ਾ ਆਪਣੀ ਤਲਵਾਰ ਤੇ, ਆਪਣੇ ਬਲ 'ਤੇ, ਆਪਣੀ ਚਤੁਰਾਈ ਤੇ ਹੁੰਦਾ ਹੈ। ਉਹ ਹਮੇਸ਼ਾ ਦੂਸਰੇ ਨੂੰ ਬੁੱਧੂ ਬਣਾਉਂਦਾ ਹੈ। ਜੇ ਬਣ ਗਿਆ ਤਾਂ ਠੀਕ ਨਹੀਂ ਤਾਂ ਉਹ ਸਮਝਦਾ ਹੈ ਕਿ ਇਕ ਸ਼ਿਕਾਰ ਨਿਕਲ ਗਿਆ ਹੈ ਦੂਸਰਾ ਲੱਭ ਲਵੇ। ਇਸ ਕਹਾਣੀ ਤੋਂ ਅੰਦਾਜ਼ਾ ਲਾਉਣਾ, ਇਕ ਰਾਜਨੀਤਕ ਬੰਦਾ ਆਪਣੇ ਪੁੱਤਰ ਨੂੰ ਸਿੱਖਿਆ ਦੇ ਰਿਹਾ ਸੀ ਰਾਜਨੀਤੀ ਕੀ ਹੈ? ਇਕ ਰੁੱਖ ਤੇ ਪੁੱਤਰ ਚੜ੍ਹ ਗਿਆ, ਜਿਸ ਟਾਹਣ ਤੇ ਬੈਠਾ ਸੀ ਬਾਪ ਕਹਿਣ ਲੱਗਾ ਇਸ ਨੂੰ ਕੱਟ, ਜਦੋਂ ਥੋੜ੍ਹਾ ਰਹੇਗਾ ਮੈਂ ਤੈਨੂੰ ਦੱਸਾਂਗਾ ਤੂੰ ਮੁੱਢ ਵਾਲੇ ਪਾਸੇ ਹੋ ਜਾਵੀਂ। ਪੁੱਤਰ ਨੇ ਕਿਹਾ ਪਿਤਾ ਜੀ ਡਿੱਗ ਪਵਾਂਗਾ। ਕਹਿਣ ਲੱਗਾ ਮੈਂ ਥਲਿਉਂ ਵੇਖ ਰਿਹਾ ਹਾਂ ਦੱਸਾਂਗਾ। ਬਾਪ ਤੇ ਵਿਸ਼ਵਾਸ ਨਹੀਂ? ਪੁੱਤਰ ਕਟਦਾ ਗਿਆ, ਆਖਰ ਟਾਹਣ ਡਿੱਗ ਗਿਆ ਪੁੱਤਰ ਵੀ ਡਿੱਗ ਪਿਆ। ਪੁੱਤਰ ਨਾਰਾਜ਼ ਹੋਇਆ। ਪਿਤਾ ਨੇ ਕਿਹਾ, ਪੁੱਤਰ ਮੈਂ ਤੈਨੂੰ ਰਾਜਨੀਤੀ ਸਿਖਾਈ ਹੈ ਸਮਝ ਲੈਣਾ ਕਿ ਇਹ ਪਹਿਲਾ ਸਬਕ ਹੈ ਕਿ ਬਾਪ ਤੇ ਵੀ ਵਿਸ਼ਵਾਸ ਕਰੇਂਗਾ ਤਾਂ ਮਰੇਂਗਾ। ਵੇਖ ਤੂੰ ਸਮਝਦਾ ਸੀ ਕਿ ਟਾਹਣ ਕੱਟਿਆ ਜਾਵੇਗਾ ਤਾਂ ਮੈਂ ਡਿੱਗਾਂਗਾ। ਪਰ ਮੈਂ ਤੈਨੂੰ ਵਿਸ਼ਵਾਸ ਕਰਾ ਦਿੱਤਾ ਹੈ ਇਸ ਤਰ੍ਹਾਂ ਦੂਸਰਿਆਂ ਨੂੰ ਵਿਸ਼ਵਾਸ ਕਰਾਉਣਾ ਹੈ ਪਰ ਆਪ ਕਿਸੇ ਤੇ ਭਰੋਸਾ ਨਹੀਂ ਕਰਨਾ। ਸੱਚ ਤਾਂ ਇਹ ਹੈ ਕਿ ਰਾਜੇ ਦਾ ਕੋਈ ਧਰਮ ਨਹੀਂ ਹੁੰਦਾ, ਸਿਰਫ ਸ਼ਕਤੀ ਬਲ ਹੀ ਉਸਦਾ ਧਰਮ ਹੁੰਦਾ ਹੈ। ਇਸ ਸਾਖੀ ਤੋਂ ਪਤਾ ਲੱਗੇਗਾ ਹਮਾਯੂੰ ਹਾਰਿਆ ਹੋਇਆ ਵੀ ਅਜੇ ਰੱਬ ਦੇ ਆਸਰੇ ਨਹੀਂ ਹੋਇਆ। ਅਜੇ ਵੀ ਰਾਜ ਦੇ ਆਸਰੇ ਹੈ। ਰਾਜੇ ਦੀ ਤਲਵਾਰ ਦੇ ਆਸਰੇ ਹੈ। ਜੇ ਧਰਮ ਦੀ ਜ਼ਰਾ ਜਿੰਨੀ ਵੀ ਅੰਸ਼ ਉਸ ਵਿਚ ਹੁੰਦੀ ਤਾਂ ਉਡੀਕ ਸਕਦਾ ਸੀ। ਪਰ ਉਸਦੇ ਅੰਦਰ ਹੰਕਾਰ ਸੀ। ਸਮਝਦਾ ਸੀ ਸ਼ੇਰਸ਼ਾਹ ਕੋਲੋਂ ਹਾਰ ਆਇਆ ਹਾਂ ਪਰ ਐਸਾ ਤਾਂ ਨਹੀਂ ਕਿ ਮੈਂ ਇਸ ਫਕੀਰ ਜੋਗਾ ਵੀ ਨਹੀਂ। ਗੁਰੂ ਸਾਹਿਬ ਬੱਚਿਆਂ ਦੀ ਕੁਸ਼ਤੀ ਵੇਖ ਰਹੇ ਸਨ। ਇਹ ਚਾਹੁੰਦਾ ਸੀ ਕਿ ਮੇਰੀ ਬਾਦਸ਼ਾਹ ਸਮਝ ਕੇ ਆਉ ਭਗਤ ਹੋਵੇ। ਇਹ ਚਾਹੁੰਦਾ ਸੀ ਕਿ ਗੁਰੂ ਅੰਗਦ ਸਾਹਿਬ ਇਸ ਨੂੰ ਜੀ ਆਇਆਂ ਆਖਣ

ਵਾਸਤੇ ਖੜ੍ਹੇ ਹੋਣ। ਜੈਸਾ ਇਹ ਸਨਮਾਨ ਚਾਹੁੰਦਾ ਸੀ ਉਹ ਨਹੀਂ ਮਿਲਿਆ। ਸਤਿਗੁਰੂ ਸਾਰਿਆਂ ਨੂੰ ਇਕੋ ਨਜ਼ਰ ਨਾਲ ਵੇਖਦੇ ਸਨ। ਭਾਵੇਂ ਕੋਈ ਰਾਜਾ ਆਵੇ, ਭਾਵੇਂ ਕੰਗਾਲ ਆਵੇ। ਬਾਦਸ਼ਾਹ ਦੇ ਅੰਦਰੋਂ ਕ੍ਰੋਧ ਜਾਗਿਆ। ਮਨੋਂ ਕਿਸੇ ਹੋਰ ਸਹਾਰੇ ਦੇ ਆਸਰੇ ਤਾਂ ਉਹ ਹੈ ਹੀ ਨਹੀਂ ਸੀ। ਬਸ ਜੋ ਅੰਦਰਲੀ ਅਸਲ ਗੱਲ ਸੀ ਉਹ ਬਾਹਰ ਆ ਗਈ। ਤਲਵਾਰ ਦੀ ਮੁੱਠ ਤੇ ਹੱਥ ਗਿਆ, ਤਲਵਾਰ ਮਿਆਨ ਵਿਚੋਂ ਬਾਹਰ ਕੱਢਣ ਲੱਗਾ। ਸਤਿਗੁਰਾਂ ਕਿਹਾ ਹਮਾਯੂੰ, ਇਹ ਤਲਵਾਰ ਚਲਾਉਣ ਦੀ ਥਾਂ ਨਹੀਂ ਇਥੇ ਕੋਈ ਤੇਰਾ ਦੁਸ਼ਮਣ ਨਹੀਂ। ਤੇਰਾ ਰਾਜ ਖੋਹਣ ਲਈ ਇਥੇ ਕਿਸੇ ਤੇਰੇ ਤੇ ਹਮਲਾ ਨਹੀਂ ਕੀਤਾ। ਤੂੰ ਇਕ ਫ਼ਕੀਰ ਤੇ ਬੇਦੋਸ਼ੇ ਤੇ ਤਲਵਾਰ ਚੁੱਕ ਰਿਹਾ ਹੈਂ। ਇਹ ਤੇਰੀ ਵਧੀਕੀ ਦਸਦੀ ਹੈ, ਕਿ ਤੂੰ ਪਤਾ ਨਹੀਂ ਕਿੰਨੇ ਰੱਬ ਦੇ ਪਿਆਰਿਆਂ ਤੇ ਵਧੀਕੀ ਕੀਤੀ ਹੋਵੇਗੀ। ਸ਼ਾਇਦ ਤੈਨੂੰ ਰੱਬ ਨੇ ਏਸੇ ਕੀਤੀ ਦੀ ਸਜ਼ਾ ਦਿੱਤੀ ਹੈ। ਆਖਰ ਤੇਰੇ ਹੱਥ ਵਿਚ ਅਜੇ ਬਲ ਹੈ ਨਾ। ਅਜੇ ਤੇਰੀ ਤਲਵਾਰ ਚਲਾਉਣ ਦੀ ਰੀਝ ਨਹੀਂ ਲੱਥੀ। ਜੇ ਬਲ ਹੈ ਤਾਂ ਦੌੜ ਕੇ ਜਾ, ਫਿਰ ਵਾਪਸ ਜਾ। ਤਲਵਾਰ ਚਲਾ, ਸ਼ੇਰ ਸ਼ਾਹ ਅਜੇ ਤੇਰੀ ਉਡੀਕ ਕਰ ਰਿਹਾ ਹੈ, ਉਥੇ ਤੇਰੀ ਤਲਵਾਰ ਚੱਲੀ ਨਹੀਂ, ਇਥੇ ਫ਼ਕੀਰਾਂ ਤੇ ਤਲਵਾਰ ਕੱਢ ਰਿਹਾ ਹੈਂ। ਹਮਾਯੂੰ ਬਾਦਸ਼ਾਹ ਸ਼ਰਮ ਸਾਰ ਹੋ ਗਿਆ। ਸਾਖੀਕਾਰ ਲਿਖਦੇ ਹਨ ਉਸਦਾ ਹੱਥ ਤਲਵਾਰ ਦੀ ਮੁੱਠ ਨਾਲ ਜੁੜ ਗਿਆ। ਬੜੀ ਵੱਡੀ ਭੁੱਲ ਸੀ। ਗੱਲ ਸਮਝ ਵਿਚ ਆ ਜਾਣ ਕਰਕੇ ਐਸਾ ਹੋ ਜਾਣਾ ਸੁਭਾਵਕ ਹੈ। ਸਤਿਗੁਰਾਂ ਨੇ ਉਸਦਾ ਅਸਲ ਰੂਪ ਉਸਦੇ ਸਾਹਮਣੇ ਰੱਖਿਆ। ਤੇ ਕਿਹਾ ਬਖਸ਼ਸ਼ ਤਲਵਾਰਾਂ ਨਾਲ ਨਹੀਂ ਮਿਲਦੀ। ਤਲਵਾਰਾਂ ਫੜ ਕੇ ਤੂੰ ਕਮਜ਼ੋਰਾਂ ਨੂੰ ਡਰਾ ਸਕਦਾ ਹੈ ਰੱਬ ਨੂੰ ਨਹੀਂ। ਨਾ ਹੀ ਰੱਬ ਦੇ ਬੰਦਿਆਂ ਨੂੰ ਡਰਾ ਸਕਦਾ ਹੈਂ।

ਬਾਦਸ਼ਾਹ ਤੂੰ ਪਰਜਾ ਨੂੰ ਪਾਲਿਆ ਨਹੀਂ, ਤੇਰੀ ਪਰਜਾ ਭੁੱਖੀ ਹੈ। ਤੂੰ ਪਰਜਾ ਦੀ ਰਖਵਾਲੀ ਨਹੀਂ ਕੀਤੀ ਪਰਜਾ ਦੁਖੀ ਹੈ। ਇਹ ਸੱਚ ਹੈ ਕਿ ਬਾਦਸ਼ਾਹ ਜੇ ਆਪਣਾ ਫਰਜ਼ ਭੁੱਲ ਜਾਏ ਤਾਂ ਉਸਦੀ ਸੈਨਾ ਵੀ ਉਸਦੀ ਦੁਸ਼ਮਣ ਬਣ ਜਾਂਦੀ ਹੈ। ਆਪਣੇ ਵੀ ਸਾਥ ਨਹੀਂ ਦਿੰਦੇ। ਬੇਗਾਨੇ ਹਮਲਾ ਕਰ ਦੇਂਦੇ ਹਨ। ਤੇਰੇ ਨਾਲ ਐਸਾ ਹੀ ਹੋਇਆ ਹੈ। ਤੇਰੇ ਆਪਣੇ ਹੀ ਬੇਗਾਨੇ ਹੋ ਗਏ ਹਨ। ਤੈਨੂੰ ਤੇਰੀ ਵਧੀਕੀ ਨੇ ਹੀ ਮਾਰਿਆ ਹੈ। ਤੂੰ ਫਰਜ਼ ਨੂੰ ਭੁਲਾ ਦਿੱਤਾ ਹੈ, ਗਾਫ਼ਿਲ ਹੋ ਕੇ ਰਿਹਾ ਹੈਂ। ਜੇ ਸੁਚੇਤ ਹੋ ਕੇ ਰਹਿੰਦਾ ਤਾਂ ਤੂੰ ਕਦੀ ਸਮਝਦਾ ਇਕ ਐਸਾ ਵੀ ਬਾਦਸ਼ਾਹ ਹੈ ਜੋ ਕੀੜਿਆਂ ਨੂੰ ਥਾਪੜਾ ਦੇ ਦੇਵੇ ਤਾਂ ਉਹ ਕੀੜੇ ਵਰਗਾ ਬੰਦਾ ਬਾਦਸ਼ਾਹ ਨੂੰ ਹਰਾ ਸਕਦਾ ਹੈ। ਉਸਦੇ ਲਸ਼ਕਰ ਨੂੰ ਸੁਆਹ ਕਰ ਸਕਦਾ ਹੈ। ਕੌਣ ਜਾਣਦਾ ਸੀ ਫਰੀਦ ਖ਼ਾਂ ਨੂੰ। ਇਹ ਤਾਂ ਪ੍ਰਮਾਤਮਾ ਦਾ ਥਾਪੜਾ ਹੈ। ਤੇ ਜਿਹੜਾ ਬਾਦਸ਼ਾਹ ਆਪਣਾ ਫ਼ਰਜ਼ ਪੂਰਾ ਕਰਦਾ ਹੈ ਉਸਦੀ ਪਰਜਾ ਹੀ, ਆਮ ਪਰਜਾ ਦੇ ਲੋਕ ਹੀ ਲੋੜ ਪੈਣ ਤੇ ਸੈਨਾ ਦਾ

ਕੰਮ ਕਰ ਜਾਂਦੇ ਹਨ। ਉਹ ਆਪਣੇ ਰਾਜੇ ਤੋਂ ਜਾਨ ਕੁਰਬਾਨ ਕਰ ਦਿੰਦੇ ਹਨ। ਜਾ ਆਪਣੇ ਫ਼ਰਜ਼ ਨੂੰ ਪਹਿਚਾਣ ਤੇ ਜਿਸ ਨੂੰ ਭੁੱਲ ਕੇ ਤੇਰੇ ਤੇ ਇਹ ਦਿਨ ਆਏ ਹਨ ਉਸੇ ਮਾਲਕ ਨੂੰ ਯਾਦ ਕਰ। ਸਤਿਗੁਰੂ ਐਸੇ ਰਾਜੇ ਹਨ ਜਿਨ੍ਹਾਂ ਨੇ ਆਪਣੀ ਸੰਗਤ ਰੂਪੀ ਪਰਜਾ ਦੀ ਪਾਲਣਾ ਤਨ ਕਰਕੇ ਵੀ ਕੀਤੀ ਮਨ ਕਰਕੇ ਵੀ। ਤਨ ਲਈ ਖੀਰ ਘਿਆਲੀ ਅਤੇ ਮਨ ਦੀ ਤ੍ਰਿਪਤੀ ਵਾਸਤੇ ਉਨ੍ਹਾਂ ਸ਼ਬਦ ਦਾ ਲੰਗਰ ਚਲਾ ਦਿੱਤਾ ਸੀ।

*ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨਾ ਆਵੈ ਖਟੀਐ॥*

*(ਰਾਮਕਲੀ ਪੰਨਾ ੯੬੬)*

ਗੁਰੂ ਨੇ ਜਿੱਥੇ ਪਾਲਣਾ ਕੀਤੀ ਹੈ ਰਖਵਾਲੀ ਵੀ ਕੀਤੀ ਹੈ। ਇਹ ਸੱਚ ਹੈ ਕਿ ਜੇ ਹਮਾਯੂੰ ਗੁਰੂ ਸਾਹਿਬ ਤੇ ਵਾਰ ਕਰ ਦੇਂਦਾ ਤਾਂ ਪਤਾ ਨਹੀਂ ਉਸ ਵੇਲੇ ਬਾਕੀ ਸੇਵਕਾਂ ਦਾ ਕੀ ਹਾਲ ਹੁੰਦਾ। ਪਰ ਸਤਿਗੁਰਾਂ ਦੇ ਉਪਦੇਸ਼ ਨੇ ਸੰਗਤ ਦੀ ਰਖਵਾਲੀ ਕੀਤੀ। ਸਤਿਗੁਰੂ ਅੰਗਦ ਦੇਵ ਦੇ ਦਰਸ਼ਨ ਕੈਸੇ ਹਨ। ਰਾਜਿਆਂ ਨੂੰ ਮਿਲਿਆਂ, ਰਾਜੇ ਦੇ ਦਰਸ਼ਨ ਕੀਤਿਆਂ ਜੇ ਕੁਝ ਮਿਲੇ ਵੀ ਤਾਂ ਕੁਝ ਧਨ ਮਿਲ ਜਾਏਗਾ। ਜਾਗੀਰ ਮਿਲ ਜਾਏਗੀ। ਦੁਨੀਆਂ ਦੀਆਂ ਸਹੂਲਤਾਂ ਮਿਲ ਜਾਣਗੀਆਂ। ਪਰ ਸਤਿਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਦੀ ਮਹਿਮਾ ਤਾਂ ਇੰਝ ਲਿਖੀ ਹੈ ਕਿ–

*ਹੋਵੈ ਸਿਫਤਿ ਖਸਮ ਦੀ, ਨੂਰ ਅਰਸਹੁ ਕੁਰਸਹੁ ਝਟੀਐ॥*
*ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥*

*(ਰਾਮਕਲੀ, ਸਤੇ ਬਲਵੰਡ ਦੀ ਵਾਰ, ਪੰਨਾ ੯੬੬)*

ਸਤਿਗੁਰੂ ਨੇ ਜਿਥੇ ਬਾਹਰਲੇ ਹਮਲਾਵਰਾਂ ਤੋਂ ਆਪਣੇ ਢੰਗ ਨਾਲ ਗੁਰ-ਸੰਗਤ ਦੀ ਰਖਵਾਲੀ ਕੀਤੀ ਹੈ। ਉਥੇ ਆਪਣੇ ਸੇਵਕਾਂ ਨੂੰ ਅਵਗੁਣਾਂ ਤੋਂ ਵੀ ਬਚਾਇਆ ਹੈ। ਸਿੱਖਾਂ ਦੀ ਹਉਮੈ ਤੋਂ ਵੀ ਰਖਿਆ ਕੀਤੀ ਹੈ। ਸਿੱਖਾਂ ਨੂੰ ਮੁਕਤ ਕੀਤਾ ਹੈ ਅਗੋਂ ਸਿੱਖਾਂ ਨੂੰ ਵੀ ਇਹ ਉਪਦੇਸ਼ ਦਿੱਤਾ ਹੈ ਕਿ ਜੀਵਨ ਵਿਚ ਕਿਸੇ ਨੂੰ ਬੰਧਨ ਨਾ ਪਾਉਣਾ। ਹੋ ਸਕੇ ਤਾਂ ਬੰਧਨ ਮੁਕਤ ਕਰ ਦੇਣਾ। ਏਸੇ ਉਪਦੇਸ਼ ਦਾ ਅਸਰ ਸੀ ਕਿ ਉਨ੍ਹਾਂ ਦਾ ਸਿੱਖ ਭਾਈ ਗੁੱਜਰ ਜੋ ਲੁਹਾਰ ਸੀ ਉਸਦੇ ਪਾਸ, ਰੱਬ ਦੇ ਪਿਆਰੇ ਜਿਨ੍ਹਾਂ ਨੂੰ ਕਿਸੇ ਹਾਕਮ ਨੇ ਗ਼ਲਤ ਦੋਸ਼ ਲਾ ਕੇ ਬੰਦੀ ਵਿਚ ਪਾ ਦਿੱਤਾ ਸੀ। ਕਿਸੇ ਤਰ੍ਹਾਂ ਨਿਕਲ ਕੇ ਇਸ ਪਾਸ ਆਏ ਤੇ ਪੈਰਾਂ ਦੀਆਂ ਬੇੜੀਆਂ ਕੱਟਣ ਵਾਸਤੇ ਕਿਹਾ। ਪਹਿਲਾਂ ਤਾਂ ਮਨ ਵਿਚ ਖ਼ਿਆਲ ਆਇਆ ਕਿ ਇਸ ਅਪਰਾਧ ਵਿਚ ਮੈਂ ਵੀ ਨਾ ਫੜਿਆ ਜਾਵਾਂ। ਫਿਰ ਜਦੋਂ ਸਤਿਗੁਰੂ ਦਾ ਹੁਕਮ ਯਾਦ ਆਇਆ ਤਾਂ ਇਸਨੇ ਉਨ੍ਹਾਂ ਦੀਆਂ ਬੇੜੀਆਂ ਕੱਟ ਦਿੱਤੀਆਂ। ਜਦੋਂ ਉਨ੍ਹਾਂ ਦੇ ਬੰਧਨ ਕੱਟੇ ਤਾਂ ਉਨ੍ਹਾਂ ਅਸ਼ੀਰਵਾਦ ਦਿੱਤੀ ਕਿ ਗੁਰੂ ਦੇ ਪਿਆਰੇ ਜਿਵੇਂ ਤੂੰ ਸਾਡੀਆਂ ਬੇੜੀਆਂ ਕੱਟੀਆਂ ਹਨ। ਪ੍ਰਮਾਤਮਾ

ਤੇਰੇ ਵੀ ਬੰਧਨ ਕੱਟੇ ਤੇ ਤੈਨੂੰ ਮੋਖ ਬਖਸ਼ੇ। ਉਨ੍ਹਾਂ ਦੇ ਮੂੰਹੋਂ ਇਹ ਅਸ਼ੀਰਵਾਦ ਸੁਣੀ ਤਾਂ ਸਮਝਿਆ ਕਿ ਮੈਂ ਅੱਜ ਪ੍ਰੀਖਿਆ ਵਿਚੋਂ ਪਾਸ ਹੋ ਗਿਆ ਹਾਂ। ਐਸੀ ਬ੍ਰਿਤੀ ਬਣ ਗਈ ਕਿ ਨਿਰਭੈ ਅਵਸਥਾ ਹੋ ਗਈ, ਬ੍ਰਿਤੀ ਟਿਕ ਗਈ। ਬ੍ਰਹਮ ਗਿਆਨੀ ਹੋ ਗਿਆ ਜੀਵਨ ਮੁਕਤ ਹੋ ਗਿਆ। ਇਹ ਗੁਰੂ ਅੰਗਦ ਦੇਵ ਦੀ ਕ੍ਰਿਪਾ ਹੈ। ਇਸ ਸਾਖੀ ਨੂੰ ਗੁ: ਪ੍ਰ: ਸੂ: ਗ੍ਰੰ: ਵਿਚ ਇੰਝ ਲਿਖਿਆ ਹੈ–

*ਤ੍ਰਾਸ ਪਾਇ ਕਰ ਬਹੁਰ ਬਿਚਾਰਾ। ਗੁਰ ਮੁਝ ਪ੍ਰਤਿ ਉਪਦੇਸ਼ ਉਚਾਰਾ।*
*ਪ੍ਰਭੂ ਨਮਿਤ ਕਾਰਜ ਕਰ ਦੀਜੈ। ਨਹੀ ਬਿਲੰਬ ਕਿਸੀ ਬਿਧਿ ਕੀਜੈ।*
*ਇਮ ਬਿਚਾਰ ਕਰ ਬਿਲਮ ਨਾ ਕੀਨ। ਉਠ ਤਤਕਾਲ ਕਾਟ ਕਰ ਦੀਨ।*
*ਆਸ਼ਿਖ ਦੇਤ ਗਏ ਨਿਜ ਦੇਸ਼। ਉਪਜਿਯੋ ਇਸਕੇ ਗਿਆਨ ਵਿਸ਼ੇਸ਼। (ਗੁ:ਪ੍ਰ:ਸੂ:)*

ਭੱਟਾਂ ਨੇ ਗੁਰੂ ਅੰਗਦ ਦੇਵ ਜੀ ਦੀ ਕ੍ਰਿਪਾ ਦ੍ਰਿਸ਼ਟੀ ਬਾਰੇ ਬੜਾ ਸੁੰਦਰ ਫ਼ਰਮਾਇਆ ਹੈ। ਭੱਟ ਕਲ ਸਹਾਰ ਲਿਖਦੇ ਹਨ :

*ਅਮਿਅ ਦ੍ਰਿਸਟਿ ਸੁਭ ਕਰੈ, ਹਰੈ ਅਘ ਪਾਪ ਸਕਲ ਮਲ॥*
*ਕਾਮ ਕ੍ਰੋਧ ਅਰੁ ਲੋਭ ਮੋਹ, ਵਸਿ ਕਰੈ ਸਭੈ ਬਲ॥*
*ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹਿ ਖੋਵੈ॥*
*ਗੁਰੁ ਨਵਨਿਧਿ ਦਰੀਆਉ, ਜਨਮ ਹਮ ਕਾਲਖ ਧੋਵੈ॥*
*ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥*
*ਦਰਸਨਿ ਪਰਸਿਐ ਗੁਰੂ ਕੈ, ਜਨਮ ਮਰਣ ਦੁਖੁ ਜਾਇ॥*

ਉਸ ਸਤਿਗੁਰੂ ਨੇ ਸੰਗਤਾਂ ਦੀ ਪਾਲਣਾ ਵੀ ਕੀਤੀ ਹੈ। ਉਨ੍ਹਾਂ ਹਰ ਤਰ੍ਹਾਂ ਦੇ ਜਮਾਂ ਤੋਂ ਰਖਵਾਲੀ ਵੀ ਕੀਤੀ ਹੈ। ਐਸੇ ਪਾਤਸ਼ਾਹ ਸਨ ਸਤਿਗੁਰੂ ਅੰਗਦ ਦੇਵ ਜੀ।

■ ■ ■

## ੧੫

# ਗੁਰੂ ਦੀ ਖੋਜ

ਭਾਈ ਗੁਰਦਾਸ ਜੀ ਇਕ ਕਬਿਤ ਵਿਚ ਖ਼ਿਆਲ ਦਿੰਦੇ ਹਨ ਕਿ ਜਿਵੇਂ ਇਕ ਰੋਗੀ ਜੋ ਰੋਗ ਨਾਲ ਦੁਖੀ ਹੈ, ਪੀੜਤ ਹੈ ਉਹ ਹਰ ਇਕ ਵੈਦ ਬਾਰੇ ਪੁੱਛਦਾ ਹੈ। ਜਿਥੇ ਕਿਸੇ ਸਿਆਣੇ ਵੈਦ ਦੀ ਦੱਸ ਪਵੇ ਉਹ ਉਥੇ ਪਹੁੰਚ ਹੀ ਜਾਂਦਾ ਹੈ। ਜਦੋਂ ਤੱਕ ਉਸਦੀ ਪੀੜਾ ਨਾ ਹਟ ਜਾਏ ਉਹ ਆਪਣਾ ਦੁੱਖ ਰੋਂਦਾ ਹੀ ਰਹਿੰਦਾ ਹੈ। ਜਿਵੇਂ ਇਕ ਭਿਖਾਰੀ ਪੇਟੋਂ ਭੁੱਖਾ ਹੈ ਤੇ ਭੀਖ ਮੰਗਣ ਵਾਸਤੇ ਚੱਲ ਪੈਂਦਾ ਹੈ। ਇਕ ਘਰੋਂ ਨਹੀਂ ਮਿਲਦੀ ਉਹ ਦੂਸਰੇ ਘਰ ਚਲਾ ਜਾਂਦਾ ਹੈ। ਉਥੋਂ ਨਾ ਮਿਲੇ ਤਾਂ ਉਹ ਤੀਸਰੇ ਘਰ ਚਲਾ ਜਾਂਦਾ ਹੈ। ਜਦੋਂ ਤਕ ਉਹ ਰੱਜ ਨਹੀਂ ਜਾਂਦਾ ਉਸਨੂੰ ਚੈਨ ਨਹੀਂ ਆਉਂਦਾ। ਜਿਵੇਂ ਪਤੀ ਤੋਂ ਵਿਛੜੀ ਪਤਨੀ ਜਿਸਦੇ ਪਤੀ ਨੂੰ ਪ੍ਰਦੇਸ ਗਿਆਂ ਬਹੁਤ ਅਰਸਾ ਬਤੀਤ ਹੋ ਗਿਆ ਹੈ। ਜਯੋਤਸ਼ ਅਨੁਸਾਰ ਲਗਣ ਸਗਣ ਕਰਦੀ ਹੈ ਤੇ ਐਸਾ ਨਹੀਂ ਕਿ ਇਕ ਵਾਰ ਕਰ ਕੇ ਛੱਡ ਦੇਂਦੀ ਹੈ। ਨਹੀਂ, ਜਦੋਂ ਤੱਕ ਉਸਨੂੰ ਉਸਦਾ ਪਤੀ ਨਹੀਂ ਮਿਲ ਪੈਂਦਾ ਉਹ ਉਸ ਵਕਤ ਤੱਕ ਵਿਆਕੁਲ ਹੀ ਰਹਿੰਦੀ ਹੈ। ਇਸੇ ਤਰ੍ਹਾਂ ਰੱਬ ਦੇ ਖੋਜੀ ਉਸਨੂੰ ਇੰਜ ਖੋਜਦੇ ਹਨ ਜਿਵੇਂ ਭੰਵਰਾ ਕੰਵਲ ਦੇ ਇਕ ਇਕ ਫੁੱਲ ਨੂੰ ਖੋਜਦਾ ਹੈ। ਭੰਵਰੇ ਦੀ ਖੋਜ ਉਸ ਵੇਲੇ ਬੰਦ ਹੁੰਦੀ ਹੈ ਜਦੋਂ ਫੁੱਲ ਵਿਚ ਸੰਪੁਟ ਹੋ ਜਾਏ ਬੰਦ ਹੋ ਜਾਏ। ਤੇ ਮਰ ਜਾਏ। ਰੱਬ ਦੇ ਖੋਜੀ ਦੀ ਖੋਜ ਉਸ ਵੇਲੇ ਮੁਕਦੀ ਹੈ ਜਦੋਂ ਪਰਮ ਪਦ ਸੰਪਟ ਵਿਚ ਸਮਾ ਜਾਏ। ਭਾਵ ਕਿ ਇਹ ਜੀਵ ਪ੍ਰਮਾਤਮਾ ਵਿਚ ਲੀਨ ਹੋ ਜਾਏ, ਉਸਦਾ ਰੂਪ ਹੀ ਹੋ ਜਾਏ। ਕਬਿਤ ਇਹ ਹੈ–

*ਜੈਸੇ ਬ੍ਰਿਥਾਵੰਤ ਜੰਤ, ਪੂਛੈ ਬੈਦ ਬੈਦ ਪ੍ਰਤਿ,*
*ਜੌ ਲੌ ਨਾ ਮਿਟਤ ਰੋਗ ਤਉ ਲਉ ਬਿਲਲਾਤ ਹੈ।*

*ਜੈਸੇ ਭੀਖ ਮਾਂਗਤ ਭਿਖਾਰੀ ਘਰਿ ਘਰਿ ਡੋਲੈ,*
*ਤੌ ਲੌ ਨਹੀ ਆਵੈ ਚੈਨ ਜਉ ਲੌ ਨਾ ਅਘਾਤ ਹੈ।*
*ਜੈਸੇ ਬਿਰਹਨੀ ਸਉਨ ਸਗਨ ਲਗਨ ਸੋਧੈ,*
*ਜੌ ਲੌ ਨਾ ਭਤਾਰ ਭੇਟੇ ਤਉ ਲੌ ਅਕੁਲਾਤ ਹੈ।*
*ਤੈਸੇ ਖੋਜੀ ਖੋਜੇ ਅਲਿ ਕਮਲ ਕਮਲ ਗਤਿ,*
*ਜੌ ਲੌ ਨਾ ਪਰਮ ਪਦ ਸੰਪੁਟ ਸਮਾਤ ਹੈ।*

ਸਰੀਰਕ ਪੀੜਾ ਵੀ ਬੰਦੇ ਨੂੰ ਟਿਕ ਕੇ ਨਹੀਂ ਬੈਠਣ ਦੇਂਦੀ। ਪੇਟ ਦੀ ਭੁੱਖ ਵਾਸਤੇ ਵੀ ਬੰਦਾ ਦੇਸ-ਪ੍ਰਦੇਸ ਭਟਕਦਾ ਹੈ। ਸਰੀਰ ਦੇ ਇਲਾਜ ਵਾਸਤੇ ਵੀ ਲੋਕ ਪ੍ਰਦੇਸਾਂ ਵਿਚ ਜਾਂਦੇ ਹਨ। ਪਤੀ ਦਾ ਵਿਛੋੜਾ ਟਿਕ ਕੇ ਨਹੀਂ ਬੈਠਣ ਦੇਂਦਾ। ਇਸਤਰੀਆਂ ਕਈ ਤਰ੍ਹਾਂ ਦੇ ਉਪਰਾਲੇ ਕਰਦੀਆਂ ਹਨ ਕਿ ਪਤੀ ਘਰ ਆ ਜਾਵੇ। ਜੇ ਬਾਕੀ ਪੀੜਾ, ਸਰੀਰ ਦੀ ਪੀੜਾ, ਭੁੱਖ ਦੀ ਪੀੜਾ, ਵਿਛੋੜੇ ਦੀ ਪੀੜਾ ਬੰਦੇ ਨੂੰ ਚੈਨ ਨਾਲ ਨਹੀਂ ਬੈਠਣ ਦੇਂਦੀ। ਤਾਂ ਅਧਿਆਤਮਕ ਪੀੜਾ, ਪ੍ਰਭੂ ਵਿਛੋੜੇ ਦੀ ਪੀੜਾ ਵੀ ਰੱਬ ਦੇ ਖੋਜੀ ਨੂੰ ਚੈਨ ਨਾਲ ਨਹੀਂ ਬੈਠਣ ਦੇਂਦੀ। ਇਹ ਠੀਕ ਹੈ ਸਰੀਰਕ ਪੀੜਾ ਵਾਲਾ ਮਨੁੱਖ ਕਈ ਵਾਰ ਨੀਮ ਹਕੀਮਾਂ ਕੋਲ ਭਟਕਦਾ ਹੈ। ਪਰ ਉਸ ਦੀ ਖੋਜ ਤਾਂ ਠੀਕ ਵੈਦ ਦੀ ਹੈ। ਭਿਖਾਰੀ ਵੀ ਕਈ ਵਾਰ ਉਜੜੇ ਤੇ ਸੁੰਞੇ ਘਰਾਂ ਵਿਚ ਫਿਰਦਾ ਹੈ। ਪਰ ਖੋਜ ਤਾਂ ਉਸਦੀ ਕਿਸੇ ਰੱਜੇ ਘਰ ਦੀ ਹੈ। ਬਿਰਹਨੀ ਪਤੀ ਤੋਂ ਵਿਛੜੀ ਵੀ ਕਈ ਵਾਰ ਪਾਖੰਡੀਆਂ ਤੋਂ ਧੋਖਾ ਖਾ ਜਾਂਦੀ ਹੈ। ਪਰ ਖੋਜ ਤਾਂ ਉਸਦੀ ਸੱਚੇ ਵਿਚੋਲੇ ਦੀ ਹੈ। ਅਧਿਆਤਮ ਖੋਜੀ, ਰੱਬ ਦੇ ਢੂੰਢਾਊ ਵੀ ਕਈ ਵਾਰ ਕਰਮ-ਕਾਂਡ ਵਿਚ ਭਟਕ ਜਾਂਦੇ ਹਨ। ਪਾਖੰਡੀਆਂ ਦੇ ਜਾਲ ਵਿਚ ਫਸ ਜਾਂਦੇ ਹਨ। ਹਠ ਯੋਗ ਵਿਚ ਉਲਝ ਜਾਂਦੇ ਹਨ। ਪਰ ਖੋਜ ਤਾਂ ਉਨ੍ਹਾਂ ਦੀ ਵੀ ਸੱਚੇ ਮਾਰਗ ਦੀ ਹੈ। ਐਸੇ ਖੋਜੀਆਂ ਵਿਚੋਂ ਸਨ ਬਾਬਾ ਅਮਰਦਾਸ ਜੀ। ਮਨ ਵਿਚ ਜੋ ਚਾਅ ਹੈ ਉਹ ਸੱਚਾ ਹੈ। ਮਨ ਵਿਚ ਜੋ ਪ੍ਰਭੂ-ਪਿਆਰ ਹੈ ਉਹ ਸੱਚਾ ਹੈ। ਮਨ ਵਿਚ ਜੋ ਪ੍ਰਭੂ ਨੂੰ ਮਿਲਣ ਦੀ ਤੀਬਰ ਤਾਂਘ ਹੈ ਉਹ ਸੱਚੀ ਹੈ। ਖੋਜ ਦਾ ਚਾਅ ਗ਼ਲਤ ਨਹੀਂ ਪਰ ਬੇਵਸੀ ਹੈ। ਮਾਰਗ ਤਾਂ ਆਲੇ-ਦੁਆਲੇ ਪਾਸੋਂ ਹੀ ਪੁਛਣਾ ਹੈ। ਆਲਾ ਦੁਆਲਾ ਕਰਮ-ਕਾਂਡ ਦਾ ਸੀ। ਰੱਬ ਦੀ ਗੱਲ ਕੀਤੀ ਕਿ ਕਿਵੇਂ ਮਿਲੇ, ਉਸਦੀ ਪ੍ਰਾਪਤੀ ਕਿਵੇਂ ਹੋਵੇ। ਜਿਨ੍ਹਾਂ ਤੇ ਵਿਸ਼ਵਾਸ ਸੀ, ਜਿਨ੍ਹਾਂ ਨੂੰ ਆਪਣੇ ਤੋਂ ਪਹਿਲਾਂ ਤੁਰੇ ਸਮਝਦੇ ਸਨ, ਉਨ੍ਹਾਂ ਨੂੰ ਪੁੱਛਿਆ। ਉਨ੍ਹਾਂ ਕਿਹਾ ਰੱਬ ਮਿਲੇਗਾ। ਉੱਤਰ ਸੀ ਮਨ ਸਾਫ਼ ਕੀਤਿਆਂ। ਮਨ ਸਾਫ਼ ਕਿਵੇਂ ਕਰਾਂ? ਉਨ੍ਹਾਂ ਕਿਹਾ ਤੀਰਥ ਤੇ ਇਸ਼ਨਾਨ ਕੀਤਿਆਂ। ਤੀਰਥਾਂ ਵਿਚੋਂ ਸ੍ਰੇਸ਼ਟ ਤੀਰਥ ਕਿਹੜਾ ਹੈ, ਦੱਸਣ ਵਾਲਿਆਂ ਕਿਹਾ, ਗੰਗਾ। ਬਸ ਤੁਰ ਪਏ, ਮਨ ਨੂੰ ਕਿਹਾ ਚਾਲੀ ਸਾਲ ਦੀ ਉਮਰ ਹੋ ਗਈ ਹੈ ਹੁਣ ਚੱਲ। ਮਿਹਨਤ ਬੜੀ ਕੀਤੀ ਪਰ ਮਿਹਨਤ ਗ਼ਲਤ ਥਾਂ ਤੇ ਹੋਈ ਫਲ ਕੋਈ ਨਾ ਮਿਲਿਆ। ਪਾਣੀ ਰਿੜਕਿਆਂ ਅੱਜ ਤੱਕ ਕਿਸੇ ਨੂੰ ਮੱਖਣ ਪ੍ਰਾਪਤ ਨਹੀਂ ਹੋਇਆ। ਮਿਹਨਤ ਤਾਂ ਉਸਦੀ ਹੈ ਰਿੜਕਣ ਤੇ ਸਮਾਂ ਉਸਨੇ ਪੂਰਾ ਲਾਇਆ ਹੈ। ਤਾਣ ਲਾਇਆ ਹੈ। ਪਰ ਪਾਣੀ ਵਿਚ, ਮੱਖਣ ਹੈ ਹੀ ਨਹੀਂ ਸੀ.

ਕਿਵੇਂ ਪ੍ਰਾਪਤ ਹੁੰਦਾ। ਕਬੀਰ ਸਾਹਿਬ ਇਸ ਗੱਲ ਨੂੰ ਸਮਝ ਗਏ ਸਨ। ਉਹ ਗੰਗਾ ਦੇ ਕਿਨਾਰੇ ਰਹਿੰਦੇ ਵੀ ਗੰਗਾ ਇਸ਼ਨਾਨ ਕਰਨ ਨਹੀਂ ਗਏ। ਹਾਂ, ਗੰਗਾ ਇਸ਼ਨਾਨ ਕਰਨ ਗਇਆਂ ਦੇ ਰਸਤੇ ਵਿਚ ਰੋੜਾ ਜ਼ਰੂਰ ਬਣੇ। ਜਿਵੇਂ ਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ–

*ਹੋਇ ਵਿਰਕਤ ਬਨਾਰਸੀ ਰਹਿੰਦਾ ਰਾਮਾ ਨੰਦ ਗੁਸਾਈ।*
*ਅੰਮ੍ਰਿਤ ਵੇਲੇ ਉਠ ਕੇ ਜਾਂਦਾ ਗੰਗਾ ਨਾਵਣ ਭਾਈ।*
*ਅਗੋ ਹੀ ਦੇ ਜਾਇ ਕੈ ਲੰਮਾ ਪਿਆ ਕਬੀਰ ਤਿਥਾਈ।*
*ਪੈਰੀ ਟੁੰਬ ਉਠਾਲਿਆ ਬੋਲੋ ਰਾਮ ਸਿਖ ਸਮਝਾਈ।*

ਰਾਮਾ ਨੰਦ ਨੂੰ ਵੀ ਠੇਡਾ ਲੱਗ ਗਿਆ ਤੇ ਲੱਗਾ ਕਬੀਰ ਨਾਲ। ਉਸਨੇ ਕਿਹਾ ਰਾਮ ਕੇ ਪਿਆਰੇ ਰਾਮ ਕਹੁ। ਕਬੀਰ ਰਾਮ ਕਹਿਣ ਲੱਗ ਪਏ ਪਰ ਗੰਗਾ ਵਿਚ ਨਹੀਂ ਵੜ ਗਏ। ਉਨ੍ਹਾਂ ਦੇ ਵੀਚਾਰ ਇੰਝ ਹਨ–

*ਕਬੀਰ ਗੰਗਾ ਤੀਰ ਜੁ ਘਰੁ ਕਰਹਿ, ਪੀਵਹਿ ਨਿਰਮਲ ਨੀਰੁ।*
*ਬਿਨੁ ਹਰਿ ਭਗਤਿ ਨਾ ਮੁਕਤਿ ਹੋਇ, ਇਉ ਕਹਿ ਰਮੇ ਕਬੀਰ।* (ਪੰਨਾ ੧੩੬੭)

ਕਬੀਰ ਜੀ ਕਹਿੰਦੇ ਹਨ ਕਿ ਲੋਕ ਗੰਗਾ ਨਹਾਉਣ ਜਾਂਦੇ ਹਨ ਮੈਂ ਤਾਂ ਮਨ ਨੂੰ ਹੀ ਗੰਗਾ ਬਣਾ ਲਿਆ ਹੈ।

*ਕਬੀਰ ਮਨੁ ਨਿਰਮਲੁ ਭਇਆ, ਜੈਸਾ ਗੰਗਾ ਨੀਰੁ।*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ।* (ਪੰਨਾ ੧੩੬੭)

ਭਗਤ ਰਵਿਦਾਸ ਜੀ ਬਨਾਰਸ ਰਹਿੰਦੇ ਹੋਏ ਵੀ ਗੰਗਾ ਨਹਾਉਣ ਨਹੀਂ ਜਾਂਦੇ। ਇਕ ਸਾਖੀ ਤਾਂ ਸਪੱਸ਼ਟ ਹੈ ਕਿ ਸੰਗ ਕਹਿੰਦਾ ਹੈ ਭਗਤ ਜੀ! ਆਉ ਗੰਗਾ ਇਸ਼ਨਾਨ ਕਰਵਾ ਲਿਆਈਏ। ਉਹ ਕਹਿੰਦੇ ਹਨ ਮੇਰੀ ਚਮੜੀ ਲੈ ਜਾਉ। ਅਸਲ ਵਿਚ ਮਨ ਨਿਰਮਲ ਕਰਨ ਲਈ ਬਾਹਰਲੀ ਗੰਗਾ ਕਾਰਗਰ ਨਹੀਂ। ਮਨ ਅੰਦਰ ਹੈ। ਮੈਲ ਅੰਦਰ ਹੈ ਜਲ ਵੀ ਅੰਦਰ ਹੀ ਹੋਵੇਗਾ। ਮਨ ਹੈ ਵੀਚਾਰ, ਮੈਲ ਹੈ ਵੀਚਾਰਾਂ ਦੀ ਇਸ ਲਈ ਇਸ ਨੂੰ ਧੋਣ ਲਈ ਜਲ ਵੀ ਵੀਚਾਰਾਂ ਦਾ ਹੀ ਹੋਵੇਗਾ। ਉਹ ਜਲ ਹੈ ਗੁਰਬਾਣੀ, ਉਹ ਜਲ ਹੈ ਸਤਿਗੁਰੂ ਦਾ ਸ਼ਬਦ। ਇਕ ਬ੍ਰਹਮਚਾਰੀ ਬਾਬਾ ਅਮਰਦਾਸ ਜੀ ਨੂੰ ਕਹਿ ਦੇਂਦਾ ਹੈ ਮੇਰਾ ਜਨਮ ਬ੍ਰਿਥਾ ਚਲਾ ਗਿਆ ਹੈ। ਕਿਉਂਕਿ ਮੈਂ ਉਸਦਾ ਸੰਗ ਕਰ ਲਿਆ ਹੈ ਜਿਸਦਾ ਆਪਣਾ ਜਨਮ ਬ੍ਰਿਥਾ ਜਾ ਰਿਹਾ ਹੈ। ਬਾਬੇ ਅਮਰਦਾਸ ਨੇ ਪੁੱਛਿਆ, ਬ੍ਰਹਮਚਾਰੀ! ਮੇਰਾ ਜਨਮ ਤੂੰ ਬ੍ਰਿਥਾ ਕਿਵੇਂ ਕਹਿ ਦਿੱਤਾ ਹੈ। ਮੈਂ ਚੰਗੀ ਕਿਰਤ ਕਰਦਾ ਹਾਂ, ਮੈਂ ਹਰ ਸਾਲ ਤੀਰਥ ਯਾਤਰਾ ਤੇ ਜਾਂਦਾ ਹਾਂ। ਬ੍ਰਹਮਚਾਰੀ ਨੇ ਕਹਿ ਦਿੱਤਾ ਕਿ ਇਹ ਤੀਰਥ ਯਾਤਰਾ ਕਿਸੇ ਕੰਮ ਨਹੀਂ। ਬਾਬਾ ਜੀ ਨੇ ਪੁੱਛਿਆ ਕਿ ਕਿਉਂ? ਬ੍ਰਹਮਚਾਰੀ ਨੇ ਕਿਹਾ, ਮੇਰਾ ਜ਼ਾਤੀ ਤਜਰਬਾ ਹੈ। ਇਸ ਨੇ ਅੱਜ ਤੱਕ

ਮੈਲ ਵਧਾਈ ਜ਼ਰੂਰ ਹੈ ਕਿਸੇ ਦੀ ਮੈਲ ਉਤਾਰੀ ਨਹੀਂ। ਤੀਰਥ ਯਾਤਰੀ ਹੰਕਾਰੀ ਜ਼ਰੂਰ ਹੋ ਜਾਂਦਾ ਹੈ ਨਿਰਮਾਣ ਨਹੀਂ ਹੁੰਦਾ। ਯਾਤਰਾ ਹੀ ਗਿਣਦਾ ਰਹਿੰਦਾ ਹੈ, ਕਿੰਨੀਆਂ ਹੋ ਗਈਆਂ ਹਨ। ਐਸੇ ਬੰਦੇ ਨੂੰ ਆਤਮ ਰਸ ਨਹੀਂ ਆ ਸਕਦਾ, ਜਿੰਦ ਦਾ ਸਾਥ ਦੇਣ ਵਾਲੀ ਤੀਰਥ ਯਾਤਰਾ ਨਹੀਂ। ਜਿੰਦ ਦਾ ਸਾਥੀ ਤਾਂ ਸਤਿਗੁਰੂ ਦਾ ਸ਼ਬਦ ਹੈ। ਉਹ ਤੁਹਾਨੂੰ ਅੱਜ ਤੱਕ ਪ੍ਰਾਪਤ ਨਹੀਂ ਹੋਇਆ। ਮਨੁੱਖ ਦਾ ਸਰੀਰ ਅਰੋਗ ਹੋਵੇ ਤਾਂ ਉਸ ਤੇ ਹੱਥ ਰੱਖ ਕੇ ਕੋਈ ਦਬਾਵੇ ਤਾਂ ਕੋਈ ਤਕਲੀਫ਼ ਨਹੀਂ ਹੁੰਦੀ। ਪਰ ਕਿਤੇ ਜ਼ਖ਼ਮ ਹੋਵੇ ਉਸ ਉੱਤੇ ਹੱਥ ਰੱਖਿਆਂ ਹੀ ਬੰਦਾ ਤੜਪ ਪੈਂਦਾ ਹੈ। ਨਮਕ ਸਾਰੇ ਸਰੀਰ ਤੇ ਮਲ ਦੇਈਏ ਕੁਝ ਨਹੀਂ ਹੁੰਦਾ। ਪਰ ਜੇ ਜ਼ਖ਼ਮ ਤੇ ਲੱਗ ਜਾਏ ਤਾਂ ਤਕਲੀਫ਼ ਹੁੰਦੀ ਹੈ। ਬਾਬੇ ਅਮਰਦਾਸ ਨੂੰ ਜਾਪਿਆ ਕਿ ਜਿਵੇਂ ਕਿਸੇ ਨੇ ਜ਼ਖ਼ਮ ਤੇ ਨਮਕ ਛਿੜਕ ਦਿੱਤਾ ਹੋਵੇ। ਜਿਵੇਂ ਕਿਸੇ ਨੇ ਜ਼ਖ਼ਮ ਤੇ ਹੱਥ ਰੱਖ ਦਿੱਤਾ ਹੋਵੇ। ਵਾਕਿਆ ਹੀ ਅੱਜ ਤੱਕ ਆਤਮ ਰਸ ਤਾਂ ਨਹੀਂ ਆਇਆ ਗਿਣਦਾ ਹੀ ਪਿਆ ਹਾਂ। ਉੱਨੀ ਯਾਤਰਾਵਾਂ ਹੋ ਗਈਆਂ, ਵੀਹ ਹੋ ਗਈਆਂ, ਇੱਕੀ ਹੋ ਗਈਆਂ, ਸਭ ਯਾਤਰੀ ਗਿਣਦੇ ਹਨ। ਵੀਹਾਂ ਵਾਲਾ ਉੱਨੀ ਯਾਤਰਾਵਾਂ ਵਾਲੇ ਨੂੰ ਇੰਝ ਵੇਖਦਾ ਹੈ ਜਿਵੇਂ ਇਕ ਅਮੀਰ ਕਿਸੇ ਗ਼ਰੀਬ ਨੂੰ ਵੇਖਦਾ ਹੋਵੇ। ਬ੍ਰਹਮਚਾਰੀ ਤਾਂ ਇੰਨੀ ਗੱਲ ਕਹਿ ਚਲਾ ਗਿਆ ਕਿ ਨਿਗੁਰੇ ਕਾ ਸਾਥ ਕੀਆ ਹੇ ਮਨ ਤੇਰਾ ਜਨਮ ਗਿਆ। ਬ੍ਰਹਮਚਾਰੀ ਚਲਾ ਗਿਆ ਪਰ ਬਾਬੇ ਅਮਰਦਾਸ ਦੇ ਮਨ ਵਿਚ ਬਹੁਤ ਕੁਝ ਛੱਡ ਗਿਆ। ਉਹ ਬਾਬੇ ਅਮਰਦਾਸ ਨੂੰ ਦੱਸ ਗਿਆ ਕਿ ਮੰਜ਼ਲ ਇਹ ਨਹੀਂ, ਮੰਜ਼ਲ ਅੱਗੇ ਹੈ। ਐਸੇ ਬੰਦੇ ਦਾ ਹਮੇਸ਼ਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਜਿਹੜਾ ਸੱਚੀ ਗੱਲ ਕਹਿ ਜਾਵੇ ਤਾਂ ਕਿ ਬੰਦਾ ਸੱਚ ਦੀ ਖੋਜ ਵੱਲ ਚਲ ਪਵੇ। ਆਪਣੇ ਭਰਾ ਦੀ ਨੂੰਹ ਬੀਬੀ ਅਮਰੋ ਪਾਸੋਂ ਬਾਬਾ ਜੀ ਨੇ ਅੰਮ੍ਰਿਤ ਵੇਲੇ ਬਾਣੀ ਸੁਣੀ ਸੀ। ਪ੍ਰਭਾਤ ਨਵੀਂ ਰੋਸ਼ਨੀ ਦਾ ਸੰਦੇਸ਼ ਦੇ ਰਹੀ ਸੀ। ਸਫ਼ੈਦ ਦਿਨ ਆਉਣ ਵਾਲਾ ਹੈ, ਕਾਲੀ ਰਾਤ ਮੁੱਕਣ ਵਾਲੀ ਹੈ। ਸਤਿਗੁਰੂ ਦੀ ਬਾਣੀ ਵੀ ਸੰਦੇਸ਼ਾ ਦੇ ਰਹੀ ਸੀ ਜੀਵਨ ਦੀ ਅੰਧੇਰੀ ਰਾਤ ਵਿਚੋਂ ਜਾਗ! ਗੁਰਮਤਿ ਦੇ ਸੂਰਜ ਨੂੰ ਵੇਖ ਬੰਦੇ, ਜੀਵਨ ਰੂਪੀ ਪ੍ਰਭਾਤ ਨੂੰ ਸਾਂਭ। ਹੁਣ ਤਾਂ ਕੇਸਾਂ ਤੇ ਵੀ ਦਿਨ ਦੀ ਸਫ਼ੈਦੀ ਵਰਗੀ ਸਫ਼ੈਦੀ ਆ ਗਈ ਹੈ। ਜਿਉਂ ਜਿਉਂ ਬਾਣੀ ਸੁਣਦੇ ਹਨ ਸਫ਼ੈਦ ਦਾਹੜੇ ਤੋਂ ਹੋ ਕੇ ਸਫ਼ੈਦ ਹੰਝੂ ਪੈਰਾਂ ਤੇ ਡਿੱਗ ਰਹੇ ਹਨ। ਮਨ ਨੇ ਹਿੰਮਤ ਕੀਤੀ ਤੇ ਪੁੱਛਿਆ ਬੇਟਾ! ਬਾਣੀ ਕਿਸਦੀ ਹੈ? ਬੀਬੀ ਨੇ ਕਿਹਾ ਸਤਿਗੁਰੂ ਦੀ। ਸਤਿਗੁਰੂ ਕੌਣ, ਬੀਬੀ ਨੇ ਕਿਹਾ ਗੁਰੂ ਨਾਨਕ। ਉਨ੍ਹਾਂ ਸੇਵਾ ਸੰਭਾਲ ਮੇਰੇ ਪਿਤਾ ਜੀ ਨੂੰ ਦਿੱਤੀ ਹੈ। ਤੁਸੀਂ ਇੰਝ ਪਏ ਪੁੱਛਦੇ ਹੋ ਜਿਵੇਂ ਨਾ ਜਾਣਦੇ ਹੋਵੋ। ਕੀ ਮੇਰੇ ਵਿਆਹ ਵੇਲੇ ਤੁਸੀਂ ਉਨ੍ਹਾਂ ਨੂੰ ਗਲਵਕੜੀ ਪਾ ਕੇ ਨਹੀਂ ਮਿਲੇ। ਕੀ ਤੁਹਾਨੂੰ ਕੁੜਮ ਆਖ ਕੇ ਉਨ੍ਹਾਂ ਸਤਿਕਾਰ ਨਹੀਂ ਦਿੱਤਾ। ਬਾਬਾ ਜੀ ਬੇ ਇਖ਼ਤਿਆਰ ਹੋ ਕੇ ਰੋ ਪਏ ਤੇ ਕਹਿਣ ਲੱਗੇ, ਬੱਚੀਏ ਮੈਂ ਕੁੜਮ ਨੂੰ ਜ਼ਰੂਰ ਮਿਲਿਆ ਹਾਂ ਮੈਂ ਸਤਿਗੁਰੂ ਨੂੰ ਨਹੀਂ

ਮਿਲਿਆ। ਕਾਸ਼ ਕਦੀ ਮੈਂ ਉਨ੍ਹਾਂ ਨੂੰ ਸਤਿਗੁਰੂ ਸਮਝ ਕੇ ਮਿਲਿਆ ਹੁੰਦਾ। ਬੇਟੀ ਮੇਰੇ ਤੇ ਇਕ ਉਪਕਾਰ ਕਰ। ਮੇਰੇ ਭਰਾ ਨੇ ਮੈਨੂੰ ਪੁੱਤਰ ਦੀ ਬਰਾਤ ਨਾਲ ਲਿਜਾ ਕੇ ਮੈਨੂੰ ਕੁੜਮ ਨਾਲ ਮਿਲਾਇਆ ਸੀ. ਪਰ ਹੁਣ ਤੂੰ ਮੈਨੂੰ ਨਾਲ ਲਿਜਾ ਕੇ ਮੈਨੂੰ ਸਤਿਗੁਰੂ ਨਾਲ ਮਿਲਾ ਦੇ। ਤਿਆਰ ਹੋਏ ਬਾਸਰਕੇ ਤੋਂ ਖਡੂਰ ਪੁੱਜੇ। ਇਕੱਲੇ ਵੀ ਜਾ ਸਕਦੇ ਸਨ। ਬੀਬੀ ਕਿਉਂ ਗਈ. ਅਸਲ ਵਿਚ ਗੁਰੂ ਤੱਕ ਪੁਜਣ ਲਈ ਗੁਰੂ ਨਾਲ ਮਿਲਾਉਣ ਲਈ ਗੁਰਬਾਣੀ ਨੂੰ ਮਨ ਚਿੱਤ ਲਗਾ ਕੇ ਜਪਣ ਵਾਲੇ ਗੁਰਸਿੱਖ ਵਿਚੋਲਿਆਂ ਦੀ ਲੋੜ ਹੈ। ਜੋ ਉਥੇ ਜਾਣ ਲਈ ਮਨ ਵਿਚ ਸ਼ਰਧਾ ਤੇ ਪਿਆਰ ਪੈਦਾ ਕਰ ਦੇਣ। ਪੇਟ ਦੀ ਭੁੱਖ ਭੋਜਨ ਤੱਕ ਪਹੁੰਚਾ ਹੀ ਦੇਂਦੀ ਹੈ। ਪਿਆਸ ਤੀਬਰ ਹੋਵੇ ਤਾਂ ਬੰਦਾ ਖੋਜਦਾ ਖੋਜਦਾ ਪਾਣੀ ਤੱਕ ਪੁੱਜ ਹੀ ਜਾਂਦਾ ਹੈ। ਪਰ ਭੁੱਖ ਤੇ ਪਿਆਸ ਸੱਚੀ ਹੋਵੇ। ਕਲਪਨਾ ਵਿਚ ਹੀ ਭੁੱਖ ਪਿਆਸ ਹੋਵੇ ਫਿਰ ਖੋਜ ਵੀ ਕਲਪਨਾ ਦੀ ਹੀ ਹੋਵੇਗੀ. ਫਿਰ ਬੰਦਾ ਭੁੱਖ ਪਿਆਸ ਤੇ. ਲੇਖ ਲਿਖ ਸਕਦਾ ਹੈ। ਲੈਕਚਰ ਦੇ ਸਕਦਾ ਹੈ. ਭੋਜਨ ਬਾਰੇ ਬਹੁਤ ਕੁਝ ਕਹਿ ਸਕਦਾ ਹੈ ਪਰ ਖੋਜ ਨਹੀਂ ਕਰੇਗਾ। ਜਿਨ੍ਹਾਂ ਦੇ ਅੰਦਰ ਰੱਬ ਵਾਸਤੇ ਪਿਆਸ ਕਲਪਨਾ ਦੀ ਹੈ ਐਸੇ ਬੰਦਿਆਂ ਸੱਚੀ ਖੋਜ ਨਹੀਂ ਕੀਤੀ। ਕਿਉਂਕਿ ਸੱਚੀ ਪਿਆਸ ਨਹੀਂ ਸੀ। ਬਾਬੇ ਅਮਰਦਾਸ ਦੇ ਅੰਦਰ ਗੁਰੂ ਦੀ ਪਿਆਸ ਸੀ। ਢੋ ਢੁਕਦੇ ਗਏ। ਭਾਈ ਗੁਰਦਾਸ ਜੀ ਦਾ ਬਚਨ ਸੱਚ ਹੈ ਕਿ ਸਿੱਖ ਇਕ ਕਦਮ ਪੁਟਦਾ ਹੈ ਤੇ ਗੁਰੂ ਕ੍ਰੋੜਾਂ ਕਦਮ ਅੱਗੋਂ ਆ ਕੇ ਲੈ ਲੈਂਦਾ ਹੈ।

*ਚਰਨ ਸ਼ਰਣ ਗੁਰ ਏਕ ਪੈਂਡਾ ਜਾਇ ਚਲ*
*ਸਤਿਗੁਰੂ ਕੋਟ ਪੈਂਡਾ ਆਗੇ ਹੋਇ ਲੇਤ ਹੈ।*

ਸੱਚੀ ਖੋਜ ਨੇ ਆਖਰ ਗੁਰੂ ਤੱਕ ਪਹੁੰਚਾ ਦਿੱਤਾ। ਸਤਿਗੁਰੂ ਨੇ ਕਿਹਾ ਆਉ. ਜੀ ਆਇਆਂ ਨੂੰ, ਤੁਸੀਂ ਸਾਡੇ ਕੁੜਮ ਹੋ। ਬੇ ਇਖਤਿਆਰ ਹੋ ਕੇ ਰੋ ਪਏ। ਚਰਨਾਂ ਤੇ ਡਿੱਗ ਪਏ, ਕਹਿਣ ਲੱਗੇ, ਨਹੀਂ, ਕੁੜਮ ਨਹੀਂ ਆਇਆ। ਨਿਥਾਵਾਂ ਤੇ ਨਿਮਾਣਾ ਅਮਰਦਾਸ ਥਾਂ ਲੱਭਣ ਆਇਆ ਹੈ। ਜਦੋਂ ਵੀ ਕੋਈ ਮੋਹ ਮਾਇਆ ਦਾ ਥਾਂ ਟਿਕਾਣਾ ਲੈ ਕੇ ਗੁਰੂ ਦੇ ਪਾਸ ਜਾਂਦਾ ਹੈ ਤਾਂ ਉਸਨੂੰ ਗੁਰੂ ਦੇ ਘਰ ਟਿਕਾਣਾ ਨਹੀਂ ਮਿਲਦਾ। ਗੁਰੂ ਦੇ ਘਰ ਥਾਂ ਉਨ੍ਹਾਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਨੇ ਸਮਝ ਲਿਆ ਹੈ ਕਿ ਗੁਰੂ ਤੋਂ ਬਿਨਾਂ ਮੈਂ ਨਿਥਾਵਾਂ ਹਾਂ। ਐਸਾ ਨਾ ਸਮਝਣਾ ਕਿ ਸਿਰਫ਼ ਜੁਲਾਹੀ ਨੇ ਹੀ ਉਸ ਰਾਤ ਜਦੋਂ ਕਿ ਕਿੱਲੀ ਨਾਲ ਅੜ ਕੇ ਡਿੱਗ ਪਏ ਸਨ ਆਖਿਆ ਸੀ ਕਿ ਅਮਰੂ ਨਿਥਾਵਾਂ ਹੋਵੇਗਾ। ਨਹੀਂ ਉਹ ਆਪ ਵੀ ਕਹਿੰਦੇ ਰਹਿੰਦੇ ਸਨ ਕਿ ਮੈਂ ਤਾਂ ਨਿਥਾਵਾਂ ਹਾਂ ਸਤਿਗੁਰੂ ਦੀ ਕ੍ਰਿਪਾ ਹੈ ਜਿਨ੍ਹਾਂ ਇਸ ਨਿਥਾਵੇ ਨੂੰ ਥਾਂ ਦਿੱਤੀ ਹੈ। ਕੋਈ ਮਨੁੱਖ ਨਿਥਾਵਾਂ ਅਖਵਾਉਣ ਲਈ ਤਿਆਰ ਨਹੀਂ। ਦੁਨਿਆਵੀ ਟਿਕਾਣਾ ਉਨ੍ਹਾਂ ਦਾ ਬਾਸਰਕੇ ਹੈ ਹੀ ਸੀ ਪਰ ਇਸ ਥਾਂ ਨੂੰ ਉਹ ਅਸਲ ਟਿਕਾਣਾ ਨਹੀਂ ਸਨ ਮੰਨਦੇ। ਉਨ੍ਹਾਂ ਦਾ ਖ਼ਿਆਲ ਸੀ ਕਿ ਬੰਦੇ ਦੇ ਪਾਸ ਬੇਸ਼ੱਕ ਕਿੱਡਾ ਵੱਡਾ ਮਹੱਲ ਵੀ ਕਿਉਂ ਨਾ ਹੋਵੇ ਜੇ

ਉਸਨੂੰ ਸਤਿਗੁਰੂ ਦੇ ਸ਼ਬਦ ਦੀ ਪ੍ਰਾਪਤੀ ਨਹੀਂ ਹੋਈ ਤਾਂ ਉਸਦਾ ਕੋਈ ਥਾਂ ਨਹੀਂ। ਜਿਸਨੂੰ ਗੁਰੂ ਦੀ ਸੰਗਤ ਵਿਚ ਥਾਂ ਨਹੀਂ ਮਿਲੀ, ਜਿਸਨੂੰ ਰੱਬ ਦੇ ਘਰ ਥਾਂ ਨਹੀਂ ਉਹ ਨਿਥਾਵਾਂ ਹੀ ਹੈ। ਤੇ ਜਦੋਂ ਤੱਕ ਇਨ੍ਹਾਂ ਦੁਨਿਆਵੀ ਟਿਕਾਣਿਆਂ ਤੋਂ ਬੰਦਾ ਪੂਰਨ ਤੌਰ 'ਤੇ ਮੋਹ ਤੋੜ ਨਹੀਂ ਲੈਂਦਾ ਪ੍ਰਭੂ ਦੀ ਹਜ਼ੂਰੀ ਵਿਚ ਥਾਂ ਮਿਲਣੀ ਸੰਭਵ ਨਹੀਂ। ਬੇੜੀ ਨੂੰ ਦੂਜੇ ਕਿਨਾਰੇ ਜਾਣ ਵਾਸਤੇ ਇਕ ਕਿਨਾਰੇ ਨੂੰ ਛੱਡਣਾ ਹੀ ਪੈਂਦਾ ਹੈ! ਉਨ੍ਹਾਂ ਦੀ ਖੋਜ ਸੱਚੀ ਖੋਜ ਸੀ। ਉਹ ਚਲਦੇ ਗਏ ਤੇ ਆਖਰ ਟਿਕਾਣੇ ਤੇ ਪੁੱਜ ਹੀ ਗਏ। ਭਾਈ ਗੁਰਦਾਸ ਜੀ ਦਾ ਕਥਨ ਹੈ ਕਿ, ਵੇਖਦਿਆਂ ਵੇਖਦਿਆਂ ਜਿਵੇਂ ਕੋਈ ਹੀਰਿਆਂ ਦਾ ਪਾਰਖੂ ਬਣ ਜਾਂਦਾ ਹੈ, ਸੁਣਦਿਆਂ ਸੁਣਦਿਆਂ ਜਿਵੇਂ ਕੋਈ ਸਿਆਣਾ ਵਿਦਵਾਨ ਹੋ ਜਾਂਦਾ ਹੈ। ਸੁੰਘਦਿਆਂ ਸੁੰਘਦਿਆਂ ਜਿਵੇਂ ਕੋਈ ਸੋਘਾ, ਗਾਂਧੀ ਬਣ ਜਾਂਦਾ ਹੈ, ਗਾਉਂਦਿਆਂ ਗਾਉਂਦਿਆਂ ਕੋਈ ਮਹਾਨ ਸੰਗੀਤਕਾਰ ਬਣ ਜਾਂਦਾ ਹੈ। ਲੇਖ ਲਿਖਦਿਆਂ ਲਿਖਦਿਆਂ ਜਿਵੇਂ ਕੋਈ ਮਹਾਨ ਲੇਖਕ ਬਣ ਜਾਂਦਾ ਹੈ। ਪਦਾਰਥਾਂ ਨੂੰ ਚਖਦਿਆਂ ਚਖਦਿਆਂ ਜਿਵੇਂ ਕੋਈ ਮਹਾਨ ਰਸਭਿੰਨਾ ਚਾਖਾ ਹੋ ਜਾਂਦਾ ਹੈ। ਇੱਕ ਚੀਜ਼ ਨੂੰ ਚੱਖ ਕੇ ਦਸਦਾ ਹੈ ਇਸ ਸਬਜ਼ੀ ਵਿਚ ਕੀ ਕੀ ਪਿਆ ਹੈ? ਚਲਦਿਆਂ ਚਲਦਿਆਂ ਆਖਰ ਬੰਦਾ ਟਿਕਾਣੇ ਤੇ ਪੁੱਜ ਹੀ ਜਾਂਦਾ ਹੈ। ਖੋਜਦਿਆਂ ਖੋਜਦਿਆਂ ਗੁਰਸਿੱਖ ਆਖਰ ਗੁਰੂ ਸ਼ਬਦ ਵਿਚ ਲੀਨ ਹੋ ਹੀ ਜਾਂਦਾ ਹੈ।

*ਪੇਖਤ ਪੇਖਤ ਜੈਸੇ ਰਤਨ ਪਾਰਖ ਹੋਤ,*
*ਸੁਨਤ ਸੁਨਤ ਜੈਸੇ ਪੰਡਤ ਪ੍ਰਬੀਨ ਹੈ।*
*ਸੂੰਘਤ ਸੂੰਘਤ ਸੋਘਾ ਜੈਸੇ ਤੌ ਸੁਬਾਸੀ ਹੋਤ,*
*ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ।*
*ਲਿਖਤ ਲਿਖਤ ਲੇਖ ਜੈਸੇ ਤੌ ਲੇਖਕ ਹੋਤ,*
*ਚਾਖਤ ਚਾਖਤ ਜੈਸੇ ਭੋਗੀ ਰਸ ਭੀਨ ਹੈ।*
*ਚਲਤ ਚਲਤ ਜੈਸੇ ਪਹੁੰਚੇ ਠਿਕਾਨੇ ਜਾਇ,*
*ਖੋਜਤ ਖੋਜਤ ਗੁਰ ਸ਼ਬਦ ਲਿਵਲੀਨ ਹੈ।*

ਬੀਜ ਦੀ ਸਹੀ ਯਾਤਰਾ ਹੁੰਦੀ ਜਾਏ ਤਾਂ ਇਕ ਦਿਨ ਬ੍ਰਿਖ ਬਣ ਹੀ ਜਾਂਦਾ ਹੈ। ਸਿੱਖ ਦੀ ਸਹੀ ਯਾਤਰਾ ਹੁੰਦੀ ਰਹੇ ਤਾਂ ਇਕ ਦਿਨ ਗੁਰੂ ਦਾ ਰੂਪ ਹੋ ਹੀ ਜਾਂਦਾ ਹੈ। ਇਕ ਦਿਨ ਐਸਾ ਆਇਆ ਕਿ ਭੱਟਾਂ ਨੂੰ ਕਹਿਣਾ ਪਿਆ—

*ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ॥* (ਪੰਨਾ ੧੩੯੬)

■ ■ ■

## ੧੯

# ਸੇਵਾ ਦੇ ਪੁੰਜ ਸਤਿਗੁਰੂ ਅਮਰਦਾਸ

ਗੁਰੂ ਅਮਰਦਾਸ ਜੀ ਬਾਰੇ ਜੋ ਵਿਦਵਾਨਾਂ ਨੇ ਲਿਖਿਆ ਹੈ ਜਦੋਂ ਵੀ ਪੜ੍ਹੀਏ ਹਰ ਵਿਦਵਾਨ ਉਨ੍ਹਾਂ ਦੀ ਕੀਤੀ ਸੇਵਾ ਬਾਰੇ ਜ਼ਰੂਰ ਲਿਖਦਾ ਹੈ। ਸੇਵਾ ਬਾਰੇ ਉਨ੍ਹਾਂ ਇਕ ਖਾਸ ਨੁਕਤਾ ਆਪ ਵੀ ਬਾਣੀ ਵਿਚ ਲਿਖਿਆ ਹੈ ਕਿ ਉਹ ਕੀਤੀ ਹੋਈ ਸੇਵਾ ਸਫਲ ਹੁੰਦੀ ਹੈ ਜਿਸ ਨਾਲ ਗੁਰੂ ਦਾ ਮਨ ਮੰਨ ਜਾਏ—

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨ ਮੰਨੈ।*

*(ਗਉੜੀ ਕੀ ਵਾਰ, ਮ: ੪, ਪੰਨਾ ੩੧੪)*

ਸੇਵਾ ਦਾ ਅਰਥ ਜੇ ਅਸੀਂ ਕੰਮ-ਕਾਰ ਹੀ ਲੈਣਾ ਹੈ, ਜੇ ਸੇਵਾ ਦਾ ਭਾਵ ਪਾਣੀ ਢੋਣਾ ਹੀ ਹੁੰਦਾ ਫਿਰ ਸੰਸਾਰ ਵਿਚ ਪਾਣੀ ਢੋਣ ਵਾਲੇ ਤਾਂ ਵਿਚਾਰੇ ਐਸੇ ਵੀ ਹਨ ਜਿਨ੍ਹਾਂ ਦਾ ਖ਼ਾਨਦਾਨੀ ਕਿੱਤਾ ਸੀ ਪਾਣੀ ਢੋਣਾ। ਨਗਰਾਂ ਵਿਚ ਮੈਂ ਆਪ ਵੇਖਿਆ ਹੈ, ਇਕ ਨਗਰ ਵਿਚ ਇਕ ਖੂਹੀ ਹੁੰਦੀ ਸੀ ਜਾਂ ਦੋ। ਦੋ ਤਾਂ ਜੇ ਨਗਰ ਵਿਚ ਅਛੂਤ ਹੋਣ ਤਾਂ ਇਕ ਉਨ੍ਹਾਂ ਦੀ ਵੱਖਰੀ ਖੂਹੀ ਹੁੰਦੀ ਸੀ। ਉੱਚ ਜਾਤੀ ਦੇ ਲੋਕ ਉਨ੍ਹਾਂ ਗ਼ਰੀਬਾਂ ਨੂੰ ਆਪਣੀ ਖੂਹੀ ਤੇ ਨਹੀਂ ਸਨ ਚੜ੍ਹਨ ਦਿੰਦੇ। ਅਛੂਤ ਤਾਂ ਆਪਣਾ ਪਾਣੀ ਆਪ ਭਰਦੇ ਸਨ ਪਰ ਬਾਕੀ ਉੱਚ ਜਾਤੀ ਵਾਲਿਆਂ ਦੇ ਘਰ ਝੀਵਰ ਪਾਣੀ ਭਰਦੇ ਸਨ। ਵਿਚਾਰਿਆਂ ਨੇ ਸਾਡੇ ਨਗਰ ਦੇ ਘਰ-ਘਰ ਵਿਚ ਘੜਿਆਂ ਵਿਚ ਪਾਣੀ ਭਰਨਾ ਹੈ, ਇਹ ਪਾਣੀ ਭਰਦਿਆਂ ਨੂੰ ਮੈਂ ਆਪ ਅੱਖਾਂ ਨਾਲ ਵੇਖਿਆ ਹੈ। ਬਾਬਾ ਅਮਰਦਾਸ ਇਕ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਸਨ। ਝੀਵਰ ਸਵੇਰ ਤੋਂ ਸ਼ਾਮ ਤੱਕ ਪਾਣੀ ਢੋਂਦਾ ਰਹਿੰਦਾ ਹੈ ਉਸਨੂੰ ਕਿਸੇ ਨੇ ਗੁਰਿਆਈ ਗੱਦੀ ਤੇ ਨਹੀ ਬਿਠਾ ਦਿੱਤਾ। ਕ੍ਰਿਸਾਨਾਂ ਦੇ ਘਰ ਛੇ ਮਹੀਨਿਆਂ ਬਾਅਦ ਜਦੋਂ ਅਨਾਜ ਆਉਂਦਾ ਸੀ ਉਸ ਕਿਰਤੀ ਨੂੰ ਨੀਯਤ ਕੀਤੇ ਦਾਣੇ ਮਿਲ ਜਾਂਦੇ ਸਨ। ਗੁਰੂ ਅਮਰਦਾਸ ਜੀ ਦੀ ਸੇਵਾ ਦੇ ਮਗਰ ਜਿੱਥੇ ਤਨ ਦੀ ਘਾਲਣਾ ਹੈ, ਉੱਥੇ ਮਹਾਨ ਘਾਲਣਾ ਮਨ ਦੀ ਹੈ। ਉਹ ਸਰੀਰ ਨਾਲ ਜੇ ਜਲ ਦੀ ਸੇਵਾ ਕਰ ਰਹੇ ਹਨ ਤਾਂ ਉਨ੍ਹਾਂ ਦਾ ਮਨ ਸਦਾ

ਹੀ ਇਕ ਗੁਰੂ ਦੇ ਧਿਆਨ ਵਿਚ ਰਹਿੰਦਾ ਸੀ। ਉਹ ਧਿਆਨ ਸੀ ਗੁਰੂ ਅੰਗਦ ਦੇਵ ਜੀ ਦਾ। ਜਦੋਂ ਦੇ ਉਹ ਖਡੂਰ ਸਾਹਿਬ ਆਏ ਹਨ ਉਨ੍ਹਾਂ ਕਦੀ ਨਹੀਂ ਕਿਹਾ ਕਿ ਪਾਤਸ਼ਾਹ! ਮੈਂ ਘਰੋਂ ਹੋ ਆਵਾਂ, ਪਤਾ ਨਹੀਂ ਬਾਲ ਬੱਚਿਆਂ ਦਾ ਕੀ ਹਾਲ ਹੋਵੇਗਾ? ਸਗੋਂ ਸਤਿਗੁਰੂ ਅੰਗਦ ਦੇਵ ਜੀ ਆਪ ਹੀ ਕਹਿੰਦੇ ਸਨ ਪੁਰਖਾ! ਜਾਹ, ਜਾ ਕੇ ਪ੍ਰਵਾਰ ਨੂੰ ਮਿਲ ਕੇ ਆ। ਵੇਖ ਕੇ ਆ ਬੱਚਿਆਂ ਦਾ ਕੀ ਹਾਲ ਹੈ? ਤੇ ਆਪ ਹੀ ਤੋਰਦੇ ਸਨ। ਮਨ ਵਿੱਚ ਏਨੀ ਖਿੱਚ ਹੁੰਦੀ ਸੀ ਕਿ ਹੁਕਮ ਦੇ ਬੱਧੇ ਜਾਂਦੇ ਸਨ ਤੇ ਬੜੀ ਛੇਤੀ ਫਿਰ ਵਾਪਸ ਆ ਜਾਣਾ। ਗੁਰੂ ਤੋਂ ਬਿਨਾਂ ਉਨ੍ਹਾਂ ਦਾ ਮਨ ਨਹੀਂ ਸੀ ਲਗਦਾ। ਗੁਰੂ ਦੀ ਸੇਵਾ ਤੋਂ ਪਾਸੇ ਹੋ ਕੇ ਉਹ ਜਿਹੜੇ ਵੀ ਸਵਾਸ ਲੈਂਦੇ ਸਨ ਉਨ੍ਹਾਂ ਨੂੰ ਉਹ ਸਵਾਸ ਬਿਰਥਾ ਜਾਪਦੇ ਸਨ। ਆਮ ਕਰਕੇ ਜਦੋਂ ਅਸੀਂ ਸੇਵਾ ਕਰਦੇ ਹਾਂ ਤਾਂ ਸਾਡਾ ਧਿਆਨ ਸਾਡੇ ਆਪਣੇ ਕਰਮ ਵੱਲ ਹੁੰਦਾ ਹੈ। ਉਹ ਕਰਮ ਤਾਂ ਰੀਝ ਨਾਲ ਚੰਗੇ ਢੰਗ ਨਾਲ ਕਰਦੇ ਹੀ ਸਨ। ਪਰ ਉਨ੍ਹਾਂ ਨੂੰ ਇਹ ਖ਼ਿਆਲ ਕਦੀ ਨਹੀਂ ਸੀ ਆਇਆ ਕਿ ਮੈਂ ਕਰਮ ਬੜਾ ਹੀ ਚੰਗਾ ਕਰ ਰਿਹਾ ਹਾਂ। ਤੇ ਇਸ ਨੂੰ ਵੇਖ ਕੇ ਗੁਰੂ ਖ਼ੁਸ਼ ਹੋ ਜਾਣਗੇ। ਉਨ੍ਹਾਂ ਦੀ ਕਸਵੱਟੀ ਹੋਰ ਸੀ। ਉਹ ਕਰਮ ਕਰ ਕੇ, ਕਰਮ ਦੀ ਬਜਾਏ ਗੁਰੂ ਵੱਲ ਵੇਖਦੇ ਸਨ ਤੇ ਖ਼ਿਆਲ ਹੁੰਦਾ ਸੀ ਕਿ ਜੇ ਗੁਰੂ ਪ੍ਰਸੰਨ ਹੋ ਗਏ, ਜੇ ਗੁਰੂ ਦਾ ਮਨ ਮੰਨ ਗਿਆ ਤਾਂ ਸੇਵਾ ਠੀਕ ਹੈ। ਜੇ ਗੁਰੂ ਦਾ ਮਨ ਨਾ ਮੰਨਿਆ ਤਾਂ ਸੇਵਾ ਠੀਕ ਨਹੀਂ ਹੋਈ। ਮੇਰੀ ਸਿਆਣਪ ਤੇ ਮੇਰੀ ਘਾਲਣਾ ਕਸਵੱਟੀ ਨਹੀਂ। ਬਲਕਿ ਗੁਰੂ ਦੀ ਪ੍ਰਵਾਨਗੀ ਹੀ ਕਸਵੱਟੀ ਹੈ। ਸਿੱਖ ਕਰਮ ਕਰਦਾ ਬਿਬੇਕ ਦਾ ਪੱਲਾ ਨਹੀਂ ਛਡਦਾ। ਭੀਲਨੀ ਦੇ ਜੂਠੇ ਬੇਰਾਂ ਦੀ ਕਹਾਣੀ, ਬਿਦਰ ਦੇ ਅਲੂਣੇ ਸਾਗ ਦੀ ਕਹਾਣੀ ਕਿਤੇ ਮਹਾਨ ਪ੍ਰੇਮ ਵਿਚ ਹੋ ਬੀਤੀਆਂ ਘਟਨਾਵਾਂ ਹਨ। ਪਰ ਕੋਈ ਅੱਜ ਇਸ ਗੱਲ ਨੂੰ ਆਦਰਸ਼ ਬਣਾ ਲਏ ਕਿ ਕੋਈ ਮਹਾਂਪੁਰਖ ਆਇਆ ਹੈ ਤੇ ਮੈਂ ਉਚੇਚੇ ਤੌਰ 'ਤੇ ਬੇਰ ਲੱਭਾਂ। ਭਾਵੇਂ ਕਾਣੇ ਹੀ ਮਿਲਣ, ਬੇ-ਮੌਸਮੇ ਹੀ ਹੋਣ ਅਤੇ ਫਿਰ ਜੂਠੇ ਕਰਾਂ ਤੇ ਉਸ ਮਹਾਂਪੁਰਖ ਅੱਗੇ ਰੱਖਾਂ ਤੇ ਖ਼ੁਸ਼ ਹੋ ਜਾਣਗੇ। ਇਹ ਮਹਾਨ ਭੁੱਲ ਹੋਵੇਗੀ। ਬੇਰ ਤਾਂ ਮਿਲ ਜਾਣਗੇ ਪਰ ਭੀਲਨੀ ਦਾ ਹਿਰਦਾ ਤੇ ਉਹ ਸਮਾਂ ਜੋ ਅਚਾਨਕ ਬਣ ਗਿਆ ਸੀ ਕੋਈ ਕਿਵੇਂ ਬਣਾਏਗਾ? ਕੋਈ ਸਾਗ ਬਣਾਏ ਤੇ ਨਮਕ ਨਾ ਪਾਏ ਕਿ ਮਹਾਂਪੁਰਖ ਖ਼ੁਸ਼ ਹੋ ਜਾਣਗੇ। ਹਾਂ ਕੋਈ ਬਲੱਡ ਪ੍ਰੈਸ਼ਰ ਦਾ ਮਰੀਜ਼ ਹੋਇਆ ਤਾਂ ਜ਼ਰੂਰ ਕਹੇਗਾ ਕਿ ਚੰਗਾ ਕੀਤਾ ਹੈ ਨਮਕ ਨਹੀਂ ਪਾਇਆ। ਮੈਨੂੰ ਡਾਕਟਰ ਨੇ ਰੋਕਿਆ ਹੈ ਮੈਂ ਨਹੀਂ ਖਾਂਦਾ। ਪਰ ਉਹ ਅਵਸਥਾ ਕਿ ਜਿਸ ਵਿਚ ਬਿਦਰ ਨੂੰ ਨਮਕ ਪਾਉਣਾ ਭੁੱਲ ਗਿਆ ਸੀ ਉਹ ਕਿੱਥੋਂ ਨਸੀਬ ਹੋਵੇਗੀ? ਇਕ ਕਥਾ ਹੈ ਕਿ ਇਕ ਮਾਈ ਜੋ ਬੜੀ ਗਰੀਬ ਸੀ। ਰੱਬ ਨੇ ਦਿਨ ਫੇਰ ਦਿੱਤੇ ਘਰ ਵਿਚ ਧਨ ਆ ਗਿਆ, ਰੌਣਕ ਹੋ ਗਈ। ਗੁਜ਼ਾਰਾ ਚੰਗਾ ਹੋ ਗਿਆ। ਇਕ ਗੁਆਂਢਣ ਨੇ ਪੁੱਛਿਆ ਭੈਣ ਤੇਰੀ ਹਾਲਤ ਬੜੀ ਖਰਾਬ ਸੀ ਇਹ ਪਾਸਾ ਕਿਵੇਂ ਪਰਤਿਆ ਹੈ? ਉਸਨੇ ਕਿਹਾ, ਇਹ ਇਕ ਮਹਾਂਪੁਰਖ ਦੀ ਕ੍ਰਿਪਾ ਹੈ। ਉਹ ਘਰ ਆਏ ਮੈਂ ਗਰਮ ਪਾਣੀ ਨਾਲ ਹੱਥ ਪੈਰ ਧੁਆਏ। ਰੁੱਖਾ ਮਿੱਸਾ ਜੈਸਾ ਪ੍ਰਸ਼ਾਦ ਸੀ, ਛਕਾਇਆ, ਬਸ

ਉਹ ਅਰਦਾਸ ਕਰ ਗਏ ਘਰ ਵਿਚ ਗਹਿਮਾ-ਗਹਿਮ ਹੋ ਗਈ। ਬੱਚਿਆਂ ਦੀ ਕਮਾਈ ਵਿਚ ਰੱਬ ਨੇ ਬਰਕਤ ਪਾ ਦਿੱਤੀ ਹੈ। ਦੂਸਰੀ ਮਾਈ ਨੇ ਵੀ ਉਸ ਮਹਾਂਪੁਰਖ ਨੂੰ ਘਰ ਸੱਦਿਆ। ਗਰਮ ਪਾਣੀ ਉਸਦੇ ਹੱਥਾਂ ਤੇ ਪਾਇਆ। ਪਾਣੀ ਜ਼ਰਾ ਜ਼ਿਆਦਾ ਹੀ ਗਰਮ ਸੀ। ਉਹ ਨਰਾਜ਼ ਹੋ ਕੇ ਪ੍ਰਸ਼ਾਦਾ ਛੱਡ ਕੇ ਚਲੇ ਗਏ ਤੇ ਜਾਂਦੇ ਕਹਿ ਗਏ। ਤੂੰ ਮੇਰੇ ਨਾਲ ਮਜ਼ਾਕ ਕੀਤਾ ਹੈ ਰੱਬ ਤੈਨੂੰ ਤੇਰੇ ਕੀਤੇ ਦੀ ਸਜ਼ਾ ਜ਼ਰੂਰ ਦੇਵੇਗਾ। ਕਾਰਨ ਕੀ ਸੀ ਪਹਿਲੀ ਮਾਈ ਨੇ ਗਰਮ ਪਾਣੀ ਠੰਡ ਦੀ ਰੁਤ ਵਿਚ ਪੋਹ ਦੇ ਮਹੀਨੇ ਵਿਚ ਵਰਤਿਆ ਸੀ। ਪਰ ਇਸ ਮਾਈ ਨੇ ਗਰਮ ਪਾਣੀ ਗਰਮੀ ਦੀ ਰੁੱਤ ਵਿਚ ਜੇਠ ਦੇ ਮਹੀਨੇ ਵਿਚ ਵਰਤਿਆ ਹੈ। ਸੇਵਾ ਕਰਦਿਆਂ ਸਿੱਖ ਨੇ ਸਿਆਣਪ ਨਾਲ ਸੇਵਾ ਕਰਨੀ ਹੈ, ਵੀਚਾਰ ਨਾਲ ਕਰਨੀ ਹੈ। ਐਸਾ ਨਹੀਂ ਕਰਨਾ ਕਿ ਕੋਈ ਕੜਛੀ ਦਾਲ ਮੰਗੇ ਤੇ ਮੈਂ ਭਰੀ ਬਾਲਟੀ ਹੀ ਉਸਦੀ ਥਾਲੀ ਵਿਚ ਉਲਟ ਦੇਵਾਂ। ਵਿਚਾਰੇ ਦਾ ਮੂੰਹ ਸਿਰ ਵੀ ਭਰ ਜਾਵੇ ਤੇ ਕੱਪੜੇ ਵੀ ਤੇ ਮੈਂ ਕਹਾਂ ਮੈਂ ਬੜੇ ਖੁਲ੍ਹੇ ਦਿਲ ਨਾਲ ਸੇਵਾ ਕੀਤੀ ਹੈ। ਸਿਆਣਪ ਤੇ ਵਿਵੇਕ ਦਾ ਪੱਲਾ ਨਹੀਂ ਛੱਡਣਾ ਪਰ ਆਪਣੇ ਕਰਮ ਤੇ ਗੁਮਾਨ ਵੀ ਨਹੀਂ ਕਰਨਾ। ਧਿਆਨ ਹਮੇਸ਼ਾ ਇਹੀ ਰੱਖਣਾ ਹੈ ਕਿ ਗੁਰੂ ਦਾ ਮਨ ਮੰਨਿਆ ਹੈ ਕਿ ਨਹੀਂ। ਗੁਰੂ ਦਾ ਮਨ ਇਸ ਲਈ ਨਹੀਂ ਮੰਨੇਗਾ ਕਿ ਸਿੱਖ ਨੇ ਕੰਮ ਬੜੇ ਕੀਤੇ ਹਨ, ਸਵਾਲ ਇਥੇ ਕਰਮ ਦਾ ਨਹੀਂ, ਸਵਾਲ ਸਾਧਨਾ ਦਾ ਹੈ। ਜਿਸ ਸਾਧਨਾ ਵਾਸਤੇ ਗੁਰੂ ਨੇ ਕਰਮ ਕਰਵਾਏ ਹਨ ਉਹ ਸਾਧਨਾ ਪੂਰੀ ਹੋਈ ਹੈ ਕਿ ਨਹੀਂ। ਕਰਮ ਕਰਨ ਵਾਲਾ ਆਪਣੇ ਕਰਮ ਨੂੰ ਮਹਾਨ ਸਮਝਦਾ ਹੈ ਜਾਂ ਗੁਰੂ ਦੇ ਹੁਕਮ ਨੂੰ ਮਹਾਨ ਸਮਝਦਾ ਹੈ। ਕਰਮ ਕਰਨ ਵਾਲਾ ਜੇ ਗੁਰੂ ਦੇ ਹੁਕਮ ਨੂੰ ਮਹਾਨ ਸਮਝਦਾ ਹੈ ਤਾਂ ਫਿਰ ਕਰਮ ਕਰਕੇ ਵੀ ਅਕਰਤਾ ਹੀ ਰਹੇਗਾ। ਉਹ ਕਦੀ ਐਸਾ ਨਹੀਂ ਕਹੇਗਾ ਕਿ ਮੈਂ ਇੰਨੇ ਕੰਮ ਕੀਤੇ ਹਨ ਜਾਂ ਚੰਗੇ ਕੰਮ ਕੀਤੇ ਹਨ। ਤਾਂ ਗੁਰੂ ਦਾ ਮਨ ਮੰਨਿਆ ਹੈ। ਸਗੋਂ ਉਹ ਐਸਾ ਕਹੇਗਾ ਕਿ ਗੁਰੂ ਨੇ ਕਰਵਾਏ ਹਨ। ਕਰਨ ਵਾਲੇ ਨਾਲੋਂ ਕਰਵਾਉਣ ਵਾਲਾ ਵਧੇਰੇ ਸਮਝਦਾ ਹੈ। ਇਸ ਲਈ ਉਸ ਦੀ ਮਿਹਰਬਾਨੀ ਹੈ ਕਿ ਉਸਨੇ ਕਰਮ, ਮੇਰੇ ਕੋਲੋਂ ਕਰਵਾਏ ਹਨ। ਉਸਨੇ ਤਾਂ ਕਰਵਾਉਣੇ ਹੀ ਸਨ ਮੈਂ ਨਾ ਮਿਲਦਾ ਤਾਂ ਉਹ ਕਿਸੇ ਹੋਰ ਪਾਸੋਂ ਕਰਵਾ ਲੈਂਦਾ। ਮੈਨੂੰ ਮਾਧਿਅਮ ਚੁਣਿਆ ਹੈ ਇਹ ਉਸਦੀ ਕ੍ਰਿਪਾ ਹੈ। ਐਸੀ ਅਵਸਥਾ ਜਦੋਂ ਸਿੱਖ ਦੀ ਬਣ ਜਾਂਦੀ ਹੈ ਤਾਂ ਮਨ ਸਾਧਿਆ ਜਾਂਦਾ ਹੈ। ਐਸੇ ਸੰਵਰੇ ਹੋਏ ਮਨ ਵਾਲੇ ਸਿੱਖ ਤੇ ਸਤਿਗੁਰੂ ਦਾ ਮਨ ਮੰਨ ਜਾਂਦਾ ਹੈ। ਭਾਵ ਇਹ ਹੈ ਕਿ ਐਸੇ ਸਿੱਖ ਤੇ ਗੁਰੂ ਭਰੋਸਾ ਕਰਦਾ ਹੈ, ਇਤਬਾਰ ਕਰਦਾ ਹੈ। ਵਿਸ਼ਵਾਸ ਕਰਦਾ ਹੈ ਜਿਵੇਂ ਕਿਸੇ ਕਰਤਾ ਨੂੰ ਆਪਣੀ ਕਿਰਤ ਤੇ ਫ਼ਖਰ ਹੁੰਦਾ ਹੈ। ਐਸੇ ਸਿੱਖਾਂ ਉੱਤੇ ਸਤਿਗੁਰੂ ਵੀ ਮਾਣ ਕਰਦੇ ਹਨ। ਗੁਰੂ ਅਮਰਦਾਸ ਜੀ ਨੇ ਸੇਵਾ ਕੀਤੀ ਹੈ ਉਨ੍ਹਾਂ ਸਤਿਗੁਰਾਂ ਵਾਸਤੇ ਜਲ ਦੀ ਸੇਵਾ ਕੀਤੀ ਹੈ ਪਹਿਲੇ ਆਪ ਇਸ਼ਨਾਨ ਕਰਨਾ ਤੇ ਫਿਰ ਸਤਿਗੁਰੂ ਵਾਸਤੇ ਜਲ ਲਿਆਉਣਾ ਅੰਦਰਹੁ ਬਾਹਰਹੁ ਨਿਰਮਲ ਹੋ ਕੇ ਸਤਿਗੁਰੂ ਲਈ ਜਲ ਦੀ ਸੇਵਾ ਕਰਨੀ ਦਸਦੀ ਹੈ ਕਿ ਪਵਿੱਤਰਤਾ ਤੇ ਸਫ਼ਾਈ ਨਾਲ ਉਨ੍ਹਾਂ ਦਾ ਬੜਾ ਪਿਆਰ

ਸੀ। ਉਨ੍ਹਾਂ ਦਿਨ ਰਾਤ ਇਕ ਕਰਕੇ ਕਰਮ ਕੀਤਾ ਹੈ। ਪਰ ਬਾਣੀ ਵਿਚ ਕਿਤੇ ਆਪਣੇ ਕਰਮ ਦਾ ਜ਼ਿਕਰ ਨਹੀਂ ਕੀਤਾ। ਸਿਰਫ਼ ਸਤਿਗੁਰੂ ਦੀ ਬਖ਼ਸ਼ਿਸ਼ ਦਾ ਹੀ ਵਾਰ-ਵਾਰ ਜ਼ਿਕਰ ਕੀਤਾ ਹੈ। ਸੇਵਾ ਕਰਦਿਆਂ ਇਮਤਿਹਾਨ ਦਾ ਦਿਨ ਵੀ ਆ ਗਿਆ। ਸੁਚੇਤ ਹੋ ਕੇ ਸੇਵਾ ਕਰਨ ਵਾਲੇ ਸੇਵਕ ਸਨ, ਆਪ ਬੇਸ਼ੱਕ ਗਿਰ ਗਏ ਪਰ ਪਾਣੀ ਨਹੀਂ ਗਿਰਨ ਦਿੱਤਾ। ਬੇਸ਼ੱਕ ਜੁਲਾਹੀ ਨੇ ਕਿਹਾ ਕਿ ਇਹ ਅਮਰੂ ਨਿਥਾਵਾਂ ਹੀ ਹੋਵੇਗਾ ਜਿਸਨੂੰ ਨਾ ਦਿਨੇ ਚੈਨ ਨਾ ਰਾਤ ਚੈਨ ਆਉਂਦਾ ਹੈ। ਪਰ ਆਪ ਨੇ ਲੋਕ-ਲਾਜ ਦੀ ਪ੍ਰਵਾਹ ਨਹੀਂ ਕੀਤੀ। ਗੁਰੂ ਅੰਗਦ ਦੇਵ ਜੀ ਨੇ ਅੱਜ ਗੁਰਿਆਈ ਗੱਦੀ ਤੇ ਬਿਠਾ ਦਿੱਤਾ। ਤੇ ਅੱਜ ਸਾਰੀ ਸੰਗਤ ਦੇ ਸਾਹਮਣੇ ਜਦੋਂ ਗੁਰੂ ਅੰਗਦ ਦੇਵ ਜੀ ਨੇ ਬਾਬੇ ਅਮਰਦਾਸ ਜੀ ਨੂੰ ਮੱਥਾ ਟੇਕਿਆ। ਅਤੇ ਭੇਟਾ ਰੱਖੀ ਅਤੇ ਵਾਰੀ-ਵਾਰੀ ਸਾਰੀਆਂ ਸੰਗਤਾਂ ਨੇ ਮੱਥਾ ਟੇਕਿਆ। ਅੱਜ ਪੁਰਾਣੀ ਗੱਲ ਯਾਦ ਆ ਗਈ ਕਿ ਆਪਣੇ ਭਰਾ ਦੀ ਨੂੰਹ ਬੀਬੀ ਅਮਰੋ ਨੂੰ ਇਹ ਗੱਲ ਆਖੀ ਸੀ ਕਿ ਬੇਟਾ ਤੇਰਾ ਨਾਂ ਅਮਰੋ ਹੈ ਅਤੇ ਮੇਰਾ ਨਾਂ ਅਮਰਦਾਸ ਹੈ। ਨਾਂ ਤਾਂ ਰਲਦੇ ਹਨ ਪਰ ਬੱਚੀਏ ਮੰਜ਼ਲ ਦਾ ਬੜਾ ਫ਼ਰਕ ਹੈ ਤੂੰ ਅਮਰ ਹੋ ਚੁੱਕੀ ਹੈਂ ਤੇਰਾ ਨਾਂ ਤਾਂ ਸਫ਼ਲ ਹੋ ਚੁੱਕਾ ਹੈ ਪਰ ਮੈਂ ਅਜੇ ਅਮਰ ਨਹੀਂ ਹੋਇਆ। ਇਸ ਲਈ ਮੇਰਾ ਨਾਂ ਅਜੇ ਸਫ਼ਲ ਨਹੀਂ ਹੋਇਆ। ਅੱਜ ਯਾਦ ਆ ਗਈ ਉਹ ਗੱਲ ਜੋ ਖਡੂਰ ਨੂੰ ਤੁਰਨ ਤੋਂ ਪਹਿਲੇ ਹੋਈ ਸੀ। ਅੱਜ ਬਾਬੇ ਅਮਰਦਾਸ ਦਾ ਨਾਂ ਵੀ ਸਫ਼ਲ ਹੋ ਚੁੱਕਾ ਹੈ। ਅੱਜ ਆਪ ਵੀ ਅਮਰ ਹੋ ਗਏ ਹਨ। ਅੱਜ ਅਮਰਦਾਸ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਹੈ, ਨਿਥਾਵਿਆਂ ਦੀ ਥਾਂ ਹੈ। ਗੁਰੂ ਦਾ ਮਨ ਮੰਨ ਗਿਆ ਹੈ ਗੁਰੂ ਦੇ ਵਿਸ਼ਵਾਸ ਪਾਤਰ ਬਣ ਗਏ ਹਨ। ਗੁਰੂ ਨੇ ਨਿਰਾ ਰਹਿਣ ਲਈ ਹੀ ਥਾਂ ਨਹੀਂ ਦਿੱਤਾ ਸਗੋਂ ਗੁਰੂ ਨੇ ਅੱਜ ਆਪਣਾ ਥਾਂ ਹੀ ਦੇ ਦਿੱਤਾ ਹੈ।

ਸੇਵਾ ਦੀ ਸਾਧਨਾ ਹੀ ਇਹੀ ਹੈ ਕਿ ਸਿੱਖ ਗੁਰੂ ਦਾ ਵਿਸ਼ਵਾਸ ਪਾਤਰ ਬਣ ਸਕੇ, ਮਨ ਮੰਨਣ ਦਾ ਇਹੀ ਭਾਵ ਹੈ ਕਿ ਇਥੇ ਅਤੇ ਅੱਗੇ ਗੁਰੂ ਸਾਡੀ ਜਾਮਨੀ ਭਰ ਸਕੇ, ਗੁਰੂ ਸਾਡੀ ਗਵਾਹੀ ਦੇ ਸਕੇ। ਅਸੀਂ ਜਿਸਨੂੰ ਜਾਣਦੇ ਨਹੀਂ ਉਸਦੇ ਜਾਮਨ ਵੀ ਨਹੀਂ ਬਣਦੇ। ਜਿਸ ਨੂੰ ਜਾਣਦੇ ਹਾਂ ਜੋ ਭਰੋਸੇ ਯੋਗ ਹੈ ਉਸਦੀ ਜ਼ਮਾਨਤ ਦੇ ਸਕਦੇ ਹਾਂ। ਸਿੱਖ ਵੀ ਉਹ ਭਰੋਸੇਯੋਗ ਹੈ ਜਿਸਦੀ ਜ਼ਮਾਨਤ ਗੁਰੂ ਦੇ ਕੇ ਛੁਡਾ ਲਵੇ ਅਤੇ ਜਮਾਂ ਨੂੰ ਨੇੜੇ ਨਾ ਢੁੱਕਣ ਦੇਵੇ।

ਗੁਰੂ ਅੰਗਦ ਦੇਵ ਦੇ ਜਿਵੇਂ ਜਾਮਨ ਗੁਰੂ ਨਾਨਕ ਦੇਵ ਬਣ ਗਏ ਸਨ। ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਬਾਬੇ ਅਮਰਦਾਸ ਦੇ ਜਾਮਨ ਬਣ ਗਏ ਸਨ। ਮੁਕਦੀ ਗੱਲ ਕਿ ਬਾਬੇ ਅਮਰਦਾਸ ਦੀ ਸੇਵਾ ਤੇ ਗੁਰੂ ਅੰਗਦ ਦੇਵ ਦਾ ਮਨ ਮੰਨ ਗਿਆ ਸੀ। ਤੇ ਇਸੇ ਵਾਸਤੇ ਆਪਣਾ ਜੋ ਕੁਝ ਵੀ ਸੀ ਲੁਕਾ ਕੇ ਨਹੀਂ ਰਖਿਆ। ਆਪਣਾ ਸਭ ਕੁਝ ਹੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਦੇ ਦਿੱਤਾ।

■ ■ ■

# ੧੭

## ਗੁਰੂ ਡਿਠਾ ਤਾ ਮਨੁ ਸਾਧਾਰਿਆ

ਸਭ ਤੋਂ ਜ਼ਿਆਦਾ ਸਹਾਰਾ ਮਨੁੱਖ ਹੀ ਲੋੜਦਾ ਹੈ। ਜਿੰਨੀਆਂ ਸਹੂਲਤਾਂ ਮਨੁੱਖ ਪਾਸ ਹਨ ਇੰਨੀਆਂ ਕਿਸੇ ਹੋਰ ਪ੍ਰਾਣੀ ਪਾਸ ਨਹੀਂ। ਪਸ਼ੂ ਪੰਛੀ ਨਿੱਤ ਹੀ ਆਪਣੇ ਰੁਜ਼ਗਾਰ ਦੀ ਖੋਜ ਕਰਦੇ ਹਨ। ਰੁੱਖ ਜਿਨ੍ਹਾਂ ਤੱਕ ਮਨੁੱਖ ਦੀ ਸਾਂਭ ਸੰਭਾਲ ਨਹੀਂ ਜੰਗਲਾਂ ਪਹਾੜਾਂ ਵਿਚ ਉਹ ਵੀ ਹਰੇ ਭਰੇ ਨਜ਼ਰ ਆਉਂਦੇ ਹਨ। ਪਰ ਮਨੁੱਖ ਸਮਝਦਾ ਹੈ ਕਿ ਮਨੁੱਖ ਸਹਾਰੇ ਤੋਂ ਬਿਨਾਂ ਨਹੀਂ ਜੀ ਸਕਦਾ। ਜੰਮਦੇ ਨੂੰ ਮਾਤਾ ਪਿਤਾ ਦਾ ਸਹਾਰਾ ਚਾਹੀਦਾ ਹੈ। ਇਸਦੀ ਤਾਂ ਹੀ ਪਾਲਨਾ ਹੋ ਸਕਦੀ ਹੈ। ਨਹੀਂ ਤਾਂ ਮਨੁੱਖ ਦਾ ਬੱਚਾ ਜ਼ਿੰਦਾ ਨਹੀਂ ਰਹਿ ਸਕਦਾ। ਇੱਕ ਗੱਲ ਸਾਨੂੰ ਭੁੱਲ ਜਾਂਦੀ ਹੈ ਕਿ ਜਦੋਂ ਪਹਿਲਾਂ ਮਨੁੱਖ ਇਸ ਧਰਤੀ ਤੇ ਆਇਆ ਸੀ ਉਸਦੀ ਪਾਲਨਾ ਕਿਸ ਨੇ ਕੀਤੀ ਸੀ। ਉਸਦਾ ਸਹਾਰਾ ਕੌਣ ਸੀ? ਉਸ ਵੇਲੇ ਪਾਲਣਹਾਰ ਪ੍ਰਮਾਤਮਾ ਹੀ ਸੀ। ਪਹਿਲਾ ਸਹਾਰਾ ਵੀ ਉਹ ਪ੍ਰਮਾਤਮਾ ਹੀ ਹੈ। ਆਖਰੀ ਸਹਾਰਾ ਵੀ ਉਹ ਪ੍ਰਮਾਤਮਾ ਹੀ ਹੈ। ਜੇ ਉਸਦੀ ਰਹਿਮਤ ਨਾ ਹੋਵੇ ਉਹ ਜੀਵਨ ਦੀ ਦਾਤ ਨਾ ਬਖਸ਼ੇ ਤਾਂ ਚੰਗੇ ਮਾਤਾ ਪਿਤਾ, ਚੰਗੇ ਡਾਕਟਰ ਤਾਣ ਲਗਾ ਕੇ ਹਾਰ ਜਾਂਦੇ ਹਨ ਪਰ ਬੱਚਾ ਨਹੀਂ ਬਚ ਸਕਦਾ। ਜੀਵਨ ਦਾਤਾ ਉਹ ਪ੍ਰਮਾਤਮਾ ਹੈ ਜੇ ਉਹ ਅਰੋਗਤਾ ਨਾ ਬਖਸ਼ੇ ਤਾਂ ਸਾਰੇ ਵਸੀਲੇ ਕੋਲ ਹੁੰਦਿਆਂ ਵੀ ਬੱਚੇ ਅਪੰਗ ਹੁੰਦੇ ਹਨ। ਜੇ ਉਹ ਬੁਧ ਪ੍ਰਦਾਨ ਨਾ ਕਰੇ ਤਾਂ ਵੱਡੇ-ਵੱਡੇ ਧਨਵਾਨਾਂ ਦੇ ਬੱਚੇ ਮੂਰਖ ਹੁੰਦੇ ਹਨ। ਜਿਨ੍ਹਾਂ ਦੇ ਪਾਸ ਸਾਰੇ ਵਸੀਲੇ ਹੁੰਦਿਆਂ ਵੀ ਉਹ ਵਿਦਿਆ ਨਹੀਂ ਪੜ੍ਹ ਸਕਦੇ। ਇੰਝ ਜਾਪਦਾ ਹੈ ਕਿ ਜ਼ਿੰਦਗੀ ਦੇ ਦਰਸ਼ਨ ਹੁੰਦੇ ਹੀ ਮੁਸ਼ਕਿਲਾਂ ਵਿਚ ਹਨ। ਜਿਉਂ-ਜਿਉਂ ਜੀਵਨ ਦੀਆਂ ਮੁਸ਼ਕਿਲਾਂ ਸਾਹਮਣੇ ਆਉਂਦੀਆਂ ਹਨ, ਬੱਚਾ ਮੁਸ਼ਕਿਲਾਂ ਨਾਲ ਜੂਝਦਾ ਹੈ। ਉਸਦਾ ਮਾਨਸਿਕ ਬਲ ਵਧਦਾ ਹੈ, ਉਸਦਾ ਸਰੀਰਕ ਬਲ ਵਧਦਾ ਹੈ। ਉਸਦੀ ਬੁਧ ਵਿਕਸਤ ਹੁੰਦੀ ਹੈ। ਜਿਹੜੇ ਮਾਂ ਬਾਪ ਚਾਹੁੰਦੇ ਹਨ ਕਿ ਬੱਚੇ ਨੂੰ ਕਿਸੇ ਮੁਸੀਬਤ ਦਾ ਸਾਹਮਣਾ ਨਾ ਕਰਨਾ ਪਵੇ। ਬੱਚਾ ਹਰ ਤਰ੍ਹਾਂ ਸੁਰੱਖਿਅਤ ਰਹੇ। ਬੱਚੇ ਲਈ ਬਹੁਤ ਧਨ ਛੱਡ

ਜਾਈਏ। ਬੱਚੇ ਨੂੰ ਕੁਝ ਵੀ ਨਾ ਕਰਨਾ ਪਵੇ। ਫਿਰ ਐਸਾ ਬੱਚਾ ਕੁਝ ਵੀ ਨਹੀਂ ਕਰਦਾ। ਮਾਂ-ਬਾਪ ਇਕ ਦਿਨ ਫਿਰ ਗਿਲੇ ਨਾਲ ਭਰ ਜਾਂਦੇ ਹਨ ਕਿ ਹੁਣ ਤਾਂ ਇਹ ਕੁਝ ਵੀ ਨਹੀਂ ਕਰਦਾ। ਪਰ ਮਾਂ ਬਾਪ ਇਹ ਨਹੀਂ ਸੋਚਦੇ ਕਿ ਹੁਣ ਸਾਡਾ ਰੋਣਾ ਬਿਰਥਾ ਹੈ। ਅਸੀਂ ਪਹਿਲਾਂ ਐਸਾ ਹੀ ਤਾਂ ਆਪ ਕੀਤਾ ਹੈ। ਆਪ ਸੋਚਿਆ ਹੈ ਕਿ ਇਹ ਕੁਝ ਨਾ ਕਰੇ। ਦੂਜੇ ਅਰਥਾਂ ਵਿਚ ਉਸ ਨੂੰ ਕੁਝ ਕਰਨ ਜੋਗਾ ਛੱਡਿਆ ਹੀ ਨਹੀਂ। ਮਾਂ ਬਾਪ ਸਮਝਦੇ ਹਨ ਅਸੀਂ ਬੱਚੇ ਨੂੰ ਬਿਲਕੁਲ ਵਿਹਲਾ ਰੱਖ ਕੇ ਇਸਦੀ ਬੜੀ ਸੇਵਾ ਕੀਤੀ ਹੈ। ਪਰ ਸੱਚ ਤਾਂ ਇਹ ਹੈ ਕਿ ਐਸੇ ਮਾਂ ਬਾਪ ਨੇ ਬੱਚੇ ਨੂੰ ਬਿਲਕੁਲ ਬੇਕਾਰ ਕਰ ਦਿੱਤਾ ਹੈ। ਜੀਵਨ ਦਾ ਨੀਯਮ ਹੈ ਕਿ ਜਿਹੜੇ ਮਨੁੱਖ ਮੁਸ਼ਕਿਲਾਂ ਤੋਂ ਡਰਨ ਦਾ ਸੁਭਾਅ ਬਣਾ ਲੈਣ, ਉਹ ਸਾਰੀ ਉਮਰ ਮੁਸ਼ਕਿਲਾਂ ਤੋਂ ਡਰਦੇ ਹੀ ਰਹਿੰਦੇ ਹਨ। ਤੇ ਜਦੋਂ ਮੌਕਾ ਬਣੇ ਮੁਸ਼ਕਿਲ ਦੇ ਸਾਹਮਣੇ ਹਾਰ ਜਾਂਦੇ ਹਨ। ਤੇ ਜਿਨ੍ਹਾਂ ਮਨੁੱਖਾਂ ਦਾ ਮੁਸ਼ਕਿਲਾਂ ਨਾਲ ਜੂਝਣ ਦਾ ਸੁਭਾਅ ਬਣ ਜਾਏ ਐਸੇ ਮਨੁੱਖ ਮੁਸ਼ਕਿਲਾਂ ਨਾਲ ਜੂਝਦੇ ਹਨ। ਅਤੇ ਹਰ ਮੁਸੀਬਤ ਉੱਤੇ ਜਿੱਤ ਪ੍ਰਾਪਤ ਕਰਦੇ ਹਨ। ਜਿੱਤ ਉਨ੍ਹਾਂ ਦੇ ਕਦਮ ਚੁੰਮਦੀ ਹੈ। ਗੁਰੂ ਰਾਮਦਾਸ ਜੀ ਦਾ ਪਹਿਲਾ ਨਾਂ ਜੇਠਾ ਕਰਕੇ ਪ੍ਰਸਿੱਧ ਹੈ। ਅਸਲ ਨਾਂ ਰਾਮਦਾਸ ਹੀ ਸੀ। ਪਰ ਪਲੇਠੀ ਦੇ ਵੱਡੇ ਪੁੱਤਰ ਹੋਣ ਕਰਕੇ ਜੇਠਾ ਪ੍ਰਸਿੱਧ ਹੋ ਗਿਆ ਸੀ। ਮਾਂ ਬਾਪ ਜ਼ਿਆਦਾ ਇਸੇ ਨਾਮ ਨਾਲ ਬੁਲਾਉਂਦੇ ਸਨ। ਕੁਦਰਤ ਨੇ ਹਰ ਦਿਨ ਇਮਤਿਹਾਨ ਦਾ ਦਿਨ ਬਣਾ ਦਿੱਤਾ। ਸੱਤ ਸਾਲ ਦੀ ਉਮਰ ਵਿਚ ਇਕੱਲੇ ਰਹਿ ਗਏ ਮਾਂ ਨਹੀਂ ਰਹੀ, ਬਾਪ ਨਹੀਂ ਰਿਹਾ। ਕੁਦਰਤ ਨੇ ਮੁਸ਼ਕਿਲਾਂ ਨਾਲ ਜੂਝਣ ਵਾਸਤੇ ਮੈਦਾਨ ਵਿਹਲਾ ਕਰ ਦਿੱਤਾ। ਕਿਸੇ ਬੱਚੇ ਦੇ ਸਾਹਮਣੇ ਜਦੋਂ ਉਹ ਇਸ ਹਾਲਤ ਵਿਚ ਹੋਵੇ ਤਾਂ ਮੁੱਖ ਸਮੱਸਿਆਵਾਂ ਇਹ ਹੁੰਦੀਆਂ ਹਨ ਕਿ ਉਹ ਰਹੇ ਕਿੱਥੇ ਤੇ ਉਸਦੀ ਪਾਲਣਾ ਕੌਣ ਕਰੇ? ਰਹਿਣ ਲਈ ਘਰ ਤਾਂ ਲਾਹੌਰ ਵਿਚ ਹੈ ਸੀ ਪਰ ਪਾਲਣਾ ਕਰਨ ਵਾਲਾ ਕੋਈ ਨਹੀਂ। ਇਕ ਅਦੀਬ ਨੇ ਬੜਾ ਸੁੰਦਰ ਕਿਹਾ ਹੈ—

*ਬਦ ਬਖਤੀ ਮੇ ਕਬ ਕੋਈ ਕਿਸੀ ਕਾ ਸਾਥ ਦੇਤਾ ਹੈ ।*
*ਕਿ ਤਾਰੀਕੀ ਮੇ ਸਾਯਾ ਭੀ ਜੁਦਾ ਇਨਸਾਂ ਸੇ ਹੋਤਾ ਹੈ ।*

ਮੁਸੀਬਤ ਭਰੇ ਸਮੇਂ ਵਿਚ ਕਦੋਂ ਕੋਈ ਕਿਸੇ ਦਾ ਸਹਾਰਾ ਬਣਦਾ ਹੈ, ਹਨੇਰੇ ਵਿਚ ਤਾਂ ਪਰਛਾਵਾਂ ਵੀ ਮਨੁੱਖ ਦਾ ਸਾਥ ਛੱਡ ਜਾਂਦਾ ਹੈ।

ਬਾਸਰਕੇ ਵਿਚ ਜੇਠੇ ਦੀ ਨਾਨੀ ਰਹਿੰਦੀ ਸੀ। ਉਹ ਆਪਣੇ ਦੋਹਤਰੇ ਦੀ ਇਮਦਾਦ ਵਾਸਤੇ ਪੁੱਜੀ। ਪਰ ਉਸਦੀ ਵੀ ਮਜਬੂਰੀ ਸੀ ਕਿ ਉਹ ਲਾਹੌਰ ਨਹੀਂ ਸੀ ਰਹਿ ਸਕਦੀ। ਉਹ ਜੇਠੇ ਨੂੰ ਆਪਣੇ ਨਾਲ ਲੈ ਆਈ। ਰਿਸ਼ਤੇਦਾਰ ਬਹੁਤ ਸਨ। ਸੋਢੀਆਂ ਦੇ ਘਰ ਲਾਹੌਰ ਵਿਚ ਸਨ। ਪਰ ਕਿਸੇ ਰਿਸ਼ਤੇਦਾਰ ਨੇ ਬਾਂਹ ਨਹੀਂ ਫੜੀ।

ਆਪਣੀ ਨਾਨੀ ਨਾਲ ਬਾਸਰਕੇ ਆ ਗਏ। ਨਾਨੀ ਦਾ ਸਾਥ ਤਾਂ ਮਿਲ ਗਿਆ ਪਰ ਰਿਜ਼ਕ ਦੀ ਸਮੱਸਿਆ ਫਿਰ ਉਸੇ ਤਰ੍ਹਾਂ ਖੜ੍ਹੀ ਹੈ। ਨਾਨੀ ਕੋਲ ਏਨਾ ਧਨ ਨਹੀਂ ਕਿ ਦੋਹਤਰੇ ਨੂੰ ਖੁਆ ਸਕੇ। ਐਸੀ ਹਾਲਤ ਵਿਚ ਇਸ ਉਮਰ ਦੇ ਬੱਚੇ ਆਮ ਕਰਕੇ ਜਾਂ ਤਾਂ ਚੋਰ ਬਣ ਜਾਂਦੇ ਹਨ। ਕਿਸੇ ਦੀ ਚੋਰੀ ਕਰਨ, ਜੇਬ ਕੱਟਣ ਜਾਂ ਫਿਰ ਭਿਖਾਰੀ ਬਣ ਜਾਂਦੇ ਹਨ। ਹਰ ਮਨੁੱਖ ਅੱਗੇ ਮੰਗਣ ਵਾਸਤੇ ਹੱਥ ਕਰ ਦੇਂਦੇ ਹਨ। ਪਰ ਨਾ ਤਾਂ ਉਹ ਚੋਰ ਬਣੇ, ਨਾ ਹੀ ਉਹ ਭਿਖਾਰੀ ਬਣੇ। ਉਨ੍ਹਾਂ ਦੀ ਜ਼ਿੰਦਗੀ ਵਿੱਚ ਇੱਕ ਦਿਨ ਵੀ ਐਸਾ ਨਹੀਂ ਆਇਆ ਜਦੋਂ ਕਿ ਉਨ੍ਹਾਂ ਹੱਥ ਕਰਕੇ ਕਿਸੇ ਕੋਲੋਂ ਕੁਝ ਮੰਗਿਆ ਹੋਵੇ। ਉਨ੍ਹਾਂ ਆਪਣੇ ਵਿੱਤ ਸੇਤੀ ਕਿਰਤ ਸ਼ੁਰੂ ਕਰ ਦਿੱਤੀ। ਜਿੰਨਾ ਕੁ ਭਾਰ ਚੁੱਕ ਸਕਦੇ ਸਨ ਛੋਟੀ ਜਿਹੀ ਪਰਾਤ ਵਿਚ ਉਬਲੇ ਚਨੇ ਪਾ ਕੇ ਵੇਚਣੇ ਸ਼ੁਰੂ ਕਰ ਦਿੱਤੇ ਸਨ। ਅੱਜ ਧੰਨ ਗੁਰੂ ਰਾਮਦਾਸ ਦੇ ਦਰਬਾਰ ਵਿਚ ਕੀ ਬਾਦਸ਼ਾਹ ਤੇ ਕੀ ਕੰਗਾਲ, ਸਭ ਸਿਰ ਰੱਖ ਕੇ ਮੱਥਾ ਟੇਕਦੇ ਹਨ। ਤੇ ਮਨ ਦੀਆਂ ਮੁਰਾਦਾਂ ਪੂਰੀਆਂ ਹੋਣ ਵਾਸਤੇ ਅਰਦਾਸਾਂ ਕਰਦੇ ਹਨ। ਪਰ ਇਕ ਦਿਨ ਇਸ ਧਰਤੀ ਤੇ ਐਸਾ ਵੀ ਸੀ ਕਿ ਇਸ ਦਰਬਾਰ ਦੇ ਮੋਢੀ ਧੰਨ ਗੁਰੂ ਰਾਮਦਾਸ ਸਿਰ ਤੇ ਪਰਾਤ ਚੁੱਕੀ ਗਲੀਆਂ ਵਿਚ ਚਨੇ ਵੇਚਣ ਵਾਸਤੇ ਹੋਕਾ ਦਿੰਦੇ ਸਨ। ਪਰ ਉਸ. ਸਮੇਂ ਵੀ ਕੁਝ ਦਿੱਤਾ ਹੀ ਹੈ ਮੰਗਿਆਂ ਕਿਸੇ ਕੋਲੋਂ ਕੁਝ ਨਹੀਂ। ਅੱਜ ਵੀ ਵੰਡ ਰਹੇ ਹਨ ਉਸ ਵੇਲੇ ਵੀ ਵੰਡਦੇ ਹੀ ਰਹੇ ਹਨ। ਇਕ ਵਾਰ ਇਕ ਸਾਧੂ ਨੇ ਕਹਿ ਦਿੱਤਾ ਕਿ ਜੇਠਿਆ ਮੈਨੂੰ ਭੁੱਖ ਲੱਗੀ ਹੈ ਮੈਨੂੰ ਕੁਝ ਖਾਣ ਲਈ ਦੇਹ। ਆਪ ਨੇ ਬੁਕ ਭਰ ਕੇ ਚਨੇ ਦਿੱਤੇ। ਸਾਧੂ ਨੇ ਕਿਹਾ ਮੇਰਾ ਪੇਟ ਵੱਡਾ ਹੈ, ਤੁਹਾਡੀ ਇਕ ਬੁਕ ਨਾਲ ਛੋਟੇ-ਛੋਟੇ ਹੱਥਾਂ ਦੀ ਬੁਕ ਨਾਲ ਇਹ ਨਹੀਂ ਭਰਨ ਲੱਗਾ। ਫਿਰ ਜਿੰਨੇ ਚਨੇ ਸਨ ਸਾਰੇ ਹੀ ਉਸਨੂੰ ਦੇ ਕੇ ਆਪ ਖਾਲੀ ਹੱਥ ਵਾਪਸ ਆ ਗਏ। ਜਦੋਂ ਨਾਨੀ ਨੇ ਅੱਜ ਦੀ ਵੱਟਕ ਬਾਰੇ ਪੁੱਛਿਆ ਤਾਂ ਕਹਿਣ ਲਗੇ ਨਾਨੀ ਜੀ ਅੱਜ ਦਾ ਹਿਸਾਬ ਰੱਬ ਦੇ ਘਰ ਪਹੁੰਚ ਗਿਆ ਹੈ। ਨਾਨੀ ਸਮਝ ਗਈ, ਨਰਾਜ਼ ਹੋਣ ਦੀ ਬਜਾਏ ਉਸਦੇ ਨੇਤਰ ਭਰ ਆਏ। ਦਿਲ ਭਰ ਆਇਆ ਤੇ ਹੱਥ ਜੁੜ ਗਏ। ਉਨ੍ਹਾਂ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਹੇ ਪ੍ਰਮਾਤਮਾ! ਤੂੰ ਇਸ ਬੱਚੇ ਨੂੰ ਦਿਲ ਏਡਾ ਵੱਡਾ ਦਿੱਤਾ ਹੈ ਕਿ ਇਸਦੇ ਕੋਲ ਸਾਰੇ ਸੰਸਾਰ ਦੀ ਦੌਲਤ ਹੋਵੇ ਤਾਂ ਵੀ ਇਹ ਸਾਰੀ ਵੰਡ ਆਵੇ। ਸੁਭਾਅ ਇਸ ਨੂੰ ਵੰਡਣ ਦਾ ਦਿਤਾ ਹੈ ਪਰ ਧਨ ਇਸ ਨੂੰ ਦਿੱਤਾ ਨਹੀਂ। ਜੇ ਸੁਭਾਅ ਵੰਡਣ ਦਾ ਦਿੱਤਾ ਹੈ ਤਾਂ ਵੰਡਣ ਲਈ ਵੀ ਕੁਝ ਦੇਣਾ ਸੀ। ਬੜੇ ਹੀ ਵਜਦ ਵਿਚ ਆ ਕੇ ਕਹਿਣ ਲੱਗੇ, ਨਾਨੀ ਜੀ ਗਿਲਾ ਨਾ ਕਰੋ, ਸ਼ੁਕਰਾਨਾ ਕਰੋ। ਉਸ ਮਾਲਕ ਨੇ ਬਹੁਤ ਕੁਝ ਦਿੱਤਾ ਹੈ। ਉਸਨੇ ਮਨੁੱਖਾ ਜਨਮ ਦਿੱਤਾ ਹੈ ਫਿਰ ਕੁਝ ਦੇ ਕੇ ਹੀ ਆਇਆ ਹਾਂ ਕਿਸੇ ਕੋਲੋਂ ਕੁਝ ਮੰਗਦਾ ਨਹੀਂ ਪਿਆ। ਇਹ ਸਭ ਉਸਦੀ ਕਿਰਪਾ ਹੈ। ਕਈ ਵਾਰ ਐਸਾ ਹੁੰਦਾ ਹੈ ਕਿ ਸਰੀਰ ਛੋਟਾ ਹੁੰਦਾ ਹੈ ਪਰ ਸੋਚਣੀ ਬੜੀ ਮਹਾਨ ਹੁੰਦੀ ਹੈ। ਕਈ ਵਾਰ

ਸਰੀਰ ਬਹੁਤ ਵੱਡਾ ਹੁੰਦਾ ਹੈ ਪਰ ਸੋਚਣੀ ਬੜੀ ਨਿਕੰਮੀ ਤੇ ਛੋਟੀ ਹੁੰਦੀ ਹੈ। ਇਸ ਮਹਾਨ ਸੋਚਣੀ ਨੂੰ ਨਾਨੀ ਸਮਝਦੀ ਸੀ। ਕਿ ਇਹ ਬਾਲਕ ਕੋਈ ਮਾਮੂਲੀ ਬਾਲਕ ਨਹੀਂ। ਇੰਨਾ ਦ੍ਰਿੜ੍ਹ ਵਿਸ਼ਵਾਸ, ਇੰਨਾ ਪੱਕਾ ਇਰਾਦਾ, ਅੰਦਰੋਂ ਅਡੋਲ ਤੇ ਅਹਿਲ ਹੋਣਾ ਤੇ ਇੰਨੀ ਛੋਟੀ ਉਮਰ ਵਿਚ ਇਹ ਅਵਸਥਾ ਹੋਣੀ ਨਿਰੰਕਾਰ ਦੀ ਮਿਹਰ ਦਾ ਪ੍ਰਗਟਾਵਾ ਹੈ। ਸੰਸਾਰ ਵਿਚ ਦਾਨੀਆਂ ਦਾ ਜ਼ਿਕਰ ਹੈ ਕਿ ਕਰਣ ਬੜਾ ਦਾਨੀ ਸੀ। ਉਸਨੇ ਇਕ ਰਿਸ਼ੀ ਦੇ ਬਾਲਣ ਵਾਸਤੇ ਆਪਣਾ ਮਕਾਨ ਹੀ ਢਾਹ ਕੇ ਜਿੰਨੀਆਂ ਲੱਕੜੀਆਂ ਸਨ ਭੇਜ ਦਿੱਤੀਆਂ ਸਨ। ਉਹ ਸਵਾ ਮਣ ਸੋਨਾ ਰੋਜ਼ ਦਾਨ ਕਰਦਾ ਸੀ। ਹਰੀ ਚੰਦ ਦੇ ਦਾਨ ਦਾ ਜ਼ਿਕਰ ਹੈ, ਮੁਸਲਮਾਨ ਹਾਤਮ ਦੇ ਦਾਨ ਦਾ ਚਰਚਾ ਕਰਦੇ ਹਨ ਪਰ ਗੁਰੂ ਰਾਮਦਾਸ ਦੇ ਦਾਨ ਨੂੰ ਸਮਝਣਾ ਹੈ ਤਾਂ ਬਾਬੇ ਫਰੀਦ ਦਾ ਇਕ ਬਚਨ ਵੀਚਾਰੀਏ–

*ਅਣਹੋਂਦੇ ਆਪੁ ਵੰਡਾਏ॥ ਕੋਈ ਐਸਾ ਭਗਤੁ ਸਦਾਏ॥* (ਪੰਨਾ ੧੩੮੪)

ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਸੀ ਜੇ ਪਾਸ ਹੀ ਇਕ ਤਿਲ ਹੋਵੇ ਤਾਂ ਕਿਵੇਂ ਵੰਡੀਏ। ਉਨ੍ਹਾਂ ਤਿਲ ਦਿੱਤਾ ਤੇ ਕਿਹਾ ਵੰਡ ਕੇ ਵਿਖਾਉ। ਸਤਿਗੁਰਾਂ ਪਾਣੀ ਵਿਚ ਘੋਟ ਕੇ ਵੰਡ ਦਿੱਤਾ ਤੇ ਕਿਹਾ ਜਿਨ੍ਹਾਂ ਦੇ ਸੁਭਾਅ ਵਿਚ ਵੰਡਣਾ ਹੈ ਉਹ ਵੰਡ ਹੀ ਦੇਣਗੇ। ਜੇਠੇ ਦਾ ਵੰਡਣਾ ਹਰੀ ਚੰਦ ਤੇ ਰਾਜੇ ਕਰਣ ਤੋਂ ਨਿਰਾਲਾ ਹੈ। ਰਾਜੇ ਸ਼ੋਭਾ ਲਈ ਆਪਣੇ ਮਕਾਨ ਦੀਆਂ ਲੱਕੜਾਂ ਦਾਨ ਕਰ ਸਕਦੇ ਹਨ। ਪਰ ਅਨੇਕਾਂ ਵਸਦੇ ਘਰ ਉਜਾੜ ਵੀ ਸਕਦੇ ਹਨ। ਦ੍ਰੋਪਦੀ ਨੂੰ ਨਗਨ ਕਰਨ ਲਈ ਉਹ ਰਾਜ਼ੀ ਹੈ ਇਸਦਾ ਸੁਭਾਅ ਦਾਨ ਦਾ ਨਹੀਂ ਪੜਦਾ ਕੱਜਣ ਦਾ ਨਹੀਂ। ਗੁਰੂ ਰਾਮਦਾਸ ਦਾ ਦਾਨ ਗੱਲ ਹੀ ਹੋਰ ਹੈ। ਹਰੀ ਚੰਦ ਬਾਰੇ ਗੁਰੂ ਨਾਨਕ ਦੇਵ ਜੀ ਦਾ ਵਿਚਾਰ ਹੈ–

*ਹਰੀ ਚੰਦੁ ਦਾਨੁ ਕਰੈ ਜਸੁ ਲੇਵੈ॥ ਬਿਨੁ ਗੁਰ ਅੰਤੁ ਨਾ ਪਾਇ ਅਭੇਵੈ॥*
*(ਗਉੜੀ ਮ: ੧, ਪੰਨਾ ੨੨੪)*

ਰਾਜੇ ਕਰਣ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ–

*ਕਰਨ ਸੁ ਕੰਚਨ ਦਾਨ ਕਰ ਅੰਤ ਪਛੋਤਾਨਾ॥*

ਗੁਰੂ ਰਾਮਦਾਸ ਕਿਸੇ ਸ਼ੋਭਾ, ਵਡਿਆਈ ਵਾਸਤੇ ਦਾਨ ਨਹੀਂ ਕਰ ਰਹੇ, ਸਗੋਂ ਜਿਵੇਂ ਬਾਕੀ ਜੀਵਨ ਦੇ ਕੰਮ ਸੁਭਾਵਕ ਹੋ ਰਹੇ ਹਨ ਇਸੇ ਤਰ੍ਹਾਂ ਉਨ੍ਹਾਂ ਦਾ ਕਿਸੇ ਨੂੰ ਦੇਣਾ ਵੀ ਸੁਭਾਵਕ ਹੈ। ਇਹ ਸੱਚ ਹੈ ਕਿ ਜੇ ਨਾਨੀ ਹਿਸਾਬ ਨਾ ਪੁੱਛਦੀ ਤਾਂ ਉਹ ਦਸਦੇ ਵੀ ਨਾ ਕਿ ਮੈਂ ਕਿਸੇ ਨੂੰ ਕੁਝ ਦੇ ਆਇਆ ਹਾਂ। ਐਸਾ ਉਹ ਕਿਵੇਂ ਕਰ ਸਕੇ ਉਨ੍ਹਾਂ ਦੇ ਅੰਦਰ ਇਕ ਟਿਕਾਅ। ਸੀ ਉਨ੍ਹਾਂ ਦਾ ਸਹਾਰਾ ਕਰਤਾਰ ਸੀ। ਸੱਤਾ ਬਲਵੰਡ ਦੀ ਵਾਰ ਵਿਚ ਬੜਾ ਹੀ ਸੁੰਦਰ ਕਿਹਾ ਹੈ ਕਿ ਗੁਰੂ ਰਾਮਦਾਸ ਜੀ

ਦੇ ਜਦੋਂ ਦਰਸ਼ਨ ਕੀਤੇ ਤਾਂ ਮਨ ਨੂੰ ਟੇਕ ਮਿਲ ਗਈ। ਮਨ ਟਿਕ ਗਿਆ ਜਿਸ ਮਨ ਨੂੰ ਟਿਕਾਉਣ ਲਈ ਯੋਗੀ ਭਟਕਦੇ ਫਿਰਦੇ ਹਨ ਤਪੀਸਰ ਤਪ ਕਰਦੇ ਹਨ। ਗਿਆਨੀ ਗਿਆਨ ਦੀ ਵੀਚਾਰ ਕਰਦੇ ਹਨ। ਧਿਆਨੀ ਸਮਾਧੀਆਂ ਲਾਉਂਦੇ ਹਨ। ਪਰ ਮਨ ਨਹੀਂ ਟਿਕਦਾ। ਗੁਰੂ ਰਾਮਦਾਸ ਦੇ ਦਰਸ਼ਨ ਕੀਤਿਆਂ ਹੀ ਮਨ ਟਿਕ ਜਾਂਦਾ ਹੈ। ਕਿਸੇ ਵੀ ਟਿਕੇ ਨੂੰ ਵੇਖ ਕੇ ਮਨ ਟਿਕਦਾ ਹੈ। ਦੂਸਰੇ ਨੂੰ ਵੇਖ ਕੇ ਮਨ ਤੇ ਪ੍ਰਭਾਵ ਪੈਣਾ ਕੁਦਰਤੀ ਗੱਲ ਹੈ। ਗੁਰੂ ਰਾਮਦਾਸ ਇੰਨੇ ਟਿਕੇ ਸਨ, ਅੰਦਰੋਂ ਇੰਨੇ ਅਡੋਲ ਸਨ ਕਿ ਉਨ੍ਹਾਂ ਨੂੰ ਕੋਈ ਹਿਲਾ ਨਹੀਂ ਸੀ ਸਕਦਾ। ਉਹ ਲੋਕ ਲਾਜ ਤੋਂ ਅਡੋਲ ਰਹੇ। ਸੋਢੀਆਂ ਨੇ ਤਾਹਨੇ ਮਿਹਣੇ ਦਿੱਤੇ ਬਸ ਇਕੋ ਹੀ ਜੁਆਬ ਦਿੱਤਾ, ਕਿ ਮੈਂ ਸਹੁਰੇ ਘਰ ਟੋਕਰੀ ਨਹੀਂ ਢੋਂਦਾ। ਮੈਂ ਸਤਿਗੁਰੂ ਦੇ ਦਰ ਤੇ ਸੇਵਾ ਕਰ ਰਿਹਾ ਹਾਂ। ਗੁਰੂ ਅਮਰਦਾਸ ਜੀ ਨੂੰ ਕਿਹਾ ਇਨ੍ਹਾਂ ਨੂੰ ਮੁਆਫ਼ ਕਰ ਦੇਣਾ ਇਹ ਨਹੀਂ ਸਮਝਦੇ ਇਹ ਕੀ ਕਹਿ ਰਹੇ ਹਨ। ਜੇ ਇਨ੍ਹਾਂ ਨੂੰ ਸਮਝ ਆ ਗਈ ਤਾਂ ਮੈਨੂੰ ਉਮੀਦ ਹੈ ਕਿ ਇਹ ਵੀ ਮੇਰੇ ਨਾਲ ਹੀ ਟੋਕਰੀ ਚੁੱਕ ਲੈਣਗੇ। ਅਕਬਰ ਪਾਸ ਲਾਹੌਰ ਗਏ ਤਾਂ ਇੰਨੇ ਅਡੋਲ ਸਨ ਕਿ ਗੱਲ ਸੁਣ ਕੇ ਸਾਰਿਆਂ ਦੇ ਮਨ ਨੂੰ ਸ਼ਾਂਤੀ ਆ ਗਈ। ਸਾਰਿਆਂ ਸਿਰ ਝੁਕਾਇਆ। ਬਾਬੇ ਸ੍ਰੀ ਚੰਦ ਦੇ ਪੁੱਛਣ ਤੇ ਦਾਹੜਾ ਇੰਨਾ ਕਿਉਂ ਵਧਾਇਆ ਹੈ। ਕਹਿਣਾ, ਤੁਹਾਡੇ ਚਰਨ ਝਾੜਨ ਲਈ। ਕਿੰਨਾ ਟਿਕਾਅ ਹੈ ਅੰਦਰ ਕਿੰਨੀ ਨਿਮਰਤਾ ਹੈ। ਸੱਤਾ ਬਲਵੰਡ ਨੇ ਠੀਕ ਹੀ ਲਿਖਿਆ ਹੈ ਕਿ—

*ਗੁਰੁ ਡਿਠਾ ਤਾਂ ਮਨੁ ਸਾਧਾਰਿਆ॥* *(ਪੰਨਾ ੯੬੮)*

■ ■ ■

## ੧੮

# ਗਾਥਾ ਗੁਰੂ ਰਾਮਦਾਸ ਜੀ ਦੀ

ਕਿਸੇ ਮਹਾਂਪੁਰਖ ਦੀ ਵਡਿਆਈ ਵੇਖਣੀ ਹੋਵੇ ਤਾਂ ਉਸਦੇ ਜੀਵਨ ਦੇ ਇਨ੍ਹਾਂ ਪੱਖਾਂ ਵੱਲ ਵੇਖਣਾ ਪਵੇਗਾ :

ਉਸਦਾ ਪਰਿਵਾਰਕ ਜੀਵਨ ਕੀ ਹੈ?

ਉਸਦਾ ਵਿਵਹਾਰਕ ਜੀਵਨ ਕੀ ਹੈ?

ਉਸਦਾ ਸਮਾਜਕ ਜੀਵਨ ਕੀ ਹੈ?

ਉਸਦਾ ਧਾਰਮਿਕ ਜੀਵਨ ਕੀ ਹੈ?

ਕਈ ਸੱਜਣ ਐਸੇ ਹਨ ਉਨ੍ਹਾਂ ਦਾ ਆਪਣੇ ਪਰਿਵਾਰ ਨਾਲ ਵਤੀਰਾ ਠੀਕ ਹੈ, ਪਰ ਪਰਿਵਾਰ ਪਾਲਣ ਵਾਸਤੇ ਬੇਈਮਾਨੀ ਕਰਦੇ ਹਨ, ਧੋਖਾ ਕਰਦੇ ਹਨ, ਠੱਗੀ ਕਰਦੇ ਹਨ। ਉਨ੍ਹਾਂ ਦਾ ਵਿਵਹਾਰਕ ਜੀਵਨ ਠੀਕ ਨਹੀਂ। ਕਈ ਸੱਜਣਾਂ ਦਾ ਪਰਿਵਾਰਕ ਜੀਵਨ ਠੀਕ ਹੈ। ਵਿਵਹਾਰਕ ਜੀਵਨ ਵੀ ਠੀਕ ਹੈ। ਪਰ ਉਨ੍ਹਾਂ ਦੀ ਸਮਾਜ ਨਾਲ ਨਹੀਂ ਬਣਦੀ। ਸਮਾਜ ਉਨ੍ਹਾਂ ਤੇ ਪ੍ਰਸੰਨ ਨਹੀਂ, ਉਨ੍ਹਾਂ ਦੇ ਕਰਮ ਸਮਾਜ-ਵਿਰੋਧੀ ਹਨ। ਕਈ ਬੰਦੇ ਐਸੇ ਹਨ ਪਰਿਵਾਰਕ ਜੀਵਨ ਵੀ ਠੀਕ ਹੈ। ਵਿਵਹਾਰਕ ਜੀਵਨ ਵੀ ਠੀਕ ਹੈ। ਸਮਾਜ ਵਿਚ ਵੀ ਇੱਜ਼ਤ ਹੈ। ਪਰ ਧਾਰਮਿਕ ਜੀਵਨ ਨਹੀਂ। ਪ੍ਰਮਾਤਮਾ ਦੇ ਨਾਮ ਤੋਂ ਵਿਹੂਣੇ ਹਨ। ਇਸੇ ਕਰਕੇ ਉਨ੍ਹਾਂ ਦੇ ਪਰਿਵਾਰ ਵਿਚ, ਵਿਵਹਾਰ ਵਿਚ ਬਰਕਤ ਨਹੀਂ। ਉਨ੍ਹਾਂ ਨੂੰ ਵੀ ਸੁਖ ਨਸੀਬ ਨਹੀਂ ਹੁੰਦਾ। ਗੁਰੂ ਰਾਮਦਾਸ ਪਾਤਸ਼ਾਹ ਦਾ ਜੀਵਨ ਵੇਖੋ ਹਰ ਪਖੋਂ ਸੰਪੂਰਨ ਜੀਵਨ ਹੈ। ਕਿਤੇ ਵੀ ਕੋਈ ਊਣਤਾਈ ਨਜ਼ਰ ਨਹੀਂ ਆਉਂਦੀ। ਉਨ੍ਹਾਂ ਦਾ ਪਰਿਵਾਰਕ ਜੀਵਨ ਵੇਖੀਏ। ਮੁਢਲਾ ਜੀਵਨ ਕੈਸਾ ਹੈ ਕਿ ਮਾਂ-ਬਾਪ ਛੋਟੀ ਉਮਰ ਵਿਚ ਹੀ ਉਨ੍ਹਾਂ ਨੂੰ ਇਕੱਲੇ ਛੱਡ ਗਏ ਸਨ। ਉਹ ਕਿਸੇ ਤੇ ਬੋਝ ਨਹੀਂ ਸਨ ਬਣੇ, ਸਗੋਂ ਬੁਢਾਪੇ ਵਿਚ ਪਹੁੰਚੀ ਆਪਣੀ ਨਾਨੀ ਦਾ ਸਹਾਰਾ

ਬਣੇ। ਉਨ੍ਹਾਂ ਨਾਨੀ ਦੀ ਸੇਵਾ ਕੀਤੀ। ਪ੍ਰਸੰਨਤਾ ਲਈ ਖੁਸ਼ੀਆਂ ਲਈਆਂ ਅਤੇ ਅਸੀਸਾਂ ਲਈਆਂ। ਇਸ ਤੋਂ ਬਾਅਦ ਉਨ੍ਹਾਂ ਦਾ ਪਰਿਵਾਰਕ ਸੰਬੰਧ ਬਣਦਾ ਹੈ ਗੁਰੂ ਅਮਰਦਾਸ ਜੀ ਨਾਲ। ਪੰਜਾਬ ਦੀ ਪ੍ਰੰਪਰਾ ਵੇਖੋ ਕਿ ਜਵਾਈ ਭਾਵੇਂ ਮਿੱਟੀ ਦਾ ਮਾਧੋ ਹੋਵੇ, ਇਕ ਕੌਡੀ ਦੀ ਅਕਲ ਨਾ ਹੋਵੇ, ਸਹੁਰਿਆਂ ਦੇ ਘਰ ਉਹ ਵੀ ਬਾਬਰ ਬਾਦਸ਼ਾਹ ਵਾਂਗੂੰ ਬੈਠਦਾ ਹੈ। ਜਦੋਂ ਘਰ ਵਿਚ ਪੈਰ ਰੱਖੇ ਤਾਂ ਸਾਰਾ ਘਰ ਹੀ ਥਰ-ਥਰ ਕੰਬਦਾ ਹੈ। ਪਰ ਗੁਰੂ ਰਾਮਦਾਸ ਜੁਆਈ ਕੈਸੇ ਸਨ। ਸੰਸਾਰ ਦੇ ਉਹ ਲੜਕੇ ਜਿਨ੍ਹਾਂ ਨੇ ਕਿਸੇ ਦੇ ਜੁਆਈ ਬਣਨਾ ਹੈ, ਉਹ ਕਦੀ ਗੁਰੂ ਰਾਮਦਾਸ ਨੂੰ ਆਦਰਸ਼ ਮੰਨ ਲੈਣ ਤਾਂ ਸਮਾਜ ਵਿਚ ਜੋ ਲੜਕੇ ਲੜਕੀ ਦਾ ਫ਼ਰਕ ਹੈ ਇਹ ਨਹੀਂ ਰਹਿ ਸਕੇਗਾ। ਹਰ ਬੰਦਾ ਫਿਰ ਲੜਕੀ ਦੇ ਜਨਮ ਤੇ ਲੜਕੇ ਵਰਗੀ ਖੁਸ਼ੀ ਮਨਾਏਗਾ। ਉਨ੍ਹਾਂ ਸਦਾ ਵਾਸਤੇ ਸਹੁਰੇ ਪਰਿਵਾਰ ਦਾ ਆਦਰ ਕੀਤਾ ਤੇ ਇਹ ਧਿਆਨ ਰਖਿਆ ਕਿ ਮੇਰੇ ਕਾਰਨ ਇਨ੍ਹਾਂ ਨੂੰ ਖੇਚਲ ਨਾ ਹੋਵੇ। ਉਹ ਪਤੀ ਵੀ ਸਨ, ਉਨ੍ਹਾਂ ਦਾ ਆਪਣੀ ਸੁਪਤਨੀ ਬੀਬੀ ਭਾਨੀ ਨਾਲ ਜਿੰਨਾ ਚੰਗਾ ਨਿਭਾਅ ਹੋਇਆ ਉਹ ਸਾਡੇ ਸਾਹਮਣੇ ਹੈ। ਕਦੀ ਜੀਵਨ ਭਰ ਕਿਸੇ ਪਾਸਿਉਂ ਰੁੱਖਾਪਣ ਨਹੀਂ ਦਿਸਿਆ। ਸਮੁੱਚਾ ਜੀਵਨ ਹੀ ਪ੍ਰੇਮ ਰਸ ਨਾਲ ਭਰਪੂਰ ਹੈ। ਉਹ ਬਾਪ ਵੀ ਸਨ ਉਨ੍ਹਾਂ ਨੇ ਬੱਚਿਆਂ ਨੂੰ ਜਿਸ ਚੰਗੇ ਢੰਗ ਨਾਲ ਪਾਲਿਆ ਪੋਸਿਆ ਤੇ ਆਪਣਾ ਫ਼ਰਜ਼ ਨਿਭਾਇਆ ਇਕ ਪੂਰਨ ਬਾਪ ਹੀ ਐਸਾ ਕਰ ਸਕਦਾ ਹੈ। ਇਹ ਠੀਕ ਹੈ ਪ੍ਰਮਾਤਮਾ ਨੇ ਜੋ ਬੂਟੇ ਵਿਚ ਤਾਸੀਰ ਰੱਖੀ ਹੈ ਉਹੀ ਫਲਾਂ ਰਾਹੀਂ ਪ੍ਰਗਟ ਹੁੰਦੀ ਹੈ। ਮਾਲੀ ਦਾ ਕੰਮ ਹੈ ਬੂਟੇ ਦੀ ਪਾਲਣਾ ਠੀਕ ਕਰਨੀ। ਉਨ੍ਹਾਂ ਦਾ ਬੱਚਿਆਂ ਨਾਲ ਪੂਰਾ ਪ੍ਰੇਮ ਸੀ। ਜੇ ਕਿਤੇ ਵੱਡੇ ਬੇਟੇ ਨੇ ਕੁਝ ਤਲਖ਼ ਕਲਾਮੀ ਵੀ ਕੀਤੀ, ਤਾਂ ਆਪ ਨੇ ਫਿਰ ਵੀ ਬਾਪ ਵਾਲਾ ਫ਼ਰਜ਼ ਨਿਭਾਇਆ। ਆਪ ਨੇ ਜੋ ਕਿਹਾ ਉਸਦੇ ਭਲੇ ਵਾਸਤੇ ਹੀ ਆਖਿਆ, ਇਹ ਸੀ ਉਨ੍ਹਾਂ ਦਾ ਪਰਿਵਾਰਕ ਜੀਵਨ। ਉਨ੍ਹਾਂ ਦਾ ਵਿਵਹਾਰਕ ਜੀਵਨ ਬੜਾ ਕਮਾਲ ਹੈ। ਭਾਵੇਂ ਘੁੰਗਣੀਆਂ ਹੀ ਵੇਚੀਆਂ ਪਰ ਲੈਣ ਦੇਣ ਬੜਾ ਸਾਫ਼ ਸੀ। ਕਦੀ ਕਿਸੇ ਨੂੰ ਇਹ ਆਖਣ ਦਾ ਮੌਕਾ ਨਹੀਂ ਦਿੱਤਾ ਕਿ ਮੈਂ ਤੁਹਾਡੇ ਪਾਸੋਂ ਪੈਸੇ ਲੈਣੇ ਹਨ। ਉਨ੍ਹਾਂ ਦਾ ਸਮਾਜਿਕ ਜੀਵਨ ਵੇਖੋ, ਉਹ ਹਰ ਇਕ ਸੱਜਣ ਦੇ ਦੁਖ-ਸੁਖ ਵਿਚ ਜਾਂਦੇ ਸਨ। ਉਨ੍ਹਾਂ ਕਦੀ ਕਿਸੇ ਸੱਜਣ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ, ਹਾਂ, ਸਮਾਜ ਵਿਚ ਜੋ ਗਲਤ ਰਸਮਾਂ ਸਨ ਇਨ੍ਹਾਂ ਨੂੰ ਉਨ੍ਹਾਂ ਨਹੀਂ ਮੰਨਿਆ, ਨਾ ਹੀ ਆਪ ਕੀਤੀਆਂ ਅਤੇ ਨਾ ਹੀ ਆਪਣੇ ਸਿੱਖਾਂ ਨੂੰ ਕਰਨ ਦਿੱਤੀਆਂ। ਉਹ ਚਾਹੁੰਦੇ ਸਨ ਕਿ ਬੜਾ ਸੱਚਾ-ਸੁੱਚਾ ਤੇ ਹਮਦਰਦੀ ਨਾਲ ਭਰਿਆ ਸਮਾਜ ਚਾਹੀਦਾ ਹੈ। ਸਮਾਜ ਵਿਚ ਵਿਖਾਵਾ ਨਹੀਂ ਚਾਹੀਦਾ, ਸੱਚ ਚਾਹੀਦਾ ਹੈ। ਬੰਦਾ ਦੂਸਰੇ ਨੂੰ ਸਜ ਧਜ ਵਿਖਾ ਕੇ ਫੋਕੀ ਵਡਿਆਈ ਵਾਸਤੇ ਝੂਠ ਦਾ ਪੱਲਾ ਨਾ ਫੜੇ। ਲਾਹੌਰ ਤੋਂ ਸੰਹਾਰੀ ਮਲ ਦਾ ਸੰਦੇਸ਼ਾ ਆਉਂਦਾ ਹੈ, ਆਪ ਬੜੇ ਹੀ ਰੁਝੇਵੇਂ ਵਿਚ ਹਨ, ਸਰੀਰ ਵੀ ਇੰਨੀ ਖੇਚਲ ਨਹੀਂ ਝੱਲ ਸਕਦਾ,

ਫਿਰ ਵੀ ਪੁੱਤਰਾਂ ਨੂੰ ਵਾਰ-ਵਾਰ ਕਹਿੰਦੇ ਹਨ ਕਿ ਜਾਉ ਤੁਹਾਡਾ ਲਾਹੌਰ ਜਾਣਾ ਬੜਾ ਹੀ ਜ਼ਰੂਰੀ ਹੈ। ਤੁਹਾਡੇ ਤਾਏ ਦੇ ਲੜਕੇ ਦੀ ਸ਼ਾਦੀ ਹੈ। ਅਰਜਨ ਦੇਵ ਜੀ ਨੂੰ ਤਿਆਰ ਕਰਕੇ ਭੇਜ ਹੀ ਦਿੰਦੇ ਹਨ. ਭਾਈਚਾਰੇ ਦੇ ਦੁਖ-ਸੁਖ ਵਿਚ ਜਾਣਾ ਇਹ ਉਨ੍ਹਾਂ ਬੜਾ ਹੀ ਜ਼ਰੂਰੀ ਸਮਝਿਆ ਹੈ। ਉਨ੍ਹਾਂ ਦਾ ਧਾਰਮਿਕ ਜੀਵਨ ਕੈਸਾ ਸੀ? ਉਨ੍ਹਾਂ ਧਰਮ ਦੀ ਅਸਲੀਅਤ ਨੂੰ ਸਮਝ ਲਿਆ ਸੀ ਕਿ ਧਰਮ ਨਿਰੀਆਂ ਗੱਲਾਂ ਨਹੀਂ। ਧਰਮ ਨਿਰਾ ਵੀਚਾਰ ਹੀ ਨਹੀਂ। ਉਹ ਧਰਮ ਦੋ ਕੌਡੀਆਂ ਦਾ ਨਹੀਂ ਜਿਹੜਾ ਸਿਰਫ਼ ਵੀਚਾਰ ਬਣ ਕੇ ਹੀ ਰਹਿ ਜਾਏ, ਜਿਹੜਾ ਗੱਲਾਂ ਬਣ ਕੇ ਹੀ ਰਹਿ ਜਾਏ।

ਇਹ ਠੀਕ ਹੈ ਕਿ ਸੱਚਾ ਵੀਚਾਰ ਧਰਮ ਦਾ ਬੀਜ ਹੈ। ਪਰ ਬੀਜ ਬੀਜਿਆ ਨਾ ਜਾਏ ਤਾਂ ਪਿਆ ਪਿਆ ਗਲ ਜਾਂਦਾ ਹੈ। ਸੜ ਜਾਂਦਾ ਹੈ। ਧਰਮ ਸਾਕਾਰ ਰੂਪ ਉਸ ਵੇਲੇ ਧਾਰਨ ਕਰਦਾ ਹੈ ਜਦੋਂ ਸੇਵਾ ਬਣ ਜਾਂਦਾ ਹੈ। ਏਸੇ ਲਈ ਧਰਮ ਦੀਆਂ ਬਰੀਕ ਤੋਂ ਬਰੀਕ ਵੀਚਾਰਾਂ ਨੂੰ ਸਮਝਦਿਆਂ ਹੋਇਆਂ ਵੀ ਹੱਥੀਂ ਸੇਵਾ ਕੀਤੀ ਤੇ ਦਿਨ ਰਾਤ ਕੀਤੀ। ਇਕ ਸਾਖੀ ਪੜ੍ਹ ਕੇ ਗੁਰੂ ਰਾਮਦਾਸ ਜੀ ਦੀ ਸੇਵਾ ਬਾਰੇ ਕੁਝ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਸੇਵਾ ਬਾਰੇ ਬਾਕੀ ਸਿੱਖ ਕੀ ਖ਼ਿਆਲ ਕਰਦੇ ਸਨ। ਪ੍ਰਸਿੱਧ ਸਿੱਖ ਹੋਏ ਹਨ ਭਾਈ ਪਾਰੋ। ਇਹ ਪਿੰਡ ਡਲਾ ਦੇ ਰਹਿਣ ਵਾਲੇ ਸਨ। ਇਕ ਵਾਰ ਸਤਿਗੁਰਾਂ ਨੇ ਇਨ੍ਹਾਂ ਨੂੰ ਪਰਮ ਹੰਸ ਦਾ ਖਿਤਾਬ ਵੀ ਦਿੱਤਾ ਸੀ। ਪਰਮ ਹੰਸ ਦਾ ਭਾਵ ਸੀ ਮਹਾਨ ਵੀਚਾਰਵਾਨ। ਮਹਾਨ ਵਿਵੇਕੀ. ਇਹ ਰੋਜ਼ਾਨਾ ਦਰਿਆ ਬਿਆਸ ਪਾਰ ਕਰਕੇ ਜਾਂਦੇ ਸਨ ਤੇ ਸਤਿਗੁਰੂ ਦੇ ਦਰਸ਼ਨ ਕਰਕੇ ਵਾਪਸ ਆਉਂਦੇ ਸਨ। ਇਨ੍ਹਾਂ ਦੀ ਘੋੜੀ ਦਰਿਆ ਤਰ ਕੇ ਰੋਜ਼ਾਨਾ ਆਉਂਦੀ ਜਾਂਦੀ ਸੀ। ਸਤਿਗੁਰਾਂ ਨੇ ਇਸੇ ਸਿੱਖ ਦੇ ਬੇਨਤੀ ਕਰਨ ਤੇ ਸਾਰੀ ਸੰਗਤ ਨੂੰ ਹੁਕਮ ਭੇਜ ਕੇ ਵਿਸਾਖੀ ਤੇ ਬੁਲਾਇਆ ਸੀ। ਤੇ ਬਾਕਾਇਦਾ ਗੁਰੂ ਘਰ ਵਿਚ ਵਿਸਾਖੀ ਦਾ ਮੇਲਾ ਸ਼ੁਰੂ ਹੋ ਗਿਆ ਸੀ। ਇਹ ਇਸ ਸਿੱਖ ਦੀ ਹੀ ਸੋਚਣੀ ਸੀ ਕਿ ਸਾਰੀ ਸਿੱਖੀ ਘੱਟੋ-ਘੱਟ ਸਾਲ ਵਿਚ ਇਕ ਵਾਰ ਤਾਂ ਇਕੱਠੀ ਹੋ ਕੇ ਬੈਠੇ ਤੇ ਆਪਣੇ ਜ਼ਰੂਰੀ ਮਸਲਿਆਂ ਬਾਰੇ ਵੀਚਾਰ ਕਰੇ। ਇਕੱਠੇ ਬੈਠਿਆਂ ਬਗ਼ੈਰ ਕੌਮੀ ਮਸਲੇ ਹੱਲ ਨਹੀਂ ਹੁੰਦੇ। ਸਿੱਖੀ ਬਾਰੇ ਕਿੰਨਾ ਵਿਸ਼ਾਲ ਇਰਾਦਾ ਸੀ ਇਸ ਸਿੱਖ ਦਾ। ਬਾਈ ਮੰਜੀਆਂ ਵਿਚੋਂ ਇਕ ਪਠਾਨ ਅੱਲਾ ਯਾਰ ਇਸੇ ਦੀ ਸੰਗਤ ਸਦਕਾ ਸਿੱਖ ਬਣਿਆ ਸੀ। ਤੇ ਆਖਰ ਸਿੱਖੀ ਦਾ ਪ੍ਰਚਾਰਕ ਬਣ ਗਿਆ ਸੀ। ਇਕ ਵਾਰ ਸਤਿਗੁਰਾਂ ਇਸ ਸਿੱਖ ਨੂੰ ਕਿਹਾ ਸੀ ਮੇਰਾ ਮਨ ਚਾਹੁੰਦਾ ਹੈ ਤੈਨੂੰ ਗੁਰਗੱਦੀ ਤੇ ਬਿਠਾ ਦਿੱਤਾ ਜਾਏ। ਤਾਂ ਇਸ ਨੇ ਉਸ ਵੇਲੇ ਰਾਮਦਾਸ ਜੀ ਵੱਲ ਇਸ਼ਾਰਾ ਕੀਤਾ ਸੀ. ਕਿ ਇਹ ਭਾਰੀ ਪੰਡ ਉਹੀ ਚੁੱਕ ਸਕਦੇ ਹਨ। ਉਨ੍ਹਾਂ ਦੀ ਸੇਵਾ ਮਹਾਨ ਹੈ। ਇਹ ਗੱਦੀ ਗੁਰੂ ਨੂੰ ਹੀ ਸ਼ੋਭਦੀ ਹੈ ਤੇ ਗੁਰੂ ਬਣਨ ਦੇ ਯੋਗ ਉਹੀ ਹਨ। ਸਤਿਗੁਰਾਂ ਕਿਹਾ ਸੀ—

*ਮਨ ਮੇਰੇ ਮਹਿ ਅਬ ਇਮ ਆਵੈ।*
*ਗੁਰਤਾ ਗਾਦੀ ਤੋਹਿ ਬਿਠਾਵੈ।*

*ਕਰ ਜੋਰੇ ਪਾਰੋ ਪਗ ਪਰਿਯੋ।*
*ਤ੍ਰਾਹਿ ਤ੍ਰਾਹਿ ਕਰ ਬਚਨ ਉਚਰਿਯੋ।*
*ਪ੍ਰਭ ਜੀ ਗੁਰ ਸਿਖੀ ਮੁਝ ਭਾਵੈ।*
*ਗੁਰਆਈ ਸਤਿਗੁਰਹਿ ਸੁਹਾਵੈ।* (ਗੁ: ਪ੍ਰ: ਸੂ:)

ਧਰਮ ਦੀ ਅਤਿ ਤੋਂ ਅਤਿ ਬਰੀਕੀ ਉਨ੍ਹਾਂ ਦੀ ਬਾਣੀ ਵਿਚ ਹੈ, ਸਿੱਧਾਂ ਨੂੰ ਇਹ ਗੱਲ ਕਹਿਣੀ ਕਿ ਖੂਹ ਜੋਇਆ ਸੀ ਕਿ ਖੇਤੀ ਸਿੰਚਾਂਗੇ ਪਰ ਆਪਣੇ ਹੀ ਬੈਲ ਸਾਰੀ ਖੇਤੀ ਖਾ ਗਏ ਹਨ ਕੈਸੀ ਕਮਾਲ ਰਮਜ਼ ਹੈ। ਕਿ ਜਿਹੜੇ ਸਾਧਨ ਹਉਮੈ ਮੁਕਾਉਣ ਲਈ ਕੀਤੇ ਹਨ ਉਹੀ ਹਉਮੈ ਦਾ ਕਾਰਨ ਬਣ ਗਏ ਹਨ। ਆਪਣੇ ਹੀ ਬੈਲ ਖੇਤੀ ਖਾ ਗਏ ਹਨ–

*ਜੋਵਹਿ ਕੂਪ ਸਿੰਚਨ ਕਉ ਬਸੁਧਾ, ਉਠਿ ਬੈਲ ਗਏ ਚਰਿ ਬੇਲ॥*
(ਆਸਾ ਮ: ੪, ਪੰਨਾ ੩੬੮)

ਧਰਮ ਦੀ ਇਕ ਮਹਾਨ ਰਮਜ਼ ਹੈ ਕਿ ਅਸਲ ਤੀਰਥ ਗੁਰੂ ਹੈ, ਗੁਰੂ ਦੇ ਸ਼ਬਦ ਬਿਨਾਂ ਮਨ ਦੀ ਮੈਲ ਨਹੀਂ ਉਤਰਦੀ। ਇਸੇ ਲਈ ਉਨ੍ਹਾਂ ਨੇ ਤੀਰਥਾਂ ਤੇ ਜਾ ਕੇ ਵੀ ਕਿਹਾ, ਭੋਲੇ ਲੋਕੋ! ਮਤ ਸਮਝਣਾ ਕਿ ਗੁਰੂ ਅਮਰਦਾਸ ਤੀਰਥ ਯਾਤਰਾ ਕਰਨ ਆਏ ਹਨ। ਨਹੀਂ, ਇਹ ਤਾਂ ਲੋਕਾਂ ਦੇ ਉਧਾਰ ਵਾਸਤੇ ਆਏ ਹਨ। ਇਹ ਉਨ੍ਹਾਂ ਲੋਕਾਂ ਲਈ ਆਏ ਹਨ ਜਿਹੜੇ ਤੀਰਥਾਂ ਤੇ ਭੁੱਲੇ ਫਿਰਦੇ ਹਨ। ਇਹ ਤੀਰਥ ਯਾਤਰੀਆਂ ਨੂੰ ਅਸਲ ਤੀਰਥ ਦੇ ਦਰਸ਼ਨ ਕਰਵਾਉਣ ਆਏ ਹਨ। ਗੁਰੂ ਰਾਮਦਾਸ ਜੀ ਨੇ ਬਾਣੀ ਵਿਚ ਲਿਖਿਆ ਹੈ–

*ਤੀਰਥ ਉਦਮੁ ਸਤਿਗੁਰੂ ਕੀਆ,*
*ਸਭ ਲੋਕ ਉਧਰਣ ਅਰਥਾ॥* (ਤੁਖਾਰੀ ਛੰਤ ਮ: ੪, ਪੰਨਾ ੧੧੧੬)

ਧਰਮ ਦੀ ਇਕ ਹੋਰ ਕਮਾਲ ਰਮਜ਼ ਹੈ, ਕਿ ਜਿਹੜਾ ਬੀਜ ਬੀਜਦਾ ਹੈ ਉਸ ਨੂੰ ਬੋਹਲ ਪ੍ਰਾਪਤ ਹੁੰਦਾ ਹੈ। ਭਾਈ ਸੋਮੇ ਦੇ ਪਾਸ ਸਤਿਗੁਰੂ ਆਉਂਦੇ ਹਨ। ਜਿੰਨੀ ਵੱਟਕ ਹੁੰਦੀ ਹੈ ਰੋਜ਼ਾਨਾ ਲੈ ਜਾਂਦੇ ਹਨ ਤੇ ਕਹਿ ਜਾਂਦੇ ਹਨ ਭਾਈ ਸੋਮੇ ਇਹ ਤੇਰਾ ਬੀਜ, ਬੀਜ ਰਹੇ ਹਾਂ। ਸੇਵਾ ਵਿਚ ਹਿੱਸਾ ਪਾ ਰਹੇ ਹਾਂ। ਇਕ ਦਿਨ ਭਾਈ ਸੋਮੇ ਨੇ ਵੇਖਿਆ ਤੇ ਅਗੋਂ ਆਪ ਹੀ ਦੇਣ ਵਾਸਤੇ ਆ ਗਿਆ। ਸਤਿਗੁਰਾਂ ਕਿਹਾ, ਸੋਮੇ ਸ਼ਾਹ! ਅੱਜ ਮੈਂ ਲੈਣ ਨਹੀਂ ਆਇਆ ਅੱਜ ਕੁਝ ਦੇਣ ਆਇਆ ਹਾਂ। ਤੂੰ ਗੁਰੂ ਕਾ ਸ਼ਾਹ ਹੈਂ। ਕਮਾਲ ਗੁਰੂ ਹੈ ਕਿ ਜਿਹੜਾ ਕੁਝ ਗੁਰੂ ਅੱਗੇ ਰਖਦਾ ਹੈ ਉਹ ਅਨੰਤ ਗੁਣਾ ਹੋ ਜਾਂਦਾ ਹੈ। ਜਿਵੇਂ ਕਿ ਧਰਤੀ ਨੂੰ ਦਿੱਤਾ ਬੀਜ ਅਨੰਤ ਗੁਣਾ ਹੋ ਜਾਂਦਾ ਹੈ।

ਕਈ ਵਾਰ ਐਸਾ ਹੁੰਦਾ ਹੈ ਕਿ ਇਸ ਮੰਜ਼ਲ ਤੱਕ ਪੁੱਜਿਆ ਮਹਾਂਪੁਰਖ ਰਿਸ਼ਤੇਦਾਰਾਂ ਤੇ ਸੰਸਾਰੀ ਬੰਦਿਆਂ ਤੋਂ ਮੂੰਹ ਫੇਰ ਜਾਂਦਾ ਹੈ, ਪਰ ਉਨ੍ਹਾਂ ਐਸਾ ਨਹੀਂ ਕੀਤਾ। ਲਾਹੌਰ ਤੋਂ ਉਨ੍ਹਾਂ ਦੇ ਤਾਏ ਦਾ ਲੜਕਾ ਸੰਹਾਰੀ ਮਲ ਜੋ ਉਮਰ ਵਿਚ ਵੱਡਾ ਹੈ, ਚੱਲ ਕੇ ਗੋਇੰਦਵਾਲ ਆਉਂਦਾ ਹੈ। ਵੱਡਿਆਂ ਦਾ ਆਦਰ ਕਰਨਾ ਸਮਾਜਕ ਪ੍ਰੰਪਰਾ ਹੈ। ਪਰ ਸਤਿਗੁਰਾਂ ਦੀ ਮਹਿਮਾ ਵੇਖ ਕੇ ਸੰਹਾਰੀ ਮਲ ਨਮਸਕਾਰ ਕਰਦਾ ਹੈ ਤੇ ਕਹਿੰਦਾ ਹੈ। ਅਸੀਂ ਸੰਸਾਰੀ ਬੰਦੇ ਹਾਂ, ਕਦੀ ਰੱਬ ਦਾ ਨਾਂ ਨਹੀਂ ਲੈਂਦੇ। ਪਰ ਤੁਸੀਂ ਮਹਾਨ ਹੋ, ਇੰਨਾ ਕਹਿ ਕੇ ਚਰਨਾਂ ਤੇ ਝੁਕਦਾ ਹੈ, ਸਤਿਗੁਰੂ ਆਪ ਆਦਰ ਦੇਂਦੇ ਹਨ ਤੇ ਕਹਿੰਦੇ ਹਨ, ਤੁਸੀਂ ਮੇਰੇ ਵੱਡੇ ਭਰਾ ਹੋ-

*ਹਾਥ ਜੋਰ ਬੰਦਨ ਚਹਿ ਕਰਯੋ। ਰਾਮਦਾਸ ਸਤਿਗੁਰੂ ਨਿਹਰਿਯੋ।*
*ਪੁਨ ਸ੍ਰੀ ਰਾਮਦਾਸ ਜੀ ਕਹੈਂ। ਬਡੇ ਭ੍ਰਾਤ ਕੇ ਪਦ ਤੁਮ ਲਹੈਂ।*
*ਅਰ ਪਿਤ ਬਡੇ ਭ੍ਰਾਤ ਕੇ ਨੰਦਨ। ਯਾਂਤੇ ਉਚਿਤ ਹਮਹੁ ਕੋ ਬੰਦਨ।*

ਕਿਸੇ ਪਾਸਿਉਂ ਵੀ ਵੇਖੀਏ ਸਤਿਗੁਰੂ ਰਾਮਦਾਸ ਪਾਤਸ਼ਾਹ ਦਾ ਜੀਵਨ ਇਕ ਪੂਰਨ ਜੀਵਨ ਹੈ, ਜਿਵੇਂ ਰੱਬ ਸਾਰਿਆਂ ਵਿਚ ਵਸਦਾ ਹੈ, ਰੱਬ ਸਾਰਿਆਂ ਦਾ ਹੈ, ਗੁਰੂ ਰਾਮਦਾਸ ਹਰ ਦਿਲ ਵਿਚ ਵਸਦੇ ਹਨ ਤੇ ਸਾਰਿਆਂ ਦੇ ਸਾਂਝੇ ਹਨ। ਉਹ ਪੂਰਨ ਤੌਰ 'ਤੇ ਸੰਸਾਰ ਵਿਚ ਵੀ ਹਨ ਅਤੇ ਰੱਬ ਵਾਂਗੂੰ ਨਿਰਾਲੇ ਵੀ ਹਨ। ਐਸੇ ਪੂਰੇ ਗੁਰੂ ਦੀ ਸ਼ਰਨ ਵਿਚ ਹੀ ਸਿੱਖ ਦਾ ਉਧਾਰ ਹੋ ਸਕਦਾ ਹੈ। ਭੱਟ ਕੀਰਤ ਜੀ ਨੇ ਠੀਕ ਹੀ ਕਿਹਾ ਹੈ–

*ਇਕ ਅਰਦਾਸਿ, ਭਾਟ ਕੀਰਤ ਕੀ*
*ਗੁਰ ਰਾਮਦਾਸ, ਰਾਖਹੁ ਸਰਣਾਈ॥* *(ਪੰਨਾ ੧੪੦੬)*

■ ■ ■

## ੧੯

# ਗਾਥਾ ਗੁਰੂ ਅਰਜਨ ਦੇਵ ਜੀ ਦੀ

ਗੁਰੂ ਵਿਚ ਸਾਰੇ ਗੁਣ ਹੁੰਦੇ ਹਨ, ਗੁਰੂ ਵਿਚ ਇਹ ਸਮਰੱਥਾ ਹੈ ਕਿ ਸਾਰੇ ਗੁਣਾਂ ਨੂੰ ਆਪਣੇ ਵਿਚ ਟਿਕਾ ਸਕਦਾ ਹੈ। ਆਮ ਬੰਦੇ ਵਿਚ ਬਹੁਤੇ ਗੁਣ ਨਹੀਂ ਮਿਲਦੇ। ਆਮ ਕਰਕੇ ਐਸਾ ਵੇਖਣ ਵਿਚ ਆਉਂਦਾ ਹੈ ਕਿ ਗੁਣ ਘੱਟ ਹੁੰਦੇ ਹਨ। ਗੁਮਾਨ ਜ਼ਿਆਦਾ ਹੁੰਦਾ ਹੈ। ਜਦੋਂ ਗੁਣਾਂ ਦਾ ਗੁਮਾਨ ਆ ਜਾਏ ਫਿਰ ਗੁਣ ਦੀ ਸਹੀ ਵਰਤੋਂ ਵੀ ਨਹੀਂ ਹੋ ਸਕਦੀ। ਫਿਰ ਬੰਦਾ ਗੁਣਾਂ ਦੀ ਦੁਰਵਰਤੋਂ ਕਰਦਾ ਹੈ। ਗੁਣ ਪਾ ਕੇ ਗੁਣ ਦੀ ਮਹਿਮਾ ਨੂੰ ਜਰਨਾ ਇਹ ਗੁਰੂ ਸੂਰਮੇ ਦਾ ਹੀ ਕੰਮ ਹੈ। ਆਮ ਕਰਕੇ ਵੇਖਦੇ ਹਾਂ ਕਿ ਜੋ ਕੋਈ ਚਾਰ ਸਤਰਾਂ ਕਵਿਤਾ ਦੀਆਂ ਹੀ ਜੋੜਨ ਲੱਗ ਪਿਆ ਹੈ, ਤਾਂ ਸ਼ਰਾਬ ਦੇ ਪਿਆਲੇ ਬਿਨਾਂ ਉਹ ਗੱਲ ਹੀ ਨਹੀਂ ਕਰਦਾ। ਉਹ ਕਹਿੰਦਾ ਹੈ ਸ਼ਰਾਬ ਤੋਂ ਬਿਨਾਂ ਮੈਨੂੰ ਕਵਿਤਾ ਹੀ ਨਹੀਂ ਉਤਰਦੀ। ਹੁਣ ਵੀਚਾਰਨ ਵਾਲੀ ਇਹ ਗੱਲ ਹੈ ਕਿ ਜਿਹੜੀ ਕਵਿਤਾ ਸ਼ਰਾਬ ਪੀ ਕੇ ਹੀ ਉਤਰਦੀ ਹੈ ਉਸ ਕਵਿਤਾ ਨੂੰ ਪੜ੍ਹਨ ਵਾਲਾ ਕਿੰਨਾਂ ਕੁ ਬ੍ਰਹਮ ਗਿਆਨੀ ਹੋ ਜਾਵੇਗਾ। ਗ਼ਾਲਿਬ ਵਰਗਾ ਕਵੀ ਸਾਰੀ ਉਮਰ ਰੁਲਦਾ ਰਿਹਾ। ਜਿਹੜੇ ਸੱਜਣ ਉਸਨੂੰ ਬੜਾ ਖ਼ੁਦਦਾਰ ਕਹਿੰਦੇ ਹਨ ਉਹ ਭੁਲੇਖੇ ਵਿਚ ਹਨ। ਖ਼ੁਦਦਾਰ ਬੰਦਾ ਕਦੀ ਵੀ ਕਿਸੇ ਦਾ ਮੁਹਤਾਜ ਨਹੀਂ ਹੁੰਦਾ। ਜਿਹੜਾ ਬੰਦਾ ਸ਼ਰਾਬ ਦਾ ਮੁਹਤਾਜ਼ ਹੈ ਫਿਰ ਕਰਜ਼ਾ ਚੁੱਕ ਕੇ ਹੀ ਸਾਰੀ ਉਮਰ ਸ਼ਰਾਬ ਪੀਂਦਾ ਰਿਹਾ। ਮਰਦਿਆਂ ਤੱਕ ਉਸ ਕੋਲੋਂ ਉਹ ਕਰਜ਼ਾ ਨਹੀਂ ਉਤਰਿਆ ਉਸਦੀ ਕੀ ਖ਼ੁਦਦਾਰੀ ਹੈ। ਇਹ ਠੀਕ ਹੈ ਕਵਿਤਾ ਦੀ ਦਾਤ ਰੱਬ ਨੇ ਦਿੱਤੀ ਸੀ ਪਰ ਅਵਗੁਣ ਨੇ ਉਸਨੂੰ ਦਬਾ ਲਿਆ। ਜਿਥੇ ਮਾਨ-ਸਨਮਾਨ ਤੇ ਆਨੰਦ ਮਿਲਦਾ ਸੀ ਸਾਰੀ ਉਮਰ ਦੀ ਖੱਜਲ ਖੁਆਰੀ ਮਿਲੀ ਤੇ ਪ੍ਰੇਸ਼ਾਨੀ ਮਿਲੀ। ਉਸਨੇ ਆਪ ਹੀ ਲਿਖਿਆ ਹੈ-

*ਕਰਜ਼ ਕੀ ਪੀਤੇ ਥੇ ਮਯ, ਲੇਕਿਨ ਸਮਝਤੇ ਥੇ ਕਿ, ਹਾਂ,*
*ਰੰਗ ਲਾਇਗੀ ਹਮਾਰੀ ਫ਼ਾਕਾ ਮਸਤੀ ਏਕ ਦਿਨ।*

ਮਰਨ ਲੱਗਿਆਂ ਗ਼ਾਲਿਬ ਨੇ ਕਿਹਾ ਸੀ ਬੇਸ਼ੱਕ ਹੱਥਾਂ ਵਿਚ ਹਰਕਤ ਨਹੀਂ ਪਰ ਅਜੇ ਅੱਖਾਂ ਵਿਚ ਤਾਕਤ ਹੈ। ਇਹ ਵੇਖ ਸਕਦੀਆਂ ਹਨ। ਸ਼ਰਾਬ ਦਾ ਪਿਆਲਾ

ਅਜੇ ਮੇਰੇ ਸਾਹਮਣੇ ਰਹਿਣ ਦਿਉ, ਅੰਤਮ ਸਮੇਂ ਵੀ ਉਸਦੇ ਮੂੰਹੋਂ ਰੱਬ ਦਾ ਨਾਂ ਨਹੀਂ ਨਿਕਲਿਆ। ਜੋ ਸਾਰੀ ਉਮਰ ਸ਼ਰਾਬ ਦੇ ਬੰਧਨ ਵਿਚ ਰਿਹਾ ਹੈ ਅੰਤਮ ਸਮੇਂ ਅੰਮ੍ਰਿਤ ਦੀ ਗੱਲ ਕਿਵੇਂ ਕਰੇਗਾ। ਕਹਿਣ ਲੱਗਾ–

*ਗੋ ਹਾਥ ਮੇਂ ਜ਼ੁੰਬਸ਼ ਨਹੀਂ ਆਂਖੋਂ ਮੇਂ ਤੋ ਦਮ ਹੈ*
*ਰਹਿਨੇ ਦੋ ਅਭੀ ਸਾਗਰੋ ਮੀਨਾ ਮੇਰੇ ਆਗੇ।*

ਥੋੜ੍ਹਾ ਗਾਣਾ ਆ ਗਿਆ, ਵਜਾਣਾ ਆ ਗਿਆ, ਚਿਤ੍ਰ ਬਨਾਣਾ ਆ ਗਿਆ, ਬਸ ਜਦੋਂ ਤਕ ਬੁਰੇ ਤੋਂ ਬੁਰੇ, ਸਿਹਤ ਦਾ ਨਾਸ ਕਰਨ ਵਾਲੇ ਨਸ਼ੇ ਨਾ ਹੋਣ, ਕਹਿੰਦੇ ਹਨ ਅਸੀਂ ਕਲਾਕਾਰ ਹਾਂ ਸਾਡਾ ਮੂਡ ਨਹੀਂ ਬਣਦਾ। ਪਤਾ ਨਹੀਂ ਇਹ ਮੂਡ ਕੀ ਬਲਾ ਹੈ? ਜਿਹੜਾ ਉਦੋਂ ਤੱਕ ਨਹੀਂ ਬਣਦਾ ਜਦੋਂ ਤਕ ਪੂਰੀ ਮੱਤ ਨਾ ਮਾਰੀ ਜਾਏ। ਨਸ਼ੇ ਹਨ ਨਸ਼ਿਆਂ ਤੋਂ ਬਾਅਦ ਅਨੇਕਾਂ ਅਵਗੁਣ ਹਨ, ਜਿਹੜੇ ਕਿ ਗੁਣਵਾਨ ਬੰਦਿਆਂ ਨੂੰ ਚਿੰਬੜੇ ਹੋਏ ਹਨ।

ਪਰ ਧੰਨ ਹਨ ਗੁਰੂ ਅਰਜਨ ਦੇਵ ਜੀ, ਗੁਣ ਸਾਰੇ ਹੀ ਹਨ, ਸਰਵ ਗੁਣ ਸੰਪੰਨ ਹਨ, ਗੁਣਾਂ ਦਾ ਭੰਡਾਰ ਹਨ । ਪਰ ਅਵਗੁਣ ਕੋਈ ਨਹੀਂ।

ਰੱਬੀ ਕਵੀ ਹਨ। ਐਸੇ ਕਵੀ ਤਾਂ ਬਹੁਤ ਹਨ ਜਿਨ੍ਹਾਂ ਬਾਰੇ ਅਸੀਂ ਪਹਿਲੇ ਵੀਚਾਰ ਕੀਤੀ ਹੈ। ਕਿ ਜਦੋਂ ਤੱਕ ਨਸ਼ਾ ਨਾ ਹੋਵੇ ਸਾਨੂੰ ਕਵਿਤਾ ਹੀ ਨਹੀਂ ਉਤਰਦੀ। ਪਰ ਧੰਨ ਹਨ ਸਤਿਗੁਰੂ, ਕਹਿੰਦੇ ਹਨ ਜਦੋਂ ਅਕਾਲ ਪੁਰਖ ਨਾਲ ਸੁਰਤ ਜੁੜਦੀ ਹੈ ਤਾਂ ਉਹ ਆਪ ਸਾਡੇ ਵਿਚੋਂ ਬੋਲਦਾ ਹੈ ਨਹੀਂ ਤਾਂ ਮੈਨੂੰ ਤਾਂ ਬੋਲਣਾ ਵੀ ਨਹੀਂ ਆਉਂਦਾ।

*ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।*

ਫਿਰ ਬਾਣੀ ਕਿੰਨੀ ਕੁ ਉਚਾਰੀ ਹੈ, (੨੩੧੨) ਸ਼ਬਦ ਉਨ੍ਹਾਂ ਦੇ ਉਚਾਰਨ ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਜਦੋਂ ਜਨਮ ਹੋਇਆ ਸੀ ਤਾਂ ਗੁਰੂ ਅਮਰਦਾਸ ਜੀ ਨੂੰ ਦੱਸਿਆ ਗਿਆ। ਦੱਸਣ ਵਾਲੇ ਨੇ ਕਿਹਾ ਮੁਬਾਰਕਾਂ ਹੋਣ ਦੋਹਤਾ ਆਇਆ ਜੇ। ਵੇਖਿਆ, ਤੇ ਵੇਖਿਆ ਗੁਰੂ ਅਮਰਦਾਸ ਜੀ ਨੇ ਦਿਬ ਦ੍ਰਿਸ਼ਟੀ ਨਾਲ, ਤੇ ਕਹਿ ਦਿੱਤਾ, ਦੋਹਿਤਾ ਬਾਣੀ ਦਾ ਬੋਹਿਥਾ। ਬਾਣੀ ਕਾਵਿ ਵਿਚ ਹੈ, ਗੁਰੂ ਅਰਜਨ ਦੇਵ ਕਾਵਿ ਦੇ ਬਾਦਸ਼ਾਹ ਹਨ। ਉਹ ਮਹਾਨ ਸੰਗੀਤਕਾਰ ਸਨ। ਆਮ ਕਰਕੇ ਸੰਗੀਤਕਾਰ ਦਾ ਸੁਭਾਅ ਹੈ ਬੜੀ ਛੇਤੀ ਨਾਰਾਜ਼ ਹੋ ਜਾਣਾ। ਜ਼ਰਾ ਮਾਨ ਮਨਮਾਨ ਘੱਟ ਮਿਲਿਆ ਜਾਂ ਪੈਸੇ ਘੱਟ ਮਿਲੇ ਨਰਾਜ਼ ਹੋ ਜਾਣਾ। ਇਹੀ ਕਾਰਨ ਸੀ ਕਿ ਸੰਗੀਤ ਬਜ਼ਾਰ ਵਿਚ ਵਿਕਣ ਲਗ ਪਿਆ। ਪਰ ਗੁਰੂ ਅਰਜਨ ਦੇਵ ਜੀ ਨੇ ਸੰਗੀਤ ਨੂੰ, ਰਾਗ ਨੂੰ ਉਸਦੀ ਸਹੀ ਥਾਂ ਦਿੱਤੀ। ਕੀਰਤਨ ਦੀ ਦਾਤ ਉਨ੍ਹਾਂ ਨੇ ਸਿੱਖਾਂ ਨੂੰ ਬਖਸ਼ੀ। ਆਪ ਸਿਰੰਦੇ ਨਾਲ ਬੜਾ ਸੁੰਦਰ ਕੀਰਤਨ ਕਰਦੇ ਸਨ। ਜੇ ਕਿਤੇ ਕੀਰਤਨੀਏ ਨਰਾਜ਼ ਹੋਏ ਤਾਂ ਸਿਆਣਿਆਂ ਵਾਂਗੂੰ ਪਿਆਰ ਦਾ ਥੱਪੜ ਵੀ ਮਾਰ ਦਿੱਤਾ। ਤੇ ਫਿਰ

ਛਾਤੀ ਨਾਲ ਵੀ ਲਗਾ ਲਿਆ ਤੇ ਸਦਾ ਲਈ ਅਮਰ ਕਰ ਦਿੱਤਾ। ਤੇ ਕਿਹਾ ਇਹ ਰੱਬੀ ਗੁਣ ਹੈ। ਇਹ ਅਮੁੱਲ ਦਾਤ ਹੈ। ਅਮੁੱਲ ਦਾ ਮੁੱਲ ਨਹੀਂ ਪਾਉਣਾ। ਅਮੁੱਲ ਨੂੰ ਅਮੁੱਲ ਹੀ ਰਹਿਣ ਦਿਉ। ਉਹ ਕੈਸੇ ਮਹਾਨ ਚਿਤ੍ਰਕਾਰ ਸਨ। ਹਰਿਮੰਦਰ ਸਾਹਿਬ ਦਾ ਅਕਾਰ ਉਨ੍ਹਾਂ ਦੇ ਦਿਮਾਗ਼ ਵਿਚੋਂ ਹੀ ਮੂਰਤੀਮਾਨ ਹੋਇਆ ਸੀ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੋ ਸੰਪਾਦਨਾ ਕੀਤੀ ਹੈ, ਇਹ ਕਿੰਨਾਂ ਮਹਾਨ ਕੰਮ ਹੈ। ਕਿੰਨੀ ਦੂਰ ਦ੍ਰਿਸ਼ਟੀ ਹੈ, ਜੋ ਗੱਲ ਦਸਵੇਂ ਜਾਮੇ ਵਿਚ ਕਹਿਣੀ ਸੀ ਕਿ-

*ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ।*

ਉਸਦੀ ਬੁਨਿਆਦ ਕਿੰਨਾ ਚਿਰ ਪਹਿਲਾਂ ਹੀ ਰੱਖ ਦਿਤੀ ਹੈ। ਅੱਜ ਅਸੀਂ ਅੰਦਾਜ਼ਾ ਲਾਈਏ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੀ ਚੁਨਣਾ ਹੁੰਦਾ ਹੈ ਤਾਂ ਕਿੰਨੇ ਕਲੇਸ਼ ਖੜ੍ਹੇ ਹੋ ਜਾਂਦੇ ਹਨ। ਜੇ ਸਾਨੂੰ ਗੁਰੂ ਵੀ ਨਵੇਂ ਤੋਂ ਨਵਾਂ ਚੁਨਣਾ ਪੈਂਦਾ ਤਾਂ ਕਿੰਨੀ ਮੁਸ਼ਕਿਲ ਹੁੰਦੀ। ਸਚਖੰਡ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਨੇ ਕੌਮ ਦੀ ਜਥੇਬੰਦੀ ਨੂੰ ਮਜ਼ਬੂਤ ਕੀਤਾ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸਿੱਖ ਨੂੰ ਸਦਾ ਵਾਸਤੇ ਮਾਨਸਿਕ ਤੌਰ 'ਤੇ ਅਡੋਲ ਕਰ ਦਿੱਤਾ ਹੈ। ਜਿਸ ਤਰਤੀਬ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਹੈ। ਇਹ ਕੋਈ ਰੱਬੀ ਕਵੀ ਜਾਂ ਇਲਾਹੀ ਸੰਗੀਤਕਾਰ ਹੀ ਕਰ ਸਕਦਾ ਹੈ ਜਿਸ ਵਿਚ ਏਨੀ ਨਿਮਰਤਾ ਹੋਵੇ ਕਿ ਏਡੇ ਮਹਾਨ ਕਾਰਜ ਤੋਂ ਬਾਅਦ ਸ਼ੁਕਰਾਨਾ ਕਰਦੇ ਹਨ ਕਿ ਹੇ ਪ੍ਰਮਾਤਮਾ—

*ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥*
*ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥*
*ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥*
*ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥* *(ਸਲੋਕ ਮ: ੫)*

ਅੱਜ ਵੇਖ ਕੇ ਹੈਰਾਨਗੀ ਹੁੰਦੀ ਹੈ ਕਿ ਜਦੋਂ ਅੱਜ ਵਾਲੇ ਵਿਗਿਆਨਕ ਸਾਧਨ ਨਹੀਂ ਸਨ ਹਰ ਕੰਮ ਹੱਥੀਂ ਹੀ ਕਰਨਾ ਪੈਂਦਾ ਸੀ ਉਸ ਵੇਲੇ ਏਡੇ ਕੰਮ ਉਨ੍ਹਾਂ ਕਿਵੇਂ ਕਰ ਦਿੱਤੇ ਹਨ। ਗੁਰੂ ਅਰਜਨ ਦੇਵ ਜੀ ਦਾ ਪ੍ਰਮਾਤਮਾ ਨਾਲ ਪਿਆਰ ਸੀ, ਉਨ੍ਹਾਂ ਵੀ ਪ੍ਰਮਾਤਮਾ ਨੂੰ ਨਹੀਂ ਵਿਸਾਰਿਆ। ਜਿਵੇਂ ਚੰਗੀ ਕੁਲ ਦੀ ਮੱਛੀ, ਪਾਣੀ ਤੋਂ ਬਿਨਾਂ ਮਰ ਜਾਂਦੀ ਹੈ। ਉਸਦਾ ਜੀਵਨ ਪਾਣੀ ਵਿਚ ਹੀ ਹੈ।

*ਰਹਿੰਦੇ ਗੁਰ ਦਰੀਆਉ ਵਿਚ ਮੀਨ ਕੁਲੀਨ ਹੇਤ ਨਿਰਬਾਣੀ।* *(ਭਾ: ਗੁਰਦਾਸ)*

ਇਹੀ ਕਾਰਨ ਹੈ ਕਿ ਰੱਬੀ ਪਿਆਰ ਨਾਲ ਉਹ ਭਰਪੂਰ ਸਨ। ਉਨਾਂ ਰੱਬ ਨੂੰ ਵੀ ਪਿਆਰ ਕੀਤਾ ਤੇ ਰੱਬ ਦੇ ਬੰਦਿਆਂ ਨੂੰ ਵੀ ਪਿਆਰ ਕੀਤਾ। ਉਨ੍ਹਾਂ ਜਗਤ ਨੂੰ ਦੱਸ ਦਿੱਤਾ ਸੀ ਕਿ ਜਿਨ੍ਹਾਂ ਨੇ ਰੱਬ ਦੇ ਬੰਦਿਆਂ ਤੋਂ ਨਫਰਤ ਕੀਤੀ ਹੈ, ਉਨ੍ਹਾਂ ਨੇ ਰੱਬ ਦੇ ਬੰਦਿਆਂ ਤੇ ਜ਼ੁਲਮ ਵੀ ਕੀਤਾ ਹੈ। ਐਸੇ ਪ੍ਰਹੇਜ਼ਗਾਰਾਂ ਨੇ ਬੜੇ ਗੁਨਾਹ ਕੀਤੇ

ਹਨ। ਉਨਾਂ ਤੋਂ ਸਤਾਏ ਹੋਏ ਬੰਦਿਆਂ ਨੂੰ ਕਹਿਣਾ ਪਿਆ। ਜੈਸਾ ਕਿ ਇਕ ਅਦੀਬ ਕਹਿੰਦੇ ਹਨ-

*ਉਤਨੇ ਗੁਨਾਹ ਰਿੰਦ ਨਹੀਂ ਕਰਤੇ, ਜਿਤਨੇ ਪ੍ਰਹੇਜ਼ਗਾਰ ਕਰਤੇ ਹੈਂ।*
*ਹਮ ਤੇਰੀ ਬੰਦਗੀ ਕਰੇਂ ਯਾ ਨਾ, ਤੇਰੇ ਬੰਦੋਂ ਸੇ ਪਿਆਰ ਕਰਤੇ ਹੈਂ।*

ਇਸ ਵਿਦਵਾਨ ਨੇ ਬੰਦਿਆਂ ਨਾਲ ਪਿਆਰ ਕਰਨ ਵਾਲੀ ਗੱਲ ਚੰਗੀ ਕਹੀ ਹੈ। ਪਰ ਬੰਦਗੀ ਤੋਂ ਮੂੰਹ ਮੋੜਨ ਵਾਲਾ ਬੰਦਾ ਉਸਦੇ ਬੰਦਿਆਂ ਨਾਲ ਪਿਆਰ ਕਰੇਗਾ ਜਾਂ ਉਸਦਾ ਇਹ ਕਹਿਣਾ ਸਿਰਫ ਕਾਵਿ ਰਚਨਾ ਦਾ ਤਖੀਯੱਲ ਹੀ ਹੋਵੇਗਾ, ਇਹ ਸੋਚਣ ਵਾਲੀ ਗੱਲ ਹੈ ਗੁਰੂ ਅਰਜਨ ਦੇਵ ਜੀ ਨੇ ਉਸ ਪ੍ਰਮਾਤਮਾ ਨਾਲ ਵੀ ਪਿਆਰ ਕੀਤਾ ਹੈ। ਤੇ ਉਸਦੇ ਬੰਦਿਆਂ ਨਾਲ ਵੀ ਪਿਆਰ ਕੀਤਾ ਹੈ। ਇਸ ਦਾ ਪ੍ਰਤੱਖ ਤੌਰ 'ਤੇ ਸਬੂਤ ਸਾਡੇ ਸਾਹਮਣੇ ਹੈ ਕਿ ਉਨ੍ਹਾਂ ਦੇ ਇਕ ਇਸ਼ਾਰੇ ਤੇ ਲੱਖਾਂ ਬੰਦੇ ਸੇਵਾ ਵਿਚ ਆ ਹਾਜ਼ਰ ਹੁੰਦੇ ਹਨ। ਜਿਹੜੇ ਕੰਮ ਮੁਗ਼ਲੀਆ ਹਕੂਮਤ ਨੇ ਮਜ਼ਦੂਰਾਂ ਨੂੰ ਕੋੜੇ ਮਾਰ ਮਾਰ ਕੇ ਤੇ ਅਨੇਕਾਂ ਦੀਆਂ ਜਾਨਾਂ ਲੈ ਕੇ ਪੂਰੇ ਕੀਤੇ ਐਸੇ ਕੰਮ ਗੁਰੂ ਅਰਜਨ ਦੇਵ ਜੀ ਦੀ ਪਿਆਰ ਭਰੀ ਨਜ਼ਰ ਨਾਲ ਹੀ ਸੰਗਤਾਂ ਨੇ ਕਰ ਦਿੱਤੇ ਹਨ। ਦਿਨ ਭਰ ਦਾ ਥੱਕਿਆਂ ਹੋਇਆ ਸੇਵਾਦਾਰ ਜਦੋਂ ਸਤਿਗੁਰੂ ਦੇ ਪਾਸ ਆਉਂਦਾ ਹੈ ਤੇ ਸਤਿਗੁਰੂ ਪਿਆਰ ਨਾਲ ਸਿਰ ਤੇ ਹੱਥ ਰਖ ਦਿੰਦੇ ਹਨ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਦੇ ਹਨ ਸੇਵਾਦਾਰ ਦੀ ਇਕ ਦਿਨ ਦੀ ਕੀ ਜਨਮਾਂ ਜਨਮਾਂ ਦੀ ਥਕਾਵਟ ਦੂਰ ਹੋ ਜਾਂਦੀ ਹੈ। ਸਿਆਣੇ ਵੈਦ ਵਾਂਗੂੰ ਉਨ੍ਹਾਂ ਨੂੰ ਸਿਖਾਂ ਦਾ ਮਾਨਸਿਕ ਇਲਾਜ ਕਰਨਾ ਵੀ ਆਉਂਦਾ ਸੀ। ਜਦੋਂ ਕੁਝ ਸਿੱਖਾਂ ਦੇ ਮਨ ਵਿਚ ਆਈ ਕਿ ਅਸੀ ਧਨ ਵੀ ਦਿੰਦੇ ਹਾਂ ਤੇ ਹੱਥੀਂ ਸੇਵਾ ਵੀ ਕਰਦੇ ਹਾਂ ਗੁਰੂ ਅਰਜਨ ਦੇਵ ਦੀਆਂ ਸਾਨੂੰ ਦੂਸਰਿਆਂ ਤੋਂ ਵੱਧ ਖੁਸ਼ੀਆਂ ਪ੍ਰਾਪਤ ਹੋਣਗੀਆਂ। ਗੁਰੂ ਸਾਹਿਬ ਤਾਂ ਸਭ ਨੂੰ ਖੁਸ਼ੀਆਂ ਪ੍ਰਦਾਨ ਕਰ ਹੀ ਰਹੇ ਸਨ। ਪਰ ਮੇਰੇ ਪਿਆਰਿਆਂ ਦੀ ਘਾਲਣਾ ਨੂੰ ਕੋਈ ਅੰਦਰ ਦਾ ਲੁਟੇਰਾ, ਹੰਕਾਰ ਲੁਟੇਰਾ ਨਾ ਲੁੱਟ ਲਵੇ ਸਿੱਖਾਂ ਨੂੰ ਸੁਚੇਤ ਕਰ ਦਿੱਤਾ ਸੀ।

ਬਾਬਾ ਬੁੱਢਾ ਸਾਹਿਬ ਜੀ ਨੂੰ ਕਹਿ ਦਿੱਤਾ ਸੀ ਕਿ ਅੱਜ ਸੰਗਤਾਂ ਨੂੰ ਕਥਾ ਤੁਸੀਂ ਸੁਣਾਉ ਕਿ ਸਿੱਖੀ ਕੀ ਹੈ? ਜਦੋਂ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਪਰਖੀ ਸੀ ਤਾਂ ਕਿੰਨੇ ਕੁ ਸਿੱਖ ਨਿਤਰੇ ਸਨ? ਜਦੋਂ ਬਾਬਾ ਜੀ ਨੇ ਭਾਈ ਲਹਿਣਾ ਜੀ ਦੀ ਸਾਖੀ ਸੁਣਾਈ, ਤਾਂ ਸਾਰੇ ਹੀ ਕਹਿਣ ਲੱਗ ਪਏ ਧੰਨ ਹੈ ਸਿੱਖੀ। ਸਾਰਿਆਂ ਦੇ ਮਨ ਸ਼ੁੱਧ ਸੋਨੇ ਵਰਗੇ ਹੋ ਗਏ। ਸਤਿਗੁਰਾਂ ਦੇ ਇਕ ਇਸ਼ਾਰੇ ਤੋਂ ਹਜ਼ਾਰਾਂ ਸਿੱਖ ਜਾਨਾਂ ਕੁਰਬਾਨ ਕਰਨ ਵਾਸਤੇ ਤਿਆਰ ਸਨ। ਸੇਵਾਦਾਰਾਂ ਨਾਲ ਮਿਲ ਕੇ ਸਾਹਿਬਾਂ ਨੇ ਇਡਾ ਵੱਡਾ ਕਾਰਜ ਕਰਕੇ ਵੀ ਕਿਹਾ, ਕਿ ਹੇ ਪ੍ਰਮਾਤਮਾ! ਮੈਂ ਤੇਰਾ ਕੀਤਾ ਨਹੀਂ ਜਾਣਿਆ, ਤੂੰ

ਮੈਨੂੰ ਏਨਾ ਯੋਗ ਬਣਾ ਦਿੱਤਾ ਹੈ। ਇਡਾ ਵੱਡਾ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਹਰਿਮੰਦਰ ਸਾਹਿਬ ਦੀ ਉਸਾਰੀ, ਸਰੋਵਰ ਦਾ ਪੱਕਾ ਹੋਣਾ, ਹੋਰ ਅਸਥਾਨਾਂ ਦੀਆਂ ਸੇਵਾਵਾਂ, ਏਨੇ ਕੰਮ ਇਹ ਮੇਰੇ ਨਹੀਂ ਇਹ ਕੰਮ ਤੇਰੇ ਹਨ। ਬੰਦੇ ਦਾ ਆਮ ਕਰਕੇ ਸੁਭਾਅ ਹੈ ਕਿ ਦੂਸਰਿਆਂ ਦੇ ਕੰਮਾਂ ਨੂੰ ਵੀ ਇਹ ਆਪਣੇ ਨਾਲ ਜੋੜਦਾ ਹੈ। ਕਿ ਜੇ ਮੈਂ ਨਾ, ਹੁੰਦਾਂ ਤਾਂ ਕੋਈ ਬੰਦਾ ਇਸ ਕੰਮ ਨੂੰ ਸਿਰੇ ਹੀ ਨਹੀਂ ਸੀ ਚਾੜ੍ਹ ਸਕਦਾ। ਅੰਦਰਖਾਤੇ ਇਸ ਦੀ ਮੈਂ ਹੀ ਇਮਦਾਦ ਕੀਤੀ ਹੈ। ਪਰ ਗੁਰੂ ਅਰਜਨ ਦੇਵ ਜੀ ਹਰ ਕੀਤੇ ਕੰਮ ਦੀ ਵਡਿਆਈ ਪ੍ਰਮਾਤਮਾ ਨਾਲ ਜੋੜਦੇ ਹਨ। ਪ੍ਰਮਾਤਮਾ ਦੀ ਮਹਿਮਾ ਹੈ—

*ਸੰਤਾ ਕੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ॥* (ਸੂਹੀ ਮ: ੫, ਪੰਨਾ ੭੮੩)

ਉਹ ਵਡਿਆਈ ਸਾਧ ਸੰਗਤ ਨੂੰ ਦਿੰਦੇ ਹਨ। ਬਾਣੀ ਹੀ ਗੁਰੂ ਹੈ ਜਿਸ ਨਾਲ ਸਾਡੇ ਗੁਣ ਬਚੇ ਰਹਿ ਸਕਦੇ ਹਨ। ਅਸੀਂ ਗੁਣਾਂ ਨੂੰ ਆਪਣੇ ਨਾਲ ਨਾ ਜੋੜੀਏ। ਗੁਣਾਂ ਨੂੰ ਪ੍ਰਮਾਤਮਾ ਦੀ ਦਾਤ ਸਮਝੀਏ, ਨਾਲ ਇਹ ਵੀ ਸਮਝੀਏ ਕਿ ਗੁਣ ਸਾਡੇ ਨਹੀਂ, ਸਾਡੇ ਵਿਚ ਹਨ। ਇਹ ਗੁਣ ਦਾਤੇ ਦੀ ਮਿਹਰ ਹੈ ਪਰ ਸਾਡੇ ਨਹੀਂ। ਜੇ ਅਸੀਂ ਗੁਣਾਂ ਦਾ ਹੰਕਾਰ ਕਰਾਂਗੇ ਤੇ ਉਸਦੀ ਅਮਾਨਤ ਵਿਚ ਖਿਆਨਤ ਕਰਨ ਵਾਲੀ ਗੱਲ ਹੋਵੇਗੀ। ਫਿਰ ਉਹ ਆਪਣੇ ਗੁਣ ਸਾਡੇ ਪਾਸੋਂ ਵਾਪਸ ਵੀ ਲੈ ਸਕਦਾ ਹੈ। ਗੁਰੂ ਅਰਜਨ ਦੇਵ ਜੀ ਸਾਰੇ ਗੁਣਾਂ ਨਾਲ ਭਰਪੂਰ ਸਨ। ਉਨ੍ਹਾਂ ਬਾਣੀ ਵਿਚ ਫ਼ੁਰਮਾਇਆ ਹੈ—

*ਸਭ ਗੁਣ ਕਿਸਹੀ ਨਾਹਿ ਹਰਿ ਪੂਰ ਭੰਡਾਰੀਆ।* (ਗਉੜੀ ਮ: ੫, ਪੰਨਾ ੨੪੧)

ਸਾਨੂੰ ਕਹਿਣਾ ਪਵੇਗਾ ਕਿ ਰੱਬ ਜੇ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿਚ ਬੈਠਾ ਹੈ ਤਾਂ ਐਸਾ ਨਹੀਂ ਕਿ ਆਪਣੇ ਗੁਣ ਕਿਤੇ ਬਾਹਰ ਰਖ ਕੇ ਖਾਲੀ ਆ ਕੇ ਬੈਠ ਗਿਆ ਹੈ। ਨਹੀਂ, ਪ੍ਰਮਾਤਮਾ ਗੁਣਾਂ ਸਹਿਤ ਹੀ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿਚ ਆ ਕੇ ਬੈਠਾ ਹੈ। ਇਹੀ ਕਾਰਨ ਹੈ ਕਿ ਗੁਰੂ ਅਰਜਨ ਦੇਵ ਜੀ ਵਿਚ ਸਾਰੇ ਗੁਣ ਹਨ। ਮਥਰਾ ਭੱਟ ਫ਼ਰਮਾਉਂਦੇ ਹਨ-

*ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਓ ॥*
(ਪੰਨਾ ੧੪੦੯)

ਐਸਾ ਪੂਰਨ ਪ੍ਰਮਾਤਮਾ ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿਚ ਵਸਦਾ ਹੈ. ਇਸੇ ਲਈ ਉਹ ਸਰਬ ਗੁਣ ਸੰਪੰਨ, ਤੇ ਸਰਬ ਕਲਾ ਸਮਰੱਥ ਗੁਰੂ ਹਨ।

■ ■ ■

## ੨੦

# ਸੱਚੀ ਸ਼ਹਾਦਤ

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਜ਼ਿੰਮੇਵਾਰ ਖ਼ੁਦ ਜਹਾਂਗੀਰ ਬਾਦਸ਼ਾਹ ਹੈ, ਇਸ ਵਿਚ ਹੁਣ ਵਿਦਵਾਨਾਂ ਦੀਆਂ ਦੋ ਰੈਆਂ ਨਹੀਂ। ਸਾਰੇ ਇਸ ਗੱਲ ਨਾਲ ਸਹਿਮਤ ਹਨ। ਸ਼ੇਖ ਫਰੀਦ ਬੁਖਾਰੀ ਜੋ ਬਾਅਦ ਵਿਚ ਮੁਰਤਜ਼ਾ ਖ਼ਾਂ ਦੇ ਖਿਤਾਬ ਨਾਲ ਨਿਵਾਜਿਆ ਗਿਆ ਸੀ। ਸ਼ੇਖ ਅਹਿਮਦ ਸਰਹਿੰਦੀ ਜੋ ਸੂਫੀਆਂ ਦੇ ਨਕਸ਼ਬੰਦੀ ਸਿਲਸਿਲੇ ਵਿਚੋਂ ਸੀ ਦੀਵਾਨ ਚੰਦੂ ਲਾਲ ਜੋ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਗੁਰੂ ਹਰਿਗੋਬਿੰਦ ਜੀ ਨਾਲ ਰਿਸ਼ਤਾ ਸਿਰੇ ਨਾ ਚੜ੍ਹਨ ਕਰਕੇ ਨਰਾਜ਼ ਸੀ ਯਥਾ ਸ਼ਕਤ ਇਨ੍ਹਾਂ ਸਾਰਿਆਂ ਵਿਰੋਧਤਾ ਕੀਤੀ ਸੀ। ਸ਼ਹਾਦਤ ਵਿਚ ਇਨ੍ਹਾਂ ਤੋਂ ਇਲਾਵਾ ਹੋਰ ਵੀ ਕੋਈ, ਹੋ ਸਕਦਾ ਹੈ। ਗੁਰੂ ਘਰ ਦੇ ਦੋਖੀਆਂ ਦਾ ਹੱਥ ਹੋਵੇ ਜਿਨ੍ਹਾਂ ਬਾਰੇ ਇਤਿਹਾਸਕਾਰਾਂ ਵਾਕਫੀ ਨਹੀਂ ਦਿੱਤੀ ਪਰ ਮੂਲ ਕਾਰਨ ਜਹਾਂਗੀਰ ਆਪ ਸੀ। ਜਹਾਂਗੀਰ ਉਨ੍ਹਾਂ ਫਕੀਰਾਂ ਦੀ ਕਦਰ ਕਰਦਾ ਸੀ ਜਿਹੜੇ ਤਿਆਗੀ ਸੁਭਾਅ ਦੇ ਸਨ। ਭੁੱਖੇ ਰਹਿਣ, ਨੰਗੇ ਰਹਿਣ, ਜੰਗਲਾਂ, ਪਹਾੜਾਂ ਵਿਚ ਰਹਿਣ, ਐਸਾ ਨਹੀਂ ਕਿ ਇਹ ਬੰਦਗੀ ਬਾਰੇ ਕੁਝ ਸਮਝਦਾ ਸੀ, ਨਹੀਂ ਐਸਾ ਨਹੀਂ ਸੀ। ਧਰਮ ਵਲੋਂ ਇਹ ਕੁਝ ਵੀ ਨਹੀਂ ਸੀ ਜਾਣਦਾ ਪਰ ਮਜ਼ਹਬੀ ਬੰਦਿਆਂ ਦਾ ਸਾਥ ਇਸ ਨੂੰ ਚਾਹੀਦਾ ਸੀ। ਸ਼ਰਈ ਮੁਸਲਮਾਨਾਂ ਨੂੰ ਖੁਸ਼ ਕਰਨਾ ਇਸਦੀ ਰਾਜਨੀਤੀ ਸੀ। ਤਿਆਗੀ ਫ਼ਕੀਰਾਂ ਨੂੰ ਕਿਉਂ ਚੰਗਾ ਕਹਿੰਦਾ ਸੀ। ਇਹ ਸਮਝਦਾ ਸੀ ਇਹ ਮਰੇ ਮੁੱਕੇ ਲੋਕ ਹਨ, ਇਨ੍ਹਾਂ ਪਾਸੋਂ ਮੇਰੇ ਰਾਜ ਨੂੰ ਕੋਈ ਖਤਰਾ ਨਹੀਂ। ਰਾਜਿਆਂ ਨੂੰ ਕੰਗਾਲ ਫਕੀਰ ਹੀ ਚੰਗੇ ਲਗਦੇ ਹਨ। ਉਨ੍ਹਾਂ ਦੇ ਹੁੰਦਿਆਂ ਇਨ੍ਹਾਂ ਦੀ ਸ਼ਾਨ ਵਿਚ ਫਰਕ ਨਹੀਂ ਪੈਂਦਾ। ਪਰ ਕੋਈ ਐਸਾ ਫ਼ਕੀਰ ਹੋਵੇ ਜਿਸਦੇ ਸਾਹਮਣੇ ਆਦਰ ਸਤਿਕਾਰ ਨਾਲ ਹਰ ਬੰਦਾ ਮੱਥਾ ਟੇਕਦਾ ਹੋਵੇ ਤੇ ਉਸਨੂੰ ਦੀਨ ਦੁਨੀ ਦਾ ਆਗੂ ਕਹਿੰਦਾ ਹੋਵੇ ਜਿਸਦੇ ਸਾਹਮਣੇ ਬਾਦਸ਼ਾਹੀ ਸ਼ਾਨ ਫਿੱਕੀ ਪੈ ਜਾਵੇ, ਐਸੇ ਫ਼ਕੀਰ ਨੂੰ ਬਾਦਸ਼ਾਹ ਕਿਵੇਂ ਬਰਦਾਸ਼ਤ ਕਰ ਸਕਦਾ ਹੈ? ਫ਼ਕੀਰਾਂ ਵਿਚੋਂ ਸਾਈਂ ਮੀਆਂ ਮੀਰ ਦਾ ਬੜਾ ਸਨਮਾਨ ਸੀ। ਇਸਦੇ ਕੋਲ ਹਰ ਅਮੀਰ ਮੁਸਲਮਾਨ ਹੀ ਨਹੀਂ ਸਗੋਂ ਬਾਦਸ਼ਾਹ ਆਪ ਚੱਲ ਕੇ

ਆਉਂਦੇ ਸਨ। ਬੜੇ ਬੜੇ ਪ੍ਰਸਿੱਧ ਪੀਰ ਇਸ ਦੀ ਕਦਮ ਬੋਸੀ ਕਰਨ ਵਾਸਤੇ ਲਾਹੌਰ ਆਉਂਦੇ ਸਨ। ਜਹਾਂਗੀਰ ਇਸ ਗੱਲੋਂ ਵੀ ਬੜਾ ਔਖਾ ਸੀ। ਇਹ ਜਾਏ ਤੇ ਮੀਆਂ ਮੀਰ ਦਰਵਾਜ਼ਾ ਵੀ ਨਾ ਖੋਲ੍ਹੇ, ਇਸਦੇ ਸੱਦੇ ਨੂੰ ਵੀ ਠੁਕਰਾ ਦੇਵੇ, ਇਸਨੂੰ ਬੱਚਿਆਂ ਵਾਂਗੂੰ ਝਾੜ ਕੇ ਬਿਠਾ ਦੇਵੇ ਪਰ ਉਹੋ ਮੀਆਂ ਮੀਰ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੇ ਪਾਸ ਆ ਕੇ ਠਹਿਰਨ ਅਤੇ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ। ਅਤੇ ਜਦੋਂ ਗੁਰੂ ਅਰਜਨ ਦੇਵ ਲਾਹੌਰ ਜਾਣ ਉਹ ਫ਼ਕੀਰ ਸਾਈਂ ਮੀਆਂ ਮੀਰ ਆਪ ਲੈਣ ਆਉਣ। ਸਤਿਗੁਰੂ ਦੀ ਸ਼ਹਿਨਸ਼ਾਹੀ ਅੱਗੇ ਜਹਾਂਗੀਰ ਦੀ ਪਾਤਸ਼ਾਹੀ ਫਿੱਕੀ ਪੈ ਗਈ ਸੀ। ਭਾਈ ਗੁਰਦਾਸ ਜੀ ਦਾ ਇਹ ਲਿਖਣਾ—

*ਸਤਿਗੁਰ ਸਚਾ ਪਾਤਸ਼ਾਹ*
*ਕੂੜੇ ਪਾਤਸ਼ਾਹ ਦੁਨੀਆਵੇ।*

ਉਸ ਵੇਲੇ ਦੇ ਸਿੱਖਾਂ ਦੇ ਮਨੋ ਭਾਵ ਦਾ ਪ੍ਰਗਟਾਵਾ ਹੈ। ਸਿੱਖ ਤਾਂ ਸਤਿਗੁਰੂ ਨੂੰ ਸੱਚਾ ਪਾਤਸ਼ਾਹ ਕਹਿਣ ਪਰ ਮੀਆਂ ਮੀਰ ਵਰਗਾ ਮਹਾਨ ਫ਼ਕੀਰ ਵੀ ਸੁਖਮਨੀ ਸਾਹਿਬ ਦਾ ਪਾਠ ਕਰੇ ਗੁਰੂ ਅਰਜਨ ਦੇਵ ਜੀ ਦਾ ਇੰਨਾ ਜ਼ਿਆਦਾ ਸਨਮਾਨ ਕਰੇ ਇਸ ਗਲੋਂ ਜਹਾਂਗੀਰ ਔਖਾ ਸੀ। ਫਿਰ ਉਸਦੀ ਲਿਖਤ ਤੋਂ ਇਕ ਗੱਲ ਤਾਂ ਸਾਬਤ ਹੁੰਦੀ ਹੈ, ਕਿ ਸਤਿਗੁਰੂ ਦੇ ਸਿੱਖਾਂ ਵਿਚ ਹਿੰਦੂ ਵੀ ਸਨ, ਮੁਸਲਮਾਨ ਵੀ ਸਨ। ਜਿਨ੍ਹਾਂ ਨੂੰ ਉਹ ਭੋਲੇ ਭਾਲੇ ਮੁਸਲਮਾਨ ਲਿਖਦਾ ਹੈ। ਉਨ੍ਹਾਂ ਵਿਚ ਮੰਜੀਦਾਰ ਅੱਲਾ ਯਾਰ ਵਰਗੇ ਮੁਸਲਮਾਨ ਵੀ ਸਨ ਜੋ ਗੁਰੂ ਅਮਰਦਾਸ ਜੀ ਵੇਲੇ ਸਿੱਖ ਬਣਿਆ ਸੀ। ਇਤਿਹਾਸ ਵਿਚ ਇਹ ਨਹੀਂ ਲਿਖਿਆ ਕਿ ਉਸ ਸਿੱਖ ਨੇ ਕਦੋਂ ਸਰੀਰ ਚੋਲਾ ਛਡਿਆ। ਪਰ ਇਹ ਗੱਲ ਤਾਂ ਸਿੱਧ ਹੈ ਕਿ ਇਕ ਮੁਸਲਮਾਨ ਸਿੱਖ ਹੀ ਨਹੀਂ ਬਣਿਆ, ਸਿੱਖ ਧਰਮ ਦਾ ਮਹਾਨ ਪ੍ਰਚਾਰਕ ਬਣਿਆ ਤੇ ਉਸ ਨੇ ਥਾਂ-ਥਾਂ ਫਿਰ ਕੇ ਸਿੱਖੀ ਦਾ ਪ੍ਰਚਾਰ ਕੀਤਾ ਸੀ। ਮੀਆਂ ਮੀਰ ਬਾਦਸ਼ਾਹ ਨਾਲੋਂ ਗੁਰੂ ਅਰਜਨ ਦੇਵ ਜੀ ਦਾ ਜ਼ਿਆਦਾ ਸਨਮਾਨ ਕਰੇ ਇਹ ਗੱਲ ਜਹਾਂਗੀਰ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਅਸਲ ਵਿਚ ਇਹ ਦੋਹਾਂ ਪਾਤਸ਼ਾਹੀਆਂ ਦੀ ਆਪਸੀ ਟੱਕਰ ਸੀ। ਇਕ ਦੁਨੀਆਂ ਦਾ ਪਾਤਸ਼ਾਹ ਹੈ ਇਕ ਦੀਨ ਦਾ ਪਾਤਸ਼ਾਹ ਹੈ। ਦੁਨੀਆਂ ਸਥੂਲ ਹੈ ਤੇ ਨਾਸ਼ਵਾਨ ਹੈ। ਦੀਨ ਸੂਖਸ਼ਮ ਹੈ ਤੇ ਸਦਾ ਕਾਇਮ ਰਹਿਣ ਵਾਲਾ ਹੈ। ਬਾਦਸ਼ਾਹ ਕੋਲ ਫ਼ੌਜਾਂ ਸਨ, ਧਨ ਸੀ, ਤਾਕਤ ਸੀ। ਪਰ ਗੁਰੂ ਅਰਜਨ ਦੇਵ ਜੀ ਦੇ ਪਾਸ ਸੱਚ ਸੀ। ਇਹ ਸੱਚ ਤੇ ਝੂਠ ਦਾ ਮੁਕਾਬਲਾ ਸੀ। ਮਨੋਵਿਗਿਆਨੀਆਂ ਦੀ ਖੋਜ ਹੈ ਕਿ ਜਿਹੜਾ ਬੰਦਾ ਆਪ ਡਰਿਆ ਹੋਵੇ, ਉਹ ਦੂਸਰੇ ਨੂੰ ਡਰਾਉਂਦਾ ਹੈ। ਦੂਜੇ ਬੰਦੇ ਨੂੰ ਵੇਖ ਕੇ ਕਿਉਂ ਡਰਾਉਂਦਾ ਹੈ। ਅਸਲ ਵਿਚ ਉਹ ਬੰਦਾ ਉਸ ਤੋਂ ਆਪ ਡਰਿਆ ਹੁੰਦਾ ਹੈ ਕਿ ਕਿਤੇ ਮੈਨੂੰ ਨਾ ਮਾਰ ਜਾਵੇ। ਦੁਨੀਆਂ ਦਾ ਬਾਦਸ਼ਾਹ ਆਪ ਡਰਿਆ ਸੀ। ਉਸਨੂੰ ਹਰ ਪਾਸਿਉਂ ਡਰ ਸੀ, ਉਸਨੂੰ ਜਾਨ ਦਾ ਡਰ ਸੀ, ਉਸਨੂੰ ਰਾਜ ਦਾ ਡਰ ਸੀ, ਬਗਾਵਤ ਦਾ ਡਰ ਸੀ। ਚਾਰ ਚੁਫੇਰਿਉਂ ਉਸਨੂੰ ਡਰਾਂ ਨੇ ਘੇਰਿਆ ਹੋਇਆ

ਸੀ। ਪਰ ਧਰਮ ਦੇ ਰਾਜੇ ਗੁਰੂ ਅਰਜਨ ਦੇਵ ਜੀ ਨਿਰਭੈ ਹਨ। ਉਨ੍ਹਾਂ ਨੂੰ ਮੌਤ ਦਾ ਡਰ ਨਹੀਂ, ਉਨ੍ਹਾਂ ਨੂੰ ਅਮਰ ਆਤਮਾ ਦਾ ਅਨੁਭਵ ਹੈ। ਉਨ੍ਹਾਂ ਦੇ ਰਾਜ ਨੂੰ ਕੋਈ ਡਰ ਨਹੀਂ। ਉਨ੍ਹਾਂ ਦੇ ਸੁਖ ਨੂੰ ਕੋਈ ਡਰ ਨਹੀਂ, ਉਨ੍ਹਾਂ ਦੀ ਦੌਲਤ ਨੂੰ ਕੋਈ ਡਰ ਨਹੀਂ। ਜਹਾਂਗੀਰ ਤਾਂ ਡਰਦਾ ਹੈ, ਕਿ ਉਸ ਕੋਲ ਸਭ ਕੁਝ ਹੀ ਨਾਸ਼ਵਾਨ ਹੈ, ਗੁਰੂ ਅਰਜਨ ਦੇਵ ਜੀ ਤਾਂ ਨਹੀਂ ਡਰਦੇ ਕਿ ਉਨ੍ਹਾਂ ਪਾਸ ਸਭ ਕੁਝ ਹੀ ਅਮਰ ਹੈ। ਫਿਰ ਜਿਹੜਾ ਡਰਦਾ ਨਹੀਂ ਉਹ ਕਿਸੇ ਨੂੰ ਡਰਾਉਂਦਾ ਵੀ ਨਹੀਂ। ਉਨ੍ਹਾਂ ਦਾ ਫ਼ਰਮਾਨ ਹੈ ਕਿ—

*ਨਾ ਓਹੁ ਮਰਤਾ ਨਾ ਹਮ ਡਰਿਆ॥ ਨਾ ਓਹੁ ਬਿਨਸੈ ਨਾ ਹਮ ਕੜਿਆ॥*
*ਨਾ ਓਹੁ ਨਿਰਧਨੁ ਨਾ ਹਮ ਭੂਖੇ॥ ਨਾ ਓਸੁ ਦੂਖੁ ਨਾ ਹਮ ਕਉ ਦੂਖੇ॥*
*(ਆਸਾ ਮ: ੫, ਪੰਨਾ ੩੯੧)*

ਰੂਹਾਨੀ ਪਾਤਸ਼ਾਹੀ ਦੇ ਆਗੂ ਗੁਰੂ ਅਰਜਨ ਦੇਵ ਜੀ ਹਨ, ਉਨ੍ਹਾਂ ਆਪਣੀ ਜਾਨ ਕੁਰਬਾਨ ਕਰਕੇ ਧਰਮ ਦਾ ਝੰਡਾ ਹੋਰ ਉੱਚਾ ਕਰ ਦਿੱਤਾ। ਤੇ ਧਰਮ ਦੇ ਆਸਰੇ ਜਿਊਣ ਵਾਲਿਆਂ ਨੂੰ ਇਕ ਹੋਰ ਟੇਕ ਮਿਲ ਗਈ ਕਿ ਸੱਚੇ ਧਰਮੀ ਨੂੰ ਮੁਕਾਇਆ ਨਹੀਂ ਜਾ ਸਕਦਾ। ਜਦੋਂ ਵੀ ਕਿਸੇ ਸ਼ਹੀਦ ਦਾ ਕਿਸੇ ਜੱਲਾਦ ਨਾਲ ਵਾਹ ਪਵੇਗਾ ਉਹ ਗੁਰੂ ਅਰਜਨ ਦੇਵ ਜੀ ਦਾ ਨਾਂ ਲੈ ਕੇ ਅਡੋਲ ਹੋ ਜਾਵੇਗਾ। ਜਿੰਨੇ ਤਸੀਹੇ ਦਿੱਤੇ ਜਾ ਸਕਦੇ ਸਨ, ਉਹ ਦਿੱਤੇ। ਇਸ ਤੋਂ ਵੱਧ ਹੋਰ ਕੁਝ ਨਹੀਂ ਸੀ ਹੋ ਸਕਦਾ, ਹਰ ਤਰ੍ਹਾਂ ਨਾਲ ਉਨ੍ਹਾਂ ਨੂੰ ਸਤਾਉਣ ਦਾ ਜਤਨ ਕੀਤਾ ਗਿਆ ਪਰ ਉਹ ਚੜ੍ਹਦੀ ਕਲਾ ਵਿਚ ਰਹੇ। ਇਕ ਅਦੀਬ ਕਹਿੰਦੇ ਹਨ—

*ਉਸੇ ਯੇ ਸ਼ੌਕ ਹੈ ਹਰ ਦਮ, ਨਈ ਤਰਜ਼ੇ ਜ਼ਫ਼ਾ ਕਿਆ ਹੈ।*
*ਹਮੇਂ ਯੇ ਸ਼ੌਕ ਹੈ ਦੇਖੇਂ, ਸਿਤਮ ਕੀ ਇੰਤਹਾ ਕਿਆ ਹੈ।*

ਇਕ ਹੋਰ ਪੰਜਾਬੀ ਦੇ ਕਵੀ ਲਿਖਦੇ ਹਨ—

*ਚੰਦੂ ਚੰਦਰਾ ਚੰਦ ਚੜ੍ਹਾਉਣ ਲਗਾ,*
*ਲਗਾ ਕਹਿਣ ਕਿ ਲੋਹ ਤਪਾਉ ਛੇਤੀ।*
*ਸੂਰਜ ਲਾਹ ਕੇ ਪੀਹ ਕੇ ਰੇਤ ਉਸਦੀ,*
*ਅਰਜਨ ਗੁਰੂ ਦੇ ਸੀਸ ਵਿਚ ਪਾਉ ਛੇਤੀ।*
*ਸਤਿਗੁਰ ਆਏ ਤੇ ਵੇਖ ਕੇ ਕਹਿਣ ਲਗੇ*
*ਲੋਹ ਤਾਉਣ ਦਾ ਤੁਸਾਂ ਨੂੰ ਢੰਗ ਕੋਈ ਨਹੀਂ।*
*ਜਿਹੜਾ ਰੰਗ ਸ਼ਹੀਦੀ ਅਜ ਮੰਗਦੀ ਏ*
*ਏਸ ਲੋਹ ਤੇ ਜਾਪਦਾ ਰੰਗ ਕੋਈ ਨਹੀਂ।*

ਇਹ ਦੋ ਮਲਾਹਾਂ ਦੀ ਟੱਕਰ ਸੀ। ਦੁਨਿਆਵੀ ਮਲਾਹ ਕਿਸੇ ਦੀ ਬੇੜੀ ਡੋਬ ਸਕਦਾ ਹੈ ਪਰ ਕਿਸੇ ਦੇ ਜੀਵਨ ਦੀ ਬੇੜੀ, ਧਰਮ ਦੀ ਬੇੜੀ ਨਹੀਂ ਡੋਬ ਸਕਦਾ।

ਉਸਦਾ ਵਾਹ ਸਿਰਫ ਉਸ ਬੇੜੀ ਨਾਲ ਹੈ ਜੋ ਪਾਣੀ ਵਿਚ ਤਰਦੀ ਹੈ। ਜਿਹੜੀ ਬੇੜੀ ਭਵ ਸਾਗਰ ਵਿਚ ਤਰਦੀ ਹੈ, ਉਸ ਸ਼ਬਦ ਦੇ ਬੇੜੇ ਬਾਰੇ ਜਹਾਂਗੀਰ ਨੂੰ ਕੀ ਪਤਾ ਹੋ ਸਕਦਾ ਹੈ। ਇਕ ਵਾਰ ਇਕ ਫ਼ਕੀਰ ਨੇ ਇਕ ਮਲਾਹ ਨੂੰ ਕਿਹਾ ਕਿ ਤੈਨੂੰ ਨਾਖ਼ੁਦਾ ਕਹਿੰਦੇ ਹਨ ਇਸਦਾ ਅਰਥ ਹੈ ਮਲਾਹ। ਇਕ ਹੋਰ ਵੀ ਮਲਾਹ ਖ਼ੁਦਾ ਹੈ ਜਿਹੜਾ ਜੀਵਾਂ ਨੂੰ ਭਵ ਸਾਗਰ ਤੋਂ ਤਾਰਦਾ ਹੈ। ਉਸ ਮਲਾਹ ਨੂੰ ਏਨਾ ਗੁੱਸਾ ਲੱਗਾ ਉਹ ਕਹਿਣ ਲੱਗਾ ਅੱਜ ਮੇਰੇ ਹਥੋਂ ਬਚੇਂਗਾ ਤਾਂ ਹੀ ਉਸ ਭਵ-ਸਾਗਰ ਤੋਂ ਤਰੇਂਗਾ। ਬਿਲਕੁਲ ਕਿਨਾਰੇ ਦੇ ਨੇੜੇ ਹੀ ਉਸਨੇ ਬੇੜੀ ਡੋਬ ਦਿੱਤੀ ਪਰ ਫ਼ਕੀਰ ਨੂੰ ਤਰਨਾ ਆਉਂਦਾ ਸੀ। ਉਹ ਤਰ ਕੇ ਕਿਨਾਰੇ ਲੱਗ ਗਿਆ, ਮਿੱਤਰਾਂ ਪੁੱਛਿਆ ਕਿ ਕੀ ਹਾਲ ਹੈ, ਕਹਿਣ ਲੱਗਾ—

*ਡੂਬੀ ਕਿਸ਼ਤੀ ਲਬੇ ਸਾਹਿਲ, ਇਤਨੀ ਸੀ ਖ਼ਤਾ ਪਰ,*
*ਕਿ ਨਾਖ਼ੁਦਾ ਕੋ ਕਹਾ ਥਾ ਕਿ ਖ਼ੁਦਾ ਔਰ ਭੀ ਹੈ।*

ਜਹਾਂਗੀਰ ਆਪਣੀ ਬੇੜੀ ਜ਼ਰੂਰ ਡੋਬ ਗਿਆ। ਗੁਰੂ ਅਰਜਨ ਦੇਵ ਜੀ ਨੂੰ ਭਵ-ਸਾਗਰ ਤੋਂ ਤਰਨਾ ਆਉਂਦਾ ਹੈ। ਉਨ੍ਹਾਂ ਦਾ ਬੇੜਾ ਅੱਜ ਵੀ ਤਰ ਰਿਹਾ ਹੈ ਅਤੇ ਅਨੇਕਾਂ ਨੂੰ ਤਾਰ ਰਿਹਾ ਹੈ। ਉਨ੍ਹਾਂ ਦੀ ਸੱਚੀ ਪ੍ਰੀਤੀ ਸੀ ਉਹ ਨਿਭ ਗਈ।

*ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥*
*ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥*

■ ■ ■

# ੨੧

# ਛਟਮ ਪੀਰ ਦੀ ਗਾਥਾ

ਗੁਰੂ ਨਾਨਕ ਦੇਵ ਜੀ ਦੀ ਦਾਤ, ਜੋਤਿ ਤੇ ਜੁਗਤਿ ਗੁਰੂ ਅੰਗਦ ਦੇਵ ਜੀ ਦੀ ਬਰਕਤ, ਗੁਰੂ ਅਮਰਦਾਸ ਜੀ ਦੀ ਸੇਵਾ, ਗੁਰੂ ਰਾਮਦਾਸ ਜੀ ਦੀ ਨਿਮਰਤਾ, ਗੁਰੂ ਅਰਜਨ ਦੇਵ ਜੀ ਦਾ ਸਬਰ, ਮਾਤਾ ਗੰਗਾ ਜੀ ਦੀ ਪਿਆਰ ਭਰੀ ਘਾਲਣਾ, ਬਾਬਾ ਬੁੱਢਾ ਜੀ ਦੀ ਅਰਦਾਸ ਤੇ ਅਸ਼ੀਰਵਾਦ, ਇਨ੍ਹਾਂ ਸਾਰੀਆਂ ਰਹਿਮਤਾਂ ਤੇ ਮਿਹਰਾਂ ਦਾ ਸੰਗਮ ਸਨ ਭਾਰੀ ਪੀਰ ਗੁਰੂ ਹਰਿਗੋਬਿੰਦ ਸਾਹਿਬ ਜੀ। ਭਾਈ ਗੁਰਦਾਸ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਰੇ ਲਿਖਿਆ ਹੈ—

*ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ।*

ਕੱਪੜੇ ਬਦਲਣ ਨਾਲ ਕੱਪੜੇ ਪਹਿਨਣ ਵਾਲਾ ਨਹੀਂ ਬਦਲ ਜਾਂਦਾ। ਟਿਕਾਣਾ ਬਦਲਣ ਨਾਲ ਟਿਕਾਣੇ ਵਿਚ ਰਹਿਣ ਵਾਲਾ ਨਹੀਂ ਬਦਲਦਾ। ਸਰੀਰ ਬਦਲਣ ਨਾਲ ਜੋਤ ਨਹੀਂ ਤਬਦੀਲ ਹੁੰਦੀ, ਅੱਜ ਉਹੀ ਸਤਿਗੁਰੂ ਮੀਰੀ ਪੀਰੀ ਦੇ ਮਾਲਕ ਬਣ ਕੇ ਬਿਰਾਜੇ ਹਨ, ਜਿਹੜੇ ਕਦੀ ਕੋਧਰੇ ਤੇ ਮਾਲ ਪੂੜਿਆਂ ਦਾ ਇਮਤਿਹਾਨ ਲੈਂਦੇ ਸਨ। ਕਦੀ ਲਾਲੋ ਦੇ ਘਰ ਤੇ ਕਦੀ ਬਾਬਰ ਦੀ ਕੈਦ ਵਿਚ ਕੀਰਤਨ ਕਰਦੇ ਸਨ। ਕਦੀ ਗੰਗਾ ਦੇ ਪਾਂਡਿਆਂ ਨੂੰ ਸੰਥਾ ਦੇ ਰਹੇ ਹਨ ਤੇ ਕਦੀ ਮੱਕੇ ਦੇ ਕਾਜ਼ੀਆਂ ਨੂੰ ਸਬਕ ਸਿਖਾਉਂਦੇ ਰਹੇ ਹਨ। ਕਦੀ ਜੋਗੀਆਂ ਨੂੰ ਸੱਚਾ ਜੋਗ ਦੱਸਦੇ ਹਨ, ਕਦੀ ਜੈਨੀਆਂ ਨੂੰ ਮਤਿ ਦੇ ਰਹੇ ਹਨ। ਕਦੀ ਸਾਰਾ ਜਗਤ ਚਰਨਾਂ ਤੇ ਝੁਕ ਰਿਹਾ ਹੈ ਕਦੀ ਭਾਈ ਲਹਿਣੇ ਦੇ ਚਰਨਾਂ ਤੇ ਆਪ ਮੱਥਾ ਟੇਕ ਰਹੇ ਹਨ। ਕਦੀ ਗੁਰੂ ਅੰਗਦ ਦੇਵ ਬਣ ਕੇ ਖਡੂਰ ਸਾਹਿਬ ਨੂੰ ਭਾਗ ਲਾਉਂਦੇ ਹਨ। ਕਦੀ ਗੁਰੂ ਅਮਰਦਾਸ ਬਣ ਕੇ ਸੰਗਤਾਂ ਨੂੰ ਤਾਰਦੇ ਹਨ। ਕਦੀ ਗੁਰੂ ਰਾਮਦਾਸ ਬਣ ਕੇ ਸਰੋਵਰ ਖੁਦਵਾ ਰਹੇ ਹਨ

ਕਦੀ ਗੁਰੂ ਅਰਜਨ ਦੇਵ ਬਣ ਕੇ ਅਨੇਕ ਤਰ੍ਹਾਂ ਦੇ ਕੌਤਕ ਰਚਾਉਂਦੇ ਹਨ। ਅੱਜ ਉਹੀ ਗੁਰੂ ਜੋਤ ਨੇ ਸਰੀਰ ਬਦਲਿਆ ਹੈ। ਅੱਜ ਭਾਰੀ ਪੀਰ ਬਣ ਕੇ ਬੈਠੇ ਹਨ।

ਕਈ ਵਾਰ ਕਈ ਸੱਜਣ ਕਹਿੰਦੇ ਹਨ ਮੈਂ ਤਾਂ ਅੱਜ ਤੈਨੂੰ ਪਛਾਣਿਆ ਹੀ ਨਹੀਂ ਤੂੰ ਅੱਜ ਕੱਪੜੇ ਹੋਰ ਢੰਗ ਦੇ ਪਾਏ ਸਨ, ਅੱਜ ਤੂੰ ਦਸਤਾਰ ਹੋਰ ਢੰਗ ਨਾਲ ਬੰਨ੍ਹੀ ਸੀ ਪਰ ਜਿਨ੍ਹਾਂ ਦੀ ਦਿਲ ਦੀ ਸਾਂਝ ਹੈ ਉਨ੍ਹਾਂ ਦਾ ਗੁਰੂ ਕੋਈ ਵੀ ਸ੍ਵਾਂਗ ਬਣਾਏ ਉਹ ਪਛਾਣ ਹੀ ਲੈਂਦੇ ਹਨ—

*ਐ ਪਰਦਾ ਨਸ਼ੀਂ ਜਾਨਾ, ਛਿਪੋ ਤੁਮ ਲਾਖ ਪਰਦੇ ਮੇਂ,*
*ਜੋ ਹੈਂ ਦੇਖਨੇ ਵਾਲੇ ਵੋਹ ਅਕਸਰ ਦੇਖ ਲੇਤੇ ਹੈਂ।*

ਜਿਨ੍ਹਾਂ ਨੇ ਨਹੀਂ ਪਛਾਣਿਆ ਸਿਰਫ਼ ਬਾਹਰਲੇ ਵੇਸ ਵਿਚ ਭੁੱਲ ਗਏ ਸਨ ਉਨ੍ਹਾਂ ਕਿਹਾ ਵੇਖੋ ਇਨ੍ਹਾਂ ਗੁਰੂ ਘਰ ਦੀ ਮਰਯਾਦਾ ਉਲਟਾ ਦਿੱਤੀ ਹੈ। ਇਹ ਜੋ ਕੁਝ ਕਰ ਰਹੇ ਹਨ ਅੱਜ ਤੱਕ ਕਿਸੇ ਗੁਰੂ ਨੇ ਇਸ ਤੋਂ ਪਹਿਲਾਂ ਕਦੀ ਐਸਾ ਕੀਤਾ ਸੀ? ਗੁਰੂ ਦਾ ਕੰਮ ਸੀ ਧਰਮਸਾਲ ਵਿਚ ਬਹਿਣਾ, ਸ਼ਿੱਖਾਂ ਨੂੰ ਉਪਦੇਸ਼ ਕਰਨਾ। ਪਹਿਲਾਂ ਸਤਿਗੁਰੂ ਬਾਣੀ ਉਚਾਰਦੇ ਸਨ, ਕੀਰਤਨ ਕਰਦੇ ਸਨ। ਪਰ ਇਹ ਗੁਰੂ ਹਨ ਦੂਰੋਂ-ਦੂਰੋਂ ਸੰਗਤਾਂ ਆਉਂਦੀਆਂ ਹਨ, ਜਦੋਂ ਸੇਵਕ ਪੁੱਛਦੇ ਹਨ ਕਿ ਸਤਿਗੁਰੂ ਕਿੱਥੇ ਹਨ ਅਸੀਂ ਦਰਸ਼ਨ ਕਰਨ ਆਏ ਹਾਂ। ਪਤਾ ਲਗਦਾ ਹੈ ਕਿ ਸਤਿਗੁਰੂ ਕੁੱਤੇ ਲੈ ਕੇ ਸ਼ਿਕਾਰ ਖੇਡਣ ਗਏ ਹਨ, ਨਾ ਇਹ ਬਾਣੀ ਉਚਾਰਦੇ ਹਨ ਨਾ ਗਾਉਂਦੇ ਹਨ, ਨਾ ਕਥਾ ਕਰਦੇ ਹਨ। ਫਿਰ ਸਿੱਖਾਂ ਸੇਵਕਾਂ ਨਾਲ ਇੰਨਾ ਪਿਆਰ ਨਹੀਂ ਕਰਦੇ ਜਿੰਨਾ ਦੁਸ਼ਟਾਂ ਦੋਖੀਆਂ ਨਾਲ ਕਰਦੇ ਹਨ। ਉਨ੍ਹਾਂ ਦਾ ਇਸ਼ਾਰਾ ਪੈਂਦੇ ਖ਼ਾਨ ਵੱਲ ਸੀ। ਪਹਿਲੇ ਸਤਿਗੁਰਾਂ ਦਾ ਬਾਦਸ਼ਾਹ ਵੀ ਸਨਮਾਨ ਕਰਦੇ ਸਨ। ਚੱਲ ਕੇ ਅਕਬਰ ਵਰਗੇ ਆਉਂਦੇ ਰਹੇ। ਇਨ੍ਹਾਂ ਨੂੰ ਬਾਦਸ਼ਾਹ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਰਖਿਆ ਹੈ। ਇੰਨਾ ਕੁਝ ਸੁਣ ਕੇ ਵੀ ਭਾਈ ਗੁਰਦਾਸ ਜੀ ਕਹਿੰਦੇ ਹਨ, ਇਸ ਨਿੰਦਾ ਦੀਆਂ ਬੱਦਲੀਆਂ ਥੱਲੇ ਸੱਚ ਦਾ ਸੂਰਜ ਨਹੀਂ ਛੁਪ ਸਕਦਾ। ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਜਰ ਨੂੰ ਜਰਿਆ ਹੈ ਅਤੇ ਉਨ੍ਹਾਂ ਆਪਣਾ ਆਪਾ ਨਹੀਂ ਜਤਾਇਆ, ਭਾਵ ਇਹ ਹੈ ਕਿ ਉਹ ਜੋ ਚਾਹੁਣ, ਕਰ ਸਕਦੇ ਹਨ। ਪਰ ਉਨ੍ਹਾਂ ਰਜ਼ਾ ਵਿਚ ਰਹਿ ਕੇ ਇਡੀ ਵੱਡੀ ਸ਼ਕਤੀ ਨੂੰ ਜਰਿਆ ਹੈ ਕਦੀ ਹਉਮੈ ਦੀ ਗੱਲ ਨਹੀਂ ਕੀਤੀ। ਗੁਰੂ ਦੇ ਸਿੱਖ ਜੋ ਗੁਰੂ ਦੇ ਚਰਨਾਂ ਕੰਵਲਾਂ ਦੇ ਭੰਵਰੇ ਹਨ ਕੋਈ ਕੁਝ ਆਖੀ ਜਾਏ ਉਨ੍ਹਾਂ ਦੀ ਸ਼ਰਧਾ ਨਹੀਂ ਟੁੱਟਦੀ। ਉਹ ਗੁਰੂ ਦੇ ਚਰਨਾਂ ਨਾਲ ਜੁੜੇ ਹੋਏ ਹਨ। ਇਸ ਭਾਵ ਦੀ ਇਕ ਪਉੜੀ ਭਾਈ ਗੁਰਦਾਸ ਜੀ ਨੇ ਲਿਖੀ ਹੈ। ਉਨ੍ਹਾਂ ਦੀ ਨਜ਼ਰ ਵਿਚ ਸਤਿਗੁਰੂ ਹਰਿਗੋਬਿੰਦ ਕੀ ਹਨ—

*ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ।*
*ਅਰਜਨ ਕਾਇਆ ਪਲਟ ਕੈ ਮੂਰਤ ਹਰਿ ਗੋਬਿੰਦ ਸਵਾਰੀ।*

*ਚਲੀ ਪੀੜੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ।*
*ਦਲ ਭੰਜਨ ਗੁਰ ਸੂਰਮਾ ਬਡ ਜੋਧਾ ਬਹੁ ਪਰ ਉਪਕਾਰੀ।*
*ਪੁਛਨਿ ਸਿਖ ਅਰਦਾਸ ਕਰ ਛੇ ਮਹਿਲਾਂ ਤਕ ਦਰਸ ਨਿਹਾਰੀ।*
*ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਨਹੁ ਸੰਸਾਰੀ।*
*ਕਲਜੁਗ ਪੀੜੀ ਸੋਢੀਆਂ ਨਿਹਚਲ ਨੀਂਵ ਉਸਾਰ ਖਲਾਰੀ।*
*ਜੁਗਿ ਜੁਗਿ ਸਤਿਗੁਰ ਧਰੈ ਅਵਤਾਰੀ।*

ਇਹ ਸਿਫ਼ਤ-ਸਲਾਹ ਉਹ ਆਪਣੇ ਸਤਿਗੁਰੂ ਦੀ ਕਰਦੇ ਹਨ। ਜੋ ਜੋ ਨਿੰਦਕਾਂ ਨੇ ਕਿਹਾ ਸੀ ਉਹ ਵੀ ਲਿਖਦੇ ਹਨ ਤਾਂ ਕਿ ਸਿੱਖਾਂ ਦੀ ਸ਼ਰਧਾ ਪੱਕੀ ਹੋਵੇ ਤੇ ਨਿੰਦਕਾਂ ਨੂੰ ਮਤਿ ਆ ਜਾਏ।

*ਧਰਮਸਾਲ ਕਰ ਬਹੀਦਾ ਇਕਤ ਥਾਨ ਨਾ ਟਿਕੈ ਟਿਕਾਇਆ।*
*ਪਾਤਸ਼ਾਹ ਘਰ ਆਵਦੇ ਗੜ ਚੜਿਆ ਪਾਤਸ਼ਾਹ ਚੜਾਇਆ।*
*ਉਮਤਿ ਮਹਲ ਨਾ ਪਾਵਦੀ ਨਠਾ ਫਿਰੈ ਨਾ ਡਰੈ ਡਰਾਇਆ।*
*ਮੰਜੀ ਬਹਿ ਸੰਤੋਖਦਾ ਕੁਤੇ ਰਖ ਸ਼ਿਕਾਰ ਕਰਾਇਆ।*
*ਬਾਣੀ ਕਰ ਗੁਣ ਗਾਵਦਾ ਕਥੈ ਨਾ ਸੁਣੈ ਨਾ ਗਾਵ ਸੁਨਾਇਆ।*
*ਸੇਵਕ ਪਾਸ ਨਾ ਰਖਿਉਨ ਦੋਖੀ ਦੁਸ਼ਟ ਆਗੂ ਮੁਹਿ ਲਾਇਆ।*
*ਸਚ ਨਾ ਲੁਕੈ ਲੁਕਾਇਆ ਚਰਨ ਕਵਲ ਸਿਖ ਭਵਰ ਲੁਭਾਇਆ।*
*ਅਜਰ ਜਰੈ ਨਾ ਆਪ ਜਨਾਇਆ।*

ਉਨ੍ਹਾਂ ਤੇ ਸਾਰੀ ਬਖ਼ਸ਼ਸ਼ ਪਹਿਲੇ ਪੰਜ ਗੁਰੂਆਂ ਦੀ ਹੈ। ਜਦੋਂ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਦਸਤਗੀਰੀ ਕੀਤੀ। ਭਾਵ ਇਮਦਾਦ ਕੀਤੀ, ਹੱਥ ਫੜਿਆ, ਗੁਰੂ ਹਰਿਗੋਬਿੰਦ ਜੀ ਭਾਰੀ ਪੀਰ ਹੋ ਗਏ। ਅਤੋਲ ਹੋ ਗਏ। ਉਹ ਦੀਨ ਤੇ ਦੁਨੀਆਂ ਦੇ ਪਾਤਸ਼ਾਹ ਬਣ ਗਏ। ਉਹ ਅਡੋਲ ਤੇ ਅਹਿਲ ਹੋ ਗਏ।

*ਦਸਤਗੀਰ ਹੋਇ ਪੰਜ ਪੀਰ ਹਰਿ ਗੁਰ ਹਰਿਗੋਬਿੰਦ ਅਤੋਲਾ।*
*ਦੀਨ ਦੁਨੀ ਦਾ ਪਾਤਸ਼ਾਹ, ਪਾਤਸ਼ਾਹਾਂ ਪਾਤਸ਼ਾਹ ਅਡੋਲਾ।*

ਦੁਨੀਆ ਨੂੰ ਇਨਸਾਫ਼, ਇਸ ਲਈ ਨਹੀਂ ਮਿਲਿਆ ਕਿ ਜਿਹੜੇ ਇਨਸਾਫ ਚਾਹੁੰਦੇ ਸਨ ਉਨ੍ਹਾਂ ਦੇ ਕੋਲ, ਇਨਸਾਫ਼ ਕਰ ਸਕਣ ਦੀ ਤਾਕਤ ਨਹੀਂ ਸੀ। ਜਿਨ੍ਹਾਂ ਕੋਲ ਤਾਕਤ ਸੀ, ਉਹ ਜ਼ੁਲਮ ਕਰਦੇ ਸਨ ਤੇ ਇਨਸਾਫ਼ ਦੇ ਹਾਮੀਆਂ ਨੂੰ ਚੁੱਪ ਕਰਾ ਦੇਂਦੇ ਸਨ। ਪ੍ਰਮਾਤਮਾ ਨੇ ਸੰਸਾਰ ਤੇ ਮਿਹਰ ਵਰਤਾਈ। ਐਸੇ ਭਾਰੀ ਪੀਰ ਆਏ ਜਿਨ੍ਹਾਂ ਨੇ ਕਿਹਾ ਜੇ ਇਨਸਾਫ਼ ਕਰਨਾ ਹੈ ਤਾਂ ਫਿਰ ਚੰਗੀ ਵਿਚਾਰ, ਅਤੇ ਚੰਗੀ ਤਲਵਾਰ, ਦੋਵਾਂ ਨੂੰ ਇਕ ਥਾਂ ਇਕੱਠਾ ਕਰਨਾ ਹੋਵੇਗਾ। ਸਿਰਫ਼ ਤਾਕਤਵਰ ਤਲਵਾਰ ਹੋਈ, ਚੰਗੀ ਵਿਚਾਰ ਨਾ ਹੋਈ ਤਾਂ ਉਹ ਤਲਵਾਰ ਸਿਰਫ ਜ਼ੁਲਮ ਹੀ ਕਰੇਗੀ।

ਚੰਗੀ ਵਿਚਾਰ ਬੜੀ ਚੰਗੀ ਹੈ ਪਰ ਉਸ ਵੀਚਾਰ ਨੂੰ ਅਮਲੀ ਰੂਪ ਵਿਚ ਲਿਆਉਣ ਲਈ ਤਾਕਤ ਦੀ ਲੋੜ ਹੈ। ਚੰਗੀ ਵਿਚਾਰ ਰੱਖਣ ਵਾਲਿਆਂ ਨੇ ਤਲਵਾਰ ਨੂੰ ਪਾਸੇ ਰੱਖ ਦਿੱਤਾ। ਇਹ ਉਨ੍ਹਾਂ ਦੀ ਭੁੱਲ ਸੀ। ਉਨ੍ਹਾਂ ਦੀ ਭੁੱਲ ਕਾਰਨ ਹੀ ਇਹ ਦੇਸ਼ ਗ਼ੁਲਾਮ ਹੈ ਅਤੇ ਨਰਕ ਬਣਿਆ ਪਿਆ ਹੈ। ਸਤਿਗੁਰਾਂ ਨੇ, ਚੰਗੀ ਵਿਚਾਰ ਦੇ ਨਾਲ ਤਾਕਤਵਰ ਤਲਵਾਰ ਰੱਖ ਦਿੱਤੀ। ਇਕ ਸਿੱਖ ਹੀ ਮਨ ਵਿਚ ਪਰਉਪਕਾਰ ਦੀ ਵਿਚਾਰ ਵੀ ਰੱਖੇਗਾ, ਇਨਸਾਫ਼ ਦੀ ਵਿਚਾਰ ਵੀ ਰੱਖੇਗਾ ਅਤੇ ਨਾਲ ਹੀ ਚੰਗੀ ਵਿਚਾਰ ਨੂੰ ਪ੍ਰਚਾਰਨ ਵਾਸਤੇ ਜੇ ਲੋੜ ਪਵੇ ਤਾਂ ਮਿਆਨੋਂ ਤਲਵਾਰ ਵੀ ਬਾਹਰ ਕੱਢ ਲਵੇਗਾ।

ਸੰਸਾਰ ਵਿਚ ਸੰਤ ਸਨ ਪਰ ਵਿਚਾਰਿਆਂ ਨਾਲ ਜਦੋਂ ਵਧੀਕੀ ਹੁੰਦੀ ਸੀ ਤਾਂ ਕਿਸੇ ਸੂਰਮੇ ਪਾਸੋਂ ਇਮਦਾਦ ਮੰਗਦੇ ਸਨ। ਸੂਰਮੇ ਸਨ ਪਰ ਜਦੋਂ ਮਨ ਅਸ਼ਾਂਤ ਹੁੰਦਾ ਸੀ ਕਿਸੇ ਸੰਤ ਪਾਸ ਜਾਂਦੇ ਸਨ। ਦੋਵੇਂ ਹੀ ਅਧੂਰੇ ਸਨ। ਸਤਿਗੁਰਾਂ ਨੇ ਦੋਵਾਂ ਨੂੰ ਜੋੜ ਕੇ ਸੰਤ ਸੂਰਮਾ ਪੈਦਾ ਕਰ ਦਿੱਤਾ। ਤੇ ਕਿਹਾ, ਲਉ ਹੁਣ ਨਾ ਤੇ ਕਿਸੇ ਤੇ ਜ਼ੁਲਮ ਕਰਨਾ ਜੇ ਤੁਸੀਂ ਕਿਸੇ ਤੇ ਵਧੀਕੀ ਕੀਤੀ ਤਾਂ ਵੀ ਸਮਝ ਲੈਣਾ ਤੁਸੀਂ ਮੇਰਾ ਉਪਦੇਸ਼ ਨਹੀਂ ਮੰਨਿਆ। ਤੇ ਨਾ ਹੀ ਕਿਸੇ ਦੀ ਵਧੀਕੀ ਸਹਾਰਨੀ ਕਿਉਂਕਿ ਵਧੀਕੀ ਕਰਨ ਵਾਲਾ ਜ਼ਾਲਮ ਹੈ ਤੇ ਵਧੀਕੀ ਸਹਾਰਨ ਵਾਲਾ ਕਾਇਰ ਹੈ। ਸਿੱਖ ਨੇ ਨਾ ਹੀ ਜ਼ਾਲਮ ਬਣਨਾ ਹੈ, ਅਤੇ ਨਾ ਹੀ ਕਾਇਰ ਬਣਨਾ ਹੈ। ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸੰਸਾਰ ਨੂੰ ਇਹ ਮਹਾਨ ਦੇਣ ਹੈ। ਕਦੀ ਐਸਾ ਸੰਸਾਰ ਹੋਵੇ ਤਾਂ ਹਰ ਬੰਦਾ ਨਾਮ ਭਗਤੀ ਨਾਲ ਸ਼ਾਂਤ ਤੇ ਅਡੋਲ ਵੀ ਹੋਵੇਗਾ। ਅਤੇ ਨਾਲ ਸਵੈ-ਸਨਮਾਨ ਨਾਲ ਸਿਰ ਉੱਚਾ ਕਰਕੇ ਵੀ ਜੀਵੇਗਾ। ਉਹ ਚਾਹੁੰਦੇ ਸਨ ਸੰਸਾਰ ਦਾ ਹਰ ਬੰਦਾ ਸੁਤੰਤਰਤਾ ਦਾ ਆਨੰਦ ਮਾਣੇ। ਹਰ ਬੰਦਾ ਬਾਦਸ਼ਾਹ ਵੀ ਹੋਵੇ ਅਤੇ ਦਰਵੇਸ਼ ਵੀ ਹੋਵੇ। ਉਨ੍ਹਾਂ ਦਾ ਉਪਦੇਸ਼ ਸੀ ਕਿ ਬੰਦੇ ਤੂੰ ਨਾਮ ਵੀ ਜਪ ਪਰ ਇਹ ਵੀ ਧਿਆਨ ਰੱਖ ਤੇਰੀ ਸਮਾਧੀ ਵਿਚ ਕੋਈ ਜ਼ਾਲਮ ਤੇਰਾ ਸਿਰ ਹੀ ਉਤਾਰ ਕੇ ਨਾ ਲੈ ਜਾਵੇ। ਉਨ੍ਹਾਂ ਸਮਾਧੀ ਤੇ ਸ਼ਸਤਰ ਇਕੱਠੇ ਕਰ ਦਿੱਤੇ ਸਨ। ਸਤਿ ਤੇ ਸੱਤਾ ਨੂੰ ਜੋੜ ਦਿੱਤਾ ਸੀ। ਭਗਤੀ ਤੇ ਸ਼ਕਤੀ ਦਾ ਸੁਮੇਲ ਕਰਕੇ ਭਾਰੀ ਪੀਰ ਨੇ ਸਿੱਖ ਨੂੰ ਭਾਰਾ ਤੇ ਗਉਰਾ ਕਰ ਦਿੱਤਾ ਸੀ।

■ ■ ■

## ੨੨

# ਭਾਰੀ ਪੀਰ

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਾਰ ਜੰਗ ਕੀਤੇ ਹਨ ਅਤੇ ਚੌਹਾਂ ਜੰਗਾਂ ਵਿਚ ਹੀ ਸ਼ਾਹੀ ਸੈਨਾ ਸ਼ਾਮਿਲ ਸੀ. ਇਹ ਚਾਰੇ ਜੰਗ ਸਿੱਧੇ ਹੀ ਮੁਗ਼ਲੀਆ ਹਕੂਮਤ ਨਾਲ ਸਨ। ਬੇਸ਼ੱਕ ਬਹਾਨਾ ਭਗਵਾਨ ਦਾਸ ਘੇਰੜ ਹੋਵੇ ਜਾਂ ਬਹਾਨਾ ਪੈਂਦੇ ਖ਼ਾਂ ਹੋਵੇ। ਪਰ ਇੱਕ ਗਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜੰਗ ਵਿਚ ਸ਼ਾਹੀ ਫੌਜ ਪੂਰੀ ਤਿਆਰੀ ਨਾਲ ਆਈ ਤੇ ਹਾਰ ਖਾ ਕੇ ਗਈ। ਇਧਰ ਸਤਿਗੁਰਾਂ ਵਲੋਂ ਲੜਨ ਵਾਲੇ ਉਨ੍ਹਾਂ ਦੇ ਸਿੱਖ ਸੇਵਕ ਸਨ। ਸਿਰਫ਼ ਪਹਿਲੀ ਅੰਮ੍ਰਿਤਸਰ ਵਾਲੀ ਜੰਗ ਵਿਚ ਪੈਂਦੇ ਖਾਂ ਪਠਾਨ ਨਾਲ ਹੋ ਕੇ ਲੜਿਆ ਸੀ ਤੇ ਉਸਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਜੇ ਮੈਂ ਨਾ ਹੁੰਦਾ ਤਾਂ ਅੰਮ੍ਰਿਤਸਰ ਦੀ ਲੜਾਈ ਵਿਚ ਸਤਿਗੁਰੂ ਦੀ ਹਾਰ ਹੋਣੀ ਸੀ। ਇਹ ਜਿੱਤ ਸਿਰਫ਼ ਮੇਰੇ ਕਾਰਨ ਹੋਈ ਹੈ। ਸਤਿਗੁਰਾਂ ਨੇ ਹਰਿਗੋਬਿੰਦਪੁਰੇ ਦੀ ਜੰਗ ਵਿਚ ਇਸ ਨੂੰ ਨਹੀਂ ਸੀ ਸੱਦਿਆ। ਹਾਲਾਂਕਿ ਜਲੰਧਰ ਸੂਬੇ ਦੀ ਸ਼ਾਹੀ ਸੈਨਾ ਨੇ ਇਸ ਜੰਗ ਵਿਚ ਅੱਗੇ ਵਧ ਕੇ ਹਮਲਾ ਕੀਤਾ ਸੀ। ਨਾ ਹੀ ਮਰਾੜ ਦੀ ਜੰਗ ਵਿਚ ਇਸ ਨੂੰ ਸੱਦਿਆ ਸੀ। ਚੌਥੀ ਜੰਗ ਵਿਚ ਸ਼ਾਹੀ ਫ਼ੌਜਾਂ ਨਾਲ ਇਹ ਅੱਗੇ ਹੋ ਕੇ ਆਪ ਗੁਰੂ ਜੀ ਦੇ ਵਿਰੁੱਧ ਲੜ ਰਿਹਾ ਸੀ। ਇਨ੍ਹਾਂ ਚੌਹਾਂ ਯੁੱਧਾਂ ਵਿਚ ਸਤਿਗੁਰਾਂ ਦੀ ਜਿੱਤ ਹੋਈ। ਸ਼ਾਹੀ ਸੈਨਾ ਦੇ ਮੁਕਾਬਲੇ ਵਿਚ ਪਿੰਡਾਂ ਦੇ ਸਾਧਾਰਨ ਬੰਦਿਆਂ ਨੂੰ ਖੜ੍ਹੇ ਕਰਕੇ ਜਿੱਤ ਪ੍ਰਾਪਤ ਕਰਨੀ ਇਹ ਸਤਿਗੁਰਾਂ ਦੀ ਬਰਕਤ ਸੀ। ਜਿਥੇ ਉਹ ਇੰਨੇ ਮਹਾਨ ਸੂਰਮੇ ਸਨ. ਜਿਥੇ ਉਨ੍ਹਾਂ ਦੀ ਤਲਵਾਰ ਦਾ ਚਰਚਾ ਹਰ ਸੂਰਮੇ ਦੀ ਜ਼ੁਬਾਨ ਤੇ ਸੀ ਉਥੇ ਇਨ੍ਹਾਂ ਦੀ ਵਿਚਾਰ ਕੈਸੀ ਸੀ। ਜਿਥੇ ਉਨ੍ਹਾਂ ਨੇ ਸੂਰਮੇ ਦਾ ਪੂਰਾ ਫ਼ਰਜ਼ ਨਿਭਾਇਆ ਹੈ. ਉਥੇ ਉਨ੍ਹਾਂ ਸੰਪੂਰਨ ਗੁਰੂ ਦਾ ਫ਼ਰਜ਼ ਕਿਵੇਂ ਨਿਭਾਇਆ ਹੈ। ਉਨ੍ਹਾਂ ਦੇ ਇਤਿਹਾਸ ਵਿਚੋਂ ਕੁਝ ਸਾਖੀਆਂ ਮਿਲਦੀਆਂ ਹਨ।

ਉਹ ਨਹੀਂ ਸਨ ਚਾਹੁੰਦੇ ਕਿ ਗੁਰੂ ਦਾ ਕੋਈ ਵੀ ਰਿਸ਼ਤੇਦਾਰ ਜਾਂ ਸੰਬੰਧੀ ਗੁਰੂ ਘਰ ਤੋਂ ਬੇਮੁੱਖ ਹੋ ਕੇ ਹਕੂਮਤ ਅੱਗੇ ਸਿਰ ਝੁਕਾਵੇ। ਬਾਬਾ ਪ੍ਰਿਥੀ ਚੰਦ ਸਾਰੀ ਉਮਰ ਗੁਰੂ ਘਰ ਦੀ ਵਿਰੋਧਤਾ ਕਰਦੇ ਰਹੇ ਸਨ, ਉਨ੍ਹਾਂ ਦੇ ਪੁੱਤਰ ਬਾਬਾ ਮਿਹਰਬਾਨ ਵੀ ਉਨ੍ਹਾਂ ਦੇ ਨਕਸ਼ੇ-ਕਦਮ ਤੇ ਚੱਲ ਰਹੇ ਸਨ। ਜਦੋਂ ਬਾਬਾ ਮਿਹਰਬਾਨ ਜੀ ਲਾਹੌਰ ਆਏ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਪਣੇ ਪਾਸ ਬੁਲਾਇਆ ਪਰ ਉਨ੍ਹਾਂ ਨੇ ਕੜਵੇ ਬਚਨ ਕਹੇ। ਭਾਈ ਪੈੜਾ ਤੇ ਭਾਈ ਪਿਰਾਣਾ ਜੀ ਸੱਦਣ ਗਏ ਸਨ। ਉਨ੍ਹਾਂ ਕਿਹਾ, ਉਨ੍ਹਾਂ ਦੇ ਪਿਤਾ ਭਾਵ ਗੁਰੂ ਅਰਜਨ ਦੇਵ ਜੀ ਸਾਡੇ ਨਾਲ ਅੱਗੇ ਛਲ ਕਰਦੇ ਰਹੇ ਹਨ। ਉਸੇ ਤਰ੍ਹਾਂ ਅਗੋਂ ਉਨ੍ਹਾਂ ਦਾ ਪੁੱਤਰ ਕਰ ਰਿਹਾ ਹੈ।

*ਪਿਤਾ ਕਰਤ ਜਿਮ ਛਲਕੋ ਆਗੇ। ਤਿਸੀ ਰੀਤ ਮਹਿ ਅਬ ਸੁਤ ਲਾਗੇ।*
(ਗੁ:ਪ੍ਰ:ਸੂ:)

ਪਰ ਸਤਿਗੁਰੂ ਹਰਿਗੋਬਿੰਦ ਸਾਹਿਬ ਆਪ ਗਏ ਤੇ ਵੱਡਾ ਭਰਾ ਸਮਝ ਕੇ ਚਰਨ ਬੰਦਨਾ ਕਰਕੇ ਬੈਠ ਗਏ।

*ਮਿਹਰਬਾਨ ਕੋ ਕਰਕੈ ਬੰਦਨ।*
*ਬੈਠ ਗਏ ਗੁਰ ਦੇਖ ਨਿਕੰਦਨ।*

ਤੇ ਕਹਿਣ ਲੱਗੇ, ਭਰਾਤਾ ਜੀ! ਤੁਹਾਨੂੰ ਹਕੂਮਤ ਅੱਗੇ ਆਪਣਾ ਸਿਰ ਝੁਕਾਉਣ ਦੀ ਲੋੜ ਨਹੀਂ। ਤੁਹਾਨੂੰ ਜੋ ਵੀ ਚਾਹੀਦਾ ਹੈ ਲੈ ਲਵੋ। ਅੰਮ੍ਰਿਤਸਰ ਜੋ ਕੁਝ ਹੈ ਸਭ ਕੁਝ ਤੁਹਾਡਾ ਹੀ ਹੈ। ਤੁਸੀਂ ਸਤਿਗੁਰੂ ਦੇ ਕੁਟੰਬ ਵਿਚੋਂ ਹੋ ਕੇ ਆਪਣੀ ਪੁਕਾਰ ਉਨ੍ਹਾਂ ਜ਼ਾਲਮਾਂ ਅੱਗੇ ਕਰਦੇ ਹੋ ਜਿਨ੍ਹਾਂ ਅੱਜ ਤੱਕ ਕਿਸੇ ਦਾ ਵੀ ਭਲਾ ਨਹੀਂ ਕੀਤਾ। ਤੁਸੀਂ ਅੰਮ੍ਰਿਤਸਰ ਆਉ, ਉਥੇ ਹੀ ਰਹੋ।

*ਕਿਉ ਪੁਕਾਰ ਕਰਤੇ ਤੁਮ ਫਿਰੋ। ਬਸੋ ਸੁਧਾ ਸਰ ਪੁਰ ਮਹਿ ਥਿਰੋ।*
*ਘਰ ਧਨ ਭੂਮ ਪਦਾਰਥ ਜੋਈ। ਕਹੋ ਆਪ ਹਮ ਦੇਵੇਂ ਸੋਈ।*
*ਦੀਨ ਬਨੋ ਕਿਉ ਤੁਰਕ ਅਗਾਰੀ। ਏਕੋ ਲਾਜ ਹਮਾਰ ਤੁਮਾਰੀ।* (ਗੁ:ਪ੍ਰ:ਸੂ:)

ਮਿਹਰਬਾਨ ਆਪਣੇ ਬਾਪ ਵਾਂਗੂੰ ਫਿੱਕਾ ਹੀ ਬੋਲਦਾ ਰਿਹਾ। ਪਰ ਭਾਰੀ ਪੀਰ ਗੁਰੂ ਹਰਿਗੋਬਿੰਦ ਸਾਹਿਬ ਨੇ ਕਿੰਨਾ ਆਦਰ ਦਿੱਤਾ ਹੈ ਕਿੰਨੀ ਨਿਮਰਤਾ ਹੈ, ਕਿੰਨੀ ਜਰਨ ਸ਼ਕਤੀ ਹੈ, ਕਿੰਨੇ ਅਡੋਲ ਹਨ, ਤਲਵਾਰ ਦੇ ਯੁੱਧ ਨਾਲੋਂ ਵੀ ਇਹ ਯੁੱਧ ਮਹਾਨ ਹੈ। ਆਪ ਕਿਵੇਂ ਨਰਮਾਈ ਨਾਲ ਪੇਸ਼ ਆਉਂਦੇ ਹਨ। ਮਿਹਰਬਾਨ ਫਿਰ ਅਗੋਂ ਕਹਿੰਦੇ ਹਨ, ਤੁਸੀਂ ਸੁਖ ਨਾਲ ਸੌਂਦੇ ਹੋ ਕੋਈ ਚਿੰਤਾ ਨਹੀਂ। ਮੇਰੇ ਪਿਤਾ ਨੇ ਜੋ ਕਰਨਾ ਸੀ ਕਰ ਨਹੀਂ ਸਕਿਆ—

*ਸੁਖ ਮਹਿ ਸੁਪਤਹੁ ਚਿੰਤ ਨਾ ਕਾਈ। ਨਹੀ ਪਿਤਾ ਤੇ ਕੁਝ ਬਨਿਆਈ।*

ਪਰ ਪਿਤਾ ਨੇ ਅੰਤਮ ਸਮੇਂ ਮੈਨੂੰ ਇਹ ਸੰਦੇਸ਼ਾ ਦਿੱਤਾ ਸੀ ਕਿ ਜਿਵੇਂ ਹੋ ਸਕੇ ਗੁਰੂ ਅਰਜਨ ਦੇਵ ਪਾਸੋਂ ਮੇਰਾ ਬਦਲਾ ਤੂੰ ਲੈਣਾ ਹੈ–

*ਜਿਉ ਕਿਉ ਕਰ ਪਲਟਾ ਲੇਹੁ ਮੇਰੋ। ਸਭ ਜਗ ਗੁਰਤਾ ਅਪੁਨੀ ਹੇਰੋ।*

ਪਰ ਸਤਿਗੁਰੂ ਤੁਰਨ ਲੱਗੇ ਫਿਰ ਬੰਦਨਾ ਕਰਦੇ ਹਨ। ਇਹ ਹੈ ਭਾਰੀ ਪੀਰ ਦੀ ਮਹਾਨਤਾ। ਮੀਆਂ ਮੀਰ ਨੂੰ ਮਿਲਦੇ ਹਨ ਤਾਂ ਪੁੱਛਦੇ ਹਨ ਪੀਰ ਜੀ! ਬਿਰਤੀ ਕਿੱਥੇ ਕੁ ਤੱਕ ਪੁੱਜੀ ਹੈ?

*ਕਹੇ ਪੀਰ ਜੀ ਬ੍ਰਿਤਿ ਕਹਿ ਤੀਕ। ਹੱਕ ਸਹੀ ਕੀਨਸ ਤਹਕੀਕ।*
*ਕੌਣ ਅਵਸਥਾ ਕੋ ਰਸ ਲੇਤ। ਮਨ ਪਰ ਕੈਸੇ ਰਹੇ ਸੁਚੇਤ।*

ਕਿਹੜੀ ਅਵਸਥਾ ਦਾ ਰਸ ਲੈਂਦੇ ਹੋ ਸ਼ਰੀਅਤ, ਤਰੀਕਤ, ਹਕੀਕਤ, ਮਾਰਫਤ ਕਿੱਥੇ ਕੁ ਪੁੱਜੇ ਹੋ? ਅਗੋਂ ਪੀਰ ਜੀ ਕਹਿੰਦੇ ਹਨ ਕਿ ਰੱਬ ਰੂਪੀ ਸੂਰਜ ਉਸ ਮਨੁੱਖ ਦੇ ਹਿਰਦੇ ਵਿਚ ਚੜ੍ਹਦਾ ਹੈ ਜਿਸ ਉੱਤੇ ਤੁਹਾਡੀ ਕ੍ਰਿਪਾ ਹੁੰਦੀ ਹੈ। ਉਹ ਤੁਹਾਡੀ ਮਤਿ ਲੈ ਕੇ ਹਉਮੈ ਨੂੰ ਧੋ ਸਕਦਾ ਹੈ।

*ਜਿਸ ਪਰ ਕ੍ਰਿਪਾ ਆਪਕੀ ਹੋਵੇ। ਹਉਮੈ ਮੈਲ ਗੁਰਮਤਿ ਜਲ ਧੋਵੇ।*

ਐਸੇ ਪ੍ਰਸ਼ਨ ਮੀਆਂ ਮੀਰ ਤੇ ਭਾਰੀ ਪੀਰ ਪੂਰਾ ਸਤਿਗੁਰੂ ਹੀ ਕਰ ਸਕਦਾ ਹੈ। ਸ਼ਰ੍ਹਾ ਦੇ ਦੀਵਾਨੇ ਜਲ ਬਲ ਗਏ ਸਨ ਜਦੋਂ ਉਨ੍ਹਾਂ ਇਕੱਠੇ ਹੋ ਕੇ ਮੀਆਂ ਮੀਰ ਨੂੰ ਪੁੱਛਿਆ ਸੀ ਕਿ ਤੁਸੀਂ ਗੁਰੂ ਹਰਿਗੋਬਿੰਦ ਸਾਹਿਬ ਦਾ ਇੰਨਾ ਆਦਰ ਕਿਉਂ ਕੀਤਾ ਹੈ। ਗ਼ੈਰ ਮੁਸਲਮ ਦਾ ਆਦਰ ਕੁਫਰ ਹੈ, ਤਾਂ ਮੀਆਂ ਮੀਰ ਨੇ ਕਿਹਾ ਜਦੋਂ ਅਸੀਂ ਸਾਰੇ ਫ਼ਕੀਰ ਸਮਾਧੀ ਵਿਚ ਹੁੰਦੇ ਹਾਂ, ਖ਼ੁਦਾ ਦੀ ਦਰਗਾਹ ਵਿਚ ਪੁੱਜਦੇ ਹਾਂ ਤਾਂ ਇਸ ਸੂਰਤ ਦੇ ਦਰਸ਼ਨ ਕਰਦੇ ਹਾਂ ਜੋ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹੈ।

*ਜੇਤਿਕ ਪੀਰ ਅਹੈ ਹਮ ਸਾਰੇ। ਬਡੇ ਕਿ ਛੋਟੇ ਅਜ਼ਮਤ ਧਾਰੇ।*
*ਜਬ ਸਭ ਦਮ ਕਰਕੇ ਇਕ ਬਾਰ। ਪਹੁਚਹਿ ਜਹਿ ਖ਼ੁਦਾਇ ਦਰਬਾਰ।*
*ਇਸ ਸੂਰਤ ਕੋ ਦਰਸ਼ਨ ਕਰੈਂ। ਅਪਰ ਨਹੀ ਕੋ ਦ੍ਰਿਸ਼ਟੀ ਪਰੈ।*

ਜਦੋਂ ਬੀਬੀ ਰਾਮੋ ਜੋ ਗੁਰੂ ਸਾਹਿਬ ਦੀ ਰਿਸ਼ਤੇ ਵਿਚੋਂ ਸਾਲੀ ਸੀ, ਨੇ ਕਿਹਾ ਕਿ ਪਤੀ ਦੇਵ! ਅਸੀਂ ਅੰਮ੍ਰਿਤਸਰ ਚੱਲ ਕੇ ਬੇਨਤੀ ਕਰੀਏ ਤੇ ਸਤਿਗੁਰਾਂ ਨੂੰ ਲਿਆਈਏ ਉਹ ਸਾਡੇ ਨਵੇਂ ਬਣੇ ਮਕਾਨ ਵਿਚ ਚਰਨ ਪਾਉਣ ਤੇ ਘਰ ਪਵਿੱਤਰ ਕਰਨ ਫਿਰ ਅਸੀਂ ਵਾਸਾ ਕਰੀਏ ਤਾਂ ਸਾਈਂ ਦਾਸ ਗੁਰੂ ਦੀ ਅੰਤਰਜਾਮਤਾ ਦਾ ਜ਼ਿਕਰ ਕਰਦੇ ਹਨ ਕਿ ਕੋਈ ਅਲਪੱਗ ਜੀਵ ਹੋਵੇ ਤਾਂ ਇੰਝ ਜਾਈਏ। ਉਹ ਦਿਲ ਦੀ ਜਾਣਦੇ ਹਨ ਆਪੇ ਆਉਣਗੇ–

*ਸਾਂਈ ਦਾਸ ਕਹਿਉ ਸੁਨ ਭੇਰੀ। ਨੀਕੀ ਬਾਤ ਲਗਤ ਨਹਿ ਤੇਰੀ।*
*ਅਲਪਗੱਨ ਸੋ ਇਮ ਬਨ ਆਵੈ। ਬਿਨਾ ਭਜੈ ਜੋ ਭੇਵ ਨਾ ਪਾਵੈ।* (ਗੁ.ਪ੍ਰ.ਸੂ.)

ਸਾਂਈ ਦਾਸ ਦੀ ਸ਼ਰਧਾ ਨੂੰ ਭਾਗ ਲੱਗਾ। ਸਤਿਗੁਰੂ ਆਪ ਚੱਲ ਕੇ ਆ ਗਏ। ਸੇਵਕਾਂ ਦੇ ਕਾਰਜ ਰਾਸ ਕੀਤੇ। ਬਾਣੀ ਬਾਰੇ ਜਦੋਂ ਸਿੱਖਾਂ ਨੇ ਪੁੱਛਿਆ ਕਿ ਬਾਣੀ ਸਿੱਖ ਦੇ ਜੀਵਨ ਦਾ ਕਿਵੇਂ ਅੰਗ ਬਣੇ। ਤਾਂ ਪੂਰੇ ਗੁਰੂ ਨੇ ਕਿੰਨਾ ਸੁਹਣਾ ਤੇ ਹਿਰਦੇ ਵਿਚ ਵਸਣ ਵਾਲਾ ਉਪਦੇਸ਼ ਕੀਤਾ ਸੀ ਕਿ ਪਾਠ ਕਰਨ ਦਾ ਮਹਾਨ ਪੁੰਨ ਹੈ। ਪਰ ਆਤਮ ਗਿਆਨ ਪ੍ਰਾਪਤ ਨਹੀਂ ਹੋਵੇਗਾ। ਜਦੋਂ ਕੋਈ ਬਾਣੀ ਦਾ ਵਿਚਾਰ ਕਰਕੇ ਬਾਣੀ ਹਿਰਦੇ ਵਿਚ ਵਸਾਉਂਦਾ ਹੈ, ਬਾਣੀ ਨੂੰ ਸਮਝ ਕੇ ਆਪਣਾ ਕਾਰਵਿਹਾਰ ਆਪਣਾ ਧੰਦਾ ਵੀ ਸ਼ਬਦ ਅਨੁਸਾਰ ਕਰਦਾ ਹੈ, ਭਾਵ ਉਸਦੇ ਵਿਚਾਰ ਵਿਚ ਵੀ ਬਾਣੀ ਹੁੰਦੀ ਹੈ ਅਤੇ ਉਸਦੇ ਕਰਮ ਵਿਚ ਵੀ ਬਾਣੀ ਹੁੰਦੀ ਹੈ, ਫਿਰ ਐਸੇ ਜੀਵ ਦੇ ਅੰਦਰ ਆਤਮ ਪ੍ਰਕਾਸ਼ ਪੈਦਾ ਹੁੰਦਾ ਹੈ, ਅਨੰਦ ਪ੍ਰਾਪਤ ਹੋ ਜਾਂਦਾ ਹੈ। ਜਨਮ ਮਰਨ ਦਾ ਡਰ ਮੁੱਕ ਜਾਂਦਾ ਹੈ। ਐਸੇ ਜੀਵਨ ਵਿਚ ਪਾਪ ਨਹੀਂ ਰਹਿ ਜਾਂਦਾ। ਪਾਪ ਪਹਿਲਾਂ ਸਾਡੇ ਵਿਚਾਰ ਵਿਚ ਹੁੰਦਾ ਹੈ ਫਿਰ ਸਾਡੇ ਕਰਮ ਵਿਚ ਆ ਜਾਂਦਾ ਹੈ। ਜਦੋਂ ਵੀਚਾਰ ਵਿਚ ਵੀ ਬਾਣੀ ਹੋਵੇਗੀ, ਕਰਮ ਵਿਚ ਵੀ ਬਾਣੀ ਹੋਵੇਗੀ ਫਿਰ ਪਾਪ ਨੂੰ ਟਿਕਣ ਲਈ ਥਾਂ ਨਹੀਂ ਮਿਲੇਗੀ। ਭਾਈ ਸੁੰਦਰ ਦੇ ਪੁੱਛਣ ਤੇ ਕਿ ਪਾਤਸ਼ਾਹ! ਸੰਸਾਰ ਵਿਚ ਗੁਰੂ ਵੀ ਵੱਖ-ਵੱਖ ਹਨ। ਸਤਿਗੁਰਾਂ ਕਿਹਾ ਹਾਂ, ਭਾਈ ਸੁੰਦਰ! ਗੁਰੂ ਚਾਰ ਪ੍ਰਕਾਰ ਦੇ ਹਨ, ਪਰ ਗੁਰੂ ਨਾਨਕ ਇਨ੍ਹਾਂ ਸਾਰਿਆਂ ਤੋਂ ਵੱਡੇ ਹਨ। ਭ੍ਰਿੰਗੀ.ਗੁਰੂ ਉਸ ਨੂੰ ਕਹਿੰਦੇ ਹਨ ਜੋ ਕਿਸੇ ਖਾਸ ਜਾਤ ਦੇ ਕੀੜੇ ਨੂੰ ਲੈ ਕੇ ਭ੍ਰਿੰਗੀ ਕੀੜਾ ਆਪਣੇ ਵਰਗਾ ਕਰ ਲੈਂਦਾ ਹੈ ਹਰ ਇਕ ਨੂੰ ਨਹੀਂ। ਇਸੇ ਤਰ੍ਹਾਂ ਭ੍ਰਿੰਗੀ ਗੁਰੂ ਕਿਸੇ ਖਾਸ ਸਿੱਖ ਨੂੰ ਤਾਰ ਸਕਦਾ ਹੈ। ਭ੍ਰਿੰਗੀ ਗੁਰੂ ਹਰ ਇਕ ਨੂੰ ਨਹੀਂ ਤਾਰ ਸਕਦਾ। ਪਾਰਸ ਅੱਠਾਂ ਧਾਤਾਂ ਨੂੰ ਸੋਨਾ ਕਰ ਸਕਦਾ ਹੈ, ਹਰ ਇਕ ਚੀਜ਼ ਨੂੰ ਨਹੀਂ। ਜਿਸਨੂੰ ਪਾਰਸ ਗੁਰੂ ਕਹਿੰਦੇ ਹਨ ਉਹ ਵੀ ਕੁਝ ਸਿੱਖਾਂ ਨੂੰ ਸਵਾਰ ਦਿੰਦਾ ਹੈ ਪਰ ਆਪਣੇ ਵਰਗੇ ਪਾਰਸ ਨਹੀਂ ਕਰ ਸਕਦਾ। ਤੀਜਾ ਚੰਦਨ ਗੁਰੂ ਹੈ। ਚੰਦਨ ਬਸੰਤ ਰੁੱਤ ਵਿਚ ਬਨਾਸਪਤੀ ਨੂੰ ਚੰਦਨ ਕਰਦਾ ਹੈ। ਪਰ ਬਾਂਸਾਂ ਦੇ ਰੁੱਖ ਨੂੰ ਚੰਦਨ ਨਹੀਂ ਕਰ ਸਕਦਾ। ਚੌਥਾ ਦੀਪਕ ਗੁਰੂ ਹੈ ਜਿਹੜਾ ਬਾਕੀਆਂ ਦੀਵਿਆਂ ਨੂੰ ਜਗਾ ਕੇ ਆਪਣੇ ਸਮਾਨ ਕਰ ਲੈਂਦਾ ਹੈ। ਗੁਰੂ ਨਾਨਕ ਇਨ੍ਹਾਂ ਸਾਰਿਆਂ ਤੋਂ ਇਸ ਲਈ ਵੱਡੇ ਹਨ ਕਿ ਉਨ੍ਹਾਂ ਦਾ ਨਾਂ ਸੁਣ ਕੇ ਹੀ ਜਮ ਡਰ ਜਾਂਦਾ ਹੈ। ਉਨ੍ਹਾਂ ਵਿਚ ਸਾਰੇ ਗੁਣ ਵੀ ਹੈਨ ਤੇ ਉਨ੍ਹਾਂ ਵਿਚ ਸਭ ਤੋਂ ਵੱਡੀ ਸਮਰੱਥਾ ਵੀ ਹੈ। ਜਿਥੇ ਸੇਵਕਾਂ ਨੂੰ ਆਤਮ ਪ੍ਰਕਾਸ਼ ਦਿੰਦੇ ਹਨ ਉਥੇ ਜਮ ਉਨ੍ਹਾਂ ਤੋਂ ਡਰਦਾ ਹੈ, ਭੈ-ਭੀਤ ਹੈ। ਜਿਥੇ ਗੁਰੂ ਦਾ ਸ਼ਬਦ ਹੈ ਉਥੇ ਜਮ ਨਹੀਂ ਆ ਸਕਦਾ। ਆਤਮ ਗਿਆਨ ਦੇਣ ਲੱਗਿਆਂ ਪ੍ਰੀਖਿਆ ਵੀ ਸਖਤ ਲੈਂਦੇ ਸਨ। ਉਨ੍ਹਾਂ ਦੇ ਸਿੱਖਾਂ ਵਿਚ ਮੁਸਲਮਾਨ ਖ਼ਵਾਜਾ ਕਸ਼ਮੀਰੀ ਵੀ ਸੀ ਜਿਹੜਾ ਸਤਿਗੁਰਾਂ ਦੇ ਉਹ ਦਰਸ਼ਨ ਕਰਕੇ ਬੜਾ ਹੀ ਪ੍ਰਸੰਨ ਹੁੰਦਾ ਸੀ, ਜਦੋਂ ਆਪ ਘੋੜੇ ਤੇ ਅਸਵਾਰ ਹੁੰਦੇ ਸਨ। ਇਸਦਾ ਇਕ ਮਿੱਤਰ ਸੱਯਦ ਜਾਨੀ ਆ ਗਿਆ ਤੇ ਕਹਿਣ ਲੱਗਾ ਸਤਿਗੁਰੂ ਨੂੰ ਬੇਨਤੀ ਕਰੋ ਮੈਨੂੰ ਖ਼ੁਦਾ ਮਿਲਾ ਦੇਣ। ਸਤਿਗੁਰਾਂ ਕਿਹਾ ਇਹ ਦਰਸ਼ਨ ਕਰਨ ਨਹੀਂ ਆ ਸਕਦਾ। ਉਹ ਕਹਿਣ ਲੱਗਾ, ਇਹ ਕਿਹੜੀ ਮੁਸ਼ਕਿਲ ਗੱਲ ਹੈ

ਜਦੋਂ ਬਾਹਰ ਨਿਕਲਣਗੇ, ਮੈਂ ਦਰਸ਼ਨ ਕਰ ਲਵਾਂਗਾ। ਜਿਥੇ ਉਹ ਬੈਠਾ ਸੀ ਸਤਿਗੁਰਾਂ ਦੀਵਾਰ ਦਾ ਪਰਦਾ ਕਰ ਦਿੱਤਾ। ਪਰ ਉਹ ਐਸਾ ਬ੍ਰਿਹੋਂ ਕੁਠਾ ਪ੍ਰੇਮੀ ਸੀ ਕਹਿਣ ਲੱਗਾ, ਮੈਂ ਉਦੋਂ ਤੱਕ ਨਹੀਂ ਉਠਾਂਗਾ ਜਦੋਂ ਤੱਕ ਆ ਕੇ ਮੈਨੂੰ ਰੱਬ ਦੇ ਦਰਸ਼ਨ ਨਾ ਕਰਵਾ ਦੇਣ। ਸਤਿਗੁਰਾਂ ਕਿਹਾ, ਜੇ ਰੱਬ ਪਾਉਣਾ ਹੈ ਤਾਂ ਦਰਿਆ ਵਿਚ ਡੁੱਬ ਮਰ। ਜਦੋਂ ਡੁੱਬਣ ਵਾਸਤੇ ਗਿਆ ਤਾਂ ਸਤਿਗੁਰੂ ਦੇ ਕਹੇ ਅਨੁਸਾਰ ਸਿੱਖਾਂ ਬਚਾ ਲਿਆ। ਸਤਿਗੁਰਾਂ ਕਿਹਾ ਰਿੱਧੀ ਸਿੱਧੀ ਲੈ ਲੈ। ਹੋਰ ਜੋ ਤੂੰ ਕਹਿੰਦਾ ਹੈਂ ਮੈਂ ਕਰ ਦੇਂਦਾ ਹਾਂ ਪਰ ਉਹ ਕਹਿੰਦਾ ਸੀ ਸਿਰਫ਼ ਖ਼ੁਦਾ ਚਾਹੀਦਾ ਹੈ ਸਤਿਗੁਰਾਂ ਪਾਸ ਬੁਲਾ ਕੇ ਨਾਮ ਦਾਨ ਦਿੱਤਾ।

*ਤਬ ਜਾਨੀ ਕੋ ਨਿਕਟ ਬੁਲਾਇਵ। ਦੇ ਦਰਸ਼ਨ ਪ੍ਰਭ ਪੰਥ ਬਤਾਇਵ।*

*(ਗੁ:ਪ੍ਰ:ਸੂ:)*

ਤੇ ਸੰਗਤਾਂ ਨੂੰ ਕਿਹਾ ਰੱਬ ਮਿਲਦਾ ਹੀ ਉਸ ਵਕਤ ਹੈ ਜਦੋਂ ਖ਼ੁਦਾ ਦੇ ਮੁਕਾਬਲੇ ਤੇ ਬਾਕੀ ਸਭ ਕੁਝ ਹੀ ਤੁਛ ਜਾਪੇ। ਜਦੋਂ ਤੱਕ ਅਸੀਂ ਪਦਾਰਥਾਂ ਨੂੰ ਪ੍ਰਮਾਤਮਾ ਤੋਂ ਕੀਮਤੀ ਸਮਝਦੇ ਹਾਂ ਪ੍ਰਮਾਤਮਾ ਕਿਵੇਂ ਪ੍ਰਾਪਤ ਹੋ ਸਕਦਾ ਹੈ। ਪ੍ਰੇਮੀ ਸਿੱਖਾਂ ਦਾ ਕਿੰਨਾ ਧਿਆਨ ਰਖਦੇ ਸਨ। ਕਟੂ ਸ਼ਾਹ ਨੂੰ ਸ਼ਹਿਦ ਨਹੀਂ ਦਿੱਤਾ ਤਾਂ ਸਾਡੇ ਖਾਣ ਦੇ ਯੋਗ ਵੀ ਨਹੀਂ ਰਿਹਾ। ਪਹਿਲਾਂ ਸਿੱਖ ਨੂੰ ਪ੍ਰਸੰਨ ਕਰੋ, ਗੁਰੂ ਆਪੇ ਹੀ ਪ੍ਰਸੰਨ ਹੋ ਜਾਵੇਗਾ। ਆਗਰੇ ਦੇ ਘਾਹੀ ਪ੍ਰਤੀ ਜਹਾਂਗੀਰ ਨੂੰ ਕਿਹਾ ਸੀ ਗ਼ਰੀਬ ਵਿਕ ਸਕਦਾ ਹੈ ਪਰ ਪ੍ਰੇਮੀ ਨਹੀਂ ਵਿਕ ਸਕਦੇ। ਇਹ ਬਾਦਸ਼ਾਹ ਹਨ। ਇਸ ਨੇ ਟਕਾ ਤੇ ਘਾਹ ਤੈਨੂੰ ਇਸ ਲਈ ਨਹੀਂ ਦਿਤਾ ਕਿ ਪ੍ਰੇਮ ਭੇਟ ਹੋ ਸਕਦਾ ਹੈ ਵਿਕ ਨਹੀਂ ਸਕਦਾ। ਤੂੰ ਕੁਝ ਖਰੀਦ ਸਕਦਾ ਹੈਂ ਭੇਟ ਲੈਣ ਦੀ ਸਮਰੱਥਾ ਤੇਰੇ ਵਿਚ ਨਹੀਂ।

ਪੰਡਤ ਨਿਤਯਾ ਨੰਦ ਨੂੰ ਕਹਿ ਦਿੱਤਾ ਸੀ ਪੰਡਤ ਜੀ! ਸਿਖਾਂ ਦੀ ਸਿੱਧੀ ਗੱਲ ਪ੍ਰਮਾਤਮਾ ਨਾਲ ਹੈ। ਇਹ ਹੁਣ ਜਮਰਾਜੇ ਪਾਸ ਨਹੀਂ ਜਾਣਗੇ ਇਨ੍ਹਾਂ ਦਾ ਰਸਤਾ ਕੀੜੀ ਦਾ ਨਹੀਂ, ਪੰਛੀ ਦੀ ਉਡਾਰੀ ਹੈ। ਜਿਨ੍ਹਾਂ ਨੂੰ ਸਤਿ ਦੀ ਪ੍ਰਾਪਤੀ ਹੋ ਜਾਏ ਉਨ੍ਹਾਂ ਦੀ ਗੱਲ ਤੋਂ ਸੁਭਾਵਕ ਹੀ ਕਰਮ-ਕਾਂਡ ਦਾ ਮਖੌਲ ਉਡ ਜਾਂਦਾ ਹੈ। ਇਨ੍ਹਾਂ ਨੂੰ ਗਰੜ ਪੁਰਾਣ ਦੀ ਲੋੜ ਨਹੀਂ। ਕਿਉਂਕਿ ਇਨ੍ਹਾਂ ਨੇ ਜੇ ਇਸ ਰਸਤੇ ਜਾਣਾ ਹੀ ਨਹੀਂ ਤਾਂ ਫਿਰ ਇਸ ਰਸਤੇ ਦੀ ਜਾਣਕਾਰੀ ਪ੍ਰਾਪਤ ਕਰਕੇ ਵੀ ਇਨ੍ਹਾਂ ਕੀ ਕਰਨਾ ਹੈ?

ਭਾਰੀ ਪੀਰ ਦੀ ਆਪਣੇ ਥਾਂ ਜਾਂਨਸ਼ੀਂ ਦੀ ਚੋਣ ਗੁਰੂ ਹਰਿ ਰਾਇ ਸਾਹਿਬ ਦੀ ਕਰਨੀ ਜਿਨ੍ਹਾਂ ਦਾ ਹਿਰਦਾ ਬੜਾ ਹੀ ਨਰਮ ਤੇ ਕੋਮਲ ਸੀ। ਇਹ ਚੋਣ ਦਸਦੀ ਹੈ ਜਿਥੇ ਉਹ ਫੌਲਾਦ ਤੋਂ ਵੱਧ ਸਖ਼ਤ ਸਨ ਉਥੇ ਫੁੱਲ ਤੋਂ ਵੀ ਵਧੀਕ ਕੋਮਲ ਸਨ। ਸਖਤੀ ਤੇ ਨਰਮਾਈ, ਭਗਤੀ ਤੇ ਸ਼ਕਤੀ, ਮੀਰੀ ਤੇ ਪੀਰੀ, ਬਾਦਸ਼ਾਹੀ ਤੇ ਦਰਵੇਸ਼ੀ ਦਾ ਸੰਗਮ ਸਨ ਗੁਰੂ ਹਰਿ ਗੋਬਿੰਦ ਸਾਹਿਬ ਜੀ।

■ ■ ■

## ੨੩

# ਗਾਥਾ ਗੁਰੂ ਹਰਿ ਰਾਇ ਸਾਹਿਬ ਦੀ

ਆਮ ਬੰਦਿਆਂ ਨੂੰ ਨਾ ਸੋਨੇ ਦੀ ਪਰਖ ਹੁੰਦੀ ਹੈ ਅਤੇ ਨਾ ਹੀਰਿਆਂ ਦੀ ਪਛਾਣ ਹੁੰਦੀ ਹੈ। ਸਧਾਰਨ ਤੌਰ 'ਤੇ ਬੰਦਾ ਸੋਨੇ ਦੀ ਚਮਕ ਵੇਖ ਕੇ ਕਹਿ ਦੇਵੇਗਾ ਕਿ ਸੋਨਾ ਬੜਾ ਚੰਗਾ ਹੈ। ਹੀਰਿਆਂ ਦੀ ਡਲਕ ਵੇਖ ਕੇ ਕਹੇਗਾ, ਬੜੇ ਚੰਗੇ ਹਨ, ਧੁੱਪੇ ਬੜੇ ਚਮਕਦੇ ਹਨ। ਪਰ ਪਾਰਖੂ ਜਦੋਂ ਸੋਨੇ ਨੂੰ ਵੇਖਦਾ ਹੈ ਉਹ ਬਾਹਰਲੀ ਚਮਕ ਦਮਕ ਨਹੀਂ ਵੇਖਦਾ ਉਹ ਤਾਂ ਸੋਨੇ ਨੂੰ ਕਸਵੱਟੀ ਤੇ ਲਗਾ ਕੇ ਵੇਖਦਾ ਹੈ ਜਾਂ ਫਿਰ ਅੱਗ ਵਿਚ ਪਾ ਕੇ ਵੇਖਦਾ ਹੈ। ਕਾਲਾ ਹੁੰਦਾ ਹੈ ਕਿ ਨਹੀਂ, ਉਹ ਫੌਰਨ ਦੱਸ ਦੇਵੇਗਾ ਸੋਨਾ ਖਰਾ ਹੈ ਕਿ ਖੋਟਾ ਹੈ, ਹੀਰੇ ਅਸਲੀ ਹਨ ਜਾਂ ਨਕਲੀ ਹਨ। ਏਸੇ ਤਰ੍ਹਾਂ ਹੀ ਆਮ ਬੰਦਾ ਬੰਦੇ ਦੀ ਪਰਖ ਨਹੀਂ ਕਰ ਸਕਦਾ। ਜੇਕਰ ਹੀਰੇ ਪਰਖਣ ਵਾਸਤੇ ਕੋਈ ਸਿਆਣਾ ਜੌਹਰੀ ਚਾਹੀਦਾ ਹੈ ਤਾਂ ਬੰਦੇ ਨੂੰ ਪਰਖਣ ਵਾਸਤੇ ਜੌਹਰੀ ਸਤਿਗੁਰੂ ਹੈ। ਜੋ ਪਰਖ ਕੇ ਦਸਦਾ ਹੈ ਕਿ ਇਹ ਬੰਦਾ ਖੋਟਾ ਹੈ ਕਿ ਖਰਾ ਹੈ।

ਬੜੀ ਚਮਕ ਦਮਕ ਰੱਖਣ ਵਾਲੇ, ਧੀਰ ਮੱਲ ਵਰਗੇ ਨਕਲੀ ਹੀਰੇ ਗੁਰੂ ਹਰਿਗੋਬਿੰਦ ਸਾਹਿਬ ਦੀ ਨਜ਼ਰ ਵਿਚ ਪ੍ਰਵਾਨ ਨਹੀਂ ਹੋ ਸਕੇ। ਨਕਲੀ ਹੀਰਾ ਸੀ, ਖੋਟਾ ਸੋਨਾ ਸੀ। ਸਤਿਗੁਰੂ ਦੀ ਨਜ਼ਰ ਵਿਚ ਪਰਖਣ ਤੇ ਥਿੜਕ ਗਏ। ਇਕ ਵਾਰ ਧੀਰ ਮੱਲ ਜੀ ਕਰਤਾਰਪੁਰ ਤੋਂ ਚੱਲੇ ਤੇ ਕੀਰਤਪੁਰ ਸਾਹਿਬ ਜਾ ਕੇ ਤਖ਼ਤਪੋਸ਼ ਤੇ ਆਸਣ ਵਿਛਾ ਕੇ ਬੈਠ ਗਏ ਤੇ ਇਕ ਉਨ੍ਹਾਂ ਦਾ ਸੇਵਕ ਸਿਰ ਤੇ ਚੌਰ ਕਰਨ ਲੱਗ ਪਿਆ। ਕੁਝ ਖੁਸ਼ਾਮਦੀ ਬੰਦੇ ਮੱਥੇ ਟੇਕਣ ਲੱਗ ਪਏ। ਸਤਿਗੁਰੂ ਹਰਿਗੋਬਿੰਦ ਸਾਹਿਬ ਨੂੰ ਪਤਾ ਲੱਗਾ ਤੇ ਉਨ੍ਹਾਂ ਨੇ ਕਿਹਾ ਕਿ ਜਾਉ, ਇਸ ਨੂੰ ਇਥੋਂ ਉਠਾ ਦੇਵੋ। ਇਹ ਪਖੰਡ ਦੀ ਦੁਕਾਨ ਇਥੇ ਨਹੀਂ ਚੱਲ ਸਕਦੀ। ਸਿੱਖ ਆਏ, ਇਸ ਨੇ ਸਿੱਖਾਂ ਦਾ ਕਿਹਾ ਨਹੀਂ ਮੰਨਿਆ। ਜ਼ਬਰਦਸਤੀ ਉਠਾ ਦਿੱਤਾ ਤੇ ਬੇਪਤ ਹੋ ਕੇ ਵਾਪਸ ਕਰਤਾਰਪੁਰ ਆ ਗਿਆ।

ਬਾਬਾ ਅਟੱਲ ਰਾਇ ਜੀ ਛੋਟੀ ਉਮਰ ਵਿਚ ਚੜ੍ਹਾਈ ਕਰ ਗਏ ਸਨ। ਬਾਕੀ ਸਤਿਗੁਰੂ ਜੀ ਦੇ ਸਾਹਿਬਜ਼ਾਦੇ ਮੌਜੂਦ ਸਨ ਪਰ ਸਤਿਗੁਰੂ ਦੀ ਮਰਜ਼ੀ ਹੈ। ਉਨ੍ਹਾਂ ਗੁਰਿਆਈ ਗੱਦੀ ਹਰਿ ਰਾਇ ਜੀ ਜੋ ਉਨ੍ਹਾਂ ਦੇ ਪੋਤਰੇ ਸਨ ਤੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ, ਉਨ੍ਹਾਂ ਨੂੰ ਬਖਸ਼ਸ਼ ਕਰ ਦਿੱਤੀ। ਵਿਚਾਰਨ ਵਾਲੀ ਗੱਲ ਇਹ ਹੈ ਕਿ ਇੰਨੇ ਵਿਅਕਤੀਆਂ ਵਿਚੋਂ ਉਚੇਚਾ ਹਰਿ ਰਾਏ ਜੀ ਨੂੰ ਕਿਉਂ ਚੁਣਿਆ? ਇਸ ਦਾ ਕੀ ਕਾਰਨ ਹੈ? ਜਦੋਂ ਵੀ ਕਿਸੇ ਨੂੰ ਕੋਈ ਦਾਤ ਪ੍ਰਾਪਤ ਹੁੰਦੀ ਹੈ ਤਾਂ ਉਸਦੇ ਦੋ ਕਾਰਨ ਹੁੰਦੇ ਹਨ। ਇਕ ਤਾਂ ਧੁਰੋਂ ਪ੍ਰਮਾਤਮਾ ਵਲੋਂ ਬਖਸ਼ਸ਼ ਹੁੰਦੀ ਹੈ। ਦੂਸਰਾ ਲੈਣ ਵਾਲੇ ਦੀ ਝੋਲੀ ਸਾਬਤ ਚਾਹੀਦੀ ਹੈ ਤਾਂਕਿ ਮਿਲੀ ਦਾਤ ਨੂੰ ਸੰਭਾਲ ਸਕੇ। ਇਸੇ ਝੋਲੀ ਦਾ ਹੀ ਦੂਸਰਾ ਨਾਂ ਅਸੀਂ ਯੋਗਤਾ ਰਖਿਆ ਹੈ। ਜੇ ਬਖ਼ਸ਼ਸ਼ ਕਰਤਾਰ ਦੀ ਹੈ, ਤਾਂ ਯੋਗਤਾ ਵੀ ਉਸਦੀ ਬਖ਼ਸ਼ਸ਼ ਨਾਲ ਹੀ ਪ੍ਰਾਪਤ ਹੁੰਦੀ ਹੈ। ਅਸੀਂ ਇੰਝ ਕਹਿ ਸ਼ਕਦੇ ਹਾਂ ਕਿ ਗੁਰੂ ਹਰਿ ਰਾਇ ਸਾਹਿਬ ਤੇ ਪ੍ਰਮਾਤਮਾ ਦੀ ਪੂਰਨ ਤੌਰ 'ਤੇ ਕ੍ਰਿਪਾ ਹੋਈ ਸੀ। ਤਾਂ ਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਨ੍ਹਾਂ ਨੂੰ ਯੋਗ ਜਾਣ ਕੇ ਗੁਰਿਆਈ ਗੱਦੀ ਦੀ ਬਖਸ਼ਸ਼ ਕਰ ਦਿੱਤੀ। ਸਿੱਖੀ ਵਿਚ ਗੁਰੂ ਹੋਵੇ ਜਾਂ ਸਿੱਖ ,ਹੋਵੇ, ਭਾਵੇਂ ਗੁਰੂ ਦਾ ਕੋਈ ਰਿਸ਼ਤੇਦਾਰ ਹੋਵੇ, ਇਕ ਇਮਤਿਹਾਨ ਵਿਚੋਂ ਹਰ ਇਕ ਨੂੰ ਗੁਜ਼ਰਨਾ ਪੈਂਦਾ ਹੈ। ਉਹ ਇਮਤਿਹਾਨ ਹੈ ਰਜ਼ਾ ਦਾ, ਭਾਣੇ ਦਾ। ਜਿਹੜਾ ਵਿਅਕਤੀ ਭਾਣੇ ਦੀ ਕਸਵੱਟੀ ਤੇ ਪੂਰਾ ਨਾ ਉਤਰੇ ਉਹ ਸਿੱਖੀ ਵਿਚ ਪ੍ਰਵਾਨ ਨਹੀਂ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਦਿਨ ਹਰਿ ਰਾਇ ਜੀ ਨੂੰ ਵੇਖਿਆ ਕਿ ਉਹ ਜ਼ਮੀਨ ਤੇ ਬੈਠੇ ਹਨ ਇਕ ਫੁੱਲ ਟੁੱਟਾ ਹੈ। ਕੀਰਤਪੁਰ ਸਾਹਿਬ ਬਾਗ ਵਿਚ ਇਹ ਘਟਨਾ ਹੋਈ ਸੀ। ਸਤਿਗੁਰਾਂ ਪੁੱਛਿਆ ਕਿ ਬੇਟਾ, ਇਸ ਤਰ੍ਹਾਂ ਕਿਉਂ ਬੈਠੇ ਹੋ? ਤੁਸੀਂ ਉਦਾਸ ਕਿਉਂ ਹੋ? ਅਗੋਂ ਹਰਿ ਰਾਇ ਜੀ ਨੇ ਉੱਤਰ ਦਿੱਤਾ ਕਿ ਪਿਤਾਮਾ ਜੀ, ਮੇਰੇ ਕੋਲੋਂ ਇਕ ਗ਼ਲਤੀ ਹੋਈ ਹੈ। ਇਹ ਫੁੱਲ ਟਾਹਣੀ ਤੇ ਲੱਗਾ ਖੁਸ਼ਬੋ ਵੰਡ ਰਿਹਾ ਸੀ। ਮੇਰੇ ਜਾਮੇ ਨਾਲ ਅੜ ਕੇ ਡਿੱਗ ਪਿਆ ਹੈ। ਟੁੱਟ ਕੇ ਬਰਬਾਦ ਹੋ ਗਿਆ ਹੈ। ਹੁਣ ਇਸਨੇ ਮੁਰਝਾ ਕੇ ਸਮਾਪਤ ਹੋ ਜਾਣਾ ਹੈ। ਗੁਰੂ ਸਾਹਿਬ ਨੇ ਇਕ ਬਚਨ ਕਿਹਾ ਸੀ ਕਿ ਜਾਮਾ ਖੁਲ੍ਹਾ ਪਹਿਨੀਏ ਤਾਂ ਫਿਰ ਧਿਆਨ ਵੀ ਰਖੀਦਾ ਹੈ। ਉਠੋ ਚਲੀਏ ਅਗੋਂ ਵਾਸਤੇ ਐਸੀ ਭੁੱਲ ਫਿਰ ਨਾ ਕਰਨੀ ਧਿਆਨ ਰਖਣਾ। ਅੱਜ ਤੁਹਾਡੇ ਪਾਸੋਂ ਫੁੱਲ ਟੁੱਟਾ ਹੈ, ਕਲ੍ਹ ਕੋਈ ਦਿਲ ਨਾ ਤੋੜਨਾ।

ਸ਼ਕਤੀ ਤੋਂ ਬਿਨਾਂ ਨਾ ਬੰਦਾ ਪੁੰਨ ਕਰ ਸਕਦਾ ਹੈ, ਨਾ ਪਾਪ ਕਰ ਸਕਦਾ ਹੈ। ਪਰ ਜਦੋਂ ਸ਼ਕਤੀ ਪਾਸ ਆ ਜਾਵੇ ਫਿਰ ਸੰਭਾਲ ਕਰਨੀ ਪੈਂਦੀ ਹੈ ਕਿ ਸ਼ਕਤੀ ਨਾਲ ਪੁੰਨ ਹੀ ਹੋਵੇ, ਪਾਪ ਨਾ ਹੋਵੇ। ਪਰਉਪਕਾਰ ਹੀ ਹੋਵੇ। ਜੇ ਮਨੁੱਖ ਦਾ ਤਨ ਹੀ ਨੰਗਾ

ਹੈ, ਤਨ ਕੱਜਣ ਲਈ ਕੱਪੜਾ ਨਹੀਂ, ਇਕ ਲੰਗੋਟੀ ਨਾਲ ਤਨ ਕੱਜਿਆ ਹੈ ਉਸਨੇ ਕੀ ਤੋੜਨਾ ਹੈ। ਉਸ ਪਾਸ ਜਾਮਾ ਹੀ ਨਹੀਂ ਉਹ ਕੀ ਅੜਾਏਗਾ ਤੇ ਕੀ ਤੋੜੇਗਾ? ਪਰ ਜਦੋਂ ਸ਼ਕਤੀ ਦੇ ਜਾਮੇ ਖੁਲ੍ਹੇ ਹੋ ਜਾਣ ਫਿਰ ਡਰ ਹੁੰਦਾ ਹੈ ਕਿ ਫੁੱਲ ਨਾ ਟੁੱਟ ਜਾਣ। ਗੁਰੂ ਹਰਿ ਰਾਇ ਜੀ ਸਾਰੀ ਉਮਰ ਜਾਮਾ ਫੜ ਕੇ ਚਲਦੇ ਰਹੇ ਸਨ।

*ਸੀਖ ਪਿਤਾਮੇ ਕੀ ਨਾ ਬਿਸਾਰੀ। ਸ੍ਰੀ ਹਰਿ ਰਾਇ ਪ੍ਰਤਗਯਾ ਧਾਰੀ।* (ਗੁ:ਪ੍ਰ:ਸੂ:)

ਜਿਵੇਂ ਗੁਰੂ ਅੰਗਦ ਦੇਵ ਜੀ ਨਾਲ ਚਲਦਿਆਂ ਗੁਰੂ ਅਮਰਦਾਸ ਦੀ ਬਾਂਹ ਅੱਗੇ ਹੋ ਗਈ ਸੀ ਤਾਂ ਟੁੱਟੀ ਸਮਝ ਕੇ ਉਨ੍ਹਾਂ ਗਲ ਨਾਲ ਬੰਨ੍ਹ ਲਈ ਸੀ। ਭਾਵ ਇਹ ਸੀ ਕਿ ਹੁਕਮ ਵਿਚ ਰਹਿਣਾ ਹੈ ਅਦਬ ਵਿਚ ਰਹਿਣਾ ਹੈ। ਗੁਰੂ ਹਰਿੰ ਰਾਇ ਜੀ ਨੇ ਸਾਰੀ ਉਮਰ ਚਲਦਿਆਂ ਜਾਮਾ ਨਹੀਂ ਛੱਡਿਆ।

*ਚਲਿਬੇ ਸਮੇਂ ਨਾ ਕਰਤੇ ਛੋਰੈਂ। ਕਰ ਧਰ ਸਕੁਚਾਵਨ ਚਹੁ ਓਰੇ।*

ਜਾਮਾ ਫੜ ਕੇ ਚੱਲਣ ਦਾ ਇਕ ਹੀ ਭਾਵ ਸੀ ਕਿ ਹਮੇਸ਼ਾ ਇਕ ਯਾਦ ਬਣੀ ਰਹੇ ਕਿ ਮੇਰੇ ਕਾਰਨ ਕਿਸੇ ਨੂੰ ਸੁਖ ਜ਼ਰੂਰ ਪਹੁੰਚੇ ਪਰ ਦੁੱਖ ਨਾ ਪਹੁੰਚੇ। ਮੇਰੇ ਕਾਰਨ ਕਿਸੇ ਦਾ ਦਿਲ ਨਾ ਟੁੱਟੇ। ਤਾਕਤਵਰ ਬ਼ਾਦਸ਼ਾਹ ਜਿਧਰੋਂ ਗੁਜ਼ਰਦੇ ਹਨ ਲੋਕਾਂ ਦਾ ਭਲਾ ਵੀ ਹੋ ਸਕਦਾ ਹੈ, ਬੁਰਾ ਵੀ ਹੋ ਸਕਦਾ ਹੈ। ਐਸਾ ਵੀ ਹੋ ਸਕਦਾ ਹੈ, ਬਾਦਸ਼ਾਹ ਦੇ ਹੁਕਮ ਨਾਲ ਥਾਂ-ਥਾਂ ਲੰਗਰ ਲੱਗ ਜਾਣ। ਬਾਦਸ਼ਾਹ ਦੌਲਤ ਵੰਡੀ ਜਾਵੇ, ਲੋਕ ਸੁਖੀ ਹੋ ਜਾਣ, ਕਦੀ ਯਾਦ ਕਰਨ ਕਿ ਕੋਈ ਬਾਦਸ਼ਾਹ ਇਧਰੋਂ ਗੁਜ਼ਰਿਆ ਸੀ। ਬਾਦਸ਼ਾਹਾਂ ਦੇ ਗੁਜ਼ਰਨ ਨਾਲ ਐਸਾ ਵੀ ਹੋ ਸਕਦਾ ਹੈ ਜਿਵੇਂ ਬਾਬਰ ਗੁਜ਼ਰੇ ਤਾਂ ਲੋਕਾਂ ਦੇ ਘਰ ਸਾੜੇ ਜਾਣ। ਲੋਕਾਂ ਨੂੰ ਲੁੱਟ ਲਿਆ ਜਾਵੇ, ਤੇ ਇਥੇ ਹੀ ਬਸ ਨਹੀਂ ਲੋਕਾਂ ਦਾ ਸਾਮਾਨ ਹੀ ਉਨ੍ਹਾਂ ਦੇ ਸਿਰਾਂ ਤੇ ਚੁਕਾ ਕੇ ਉਨ੍ਹਾਂ ਨੂੰ ਕੈਦੀ ਬਣਾ ਕੇ ਨਾਲ ਤੋਰਿਆ ਜਾਏ। ਐਸਾ ਵੀ ਹੋ ਸਕਦਾ ਹੈ। ਗੁਰੂ ਘਰ ਵਿਚ ਦੀਨ ਦੁਨੀਆਂ ਦੀ ਸ਼ਕਤੀ ਸੀ ਇਥੇ ਖਾਸ ਕਰਕੇ ਧਿਆਨ ਰੱਖਣ ਦੀ ਲੋੜ ਸੀ ਕਿ ਕਿਤੇ ਸ਼ਕਤੀ ਗ਼ਲਤ ਹੱਥਾਂ ਵਿਚ ਨਾ ਚਲੀ ਜਾਏ। ਮੈਂ ਸੁਣਿਆ ਹੈ ਇਸ ਸਰੋਵਰ ਦੇ ਕਿਨਾਰੇ ਦੋ ਬੰਦੇ ਬੈਠੇ ਹਨ, ਇਕ ਨੇ ਵੇਖਿਆ ਕਿ ਨਗਰ ਦੇ ਛੋਟੇ-ਛੋਟੇ ਬੱਚੇ ਕਿਨਾਰੇ ਤੇ ਆ ਕੇ ਖੇਲ ਰਹੇ ਹਨ ਤੇ ਬੜੇ ਸੁੰਦਰ ਲੱਗ ਰਹੇ ਹਨ। ਇਕ ਕਹਿਣ ਲੱਗਾ, ਰੱਬ ਮੈਨੂੰ ਕਦੀ ਧਨ ਦੇਵੇ ਤਾਂ ਮਨ ਕਰਦਾ ਹੈ ਮੈਂ ਇਕ ਬੇੜੀ ਬਣਾਵਾਂ ਤੇ ਸਾਰੇ ਨਗਰ ਦੇ ਬੱਚਿਆਂ ਨੂੰ ਬੇੜੀ ਵਿਚ ਬਿਠਾਵਾਂ। ਤੇ ਇਨ੍ਹਾਂ ਨੂੰ ਸਰੋਵਰ ਵਿਚ ਸੈਰ ਕਰਵਾਇਆ ਕਰਾਂ। ਬੜੇ ਖੁਸ਼ ਹੋਣਗੇ ਇਹ ਬੱਚੇ ਤੇ ਇਨ੍ਹਾਂ ਦੀ ਖੁਸ਼ੀ ਰੱਬ ਦੀ ਖੁਸ਼ੀ ਹੈ। ਦੂਸਰਾ ਇਕ ਹੋਰ ਕੋਲ ਬੈਠਾ ਸੀ ਉਸਦੀ ਸ਼ਾਦੀ ਹੀ ਨਹੀਂ ਸੀ ਹੋਈ। ਇੰਨਾ ਬੁਰਾ ਸੁਭਾਅ ਸੀ ਕਿ ਕੋਈ ਬੰਦਾ ਇਸ ਨੂੰ ਲੜਕੀ ਦੇਣ ਵਾਸਤੇ ਤਿਆਰ

ਨਹੀਂ ਸੀ। ਇਸ ਨੇ ਇਹ ਗੱਲ ਸੁਣੀ ਤੇ ਕਹਿਣ ਲੱਗਾ ਜੇ ਰੱਬ ਮੈਨੂੰ ਪੈਸੇ ਦੇਵੇ ਤੇ ਮੈਂ ਵੀ ਬੇੜੀ ਬਣਾਵਾਂ ਤੇ ਸਾਰੇ ਨਗਰ ਦੇ ਬੱਚੇ ਉਸ ਬੇੜੀ ਵਿਚ ਬਿਠਾਵਾਂ ਤੇ ਅੱਧ ਵਿਚ ਜਾ ਕੇ ਬੇੜੀ ਡੋਬ ਦਿਆਂ। ਇਹ ਦੋ ਪ੍ਰਕਾਰ ਦੇ ਬੰਦੇ ਸੰਸਾਰ ਵਿਚ ਹਨ। ਸ਼ਕਤੀ ਪਾ ਕੇ ਪਾਪ ਕਰਨ ਵਾਲੇ ਤੇ ਸ਼ਕਤੀ ਪਾ ਕੇ ਪਰਉਪਕਾਰ ਕਰਨ ਵਾਲੇ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਯੋਗ ਸਮਝ ਕੇ ਗੁਰਗੱਦੀ ਦਿੱਤੀ ਅਤੇ ਉਪਦੇਸ਼ ਦਿਤਾ ਸੀ ਕਿ ਤੁਸੀਂ ਹਮੇਸ਼ਾ ਪਿਛਲੀ ਰਾਤ ਜਾਗਣਾ। ਇਸ਼ਨਾਨ ਕਰਨਾ, ਆਤਮ ਗਿਆਨ ਹਮੇਸ਼ਾ ਹਿਰਦੇ ਵਿਚ ਰੱਖਣਾ। ਭਗਤੀ ਉਪਾਸਨਾ ਦਾ ਉਪਦੇਸ਼ ਕਰਨਾ, ਸੰਗਤਾਂ ਨੂੰ ਪ੍ਰਮਾਤਮਾ ਦੇ ਪ੍ਰੇਮ ਨਾਲ ਜੋੜਨਾ।

*ਹਮ ਸਮ ਜਾਗਹੁ ਪਾਛਲ ਰਾਤੀ। ਸੌਚ ਸ਼ਨਾਨ ਕਰਹੁ ਤਿਸ ਭਾਂਤੀ।*
*ਆਤਮ ਗਿਆਨ ਰਿਦੈ ਮਹਿ ਰਾਖਨ। ਭਗਤ ਉਪਾਸਨ ਕੀਜਹਿ ਭਾਖਨ।*
*(ਗੁ:ਪ੍ਰ:ਸੂ:)*

ਸਤਿਗੁਰਾਂ ਨੇ ਮਹਾਨ ਵਰ ਦਿੱਤੇ ਸਨ ਤੇ ਕਿਹਾ ਤੁਸੀਂ ਕਦੀ ਜੰਗ ਨਹੀਂ ਕਰਨਾ। ਜਦੋਂ ਗੁਰੂ ਹਰਿ ਰਾਇ ਜੀ ਨੇ ਪੁੱਛਿਆ ਸੀ ਕਿ ਦੁਸ਼ਮਣ ਆਪ ਹੀ ਚੜ੍ਹ ਕੇ ਆ ਜਾਏ ਤਾਂ ਫਿਰ ਕੀ ਕੀਤਾ ਜਾਵੇ? ਸਤਿਗੁਰਾਂ ਕਿਹਾ ਸੀ ਉਹ ਦੁਸ਼ਮਣ ਗੜੇ ਵਾਂਗੂ ਗਲ ਜਾਵੇਗਾ ਤੁਹਾਡੇ ਤੱਕ ਨਹੀਂ ਪਹੁੰਚ ਸਕੇਗਾ।

*ਉਰੇ ਸਮ ਗਰਹੈਂ ਮਗ ਮਾਹੀਂ।*
*ਤੁਮ ਲੌ ਪ੍ਰਾਪਤ ਹੋਵਹਿ ਨਾਂਹੀ।।*
*ਇਹ ਬਰ ਤੁਮ ਕੋ ਅਨਮਿਟ ਜਾਨਹੁ।*
*ਬੈਠੇ ਸਦਾ ਅਨੰਦ ਕੋ ਠਾਨਹੁ।।* *(ਗੁ:ਪ੍ਰ:ਸੂ:)*

ਸਤਿਗੁਰਾਂ ਦੇ ਪਾਸ ਜੋ ਅਮੁਕ ਤੇ ਅਮਿਣਵੀਂ ਸ਼ਕਤੀ ਸੀ ਤਾਂ ਹੀ ਉਨ੍ਹਾਂ ਦੇ ਸਿੱਖ ਕਿੰਨੇ ਬਰਕਤ ਵਾਲੇ ਸਨ। ਭਾਈ ਭਗਤੂ ਜੀ ਖੇਤੀ ਕਰਵਾ ਰਹੇ ਸਨ। ਭਾਈ ਸੰਗਤ ਜੀ ਕੋਲੋਂ ਘਿਉ ਲੈ ਕੇ ਸਿੱਖਾਂ ਨੂੰ ਖੁਆ ਦਿੱਤਾ ਜੋ ਖੇਤੀ ਵਿਚ ਕੰਮ ਕਰ ਰਹੇ ਸਨ। ਜਦੋਂ ਰਾਤ ਘਰ ਗਿਆ, ਸਵੇਰੇ ਉਠਿਆ, ਭਾਈ ਸੰਗਤ ਨੇ ਵੇਖਿਆ ਕਿ ਕੁੱਪੀ ਤਾਂ ਭਰੀ ਪਈ ਹੈ। ਆ ਕੇ ਭਾਈ ਭਗਤੂ ਦੇ ਚਰਨ ਫੜ ਲਏ। ਭਾਈ ਜੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਸ਼ਰਣ ਵਿਚ ਲੈ ਆਏ। ਪੁੱਛਿਆ ਕਿ ਕੀ ਕਰਦਾ ਹੈਂ? ਉਸਨੇ ਕਿਹਾ, ਫੇਰੀ ਹੀ ਅਜੀਵਕਾ ਹੈ। ਸਤਿਗੁਰਾਂ ਕਿਹਾ ਤੇਰਾ ਨਾਂ ਅੱਜ ਤੋਂ ਬਾਅਦ ਫੇਰੂ ਹੋਵੇਗਾ। ਇਹੀ ਸੱਜਣ ਸੀ ਜਿਸਨੂੰ ਗੁਰੂ ਘਰ ਵਿਚ ਸੱਚੀ ਦਾੜ੍ਹੀ ਦਾ ਖਿਤਾਬ ਮਿਲਿਆ ਸੀ। ਦਵਾਖਾਨਾ ਏਡਾ ਵੱਡਾ ਸੀ ਕਿ ਦਾਰਾ ਸ਼ਕੋਹ ਜਦੋਂ ਬੀਮਾਰ ਹੋ ਗਿਆ ਸੀ ਤਾਂ ਹਕੀਮਾਂ ਕਿਹਾ ਸੀ ਚੌਦਾਂ ਸਿਰਸਾਹੀ ਦੀ ਹਰੜ ਹੋਵੇ, ਇਕ ਮਾਸੇ ਦਾ ਲੌਂਗ ਹੋਵੇ, ਤਾਂ ਦਵਾ ਬਣੇਗੀ, ਫਿਰ ਇਹ ਠੀਕ ਹੋਵੇਗਾ—

*ਹਰੜ ਆਈ ਬਡ ਤੋਲ ਕੀ ਚੌਦਾਂ ਸਿਰਸਾਹੀ।*

*ਇਕ ਮਾਸੇ ਕੇ ਲੌਂਗ ਹੋਇ, ਅਨਵਾਵਹੁ ਪਾਹੀ।*
*ਇਸ ਅੰਤਰ ਮੁਛ ਸ਼ੇਰ ਕੀ, ਬਾਹਰ ਨਿਕਸੈ ਹੈ।*
*ਤਬਹਿ ਬਿਮਾਰੀ ਜਾਇ ਹੈਂ, ਜਬ ਤਿਸਕੋ ਖੈ ਹੈ।* (ਗੁ.ਪ੍ਰ.ਸੂ.)

ਔਰੰਗਜ਼ੇਬ ਨੇ ਧੋਖੇ ਨਾਲ ਦਾਰਾ ਸ਼ਕੋਹ ਨੂੰ ਜੋ ਸ਼ੇਰ ਦੀ ਮੁੱਛ ਦਾ ਕੇਸ ਖੁਆ ਦਿਤਾ ਸੀ ਇਹ ਤਾਂ ਹੀ ਨਿਕਲੇਗਾ ਜੇ ਇਹ ਹਰੜ ਤੇ ਲੌਂਗ ਮਿਲੇ।

ਸਤਿਗੁਰਾਂ ਨੇ ਹਰੜ, ਲੌਂਗ, ਗਜ ਮੋਤੀ ਤਿੰਨੇ ਵਸਤੂਆਂ ਦਿੱਤੀਆਂ ਸਨ ਤੇ ਦਾਰਾ ਸ਼ਕੋਹ ਠੀਕ ਹੋ ਗਿਆ ਸੀ। ਫਿਰ ਸਾਰੀ ਉਮਰ ਉਹ ਗੁਰੂ ਘਰ ਦਾ ਆਦਰ ਕਰਦਾ ਹੀ ਰਿਹਾ ਸੀ। ਦਿਲਾਂ ਦੀਆਂ ਜਾਨਣ ਵਾਲੇ ਸਨ। ਇਕ ਬਿਰਧ ਮਾਤਾ ਦੇ ਦੋ ਪ੍ਰਸ਼ਾਦੇ ਘੋੜੇ ਤੇ ਚੜ੍ਹਿਆਂ ਹੀ ਛਕੇ ਸਨ। ਮਾਤਾ ਦੀਵਾਨਗੀ ਦੀ ਹਾਲਤ ਵਿਚ ਕਹਿ ਰਹੀ ਸੀ ਤੁਸੀਂ ਪਾਪੀ ਅਸੀਂ ਪਤਿਤ ਪਾਵਨ ਤੇ ਸਤਿਗੁਰੂ ਖੁਸ਼ ਹੋ ਰਹੇ ਸਨ। ਜਦੋਂ ਸਿੱਖਾਂ ਨੇ ਮਰਯਾਦਾ ਦੀ ਗੱਲ ਕੀਤੀ ਕਿ ਘੋੜੇ ਤੇ ਬਿਨਾਂ ਹੱਥ ਧੋਤਿਆਂ ਭੋਜਨ ਛਕਣਾ ਠੀਕ ਨਹੀਂ ਤਾਂ ਸਤਿਗੁਰਾਂ ਕਿਹਾ ਸੀ ਨੇਮ ਵਿਚ ਨੇਮ ਹੁੰਦਾ ਹੈ, ਪ੍ਰੇਮ ਵਿਚ ਨੇਮ ਨਹੀਂ ਰਹਿ ਜਾਂਦਾ ਤੇ ਕਿਹਾ—

*ਨਹਿ ਖੈਬੇ ਕਉ ਲਾਲਚ ਹਮਰੇ। ਹੇਰੌ ਪ੍ਰੇਮ ਜਹਾਂ ਅਧਿਕਾਈ।*

ਪ੍ਰੇਮ ਵਿਚ ਸਿੱਖ ਤੇ ਗੁਰੂ ਦੀ ਕੋਈ ਦੂਰੀ ਨਹੀਂ ਰਹਿ ਜਾਂਦੀ। ਇਕ ਵਾਰ ਲਾਂਗਰੀ ਆ ਕੇ ਕਹਿੰਦਾ ਹੈ, ਪਾਤਸ਼ਾਹ ਲੰਗਰ ਤਿਆਰ ਹੈ ਛਕੋ ਪਰ ਬੈਠਿਆਂ ਸਾਰੀ ਦਿਹਾੜੀ ਬਤੀਤ ਹੋ ਗਈ। ਸ਼ਾਮੀਂ ਸਿੱਖਾਂ ਦੇ ਪੁੱਛਣ ਤੇ ਦੱਸਿਆ ਕਿ ਕਾਬਲ ਵਿਚ ਭਾਈ ਗੋਂਦਾ ਪਿਆਰ ਨਾਲ ਧਿਆਨ ਕਰਕੇ ਚਰਨ ਫੜ ਕੇ ਬੈਠਾ ਸੀ। ਉਹ ਛੱਡਦਾ ਤਾਂ ਅਸੀਂ ਉਠਦੇ। ਲੋੜ ਵੇਲੇ ਸਿਆਣੀ ਮਾਂ ਵਾਂਗੂੰ ਸਿੱਖ ਬੱਚਿਆਂ ਨੂੰ ਚਪੇੜ ਵੀ ਮਾਰੀ ਹੈ। ਭਾਈ ਗਉਰੇ ਨੇ ਭਾਈ ਜੱਸੇ ਨੂੰ ਕਤਲ ਕਰ ਦਿੱਤਾ। ਭਾਈ ਜੱਸਾ ਸਤਿਗੁਰਾਂ ਦਾ ਚਉਰ ਬਰਦਾਰ ਸੀ। ਸਤਿਗੁਰਾਂ ਨੂੰ ਪਤਾ ਲੱਗਾ ਤਾਂ ਕਿਹਾ ਠੀਕ ਹੈ ਭਾਈ ਜੱਸੇ ਦੀ ਗ਼ਲਤੀ ਹੈ, ਉਸਨੇ ਜੋ ਕਿਹਾ ਹੈ ਆਪਣੀ ਵਿਧਵਾ ਮਾਂ ਦੀ ਸ਼ਾਦੀ ਮੇਰੇ ਨਾਲ ਕਰਾ ਦੇ। ਪਰ ਇਸ ਗੱਲ ਦੀ ਸਜ਼ਾ ਮੌਤ ਨਹੀਂ ਹੋ ਸਕਦੀ ਸਾਨੂੰ ਕਹਿੰਦਾ, ਅਸੀਂ ਯੋਗ ਸਜ਼ਾ ਦੇਂਦੇ। ਸਤਿਗੁਰਾਂ ਕਿਹਾ ਇਹ ਸਿੱਖੀ ਤੋਂ ਖਾਰਜ ਹੈ। ਸਾਡੇ ਮੱਥੇ ਨਾ ਲੱਗੇ, ਇਸ ਨੇ ਸਿੱਖਾਂ ਵਾਲਾ ਕੰਮ ਨਹੀਂ ਕੀਤਾ। ਬੜੇ ਪਸ਼ੂ ਪੰਛੀਆਂ ਦੇ ਨਾਂ ਲਏ ਕਿ ਇਨ੍ਹਾਂ ਵਾਲਾ ਕੰਮ ਕੀਤਾ ਹੈ ਇਹ ਇਨ੍ਹਾਂ ਜੂਨਾਂ ਵਿਚ ਆਏਗਾ ਤੇ ਅੰਤ ਫਾਹੇ ਲਗ ਕੇ ਮਰੇਗਾ। ਪਰ ਭਾਈ ਗਉਰੇ ਨੇ ਗੁਰੂ ਦਾ ਦਰ ਛੱਡਿਆ ਨਹੀਂ।

ਸਤਿਗੁਰਾਂ ਕਿਹਾ—

*ਹਮ ਤੇ ਨਹੀਂ ਤ੍ਰਾਸ ਕੋ ਧਾਰਾ। ਮਹਾਂ ਢੀਠ ਹੁਇ ਕੀਨ ਸੰਘਾਰਾ।*
*ਜੇਕਰ ਇਸਕੋ ਕੁਛ ਨਹਿ ਕਹੈ। ਨਹਿ ਅਦਬ ਸਿਖਨ ਮਹਿ ਰਹੈ।* (ਗੁ.ਪ੍ਰ.ਸੂ.)

ਇਹ ਰਿਹਾ ਤਾਂ ਨਾਲ ਹੀ ਪਰ ਇਕ ਕੋਹ ਦੇ ਫ਼ਰਕ ਨਾਲ ਡੇਰਾ ਕਰਦਾ ਰਿਹਾ ਸੀ। ਇਹ ਭਾਈ ਜੱਸੇ ਨੂੰ ਮਾਰਨ ਵਾਲੀ ਭੁੱਲ ਇਸ ਨੇ ਉਸ ਵੇਲੇ ਕੀਤੀ ਸੀ ਜਦੋਂ ਸਤਿਗੁਰੂ ਮਾਲਵੇ ਤੋਂ ਵਿਚਰ ਕੇ ਕੀਰਤਪੁਰ ਨੂੰ ਵਾਪਸ ਆ ਰਹੇ ਸਨ। ਸਤਲੁਜ ਦਰਿਆ ਦੇ ਕਿਨਾਰੇ ਕਿਨਾਰੇ ਸਤਿਗੁਰੂ ਆ ਰਹੇ ਸਨ। ਆਪ ਅੱਗੇ ਸਨ ਵਹੀਰ ਪਿੱਛੇ ਸੀ। ਇਸ ਵਹੀਰ ਨੂੰ ਮੁਖਲਸ ਖ਼ਾਂ ਦੇ ਪੋਤਰੇ ਨੇ ਵੇਖਿਆ ਤੇ ਜਦੋਂ ਪਤਾ ਲੱਗਾ ਕਿ ਗੁਰੂ ਕਾ ਵਹੀਰ ਹੈ ਤਾਂ ਸਾਥੀਆਂ ਨੂੰ ਕਿਹਾ ਇਨ੍ਹਾਂ ਦੇ ਦਾਦੇ ਨੇ ਮੇਰੇ ਦਾਦੇ ਨੂੰ ਮਾਰਿਆ ਸੀ। ਮੈਨੂੰ ਬਦਲਾ ਲੈਣ ਦਾ ਮੌਕਾ ਮਿਲ ਗਿਆ ਹੈ। ਉਸ ਨੇ ਹਮਲਾ ਕੀਤਾ। ਭਾਈ ਗਉਰਾ ਪਿੱਛੇ ਸੀ ਇਸ ਨੇ ਲੜ ਕੇ ਵਹੀਰ ਨੂੰ ਬਚਾ ਲਿਆ। ਸਤਿਗੁਰਾਂ ਇਸ ਤੇ ਪ੍ਰਸੰਨ ਹੋ ਕੇ ਇਸ ਦਾ ਅਪਰਾਧ ਮੁਆਫ਼ ਕਰ ਦਿੱਤਾ ਸੀ।

ਗੁਰਬਾਣੀ ਦਾ ਮਨ ਵਿਚ ਕਿੰਨਾ ਆਦਰ ਸੀ। ਜਦੋਂ ਆਪਣੇ ਹੀ ਪੁੱਤਰ ਰਾਮ ਰਾਇ ਨੇ ਔਰੰਗਜ਼ੇਬ ਦੇ ਭੈਅ ਵਿਚ ਆ ਕੇ ਬਾਣੀ ਦਾ ਇਕ ਲਫ਼ਜ਼ ਬਦਲਿਆ ਤਾਂ ਆਪ ਨੇ ਤਿਆਗ ਕਰ ਦਿੱਤਾ। ਇੰਜ ਜਾਪਦਾ ਹੈ ਕਿ ਰੁੱਖ ਦੀਆਂ ਜਿੰਨੀਆਂ ਜੜ੍ਹਾਂ ਗਹਿਰੀਆਂ ਹੁੰਦੀਆਂ ਹਨ ਉਨਾ ਹੀ ਮਜ਼ਬੂਤ ਹੁੰਦਾ ਹੈ ਤੇ ਉੱਚਾ ਜਾਂਦਾ ਹੈ। ਜਿਨ੍ਹਾਂ ਨੇ ਉੱਚੇ ਮਹੱਲ ਉਸਾਰਨੇ ਹਨ, ਉਹ ਬੁਨਿਆਦਾਂ ਵੀ ਬੜੀ ਗਹਿਰੀਆਂ ਰਖਦੇ ਹਨ। ਗੁਰੂ ਹਰਿ ਰਾਇ ਸਾਹਿਬ ਜੀ ਮਹਾਨ ਧੀਰਜ ਵਾਲੇ ਸਨ। ਮਹਾਨ ਜ਼ਬਤ ਵਾਲੇ ਸਨ। ਉਨ੍ਹਾਂ ਵਿਚ ਜਰਨ ਦੀ ਸ਼ਕਤੀ ਸੀ। ਇਸੇ ਲਈ ਪੁੱਤਰ ਦਾ ਮੋਹ, ਰਾਜ ਦਾ ਭੈਅ ਉਨ੍ਹਾਂ ਨੂੰ ਨਹੀਂ ਹਿਲਾ ਸਕਿਆ। ਜੇਕਰ ਗੁਰੂ ਹਰਿਗੋਬਿੰਦ ਸਾਹਿਬ ਜੀ ਭਾਰੀ ਪੀਰ ਸਨ ਤਾਂ ਉਨ੍ਹਾਂ ਦੇ ਆਪਣੇ ਥਾਂ ਟਿਕਾਏ ਹੋਏ ਗੁਰੂ ਹਰਿ ਰਾਇ ਸਾਹਿਬ ਵੀ ਅਡੋਲ ਸਨ, ਅਹਿਲ ਸਨ।

■ ■ ■

## ੨੪

# ਗਾਥਾ ਅੱਠਵੇਂ ਸਤਿਗੁਰੂ ਦੀ
# ਜਿਸ ਡਿਠੈ ਸਭ ਦੁਖ ਜਾਇ

ਇਹ ਜ਼ਰੂਰੀ ਨਹੀਂ ਕਿ ਜਿਹੜੀਆਂ ਚੀਜ਼ਾਂ ਅਕਾਰ ਵਿਚ ਵੱਡੀਆਂ ਹੋਣ ਉਹੀ ਕੀਮਤੀ ਹੁੰਦੀਆਂ ਹਨ। ਜਾਂ ਜਿਹੜੇ ਬੰਦੇ ਉਮਰ ਕਰਕੇ ਵੱਡੇ ਹੋਣ ਉਹੀ ਸਿਆਣੇ ਹੁੰਦੇ ਹਨ। ਜਾਂ ਜਿਹੜੇ ਬੰਦੇ ਕੱਦ ਕਰਕੇ ਲੰਮੇ ਜਾਂ ਮੋਟੇ ਹੋਣ ਉਹੀ ਤਾਕਤਵਰ ਹੁੰਦੇ ਹਨ।

ਹੀਰਾ ਅਕਾਰ ਵਿਚ ਬਹੁਤ ਛੋਟਾ ਹੈ ਪਰ ਸੰਸਾਰ ਵਿਚ ਧਨ ਦੇ ਜਿੰਨੇ ਰੂਪ ਹਨ ਸਭ ਤੋਂ ਕੀਮਤੀ ਹੀਰਾ ਹੈ। ਹੀਰਾ ਛੋਟੇ ਹੁੰਦੇ ਵੀ ਜੇ ਕੀਮਤੀ ਹੈ ਤਾਂ ਫਿਰ ਇਹ ਭਰਮ ਵੀ ਕਦੀ ਮਨ ਵਿਚ ਨਹੀਂ ਰੱਖਣਾ ਚਾਹੀਦਾ ਕਿ ਛੋਟੀ ਉਮਰ ਦਾ ਮਨੁੱਖ ਸਿਆਣਾ ਨਹੀਂ ਹੋ ਸਕਦਾ।

ਕੁਝ ਸ਼ੰਕਾਵਾਦੀਆਂ ਇਸ ਗੱਲ ਤੇ ਕਿੰਤੂ ਕੀਤਾ ਹੈ ਕਿ ਪੰਜ ਸਾਲ ਦਾ ਬੱਚਾ ਸਿੱਖ ਕੌਮ ਦੀ ਕਿਵੇਂ ਅਗਵਾਈ ਕਰ ਸਕਦਾ ਹੈ। ਪਰ ਕਦੀ ਉਨ੍ਹਾਂ ਇਹ ਵੇਖਿਆ ਹੁੰਦਾ ਕਿ ਜਿਸ ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਉਹ ਬੱਚਾ ਕਹਿ ਰਹੇ ਹਨ ਉਨ੍ਹਾਂ ਕੌਮ ਦੀ ਠੀਕ ਅਗਵਾਈ ਕੀਤੀ ਹੈ ਜਾਂ ਨਹੀਂ? ਪਹਿਲੀ ਸਮਝਣ ਵਾਲੀ ਗੱਲ ਇਹ ਹੈ ਕਿ ਸਿੱਖ ਧਰਮ ਵਿਚ ਸਰੀਰ ਨੂੰ ਗੁਰੂ ਨਹੀਂ ਕਿਹਾ ਗਿਆ। ਜੋਤਿ ਹੀ ਗੁਰੂ ਹੈ, ਉਹ ਜੋਤਿ ਸ਼ਬਦ ਹੈ। ਕੋਈ ਸਰੀਰ ਦੀ ਉਮਰ ਨਹੀਂ ਨਿਸ਼ਚਤ ਕੀਤੀ ਗਈ ਕਿ ਏਨੇ ਕੁ ਸਾਲਾਂ ਦਾ ਗੁਰੂ ਬਣ ਸਕਦਾ ਹੈ। ਜੇ ਇਹ ਮਿਥਿਆ ਜਾਏ ਕਿ ਇੰਨੇ ਕੁ ਸਾਲਾਂ ਦਾ ਗੁਰੂ ਬਣਨ ਦੇ ਯੋਗ ਹੈ ਤਾਂ ਫਿਰ ਇਹ ਵੀ ਮਿੱਥਣਾ ਪਵੇਗਾ ਕਿ ਏਨੇ ਕੁ ਸਾਲਾਂ ਦਾ ਹੋ ਕੇ ਗੁਰੂ ਨੂੰ ਸੇਵਾ-ਮੁਕਤ ਹੋਣਾ ਪਵੇਗਾ। ਇਹ ਕੋਈ ਗੌਰਮਿੰਟ ਦੀ ਸਰਵਿਸ ਨਹੀਂ, ਇਹ ਤਾਂ ਰੱਬ ਦੀ ਰਹਿਮਤ ਹੈ। ਕਿਸੇ ਵੇਲੇ, ਕਿਸੇ

ਵੀ ਉਮਰ ਵਿਚ ਹੋ ਸਕਦੀ ਹੈ। ਬਚਪਨ ਵਿਚ ਹੋ ਸਕਦੀ ਹੈ, ਜਵਾਨੀ ਵਿਚ ਹੋ ਸਕਦੀ ਹੈ, ਬੁਢਾਪੇ ਵਿਚ ਹੋ ਸਕਦੀ ਹੈ। ਐਸਾ ਹੋਇਆ ਹੈ। ਗੁਰੂ ਹਰਿਕ੍ਰਿਸ਼ਨ ਜੀ ਨੂੰ ਬਚਪਨ ਵਿਚ ਹੀ ਬਖ਼ਸ਼ਸ਼ ਹੋਈ। ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਚਪਨ ਵਿਚ ਹੀ ਬਖ਼ਸ਼ਸ਼ ਹੋਈ ਸੀ। ਗੁਰੂ ਹਰਿ ਰਾਇ ਸਾਹਿਬ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਅੰਗਦ ਦੇਵ ਜੀ ਨੂੰ ਜੁਆਨੀ ਵਿਚ ਹੀ ਬਖਸ਼ਸ਼ ਹੋਈ ਸੀ। ਗੁਰੂ ਰਾਮਦਾਸ ਜੀ ਨੂੰ ਵੀ ਇਹ ਜੁਆਨੀ ਵਿਚ ਹੀ ਬਖਸ਼ਸ਼ ਹੋਈ ਸੀ। ਗੁਰੂ ਅਮਰਦਾਸ ਜੀ ਨੂੰ ਬਜ਼ੁਰਗੀ ਵਿਚ ਇਹ ਦਾਤ ਪ੍ਰਾਪਤ ਹੋਈ ਸੀ। ਇਹ ਤਾਂ ਮਾਲਕ ਦੀ ਮਿਹਰ ਹੈ ਤੇ ਜਦੋਂ ਉਸਦੀ ਮਿਹਰ ਹੁੰਦੀ ਹੈ ਉਹ ਉਮਰਾਂ ਨਹੀਂ ਵੇਖਦੀ। ਉਹ ਵੱਡੇ ਛੋਟੇ ਸਰੀਰ ਨਹੀਂ ਵੇਖਦੀ। ਉਹ ਬਰਕਤ ਜਿਥੇ ਆ ਵਸਦੀ ਹੈ ਉਹ ਛੋਟਿਆਂ ਨੂੰ ਵੱਡੇ ਬਣਾ ਦੇਂਦੀ ਹੈ। ਜ਼ੱਰੇ ਨੂੰ ਸੂਰਜ ਬਣਾ ਦੇਂਦੀ ਹੈ। ਉਹ ਬਰਕਤ ਜਦੋਂ ਬਜ਼ੁਰਗੀ ਵਿਚ ਆਉਂਦੀ ਹੈ ਜਵਾਨਾਂ ਵਾਲਾ ਬਲ ਭਰ ਦਿੰਦੀ ਹੈ। ਜਦੋਂ ਬਾਲ ਅਵਸਥਾ ਵਿਚ ਪ੍ਰਾਪਤ ਹੁੰਦੀ ਹੈ ਤਾਂ ਬਜ਼ੁਰਗੀ ਦੀਆਂ ਸਾਰੀਆਂ ਵਡਿਆਈਆਂ ਨਾਲ ਲੈ ਆਉਂਦੀ ਹੈ। ਕੁਝ ਬੱਚਿਆਂ ਦਾ ਮਿਥਿਹਾਸ ਤੇ ਇਤਿਹਾਸ ਵਿਚ ਜ਼ਿਕਰ ਹੈ ਜਿਨ੍ਹਾਂ ਨੇ ਬਾਲ ਅਵਸਥਾ ਵਿਚ ਹੀ ਬੜੀਆਂ ਸਿਆਣੀਆਂ ਗੱਲਾਂ ਕੀਤੀਆਂ। ਨਾਮ ਜਪਿਆ ਤੇ ਉਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਵੀ ਹੋਈ। ਕੱਠ ਉਪਨਿਸ਼ਦ ਵਿਚ ਨਚਕੇਤਾ ਬਾਰੇ ਲਿਖਿਆ ਹੈ ਕਿ ਬਾਪ ਗਊਆਂ ਦਾਨ ਕਰਦਾ ਸੀ। ਬੱਚੇ ਨੇ ਕਿਹਾ, ਤੇਰਾ ਕਰਮ ਬਿਰਥਾ ਹੈ ਜੋ ਗਊਆਂ ਨੂੰ ਦਾਨ ਕਰਦਾ ਹੈਂ। ਇਹ ਬੀਮਾਰ ਹਨ, ਕਿਸੇ ਕੰਮ ਦੀਆਂ ਨਹੀਂ। ਬਾਪ ਨੂੰ ਗ਼ੁੱਸਾ ਲੱਗਾ। ਇਸ ਨੇ ਕਿਹਾ ਦਾਨ ਹੀ ਕਰਨਾ ਹੈ ਤਾਂ ਮੈਨੂੰ ਦਾਨ ਕਰ ਦੇ। ਬਾਪ ਨੇ ਗ਼ੁੱਸੇ ਵਿਚ ਕਿਹਾ ਕਿ ਮੈਂ ਤੈਨੂੰ ਮੌਤ ਨੂੰ ਦਾਨ ਕਰਦਾ ਹਾਂ। ਇਹ ਬੱਚਾ ਜਮ ਕੋਲ ਗਿਆ ਤੇ ਬ੍ਰਹਮ ਗਿਆਨ ਬਾਰੇ ਪੁੱਛਦਾ ਹੈ। ਜਮ ਬੜੇ ਲਾਲਚ ਦਿੰਦਾ ਹੈ। ਰਾਜ ਦਾ, ਚੰਗੇ ਜਨਮ ਦਾ, ਸਵਰਗ ਦਾ ਪਰ ਇਹ ਕਹਿੰਦਾ ਹੈ ਤੇਰੇ ਤੋਂ ਪਾਰ ਕੀ ਹੈ, ਜਿਸ ਨੂੰ ਤੂੰ ਵੀ ਨਹੀਂ ਮਾਰ ਸਕਦਾ। ਮੇਰੇ ਨਾਲ ਉਸ ਦੀ ਗੱਲ ਕਰ, ਐਸੇ ਬੱਚੇ ਵੀ ਹੋਏ ਹਨ।

*ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕ ਹਰਿ ਸਿਮਰਤ ਅਮਰ ਅਟਾਰੇ॥*

*(ਮਾਰੂ ਮ: ੫, ਪੰਨਾ ੯੯੯)*

ਪੰਜਾਂ ਸਾਲਾਂ ਦਾ ਧ੍ਰੂ। ਅੱਜ ਵੀ ਅਸੀਂ ਅਕਾਸ਼ ਵਿਚ ਇਕ ਤਾਰਾ ਹੈ ਜਿਸ ਨੂੰ ਧ੍ਰੂ ਤਾਰਾ ਕਹਿੰਦੇ ਹਾਂ। ਬਾਕੀ ਤਾਰੇ ਆਪਣੀ ਥਾਂ ਤੇ ਸਦਾ ਨਹੀਂ ਦਿਸਦੇ ਪਰ ਉਹ ਤਾਰਾ ਇਕੋ ਥਾਂ ਤੇ ਅਟੱਲ ਨਜ਼ਰ ਆਉਂਦਾ ਹੈ। ਉਸਦਾ ਨਾਂ ਹੀ ਧ੍ਰੂ ਤਾਰਾ ਹੈ, ਧ੍ਰੂ ਇਹ ਤਾਰਾ ਹੋਵੇ ਜਾਂ ਨਾ ਇਹ ਵਿਚਾਰਨ ਵਾਲੀ ਗੱਲ ਹੈ, ਪਰ ਇਹ ਸੱਚ ਹੈ ਕਿ ਇਸ ਤਾਰੇ ਦੀ ਵਡਿਆਈ ਧ੍ਰੂ ਕਰਕੇ ਬਣ ਗਈ ਹੈ। ਛੋਟੀ ਉਮਰ ਦਾ ਪ੍ਰਹਿਲਾਦ

ਨਾਮ ਦੀ ਗੱਲ ਕਰਦਾ ਹੈ, ਜਪਦਾ ਹੈ, ਨਿਰਭੈ ਹੋ ਕੇ ਜਪਦਾ ਹੈ। ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ, ਉਹ ਬੱਚਾ ਜਗਤ ਪ੍ਰਸਿੱਧ ਭਗਤ ਹੋ ਜਾਂਦਾ ਹੈ। ਬਾਬਾ ਫ਼ਰੀਦ ਜੀ ਨੂੰ ਬਚਪਨ ਵਿਚ ਹੀ ਇਹ ਅਨੁਭਵ ਹੋ ਗਿਆ ਸੀ ਕਿ

*ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਞਾ ਦੁਧੁ।*
*ਸਭੇ ਵਸਤੂ ਮਿਠੀਆਂ ਰਬ ਨਾ ਪੁਜਨ ਤੁਧੁ।* *(ਪੰਨਾ ੧੩੭੯)*

ਕਬੀਰ ਸਾਹਿਬ ਬਚਪਨ ਵਿਚ ਹੀ ਬ੍ਰਹਮ ਗਿਆਨੀ ਸਨ। ਕਈ ਵਾਰ ਬੱਚੇ ਵੀ ਐਸੀ ਗੱਲ ਕਰਦੇ ਹਨ ਕਿ ਬਜ਼ੁਰਗ ਵਿਦਵਾਨ ਵੀ ਹੈਰਾਨ ਹੋ ਜਾਂਦੇ ਹਨ। ਸਾਅਦੀ ਇਕ ਦਿਨ ਸਫਰ ਵਿਚ ਹਨ ਕਿ ਇਕ ਬੱਚਾ ਆ ਗਿਆ। ਕੋਲ ਆ ਕੇ ਪੁੱਛਣ ਲੱਗਾ ਬਾਬਾ ਜੀ! ਤੁਸੀਂ ਹੈਰਾਨ ਤੇ ਪ੍ਰੇਸ਼ਾਨ ਲਗਦੇ ਹੋ ਕੀ ਕਾਰਨ ਹੈ। ਸਾਅਦੀ ਨੇ ਕਿਹਾ ਬੇਟਾ! ਤੂੰ ਠੀਕ ਬੁਝਿਆ ਹੈ ਮੇਰੇ ਪਾਸ ਇਕ ਟਕਾ ਹੈ। ਮੈਂ ਸੋਚ ਰਿਹਾ ਹਾਂ ਮੈਂ ਵੀ ਭੁੱਖਾ ਹਾਂ ਮੇਰਾ ਗਧਾ ਵੀ ਭੁੱਖਾ ਹੈ, ਮੇਰਾ ਮੁਰਗਾ ਵੀ ਭੁੱਖਾ ਹੈ। ਮੈਂ ਕੀ ਕਰਾਂ? ਟਕੇ ਦਾ ਕੀ ਆਏਗਾ? ਬੱਚੇ ਨੇ ਹੱਸ ਕੇ ਕਿਹਾ ਬਾਬਾ ਤੂੰ ਤਾਂ ਬਿਲਕੁਲ ਹੀ ਬੱਚਿਆਂ ਵਾਲੀ ਗੱਲ ਕਰਦਾ ਹੈ। ਟਕੇ ਦੇ ਹਦਵਾਣੇ ਖਰੀਦ, ਵਿਚੋਂ ਆਪ ਖਾਹ ਬੀਜ ਆਪਣੇ ਮੁਰਗੇ ਨੂੰ ਪਾ ਤੇ ਛਿਲੜ ਗਧੇ ਨੂੰ ਪਾ ਤੇ ਰੱਜ ਕੇ ਅੱਗੋਂ ਜਾ। ਸਾਅਦੀ ਨੇ ਉਸ ਧਰਤੀ ਨੂੰ ਸਜਦਾ ਕੀਤਾ ਤੇ ਕਿਹਾ ਇਥੇ ਸਿਆਣੇ ਵਸਦੇ ਹਨ। ਠੀਕ ਬਾਰਾਂ ਸਾਲ ਦੀ ਉਮਰ ਵਿਚ ਭਾਈ ਬੂੜੇ ਨੇ ਗੁਰੂ ਨਾਨਕ ਦੇਵ ਦੇ ਚਰਨ ਪਰਸ ਕੇ ਪ੍ਰਸ਼ਨ ਕੀਤਾ ਸੀ ਤੇ ਪੁੱਛਿਆ ਸੀ ਕਿ ਬਾਬਾ ਜੀ! ਮੌਤ ਦਾ ਭੈਅ ਕਿਵੇਂ ਮੁੱਕੇ? ਸਤਿਗੁਰਾਂ ਇਸ ਦਾ ਨਾਂ ਹੀ ਬੁੱਢਾ ਰੱਖ ਦਿੱਤਾ ਸੀ। ਕਿਉਂਕਿ ਇਹ ਪ੍ਰਸ਼ਨ ਬੱਚਿਆਂ ਦਾ ਨਹੀਂ ਸੀ ਬਜ਼ੁਰਗ ਦਾ ਹੈ। ਤੇ ਜਿਸ ਹਿਰਦੇ ਵਿਚੋਂ ਇਹ ਪ੍ਰਸ਼ਨ ਨਿਕਲਿਆ ਹੈ ਉਥੇ ਜ਼ਰੂਰ ਬਜ਼ੁਰਗੀ ਛਿਪੀ ਪਈ ਹੈ। ਧੰਨ ਗੁਰੂ ਰਾਮਦਾਸ ਬਚਪਨ ਵਿਚ ਹੀ ਸੇਵਾ ਸਿਮਰਨ ਵਿਚ ਲੱਗ ਗਏ ਸਨ। ਗੁਰੂ ਅਰਜਨ ਦੇਵ ਛੋਟੀ ਉਮਰ ਵਿਚ ਹੀ ਬ੍ਰਹਮਲੀਨ ਰਹਿੰਦੇ ਸਨ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਬਾਰੇ ਇਹ ਕਿੰਤੂ ਵਿਅਰਥ ਹੋ ਜਾਵੇਗਾ ਜਦੋਂ ਕੋਈ ਸਿਆਣਾ ਧਿਆਨ ਨਾਲ ਵੇਖੇਗਾ ਕਿ ਗੱਲ ਉਮਰ ਦੀ ਨਹੀਂ। ਗੱਲ ਬਰਕਤ ਦੀ ਹੈ। ਗੱਲ ਛੋਟੇ ਵੱਡੇ ਦੀ ਨਹੀਂ ਗੱਲ ਵਿਵੇਕ ਦੀ ਹੈ। ਬਚਪਨ ਵਿਚ ਹੀ ਉਹ ਪ੍ਰਮਾਤਮਾ ਦੇ ਧਿਆਨ ਵਿਚ ਬੈਠਦੇ ਹਨ ਤੇ ਅਡੋਲ ਟਿਕ ਕੇ ਬਾਣੀ ਪੜ੍ਹਦੇ ਹਨ। ਉਹ ਗੁਰੂ ਦੀ ਰਜ਼ਾ ਵਿਚ ਰਹਿੰਦੇ ਸਨ। ਵੱਡੇ ਛੋਟੇ ਦੀ ਗੱਲ ਵੇਖਣੀ ਹੈ ਤਾਂ ਵੇਖੋ ਕਿ ਰਾਮ ਰਾਇ ਵੱਡਾ ਹੁੰਦਾ ਵੀ ਥਿੜਕ ਗਿਆ ਪਰ ਉਹ ਛੋਟੇ ਹੁੰਦੇ ਵੀ ਅਡੋਲ ਰਹੇ ਹਨ।

ਦਿੱਲੀ ਨੂੰ ਜਾਂਦੇ ਰਸਤੇ ਵਿਚ ਪੰਡਤ ਲਾਲ ਚੰਦ ਪ੍ਰਸ਼ਨ ਕਰਦਾ ਹੈ ਤੁਸੀਂ ਜੇ ਨਾਂ ਹਰਿਕ੍ਰਿਸ਼ਨ ਰਖਵਾਇਆ ਹੈ ਤਾਂ ਗੀਤਾ ਦੇ ਅਰਥ ਕਰੋ। ਸਤਿਗੁਰੂ ਕਹਿੰਦੇ ਹਨ

ਅਰਥਾਂ ਨਾਲ ਕੀ ਹੋਵੇਗਾ? ਪੰਡਤ ਦੇ ਪਾਸ ਸਿਰਫ ਹੰਕਾਰ ਹੈ। ਇਸੇ ਲਈ ਅਰਥਾਂ ਦੇ ਹੰਕਾਰੀਆਂ ਨੇ ਸਿਰਫ਼ ਹੰਕਾਰ ਹੀ ਵੰਡਿਆ ਹੈ। ਐਸੇ ਪੰਡਿਤਾਂ ਦੇ ਸ੍ਰੋਤੇ ਵੀ ਹੰਕਾਰੀ ਹੋ ਜਾਂਦੇ ਹਨ। ਪੰਡਿਤ ਦੇ ਪਾਸ ਪ੍ਰੇਮ ਨਹੀਂ, ਨਿਮਰਤਾ ਨਹੀਂ, ਸਿਰਫ਼ ਹਉਮੈ ਹੈ। ਸਤਿਗੁਰੂ ਇਕ ਝੀਵਰ ਦੇ ਸਿਰ ਤੇ ਛੜੀ ਰੱਖ ਕੇ ਗੀਤਾ ਦੇ ਅਰਥ ਕਰਵਾ ਦਿੰਦੇ ਹਨ ਤੇ ਪੰਡਿਤ ਨੂੰ ਸਮਝਾ ਦਿੰਦੇ ਹਨ ਵਿਦਿਆ ਸਾਧਨ ਹੈ, ਮੰਤਵ ਨਹੀਂ। ਪ੍ਰਮਾਤਮਾ ਦੀ ਪ੍ਰਾਪਤੀ ਗਿਆਨ ਪੜ੍ਹਨ ਨਾਲ ਨਹੀਂ, ਗਿਆਨ ਹੋ ਜਾਣ ਨਾਲ ਹੋਵੇਗੀ। ਤੇ ਗਿਆਨ ਹੁੰਦਾ ਤਾਂ ਹੀ ਹੈ ਜੇ ਗੁਰੂ ਦੀ ਬਖਸ਼ਸ਼ ਹੋਵੇ। ਪੰਡਤ ਦਾ ਹੰਕਾਰ ਤੋੜ ਦਿੱਤਾ ਤੇ ਨਾਮ ਦੀ ਦਾਤ ਦੇ ਦਿੱਤੀ। ਪਟਰਾਣੀ ਪ੍ਰੀਖਿਆ ਲੈਂਦੀ ਹੈ। ਸਤਿਗੁਰੂ ਗੋਲੀਆਂ ਵਿਚੋਂ ਮਿਰਜ਼ਾ ਰਾਜਾ ਜੈ ਸਿੰਘ ਦੀ ਪਟਰਾਣੀ ਨੂੰ ਪਛਾਣ ਕੇ ਕਹਿੰਦੇ ਹਨ ਕੋਈ ਪਿਛਲਾ ਬੀਜਿਆ ਹੀ ਵੱਢ ਰਹੀ ਹੈਂ ਜੇ ਹੁਣ ਨਾਮ ਨਾ ਜਪਿਆ ਤਾਂ ਅੱਗੋਂ ਗੋਲੀਆਂ ਵਿਚ ਹੀ ਬਹਿਣਾ ਪਵੇਗਾ। ਨਾਮ ਜਪਿਆ ਕਰ। ਔਰੰਗਜ਼ੇਬ ਨੂੰ ਦਰਸ਼ਨ ਨਹੀਂ ਦਿੱਤੇ। ਸਾਫ਼ ਕਹਿ ਦਿੱਤਾ ਕਿ ਕਰਾਮਾਤਾਂ ਵੇਖਣੀਆਂ ਹਨ ਤਾਂ ਰਾਮ ਰਾਇ ਪਾਸੋਂ ਵੇਖੋ। ਗੁਰ ਸ਼ਬਦ ਦੇ ਦਰਸ਼ਨ ਕਰਨੇ ਹਨ ਤਾਂ ਲਿਖ ਕੇ ਭੇਜ ਦਿੰਦੇ ਹਾਂ। ਛੋਟਾ ਬੱਚਾ ਤਾਂ ਜ਼ਰਾ ਤਕਲੀਫ ਹੋਵੇ ਤਾਂ ਦੂਸਰੇ ਨੂੰ ਪੁਕਾਰਦਾ ਹੈ ਕਿ ਮੇਰੀ ਸਹਾਇਤਾ ਕਰੋ ਪਰ ਉਹ ਤਾਂ ਜਗਤ ਦਾ ਦੁੱਖ ਆਪਣੇ ਸਿਰ ਤੇ ਲੈ ਲੈਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਸਹੀ ਵਿਆਖਿਆ ਕਰਦਾ ਹੈ ਕਿ ਰਾਮ ਰਾਇ ਦੇ ਮੱਥੇ ਲੱਗਣ ਵਾਲਾ ਤਾਂ ਸਿੱਖੀ ਤੋਂ ਦੂਰ ਹੋ ਕੇ ਦੁਖੀ ਹੁੰਦਾ ਹੈ ਪਰ—

*ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੈ ਸਭ ਦੁਖ ਜਾਇ।।*

ਉਨ੍ਹਾਂ ਦੇ ਦਰਸ਼ਨਾਂ ਵਿਚੋਂ ਜਗਤ ਨੂੰ ਸੁਖ ਮਿਲਿਆ ਹੈ। ਉਹ ਕਿੰਨੇ ਬਰਕਤ ਵਾਲੇ ਸਨ। ਜਿੱਥੇ ਉਨ੍ਹਾਂ ਨੇ ਚਰਨ ਪਾਏ ਹਨ ਉਸ ਥਾਂ ਦੀ ਵੀ ਮਹਿਮਾ ਬਣ ਗਈ ਹੈ। ਪਹਿਲੇ ਇਹ ਥਾਂ ਮਿਰਜ਼ਾ ਰਾਜਾ ਜੈ ਸਿੰਘ ਦਾ ਬੰਗਲਾ ਜ਼ਰੂਰ ਸੀ ਪਰ ਕੋਈ ਬੰਗਲਾ ਸਾਹਿਬ ਨਹੀਂ ਸੀ ਕਹਿੰਦਾ।

ਪਰ ਸਾਹਿਬ ਆ ਗਏ ਤੇ ਇਸ ਥਾਂ ਨਾਲ ਵੀ ਸਾਹਿਬੀ ਜੁੜ ਗਈ ਹੈ। ਅੱਜ ਸੰਗਤਾਂ ਕਹਿੰਦੀਆਂ ਹਨ ਬੰਗਲਾ ਸਾਹਿਬ। ਕੁਝ ਸਿਆਣਿਆਂ ਦਾ ਮੱਤ ਹੈ ਕਿ ਮਹਾਂਪੁਰਖ ਜਗਤ ਦੇ ਵਿਚਕਾਰ ਬੈਠ ਕੇ ਸੁਖ ਵੰਡਦੇ ਹਨ ਪਰ ਜਗਤ ਦੇ ਦੁੱਖਾਂ ਨੂੰ ਲੈ ਕੇ ਜਗਤ ਤੋਂ ਬਾਹਰਵਾਰ ਕਿਨਾਰੇ ਹੋ ਕੇ ਸਮਾਂ ਬਿਤਾ ਦਿੰਦੇ ਹਨ। ਉਨ੍ਹਾਂ ਵੀ ਦੁਨੀਆਂ ਨੂੰ ਖੁਸ਼ੀਆਂ ਦਿੱਲੀ ਦੇ ਵਿਚ ਬੈਠ ਕੇ ਵੰਡੀਆਂ। ਅਤੇ ਦਿੱਲੀ ਦੇ ਦੁੱਖ ਲੈ ਕੇ ਦਿੱਲੀ ਤੋਂ ਬਾਹਰਵਾਰ ਬਾਲਾ ਸਾਹਿਬ ਜਾ ਕੇ ਸਰੀਰ ਚੋਲਾਛੱਡ ਦਿੱਤਾ। ਜੋ ਉਨ੍ਹਾਂ

ਜੋ ਅੰਤ ਵਿਚ ਕਿਹਾ ਸੀ ਇਹ ਕਿਸੇ ਬੱਚੇ ਦੀ ਚੋਣ ਹੋ ਸਕਦੀ ਹੈ? ਉਨਾਂ ਸੰਗਤਾਂ ਨੂੰ ਮੁਖਾਤਬ ਕਰਕੇ ਕਿਹਾ—

ਹੁਣ ਬਾਬਾ ਬਕਾਲੇ।

ਬਾਬਾ ਸਨ ਗੁਰੂ ਤੇਗ ਬਹਾਦਰ ਸਾਹਿਬ। ਗੁਰੂ ਹਰਿਕ੍ਰਿਸ਼ਨ ਜੀ ਬਰਕਤਾਂ ਵਾਲੇ ਸਨ। ਉਨ੍ਹਾਂ ਦਾ ਬਚਨ ਅਟੱਲ ਸੀ, ਅਟੱਲ ਹੀ ਹੋਇਆ।

ਇਹ ਬਰਕਤਾਂ ਵੇਖ ਕੇ ਕਹਿਣਾ ਹੀ ਪਵੇਗਾ ਕਿ ਗੁਰੂ ਸਰੀਰ ਨਹੀਂ। ਗੁਰੂ ਜੋਤਿ ਹੈ, ਗੁਰੂ ਸ਼ਬਦ ਹੈ, ਸ਼ਬਦ ਹੀ ਗੁਰੂ ਦੀ ਜੋਤਿ ਹੈ।

ਗੁਰੂ ਦੇ ਬਚਨ ਦੀ ਉਮਰ ਨਹੀਂ ਮਿੱਥੀ ਜਾ ਸਕਦੀ। ਇਸਦਾ ਵਿਸਥਾਰ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਹੀਰਾ ਹੱਥ ਵਿਚ ਛੋਟਾ ਜਾਪਦਾ ਹੈ ਪਰ ਮੁੱਲ ਕਰੀਏ ਤਾਂ ਦਮੜਿਆਂ ਨਾਲ ਭੰਡਾਰ ਭਰ ਜਾਂਦਾ ਹੈ। ਹੁੰਡੀ ਪੱਲੇ ਬੰਨ੍ਹੀ ਹੋਵੇ ਤਾਂ ਕੁਝ ਭਾਰ ਨਹੀਂ ਲਗਦਾ, ਪਰ ਹੁੰਡੀ ਤਰ ਜਾਏ ਤਾਂ ਬੇਅੰਤ ਧਨ ਮਿਲ ਜਾਂਦਾ ਹੈ। ਜਿਵੇਂ ਬੋਹੜ ਦਾ ਬੀਜ ਬਿਲਕੁਲ ਛੋਟਾ ਹੀ ਹੁੰਦਾ ਹੈ ਪਰ ਬੀਜ ਦੇਈਏ ਤਾਂ ਏਡਾ ਵੱਡਾ ਰੁੱਖ ਪੈਦਾ ਹੋ ਜਾਂਦਾ ਹੈ। ਏਸੇ ਤਰ੍ਹਾਂ ਗੁਰੂ ਦੇ ਬਚਨ ਸਿੱਖਾਂ ਵਿਚ ਅਮੁੱਲ ਤੇ ਸੱਚੇ ਮੰਨੇ ਜਾਂਦੇ ਹਨ। ਇਨ੍ਹਾਂ ਬਚਨਾਂ ਦੇ ਮਹਾਤਮ ਦਾ ਪਤਾ ਰੱਬ ਦੇ ਦੁਆਰੇ ਤੇ ਹੀ ਲੱਗੇਗਾ।

*ਜੈਸੇ ਹੀਰਾ ਹਾਥ ਮੇ ਤਨਕ ਸੋ ਦਿਖਾਈ ਦੇਤ,*
*ਮੋਲ ਕੀਏ ਦਮਕਨ ਤੇ ਭਰਤ ਭੰਡਾਰ ਜੀ।*
*ਜੈਸੇ ਬਰ ਬਾਂਧੇ ਹੁੰਡੀ ਲਾਗਤ ਨਾ ਤਾਰ ਕਿਛ*
*ਆਗੇ ਜਾਇ ਪਾਈਅਤ ਲਖਮੀ ਅਪਾਰ ਜੀ।*
*ਜੈਸੇ ਬਟ ਬੀਜ ਅਤਿ ਸੂਖਮ ਸਰੂਪ ਹੋਤ*
*ਬੋਇ ਸੈ ਬਿਥਿਧ ਕਰੇ ਬਿਰਖ ਬਿਥਾਰ ਜੀ।*
*ਤੈਸੇ ਗੁਰਬਚਨ ਸਚਨ ਗੁਰ ਸਿਖਨ ਮੈ,*
*ਜਾਨੀਐ ਮਹਾਤਮ ਗਏ ਹੀ ਹਰਦੁਆਰ ਜੀ।*

ਮਨੁੱਖ ਦਾ ਜੀਵਨ ਲੋੜਾਂ ਨਾਲ ਤੇ ਮੰਗਾਂ ਨਾਲ ਭਰਪੂਰ ਹੈ। ਇਸ ਦੀਆਂ ਲੋੜਾਂ ਵੀ ਵਧਦੀਆਂ ਹਨ ਅਤੇ ਮੰਗਾਂ ਵੀ ਵਧਦੀਆਂ ਹਨ। ਮਨੁੱਖ ਦਾ ਐਸਾ ਹੈ ਜੋ ਨਿੱਤ ਨਵੀਂ ਤੋਂ ਨਵੀਂ ਥੋੜ੍ਹ ਨੂੰ ਜਨਮ ਦਿੰਦਾ ਹੈ ਇਸ ਲਈ ਵਧਦੀਆਂ ਹੀ ਵਧਦੀਆਂ ਮੰਗਾਂ ਨੇ ਇਸ ਨੂੰ ਮਹਾਨ ਭਿਖਾਰੀ ਬਣਾ ਦਿੱਤਾ ਹੈ। ਮਹਾਂਪੁਰਖਾਂ ਦੀ ਇਹ ਨਿਸ਼ਾਨੀ ਹੈ ਕਿ ਉਨ੍ਹਾਂ ਦੇ ਅੰਦਰ ਕੋਈ ਮੰਗ ਨਹੀਂ ਰਹਿ ਜਾਂਦੀ, ਉਨ੍ਹਾਂ ਦੇ ਜੀਵਨ ਵਿਚ ਲੋੜਾਂ ਬਹੁਤ ਘੱਟ ਹੁੰਦੀਆਂ ਹਨ। ਵਾਧੂ ਲੋੜ ਕੋਈ ਨਹੀਂ ਹੁੰਦੀ। ਇਕ ਮਹਾਂਪੁਰਖ ਦਾ ਕਥਨ ਹੈ ਕਿ ਤੰਦੂਰ ਕਿੱਕਰ ਦੀਆਂ ਲੱਕੜੀਆਂ ਨਾਲ ਹੀ ਤਪ ਜਾਏ ਤਾਂ ਚੰਦਨ ਫੂਕਣ ਦੀ ਲੋੜ ਨਹੀਂ। ਉਨ੍ਹਾਂ ਸੰਸਾਰ ਵਿਚੋਂ ਲਿਆ ਬਹੁਤ ਘੱਟ ਹੈ। ਗੁਜ਼ਰਾਨ ਵਾਸਤੇ ਕੁਝ ਲਿਆ ਹੈ, ਪਰ ਦਿੱਤਾ ਬਹੁਤ ਕੁਝ ਹੈ। ਉਨ੍ਹਾਂ ਦਾ ਲੈਣਾ ਇੰਝ ਹੈ

ਜਿਵੇਂ ਇਕ ਖੇਤੀ ਕ੍ਰਿਸਾਨ ਦਾ ਥੋੜ੍ਹਾ ਜਿਹਾ ਬੀਜ ਲੈਂਦੀ ਹੈ। ਅਤੇ ਅਨੰਤ ਗੁਣਾਂ ਕਰਕੇ ਵਾਪਸ ਦੇ ਦੇਂਦੀ ਹੈ। ਇਕ ਗਾਂ ਘਾਹ ਖਾਂਦੀ ਹੈ ਤੇ ਦੁੱਧ ਦੇਂਦੀ ਹੈ। ਮਹਾਂਪੁਰਖ ਥੋੜ੍ਹਾ ਜਿਹਾ ਅੰਨ ਜਲ ਇਸ ਸੰਸਾਰ ਵਿਚੋਂ ਲੈਂਦੇ ਹਨ ਅਤੇ ਅੰਮ੍ਰਿਤ ਦੇਂਦੇ ਹਨ। ਉਨ੍ਹਾਂ ਨੂੰ ਤਾਂ ਹੰਸਾਂ ਨਾਲ ਤੁਲਨਾ ਦਿੱਤੀ ਹੈ। ਇਕ ਕਥਾ ਹੈ ਕਿ ਕੋਈ ਰਾਜਾ ਹੰਸਾਂ ਦੇ ਦਰਸ਼ਨ ਕਰਨੇ ਚਾਹੁੰਦਾ ਸੀ। ਕਿਸੇ ਸਿਆਣੇ ਵਜ਼ੀਰ ਨੇ ਇਕ ਢੰਗ ਦੱਸਿਆ ਕਿ ਕੁਝ ਹੀਰੇ ਮੋਤੀ ਲੈ ਤੇ ਆਪਣੇ ਮਕਾਨ ਤੇ ਖਿਲਾਰ ਦੇ। ਉਸਨੇ ਐਸਾ ਹੀ ਕਰ ਦਿੱਤਾ। ਹੰਸ ਆਏ, ਉਨ੍ਹਾਂ ਹੀਰੇ ਮੋਤੀ ਖਾਧੇ ਪਰ ਉਡਣ ਤੋਂ ਪਹਿਲਾਂ ਬੜੇ ਕੀਮਤੀ ਲਾਲ ਉਥੇ ਉਗਲ ਗਏ। ਉਹ ਲਾਲ ਤਾਂ ਅਮੁੱਲ ਸਨ। ਰਾਜਾ ਹੈਰਾਨ ਸੀ ਕਿ ਹੰਸਾਂ ਲਿਆ ਤਾਂ ਕੁਝ ਵੀ ਨਹੀਂ। ਜੋ ਲਿਆ ਸੀ ਉਹ ਵੀ ਅਤੇ ਹੋਰ ਵੀ ਕੀਮਤੀ ਲਾਲ ਉਗਲ ਗਏ ਹਨ। ਇਸੇ ਤਰ੍ਹਾਂ ਸੰਸਾਰ ਵਿਚ ਮਹਾਂਪੁਰਖ ਆਉਂਦੇ ਹਨ। ਲੈਂਦੇ ਕੁਝ ਵੀ ਨਹੀਂ। ਉਨ੍ਹਾਂ ਦਾ ਲੈਣਾ ਤਾਂ ਦੇਣ ਦਾ ਇਕ ਬਹਾਨਾ ਹੈ। ਉਹ ਅਮੁੱਲ ਲਾਲ ਸੰਸਾਰ ਨੂੰ ਦੇ ਜਾਂਦੇ ਹਨ। ਧੰਨ ਗੁਰੂ ਤੇਗ਼ ਬਹਾਦਰ ਜੀ ਨੇ ਸੰਸਾਰ ਦਾ ਲਿਆ ਕੁਝ ਨਹੀਂ ਪਰ ਦੇ ਬਹੁਤ ਕੁਝ ਗਏ ਜਿਥੇ ਉਨ੍ਹਾਂ ਨੇ ਬਚਪਨ ਵਿਚ ਤਨ ਦੇ ਬਸਤ੍ਰ ਵੀ ਉਤਾਰ ਕੇ ਇਕ ਬੱਚੇ ਨੂੰ ਦੇ ਦਿੱਤੇ ਸਨ ਤੇ ਉਸ ਦਾ ਪੜਦਾ ਕੱਜਿਆ ਸੀ। ਉਨ੍ਹਾਂ ਸਾਨੂੰ ਸ਼ਬਦ ਦੀ ਦਾਤ ਦਿੱਤੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਉਨ੍ਹਾਂ ਸਾਨੂੰ ਸਬਰ 'ਤੇ ਸਿਦਕ ਦੀ ਦਾਤ ਦਿੱਤੀ ਹੈ ਤੇ ਵੱਡੀ ਗੱਲ ਕਿ ਅਮਲੀ ਤੌਰ ਤੇ ਇਸ ਜੀਵਨ ਨੂੰ ਜੀ ਕੇ ਵਿਖਾਇਆ ਹੈ ਕਿ ਦਾਤ ਦੇ ਮਗਰ ਦੌੜਨ ਦੀ ਲੋੜ ਨਹੀਂ। ਉਨ੍ਹਾਂ ਸਾਨੂੰ ਦੱਸ ਦਿੱਤਾ ਹੈ ਕਿ ਦਾਤੇ ਦੀ ਯਾਦ ਵਿਚ ਰਹੀਏ, ਉਸਦੀ ਇੰਤਜ਼ਾਰ ਵਿਚ ਰਹੀਏ, ਸੰਤੋਖੀ ਬਣ ਕੇ ਰਹੀਏ, ਸਬਰ ਤੇ ਸਿਦਕ ਭਰੋਸਾ ਰਖੀਏ। ਵੱਡੀ ਤੋਂ ਵੱਡੀ ਦਾਤ ਆਪੇ ਹੀ ਸੇਵਕ ਦੇ ਪਾਸ ਉਹ ਦਾਤਾ ਪਹੁੰਚਾ ਦਿੰਦਾ ਹੈ। ਗੁਰੂ ਘਰ ਦੇ ਇਤਿਹਾਸ ਨੂੰ ਪੜ੍ਹ ਕੇ ਵੇਖੀਏ, ਜਦੋਂ ਵੀ ਗੁਰਿਆਈ ਗੱਦੀ ਕਿਸੇ ਵਿਅਕਤੀ ਨੂੰ ਦਿੱਤੀ ਗਈ ਹੈ ਤਾਂ ਗੁਰੂਆਂ ਦੇ ਕਈ ਪੁੱਤਰਾਂ ਨੇ ਬੜੀ ਵਿਰੋਧਤਾ ਕੀਤੀ ਹੈ ਅਤੇ ਆਪਣਾ ਹੱਕ ਜਤਲਾਇਆ ਹੈ। ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਗੱਦੀ ਮਿਲੀ ਤਾਂ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਨੇ ਵਿਰੋਧਤਾ ਕੀਤੀ ਸੀ। ਗੁਰੂ ਅਮਰਦਾਸ ਵੇਲੇ ਦਾਤੂ ਜੀ ਤੇ ਦਾਸੂ ਜੀ ਨੇ ਵਿਰੋਧਤਾ ਕੀਤੀ ਸੀ। ਗੁਰੂ ਰਾਮਦਾਸ ਜੀ ਵੇਲੇ ਮੋਹਣ ਜੀ ਨੇ ਵਿਰੋਧਤਾ ਕੀਤੀ ਸੀ। ਗੁਰੂ ਅਰਜਨ ਦੇਵ ਜੀ ਵੇਲੇ ਬਾਬਾ ਪ੍ਰਿਥੀ ਚੰਦ ਨੇ ਵਿਰੋਧਤਾ ਕੀਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਵੇਲੇ ਬਾਬਾ ਮਿਹਰਬਾਨ ਜੀ ਨੇ ਬੜੀ ਵਿਰੋਧਤਾ ਕੀਤੀ ਸੀ। ਫਿਰ ਗੁਰੂ ਹਰਿ ਰਾਇ ਜੀ ਵੇਲੇ ਧੀਰ ਮਲ ਨੇ ਬੜੀ ਵਿਰੋਧਤਾ ਕੀਤੀ ਸੀ ਪਰ ਗੁਰੂ ਕੇ ਸਾਹਿਬਜ਼ਾਦੇ ਹੁੰਦਿਆਂ ਸਾਹਿਬਾਂ ਨੇ ਕੋਈ ਵੀ ਗੱਲ ਮਨ ਵਿਚ ਨਾ ਲਿਆਂਦੀ ਸਗੋਂ ਮੈਦਾਨ ਵਿਹਲਾ ਕਰਕੇ ਆਪ ਜੀ ਆਪਣੀ ਮਾਤਾ ਸਮੇਤ ਆਪਣੇ ਨਾਨਕੇ ਪਿੰਡ ਬਕਾਲਾ ਆ ਗਏ ਸਨ। ਜਿਸ ਵੇਲੇ ਏਥੇ ਵੀ ਬਾਈ ਗੁਰ-ਗੱਦੀ ਦੇ ਦਾਅਵੇਦਾਰ ਬਣ ਬੈਠੇ ਸਨ ਉਸ ਵੇਲੇ ਵੀ ਆਪ ਜੀ ਨੇ ਕੋਈ ਦਾਅਵਾ ਨਹੀਂ ਕੀਤਾ। ਕਬੀਰ ਸਾਹਿਬ ਜੀ ਦਾ ਵਿਚਾਰ

ਹੈ ਕਿ ਦਾਅਵੇ ਕਰਨ ਵਿਚ ਸਿਰਫ ਸਾੜਾ ਤੇ ਈਰਖਾ ਹੀ ਪੱਲੇ ਪੈਂਦੇ ਹਨ। ਜਿਹੜਾ ਬੰਦਾ ਦਾਅਵੇ ਤੋਂ ਬਿਨਾਂ ਨਿਰਦਾਵੇ ਰਹਿੰਦਾ ਹੈ ਉਹ ਨਿਸੰਗ, ਭਾਵ ਲੋਕ ਲਾਜ ਤੋਂ ਪਰ੍ਹਾਂ, ਉਹ ਮੁਕਤ ਪੁਰਸ਼ ਹੁੰਦਾ ਹੈ। ਐਸਾ ਬੰਦਾ ਤਾਂ ਇੰਦਰ ਵਰਗੇ ਦਾਅਵੇਦਾਰਾਂ ਨੂੰ ਵੀ ਕੰਗਾਲ ਹੀ ਸਮਝਦਾ ਹੈ—

*ਕਬੀਰ ਦਾਵੈ ਦਾਝਨੁ ਹੋਤ ਹੈ, ਨਿਰਦਾਵੈ ਰਹੈ ਨਿਸੰਕ॥*
*ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥*

ਇਹ ਸੱਚ ਹੈ ਕਿ ਜੇ ਗੁਰੂ ਤੇਗ਼ ਬਹਾਦਰ ਵੀ ਦਾਅਵਾ ਕਰਦੇ ਤਾਂ ਬਾਈ ਗੁਰਗੱਦੀ ਦੇ ਦਾਅਵੇਦਾਰ ਅੱਗੇ ਬੈਠੇ ਸਨ ਉਹ ਤੇਈਵੇਂ ਹੋ ਜਾਂਦੇ। ਪਹਿਲਾਂ ਬਾਈ ਸਨ ਫਿਰ ਲੋਕ ਕਹਿੰਦੇ ਹਨ ਕਿ ਤੇਈ ਗੁਰੂ ਹਨ। ਪਰ ਉਨ੍ਹਾਂ ਐਸਾ ਦਾਅਵਾ ਕੀਤਾ ਹੀ ਨਹੀਂ। ਇਸੇ ਲਈ ਨਿਰਦਾਵੇ ਰਹਿਣ ਵਾਲੇ ਸਤਿਗੁਰੂ ਪ੍ਰਥਮ ਹੋ ਗਏ। ਦਾਅਵੇਦਾਰਾਂ ਨੂੰ ਦੌੜਨਾ ਪਿਆ। ਪਰ ਨਿਰਦਾਵੇ ਰਹਿਣ ਵਾਲਿਆਂ ਦੇ ਪਾਸ ਦਾਤ ਆਪ ਆ ਗਈ। ਮੱਖਣ ਸ਼ਾਹ ਲੁਬਾਣੇ ਨੇ ਕੋਠੇ ਤੇ ਚੜ੍ਹ ਕੇ ਪੁਕਾਰ ਕੇ ਕਹਿ ਦਿੱਤਾ ਸੀ ਗੁਰੂ ਲਾਧੋ ਰੇ! ਗੁਰੂ ਲਾਧੋ ਰੇ! ਐਸਾ ਨਾ ਸਮਝਣਾ ਕਿ ਬਾਕੀ ਬਾਈ ਦਾਅਵੇਦਾਰਾਂ ਦੇ ਪਾਸ ਕੋਠੇ ਤੇ ਚੜ੍ਹ ਕੇ ਰੌਲਾ ਪਾਉਣ ਵਾਲਾ ਕੋਈ ਨਹੀਂ ਸੀ। ਨਹੀਂ ਐਸਾ ਨਹੀਂ, ਉਨ੍ਹਾਂ ਦੇ ਪਾਸ ਵੀ ਬਹੁਤ ਬੰਦੇ ਸਨ ਅਤੇ ਝੂਠ ਨੂੰ ਸੱਚ ਬਣਾਉਣ ਵਾਲੇ ਸਨ। ਕੋਈ ਕਹਿੰਦਾ ਸੀ ਇਸ ਗੁਰੂ ਨੇ ਮੇਰੇ ਦਿਲ ਦੀ ਬੁੱਝ ਲਈ ਹੈ। ਕੋਈ ਕਹਿੰਦਾ ਸੀ ਮੈਨੂੰ ਰੋਗੀ ਨੂੰ ਬਚਨ ਕਰਕੇ ਅਰੋਗ ਕਰ ਦਿੱਤਾ ਹੈ। ਕਈ ਗੁਰੂਆਂ ਦੇ ਏਜੰਟ ਕਹਿੰਦੇ ਸਨ ਮੇਰਾ ਗੁਰੂ ਤਾਂ ਮੋਇਆ ਬੰਦਾ ਜ਼ਿੰਦਾ ਕਰ ਦਿੰਦਾ ਹੈ। ਕੋਈ ਕਹਿੰਦਾ ਸੀ ਮੈਨੂੰ ਇਸ ਗੁਰੂ ਨੇ ਸਾਖਿਆਤ ਗੁਰੂ ਨਾਨਕ ਹੋ ਕੇ ਦਰਸ਼ਨ ਦਿੱਤੇ ਹਨ। ਬਾਕੀ ਗੁਰੂ ਵੀ ਇਸੇ ਵਿਚੋਂ ਦਿੱਸੇ ਹਨ। ਕੋਈ ਕਹਿੰਦਾ ਸੀ ਰਾਤੀਂ ਮੇਰੇ ਗੁਰੂ ਨੇ ਮੈਨੂੰ ਪ੍ਰਮਾਤਮਾ ਬਣ ਕੇ ਦਰਸ਼ਨ ਦਿੱਤੇ ਹਨ। ਪਰ ਅਸਰ ਕਿਸੇ ਤੇ ਕੋਈ ਨਹੀਂ ਸੀ ਹੋ ਰਿਹਾ। ਵੱਡੇ ਤੋਂ ਵੱਡਾ ਹਰ ਇਕ ਝੂਠ ਬੋਲਿਆ ਜਾ ਚੁੱਕਾ ਸੀ। ਇਹ ਸਭ ਕੁਝ ਪਾਖੰਡੀ ਗੁਰੂਆਂ ਦੇ ਚੇਲਿਆਂ ਨੇ ਮੱਖਣ ਸ਼ਾਹ ਨੂੰ ਵੀ ਕਿਹਾ ਸੀ। ਪਰ ਉਸਦਾ ਮਨ ਨਹੀਂ ਸੀ ਪਤੀਜਦਾ, ਉਸਨੇ ਜਦੋਂ ਆਪ ਪ੍ਰੀਖਿਆ ਕੀਤੀ ਤਾਂ ਕੋਈ ਵੀ ਪੂਰਾ ਨਾ ਉਤਰਿਆ। ਮੱਖਣ ਸ਼ਾਹ ਲੁਬਾਣਾ ਬੜਾ ਸਿਦਕੀ ਸਿੱਖ ਸੀ, ਵਿਵੇਕੀ ਸੀ। ਉਸ ਨੇ ਸੋਚਿਆ ਮੈਂ ਕਿਸੇ ਤੇ ਕਿਉਂ ਭਰੋਸਾ ਕਰਾਂ, ਮੈਂ ਆਪ ਹੀ ਹਰ ਇਕ ਦੇ ਨੇੜੇ ਹੋ ਕੇ ਕਿਉਂ ਨਾ ਵੇਖਾਂ, ਉਹ ਬਾਣੀ ਪੜ੍ਹਨ ਵਾਲਾ ਸਿੱਖ ਸੀ—

*ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ।*
*ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥*

*(ਗਉੜੀ ਮ. ੪, ਪੰਨਾ ੧੬੮)*

ਜਿਨ੍ਹਾਂ ਨੂੰ ਮਿਲਿਆਂ ਦੁਬਿਧਾ ਹੋਰ ਵਧੀ ਹੈ ਉਹ ਗੁਰੂ ਨਹੀਂ ਹੋ ਸਕਦੇ। ਮੱਖਣ ਸ਼ਾਹ ਨੇ ਜਦੋਂ ਨੇੜੇ ਹੋ ਕੇ ਵੇਖਿਆ ਤਾਂ ਇਕ ਗੁਰੂ ਤੇਗ਼ ਬਹਾਦਰ ਸਾਹਿਬ ਹੀ ਐਸੇ ਗੁਰੂ ਨਿਕਲੇ ਜਿਨ੍ਹਾਂ ਮਨ ਦੀ ਬੁੱਝ ਲਈ ਤੇ ਜਿਨ੍ਹਾਂ ਦੇ ਪਾਸ ਬੈਠ ਕੇ ਮਨ ਨੂੰ ਸ਼ਾਂਤੀ ਵੀ ਆ ਗਈ, ਅਨੰਦ ਪ੍ਰਾਪਤ ਹੋ ਗਿਆ। ਇਹ ਗੱਲ ਬੜੀ ਵਿਚਾਰ ਵਾਲੀ ਹੈ ਕਿ ਜੋ ਮੱਖਣ ਸ਼ਾਹ ਨੇ ਕਿਹਾ ਹੈ ਐਸਾ ਕੁਝ ਪਹਿਲੇ ਵੀ ਬਹੁਤ ਵਾਰ ਕਿਹਾ ਜਾ ਚੁੱਕਾ ਸੀ। ਪਾਖੰਡੀਆਂ ਦੇ ਚੇਲੇ ਨਿੱਤ ਨਵਾਂ ਕੁਫਰ ਤੇ ਪਹਾੜ ਜਿੱਡਾ ਕੁਫਰ ਤੋਲਦੇ ਸਨ। ਪਰ ਇਸ ਸਿੱਖ ਦੀ ਅਵਾਜ਼ ਵਿਚ ਸੱਚ ਸੀ, ਬਲ ਸੀ, ਦ੍ਰਿੜ੍ਹਤਾ ਸੀ। ਇਸਦੇ ਮੂੰਹੋਂ ਜੋ ਆਵਾਜ਼ ਨਿਕਲੀ ਉਸਨੇ ਸਾਰਿਆਂ ਨੂੰ ਖਿੱਚ ਪਾਈ ਸੀ। ਗੁਰੂ ਨਾਨਕ ਦੀ ਦਾਤ ਜੋ ਸੇਵਕ ਦੀ ਦਾਤ ਹੈ, ਸੇਵਕ ਤੱਕ ਪਹੁੰਚ ਗਈ। ਉਨ੍ਹਾਂ ਨੂੰ ਕੋਈ ਦਾਅਵਾ ਨਹੀਂ ਕਰਨਾ ਪਿਆ ਤੇ ਕੋਈ ਦੌੜ-ਭੱਜ ਨਹੀਂ ਕਰਨੀ ਪਈ। ਜੇ ਖਿਝ ਕੇ ਧੀਰ ਮੱਲ ਨੇ ਹਮਲਾ ਵੀ ਕਰਵਾ ਦਿੱਤਾ ਤੇ ਸ਼ੀਹੇ ਮਸੰਦ ਨੇ ਗੋਲੀ ਚਲਾ ਦਿੱਤੀ ਤਾਂ ਸਾਹਿਬਾਂ ਕਿਹਾ ਸੀ, ਧੀਰ ਮੱਲ ਜੀ! ਗੋਲੀਆਂ ਕਿਸ ਲਈ ਚਲਾ ਰਹੇ ਹੋ ਜੋ ਚਾਹੀਦਾ ਹੈ ਲੈ ਜਾਉ। ਗੋਲੀ ਉਥੇ ਚਲਾਉਣੀ ਚਾਹੀਦੀ ਹੈ ਜਿਥੇ ਕੋਈ ਰਸਤੇ ਵਿਚ ਰੋੜਾ ਬਣੇ। ਪਰ ਜਿਥੇ ਕੋਈ ਰੋਕ ਹੀ ਨਹੀਂ ਉਥੇ ਐਸਾ ਕਰਨਾ ਠੀਕ ਨਹੀਂ। ਧੀਰ ਮੱਲ ਦੇ ਬੰਦਿਆਂ ਨੇ ਡੇਰਾ ਲੁੱਟਿਆ ਪਰ ਨਿਰਦਾਵੇ ਰਹਿਣ ਵਾਲੇ ਸਤਿਗੁਰੂ ਇੰਜ ਮੁਸਕਰਾ ਰਹੇ ਸਨ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਧੀਰ ਮੱਲ ਸਾਮਾਨ ਲੁੱਟ ਕੇ ਲੈ ਗਿਆ ਤਾਂ ਵੀ ਉਹ ਅਨੰਦ ਵਿਚ ਸਨ। ਮੱਖਣ ਸ਼ਾਹ ਆਪਣੇ ਜੁਆਨਾਂ ਸਮੇਤ ਸਾਰਾ ਸਾਮਾਨ ਵਾਪਸ ਲੈ ਆਇਆ ਤਾਂ ਵੀ ਆਪ ਅਡੋਲ ਸਨ। ਤੇ ਕਿਹਾ, ਇਸ ਸਾਮਾਨ ਦੇ ਆਉਣ ਜਾਣ ਦਾ ਮੇਰੇ ਤੇ ਕੋਈ ਅਸਰ ਨਹੀਂ। ਮੈਂ ਸਾਮਾਨ ਦੇ ਆਸਰੇ ਨਹੀਂ, ਨਾਮ ਦੇ ਆਸਰੇ ਹਾਂ। ਸਾਮਾਨ ਦੇ ਆਉਣ ਜਾਣ ਨਾਲ ਨਾਮ ਨੂੰ ਕੀ ਫਰਕ ਪੈ ਸਕਦਾ ਹੈ। ਸਤਿਗੁਰਾਂ ਅੱਜ ਉਹ ਅਵਸਥਾ ਪ੍ਰਤੱਖ ਹੀ ਵਿਖਾ ਦਿੱਤੀ ਸੀ–

*ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ॥*

*(ਸੋਰਠਿ ਮ: ੯, ਪੰਨਾ ੬੩੩)*

ਉਨ੍ਹਾਂ ਕੁਝ ਨਹੀਂ ਮੰਗਿਆ ਪਰ ਸਭ ਕੁਝ ਆਪੇ ਹੀ ਪਾਸ ਆ ਗਿਆ। ਪਰ ਜਿਨ੍ਹਾਂ ਨੇ ਮੰਗਿਆ ਹੀ ਨਹੀਂ ਸਗੋਂ ਖੋਹਣਾ ਵੀ ਚਾਹਿਆ ਹੈ ਉਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਪਿਆ। ਉਨ੍ਹਾਂ ਇਸ ਰਾਜ਼ ਨੂੰ ਸਮਝਿਆ ਸੀ ਕਿ ਜੋ ਬਿਰਥਾ ਹੈ ਉਹ ਮੰਗਿਆਂ ਮਿਲ ਜਾਂਦਾ ਹੈ। ਪਰ ਜੋ ਅਮੁੱਲ ਹੈ ਉਹ ਤਾਂ ਬਖ਼ਸ਼ਸ਼ ਨਾਲ ਹੀ ਮਿਲਦਾ ਹੈ, ਮੰਗਿਆਂ ਨਹੀਂ। ਇਹ ਗੱਲ ਤਾਂ ਸਪਸ਼ਟ ਹੈ ਕਿ ਜਦੋਂ ਕੋਈ ਭਿਖਾਰੀ ਮੰਗਣ ਆਉਂਦਾ ਹੈ ਤਾਂ ਕੰਮ ਦੀ ਵਸਤੂ ਕੌਣ ਦੇਂਦਾ ਹੈ, ਰਹਿੰਦ-ਖੂੰਹਦ ਹੀ ਦੇਂਦੇ ਹਾਂ।

ਪਰ ਜਦੋਂ ਗੁਰੂ ਦੇ ਅੱਗੇ ਕੁਝ ਅਰਪਨ ਕਰਨਾ ਹੈ ਤਾਂ ਫਿਰ ਤਾਂ ਬੜੀ ਪਵਿੱਤਰ ਵਸਤੂ ਰਖਦੇ ਹਾਂ। ਉਹ ਪ੍ਰਮਾਤਮਾ ਵੀ ਜਦੋਂ ਬਖਸ਼ਸ਼ ਕਰਦਾ ਹੈ ਤਾਂ ਅਮੁੱਲ ਦਾਤਾਂ ਦਿੰਦਾ ਹੈ। ਭਿਖਾਰੀ ਮੰਗਦੇ ਹਨ, ਉਹ ਪਦਾਰਥ ਦੇਂਦਾ ਹੈ। ਪਰ ਭਿਖਾਰੀਆਂ ਨੂੰ ਗੁਰਿਆਈ ਗੱਦੀ ਨਹੀਂ ਮਿਲਦੀ ਇਹ ਤਾਂ ਦਾਤ ਹੈ ਆਪ ਹੀ ਆਉਂਦੀ ਹੈ ਤੇ ਆਉਂਦੀ ਹੈ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਸ, ਜਿਹੜੇ ਸਬਰ ਸਿਦਕ ਨਾਲ ਪ੍ਰਮਾਤਮਾ ਦੀ ਸਿਫ਼ਤ-ਸਲਾਹ ਕਰਦੇ ਹਨ ਤੇ ਰਜ਼ਾ ਵਿਚ ਰਹਿੰਦੇ ਹਨ. ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਵਿਚ ਮਹੱਤਵ ਪੂਰਨ ਗੱਲ ਇਹ ਹੈ ਕਿ ਉਹ ਖੋਜਣ ਦੀ ਬਜਾਏ, ਭਾਲਣ ਦੀ ਬਜਾਇ, ਇੰਤਜ਼ਾਰ ਕਰਦੇ ਹਨ ਤੇ ਪਿਆਰਾ ਉਨ੍ਹਾਂ ਨੂੰ ਆਪ ਹੀ ਆ ਕੇ ਨਿਵਾਜਦਾ ਹੈ। ਇਹ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਮਹਾਨ ਵਡਿਆਈ ਹੈ। ਤੇ ਪੂਰਨ ਸਤਿਗੁਰੂ ਹੋਣ ਦੀ ਕਸਵੱਟੀ ਹੈ ਕਿ ਉਨ੍ਹਾਂ ਨੇ ਆਪਣੇ ਤੋਂ ਬਾਅਦ ਪੂਰਾ ਹੀ ਚੁਣਿਆ ਹੈ ਅਤੇ ਪੂਰੇ ਗੁਰੂ, ਗੁਰੂ ਨਾਨਕ ਦੇਵ ਦੀ ਜੋਤਿ ਜੁਗਤ ਉਸ ਗੁਰੂ ਤੇਗ ਬਹਾਦਰ ਸਾਹਿਬ ਦੀ ਝੋਲੀ ਵਿਚ ਪਾਈ ਸੀ ਜਿਨ੍ਹਾਂ ਨੂੰ ਇਹ ਦਾਤ ਜਰਨ ਦੀ ਸ਼ਕਤੀ ਅਕਾਲ ਪੁਰਖ ਵੱਲੋਂ ਬਖਸ਼ਸ਼ ਹੋਈ ਸੀ।

■ ■ ■

## ੨੫

# ਗਾਥਾ ਨੌਵੇਂ ਗੁਰੂ ਦੀ
# ਦ੍ਰਿੜ੍ਹਤਾ ਵਾਲੇ ਸਤਿਗੁਰੂ

ਮਨ ਬਾਰੇ ਜਿਨ੍ਹਾਂ ਵਿਦਵਾਨਾਂ ਖੋਜ ਕੀਤੀ ਹੈ ਉਨ੍ਹਾਂ ਦੇ ਫ਼ੈਸਲੇ ਨਾਲ ਮੈਂ ਸਹਿਮਤ ਹਾਂ। ਇਹ ਖੋਜ ਠੀਕ ਹੈ, ਇਹ ਗੱਲ ਮੈਂ ਆਪਣੇ ਅਨੁਭਵ ਨਾਲ ਲਿਖ ਰਿਹਾ ਹਾਂ ਕੋਈ ਸੁਣੀ ਸੁਣਾਈਂ ਨਹੀਂ ਕਿ ਮਨ ਵੀ ਸਾਡਾ ਇਕ ਨਹੀਂ। ਇਕ ਸਾਡਾ ਸੁਚੇਤ ਮਨ ਹੈ ਇਕ ਅਚੇਤ ਮਨ ਹੈ। ਆਮ ਕਰਕੇ ਬੰਦੇ ਦੀ ਬੁਧ ਦੇ ਕੀਤੇ ਫ਼ੈਸਲੇ ਸਿਰੇ ਨਹੀਂ ਚੜ੍ਹਦੇ। ਉਸਦਾ ਕਾਰਨ ਇਹ ਹੈ ਕਿ ਮਨ ਵੰਡਿਆ ਹੋਇਆ ਹੈ। ਮਨ ਇਕ ਨਹੀਂ। ਇਹ ਗੱਲ ਕਿਸੇ ਸੱਜਣ ਕੋਲੋਂ ਲੁਕੀ ਛਿਪੀ ਨਹੀਂ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਜਦੋਂ ਅਸੀਂ ਫ਼ੈਸਲਾ ਕਰਦੇ ਹਾਂ ਇਹ ਕੰਮ ਕਰਾਂਗੇ ਉਸ ਵੇਲੇ ਸਾਡਾ ਹੋਰ ਮਨ ਹੁੰਦਾ ਹੈ, ਪਰ ਜਦੋਂ ਉਸੇ ਕੀਤੇ ਫ਼ੈਸਲੇ ਤੇ ਅਮਲ ਕਰਨ ਦਾ ਸਮਾਂ ਆਉਂਦਾ ਹੈ ਉਸ ਵੇਲੇ ਹੋਰ ਮਨ ਹੁੰਦਾ ਹੈ। ਨਹੀਂ ਤਾਂ ਪਾਗ਼ਲ ਤੋਂ ਪਾਗ਼ਲ ਬੰਦਾ ਵੀ ਇਹ ਗੱਲ ਸਮਝਦਾ ਹੈ ਕਿ ਆਪਣਾ ਕੀਤਾ ਹੋਇਆ ਫ਼ੈਸਲਾ ਕੋਈ ਆਪ ਕਿਵੇਂ ਰੱਦ ਕਰ ਸਕਦਾ ਹੈ। ਇਕ ਜੱਜ ਦਾ ਫ਼ੈਸਲਾ ਰੱਦ ਕਰਨ ਵਾਸਤੇ ਕੋਈ ਦੂਸਰਾ ਤੇ ਉਸ ਤੋਂ ਵੱਡਾ ਜੱਜ ਚਾਹੀਦਾ ਹੈ। ਇਸ ਗੱਲ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਫ਼ੈਸਲਾ ਕਰਨ ਵਾਲੇ ਮਨ ਨਾਲੋਂ ਫ਼ੈਸਲਾ ਰੱਦ ਕਰਨ ਵਾਲਾ ਮਨ ਸ਼ਕਤੀਸ਼ਾਲੀ ਹੈ। ਫਿਰ ਇਸ ਗੱਲ ਦਾ ਤਾਂ ਇਕੋ ਹੀ ਇਲਾਜ ਹੈ ਕਿ ਵੱਡੇ ਮਨ ਨੂੰ, ਸ਼ਕਤੀਸ਼ਾਲੀ ਮਨ ਨੂੰ ਪਹਿਲੇ ਹੀ ਨਾਲ ਲਿਆ ਜਾਵੇ, ਦੋਹਾਂ ਮਨਾਂ ਨੂੰ ਅਚੇਤ ਮਨ ਤੇ ਸੁਚੇਤ ਮਨ ਨੂੰ ਇਕੱਠੇ ਕਰ ਲਿਆ ਜਾਵੇ। ਫਿਰ ਬੰਦਾ ਜੋ ਫ਼ੈਸਲਾ ਕਰੇਗਾ ਉਸ ਨੂੰ ਅਮਲੀ ਰੂਪ ਦੇ ਹੀ ਦੇਵੇਗਾ।

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਇਤਿਹਾਸ ਪੜ੍ਹ ਕੇ ਵੇਖੋ। ਇਕ ਕਮਾਲ ਗੱਲ ਹੈ ਕਿ ਉਨ੍ਹਾਂ ਜਿਹੜਾ ਵੀ ਫ਼ੈਸਲਾ ਕੀਤਾ ਹੈ ਉਸਨੂੰ ਅਮਲੀ ਰੂਪ ਦੇ ਹੀ ਦਿੱਤਾ

ਹੈ। ਉਨ੍ਹਾਂ ਨੇ ਜਿਧਰ ਕਦਮ ਪੁੱਟਿਆ ਹੈ ਉਹ ਕਦਮ ਹਾਰ ਕੇ ਵਾਪਸ ਨਹੀਂ ਆਇਆ। ਜਿੱਤ ਨੇ ਉਨ੍ਹਾਂ ਦੇ ਕਦਮ ਚੁੰਮੇ ਹਨ। ਉਨ੍ਹਾਂ ਨੇ ਜੋ ਕਹਿ ਦਿੱਤਾ ਬਸ ਉਹ ਹੋ ਗਿਆ। ਉਨ੍ਹਾਂ ਦੇ ਅੰਦਰ ਐਸੀ ਦ੍ਰਿੜ੍ਹਤਾ ਸੀ ਕਿ ਉਹ ਕਦੀ ਨਹੀਂ ਹਿੱਲੇ। ਉਹ ਅੰਦਰੋਂ ਅਡੋਲ ਸਨ। ਜੇ ਉਨ੍ਹਾਂ ਫ਼ੈਸਲਾ ਕਰ ਲਿਆ ਕਿ ਬਕਾਲੇ ਬੈਠਣਾ ਹੈ ਤਾਂ ਬੈਠ ਗਏ। ਜੇ ਫ਼ੈਸਲਾ ਕਰ ਲਿਆ ਕਿ ਹੁਣ ਬਕਾਲਾ ਛੱਡਣਾ ਹੈ ਤਾਂ ਛੱਡ ਦਿੱਤਾ ਹੈ। ਜੇ ਫ਼ੈਸਲਾ ਕੀਤਾ ਹੈ ਕਿ ਗੁਰਧਾਮਾਂ ਦੇ ਦਰਸ਼ਨ ਕਰਨੇ ਹਨ ਤਾਂ ਗਏ ਹਨ, ਕੀਤੇ ਹਨ। ਜੇ ਪ੍ਰਚਾਰ ਵਾਸਤੇ ਬਾਹਰ ਤੁਰਨਾ ਹੈ ਤਾਂ ਤੁਰੇ ਹਨ। ਕੋਈ ਪ੍ਰਵਾਰਕ ਮੋਹ ਮਾਇਆ ਦਾ ਜਾਲ ਉਨ੍ਹਾਂ ਨੂੰ ਨਹੀਂ ਫਸਾ ਸਕਿਆ। ਗੋਬਿੰਦ ਰਾਇ ਜੀ ਦਾ ਜਨਮ ਪਟਨੇ ਹੁੰਦਾ ਹੈ। ਆਪ ਜੀ ਉਸ ਵਕਤ ਢਾਕੇ ਵਿਚ ਹਨ। ਉਨ੍ਹਾਂ ਦੇ ਪ੍ਰੋਗਰਾਮ ਵਿਚ ਕੋਈ ਰੋਕ ਨਹੀਂ ਪਾ ਸਕਿਆ। ਜੇ ਵਾਪਸ ਆਏ ਹਨ ਤਾਂ ਪ੍ਰੋਗਰਾਮ ਮੁਤਾਬਿਕ ਹੀ ਪ੍ਰਵਾਰ ਨੂੰ ਫਿਰ ਪਟਨਾ ਸਾਹਿਬ ਛੱਡ ਆਉਂਦੇ ਹਨ। ਆਪ ਪੰਜਾਬ ਆ ਜਾਂਦੇ ਹਨ। ਜੇਕਰ ਕਸ਼ਮੀਰੀ ਪੰਡਤਾਂ ਦੀ ਇਮਦਾਦ ਲਈ ਫ਼ੈਸਲਾ ਕਰ ਲਿਆ ਹੈ ਤਾਂ ਐਸਾ ਨਹੀਂ ਕਿ ਰੋਕਾਂ ਨਹੀਂ ਪਈਆਂ। ਇਕ ਨਹੀਂ ਅਨੇਕਾਂ ਰੋਕਾਂ ਪਈਆਂ ਹਨ। ਜਦੋਂ ਸੈਫ਼ਾਬਾਦ ਸੈਫ਼ਦੀਨ ਦੇ ਪਾਸ ਪੁੱਜੇ ਹਨ ਤਾਂ ਉਹ ਅੱਗੇ ਤੁਰਨ ਹੀ ਨਹੀਂ ਸੀ ਦਿੰਦਾ। ਵਾਰ-ਵਾਰ ਕਹਿੰਦਾ ਸੀ ਪਾਤਸ਼ਾਹ ਜੀ! ਔਰੰਗਜ਼ੇਬ ਬੜਾ ਜ਼ਾਲਮ ਹੈ, ਮੈਂ ਉਸਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਤੁਸੀਂ ਬਿਲਕੁਲ ਨਾ ਜਾਉ ਪਰ ਨਹੀਂ ਰੋਕ ਸਕਿਆ। ਸਤਿਗੁਰੂ ਪਹੁੰਚਦੇ ਹਨ। ਗੁਰੂ ਦਾ ਬਚਨ ਅਟੱਲ ਹੈ, ਕਿਵੇਂ ਆਗਰੇ ਵਿਚ ਇਕ ਗ਼ਰੀਬ ਅਯਾਲੀ ਨੂੰ ਕਹਿੰਦੇ ਹਨ ਜਾਹ, ਮਠਿਆਈ ਲੈ ਕੇ ਆ। ਇਹ ਦੁਸ਼ਾਲਾ ਲੈ ਜਾ ਇਹ ਅੰਗੂਠੀ ਲੈ ਜਾ, ਕੈਸਾ ਬਹਾਨਾ ਆਪ ਬਣਾ ਦਿੰਦੇ ਹਨ। ਹਲਵਾਈ ਨੂੰ ਸ਼ੱਕ ਪੈਂਦਾ ਹੈ ਉਹ ਸਿਪਾਹੀਆਂ ਨੂੰ ਬੁਲਾਉਂਦਾ ਹੈ। ਗੁਰੂ ਸਾਹਿਬ ਗ੍ਰਿਫਤਾਰ ਹੋ ਜਾਂਦੇ ਹਨ। ਅਯਾਲੀ ਨੂੰ ਇਨਾਮ ਮਿਲ ਜਾਂਦਾ ਹੈ। ਦਿੱਲੀ ਆਉਂਦੇ ਹਨ। ਕੁਝ ਵਿਦਵਾਨਾਂ ਅਨੁਸਾਰ ਔਰੰਗਜ਼ੇਬ ਦਿੱਲੀ ਨਹੀਂ ਸੀ, ਹਸਨ ਅਬਦਾਲ ਸੀ। ਪਰ ਉਸਦਾ ਹੁਕਮ ਤਾਂ ਹੈਸੀ। ਉਸਦੇ ਫ਼ੁਰਮਾਨ ਮੁਤਾਬਿਕ ਸਤਿਗੁਰਾਂ ਨੂੰ ਵਾਰ-ਵਾਰ ਕਿਹਾ ਗਿਆ ਕਿ ਸਿਰਫ਼ ਤੁਸੀਂ ਇਨ੍ਹਾਂ ਬ੍ਰਾਹਮਣਾਂ ਦੀ ਬਾਂਹ ਛੱਡ ਦਿਉ। ਦਿੱਲੀ ਦੇ ਹਾਕਮ ਚੰਗੀ ਤਰ੍ਹਾਂ ਸਮਝਦੇ ਸਨ ਕਿ ਗੁਰੂ ਸਾਹਿਬ ਇਸਲਾਮ ਪ੍ਰਵਾਨ ਕਰ ਲੈਣ ਤਾਂ ਸਾਰਾ ਹਿੰਦੁਸਤਾਨ ਹੀ ਮੁਸਲਮਾਨ ਬਣ ਜਾਵੇਗਾ। ਹੱਕ ਸੱਚ ਲਈ, ਲੜਨ ਲਈ ਜੇ ਕੋਈ ਉਸ ਵੇਲੇ ਹੈ ਸੀ ਤਾਂ ਸਿਰਫ ਗੁਰੂ ਨਾਨਕ ਦੇਵ ਜੀ ਦਾ ਘਰ ਹੀ ਸੀ। ਜੇ ਇਹ ਵੀ ਹੌਸਲਾ ਛੱਡ ਜਾਣ ਤਾਂ ਬਾਕੀ ਕੋਈ ਟਿਕਣ ਵਾਲਾ ਨਹੀਂ ਸੀ। ਮੁਗ਼ਲ ਹਾਕਮਾਂ ਦਾ ਸਾਰਾ ਜ਼ੋਰ ਇਸ ਗੱਲ ਤੇ ਸੀ ਕਿ ਗੁਰੂ ਤੇਗ਼ ਬਹਾਦਰ ਜੀ ਨੂੰ ਮਨਾਉਣਾ ਹੈ ਕਿ ਇਸਲਾਮ ਹੀ ਸੰਪੂਰਨ ਧਰਮ ਹੈ। ਬਾਕੀ ਧਰਮ ਅਧੂਰੇ ਹਨ। ਇਸ ਲਈ ਅਧੂਰਿਆਂ ਨੂੰ ਪੂਰੇ ਹੋਣ ਵਾਸਤੇ ਪੂਰੇ ਦੀ ਸ਼ਰਣ ਵਿਚ ਆ ਜਾਣਾ ਚਾਹੀਦਾ ਹੈ। ਕਿਸੇ ਵੀ ਧਰਮ ਦਾ

ਇਸਲਾਮ ਤੋਂ ਵੱਖ ਰਹਿਣਾ ਇਸਲਾਮ ਦੀ ਤੌਹੀਨ ਹੈ। ਜਿਵੇਂ ਚੱਕਰਵਰਤੀ ਰਾਜੇ ਦੇ ਨਾਲ ਕੋਈ ਛੋਟਾ ਰਾਜਾ ਬਰਾਬਰ ਬਹੇ ਇਹ ਬਰਦਾਸ਼ਤ ਨਹੀਂ ਹੋ ਸਕਦਾ। ਇਸਲਾਮ ਸਭ ਤੋਂ ਵੱਡਾ ਧਰਮ ਹੈ, ਅਸਲ ਧਰਮ ਹੈ, ਵਾਹਿਦ ਖ਼ੁਦਾ ਦਾ ਧਰਮ ਹੈ। ਬਾਕੀ ਧਰਮਾਂ ਨੇ ਮਨੁੱਖ ਨੂੰ ਭਟਕਾਇਆ ਹੈ। ਇਸ ਲਈ ਇਹ ਇਕ ਪਰਉਪਕਾਰ ਹੈ ਕਿ ਬਾਕੀ ਧਰਮਾਂ ਨੂੰ ਇਸਲਾਮ ਵਿਚ ਹਲੂਲ ਕੀਤਾ ਜਾਏ। ਜੇ ਗੁਰੂ ਤੇਗ਼ ਬਹਾਦਰ ਜੀ ਇਸ ਪ੍ਰਚਾਰ ਵਿਚ ਹਿੱਸਾ ਪਾਉਣ ਤਾਂ ਇਨ੍ਹਾਂ ਨੂੰ ਮਹਾਨ ਪੀਰ ਮੰਨ ਲਿਆ ਜਾਵੇਗਾ। ਗੁਰੂ ਘਰ ਨਾਲ ਮੁਸਲਮਾਨ ਫ਼ਕੀਰਾਂ ਦਾ ਵਾਹ ਰਿਹਾ ਹੈ। ਇਸਲਾਮ ਦੇ ਕੇਂਦਰੀ ਅਸਥਾਨ ਮੱਕੇ ਵਿਚ ਸਤਿਗੁਰੂ ਆਪ ਗਏ ਸਨ। ਕਾਅਬੇ ਵਲ ਪੈਰ ਵੇਖ ਕੇ ਕਾਫ਼ਰ ਕਹਿ ਕੇ ਲੱਤ ਮਾਰਨ ਵਾਲਿਆਂ ਨੂੰ ਇਹ ਤਾਂ ਪਤਾ ਲੱਗ ਹੀ ਗਿਆ ਸੀ ਕਿ ਇਹ ਮੁਸਲਮਾਨ ਨਹੀਂ। ਫਿਰ ਵੀ ਉਨ੍ਹਾਂ ਸੱਚ ਵੇਖਿਆ, ਸੱਚ ਸੁਣਿਆ ਤਾਂ ਇਹ ਨਹੀਂ ਕਿਹਾ ਕਿ ਤੁਸੀਂ ਮੁਸਲਮਾਨ ਬਣ ਜਾਉ। ਸਗੋਂ ਉਸ ਟਿਕਾਣੇ ਬਾਰੇ ਪੁੱਛਿਆ ਕਿ ਜਿਥੇ ਧਰਮ ਨੇ ਪਹੁੰਚਾਉਣਾ ਹੈ, ਬਾਬਾ ਜੀ ਉਸ ਦਰਗਾਹ ਦੀ ਗੱਲ ਸੁਣਾਉ ਤਾਂ ਸਤਿਗੁਰੂ ਕਹਿੰਦੇ ਹਨ—

*ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝਹੁ ਦੋਨੋ ਰੋਈ।*
*ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰ ਲੈਣ ਨਾ ਢੋਈ।* *(ਭਾ. ਗੁਰਦਾਸ)*

ਭਾਈ ਗੁਰਦਾਸ ਜੀ ਅਨੁਸਾਰ ਸ਼ੁਭ ਅਮਲਾਂ ਦੀ ਗੱਲ ਸੁਣ ਕੇ ਉਨ੍ਹਾਂ ਸਿਰ ਝੁਕਾਇਆ ਤੇ ਕਾਜ਼ੀ ਰੁਕਨਦੀਨ ਨੇ ਨਿਸ਼ਾਨੀ ਵਜੋਂ ਗੁਰੂ ਸਾਹਿਬ ਦੀਆਂ ਖੜਾਵਾਂ ਮੰਗ ਲਈਆਂ।

*ਧਰੀ ਨਿਸ਼ਾਨੀ ਕੌਮ ਦੀ ਮੱਕੇ ਅੰਦਰ ਪੂਜ ਕਰਾਈ।* *(ਭਾ. ਗੁਰਦਾਸ)*

ਮੁਸਲਮਾਨ ਫ਼ਕੀਰਾਂ ਦਾ ਗੁਰੂਆਂ ਨਾਲ ਸੰਬੰਧ ਰਿਹਾ ਹੈ। ਇਸਲਾਮ ਦੀ ਤੌਹੀਨ ਵਾਲਾ ਸ਼ਬਦ ਕਦੀ ਗੁਰੂਆਂ ਨੇ ਨਹੀਂ ਵਰਤਿਆ। ਪਰ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਲਈ ਜ਼ਰੂਰ ਕਿਹਾ ਹੈ। ਗੁਰੂ ਸਾਹਿਬ ਇਸ ਗੱਲ ਨੂੰ ਸਮਝਦੇ ਸਨ ਕਿ ਮਜ਼ਹਬਾਂ ਦਾ ਝਗੜਾ ਧਾਰਮਿਕ ਝਗੜਾ ਨਹੀਂ। ਇਹ ਰਾਜਨੀਤਕ ਝਗੜਾ ਹੈ। ਧਰਮ ਦੀ ਹਕੀਕਤ ਸਮਝਣ ਵਾਲਾ ਬੰਦਾ ਕਿਥੇ ਕਿਸੇ ਨੂੰ ਕਹਿੰਦਾ ਹੈ ਕਿ ਤੂੰ ਆਪਣਾ ਧਰਮ ਛੱਡ ਤੇਰਾ ਧਰਮ ਠੀਕ ਨਹੀਂ। ਪੰਧ ਵਿਚ ਤੁਰਨ ਵਾਲਾ ਹਰ ਬੰਦਾ ਜੇ ਸੱਚਾ ਹੈ ਤਾਂ ਦੂਸਰੇ ਨੂੰ ਸਿਰਫ ਜਗਾ ਦੇਵੇਗਾ ਤੇ ਤੁਰਨ ਦੀ ਪ੍ਰੇਰਨਾ ਦੇਵੇਗਾ। ਪਤਾ ਹੈ ਤਾਂ ਰਾਹ ਦੱਸ ਦੇਵੇਗਾ। ਪਰ ਜਦੋਂ ਦਾ ਰਾਜਨੀਤਕ ਬੰਦਿਆਂ ਦਾ ਧਰਮ ਤੇ ਕਬਜ਼ਾ ਹੋਇਆ ਹੈ ਇਹ ਸੱਚ ਹੈ ਕਿ ਧਰਮ ਮੁਰਦਾ ਹੋ ਗਿਆ ਹੈ। ਧਰਮ ਵਿਚ ਕੋਈ ਜਿੰਦ ਜਾਨ ਨਹੀਂ ਰਹੀ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਕਿਹਾ ਇਹ ਤੁਹਾਡਾ ਪ੍ਰਚਾਰ, ਤੇ ਤਲਵਾਰ ਦੇ ਜ਼ੋਰ ਨਾਲ ਪ੍ਰਚਾਰ, ਜਿਸ ਵਿਚ ਸੱਚੀ ਵਿਚਾਰ ਨੂੰ ਕੋਈ

ਥਾਂ ਹੀ ਨਹੀਂ, ਇਹ ਤਾਂ ਜ਼ੁਲਮ ਨਾਲ ਭਰੀ ਰਾਜਨੀਤੀ ਹੈ। ਨਿਰੀ ਰਾਜਨੀਤੀ ਹੀ ਨਹੀਂ, ਕੂਟਨੀਤੀ ਹੈ। ਤੇ ਜੇ ਮੈਨੂੰ ਪ੍ਰਮਾਤਮਾ ਇਸ ਗੱਲ ਦੀ ਸੋਝੀ ਨਾ ਦਿੰਦਾ ਤਾਂ ਮੈਂ ਇਸ ਗੱਲ ਨੂੰ ਨਾ ਸਮਝਦਾ ਤਾਂ ਮੈਂ ਵੀ ਚੁੱਪ ਕਰ ਰਹਿੰਦਾ। ਪਰ ਜੇ ਮੈਨੂੰ ਰੱਬ ਨੇ ਸਮਝ ਦਿੱਤੀ ਹੈ ਤੇ ਮੈਂ ਵੀ ਚੁੱਪ ਕਰ ਰਹਾਂ ਤਾਂ ਫਿਰ ਸੱਚ ਮੈਨੂੰ ਕਦੀ ਵੀ ਮੁਆਫ਼ ਨਹੀਂ ਕਰੇਗਾ। ਸ਼ਿਵਲੀ ਨੂੰ ਮਨਸੂਰ ਨੇ ਇਹੀ ਗੱਲ ਕਹੀ ਸੀ ਕਿ ਲੋਕਾਂ ਦੇ ਪੱਥਰ ਮਾਰਨ ਦਾ ਮੈਨੂੰ ਦੁੱਖ ਨਹੀਂ ਕਿਉਂਕਿ ਉਹ ਸੱਚ ਨੂੰ ਨਹੀਂ ਜਾਣਦੇ। ਪਰ ਤੂੰ ਜਾਣਕਾਰ ਹੁੰਦਿਆਂ ਮੈਨੂੰ ਫੁੱਲ ਮਾਰਿਆ ਹੈ। ਮੈਂ ਸੋਚ ਰਿਹਾ ਹਾਂ ਕਿ ਸੱਚ ਹੀ ਬੇਇਨਸਾਫ਼ ਹੋ ਗਿਆ ਹੈ। ਜਾਂ ਫਿਰ ਤੇਰੀ ਝੋਲੀ ਇੰਨੀ ਕਮਜ਼ੋਰ ਹੈ ਜਿਥੇ ਸੱਚ ਨਹੀਂ ਸਾਂਭਿਆ ਗਿਆ। ਜਿਸਦੇ ਪਾਸ ਸੱਚ ਹੋਵੇ ਉਹ ਬੰਦਾ ਵੀ ਸੱਚ ਨੂੰ ਲੁਕਾਉਣ ਦਾ ਜਤਨ ਕਰੇ ਤਾਂ ਉਹ ਰੱਬ ਦਾ ਦੇਣਦਾਰ ਹੈ। ਮੈਂ ਸੱਚ ਨੂੰ ਪ੍ਰਗਟ ਕਰਾਂਗਾ ਜੇ ਸੱਚ ਮਰ ਜਾਏ ਤਾਂ ਠੀਕ ਹੈ। ਫਿਰ ਐਸੇ ਸੱਚ ਦੀ ਲੋੜ ਨਹੀਂ ਜੋ ਮਰ ਸਕੇ। ਤੇ ਜੇ ਸੱਚ ਅਮਰ ਹੈ ਫਿਰ ਮੇਰੇ ਮਰਨ ਨਾਲ ਸੱਚ ਨਹੀਂ ਮਰੇਗਾ। ਸੱਚ ਦਾ ਪ੍ਰਚਾਰ ਜ਼ਰੂਰ ਹੋ ਜਾਏਗਾ ਕਿ ਸੱਚ ਨੂੰ ਪਿਆਰ ਕਰਨ ਵਾਲੇ ਐਸੇ ਵੀ ਹੈਨ ਕਿ ਜਿਹੜੇ ਸੱਚ ਵਾਸਤੇ ਜਾਨ ਦੇ ਸਕਦੇ ਹਨ। ਸੱਚ ਇਹ ਹੈ ਕਿ ਧਰਮ ਰੱਬ ਦੀ ਦੇਣ ਹਨ। ਆਪਣੇ ਅਨੁਭਵ ਨਾਲ ਬੰਦਾ ਭਟਕਣਾ ਵੀ ਚਾਹੁੰਦਾ ਹੈ ਤਾਂ ਰੱਬ ਨੇ ਉਸਨੂੰ ਇਹ ਹੱਕ ਦਿੱਤਾ ਹੈ ਉਹ ਖੁਸ਼ੀ ਨਾਲ ਭਟਕੇ। ਇਸ ਭਟਕਣਾ ਤੋਂ ਬਾਦ ਜਦੋਂ ਉਸਨੂੰ ਸਿੱਧਾ ਮਾਰਗ ਮਿਲੇਗਾ ਤਾਂ ਉਸਨੂੰ ਬੜਾ ਅਨੰਦ ਆਏਗਾ। ਜਿਵੇਂ ਦਿਹਾੜੀ ਭਰ ਦੇ ਭੁੱਖੇ ਬੰਦੇ ਨੂੰ ਖਾਣਾ ਮਿਲ ਜਾਏ ਤਾਂ ਅਨੰਦ ਆਉਂਦਾ ਹੈ। ਫਿਰ ਬੰਦਾ ਕਿੰਨਾ ਕੁ ਚਿਰ ਭਟਕੇਗਾ। ਆਖਰ ਪ੍ਰਮਾਤਮਾ ਇੰਨਾ ਨਿਰਦਈ ਤਾਂ ਨਹੀਂ ਕਿ ਆਪਣੇ ਵੱਲ ਆਉਣ ਵਾਲੇ ਨੂੰ ਮਾਰਗ ਹੀ ਨਾ ਦੱਸੇ। ਤੁਹਾਡੇ ਖ਼ਿਆਲ ਵਿਚ ਜੇ ਤਿਲਕ ਜੰਞੂ ਵਾਲੇ ਭਟਕ ਰਹੇ ਹਨ, ਮੂਰਤੀ ਪੂਜਕ ਭਟਕ ਰਹੇ ਹਨ, ਤਾਂ ਤੁਹਾਡੇ ਜ਼ਬਰਦਸਤੀ ਵਿਖਾਉਣ ਵਾਲੇ ਰਾਹ ਨਾਲੋਂ ਉਨ੍ਹਾਂ ਦੀ ਭਟਕਣਾ ਸੌ ਗੁਣਾ ਚੰਗੀ ਹੈ। ਤੁਹਾਡੇ ਮਾਰਗ ਵਿਚ ਗ਼ੁਲਾਮੀ ਹੈ, ਉਨ੍ਹਾਂ ਦੇ ਮਾਰਗ ਵਿਚ ਸੁਤੰਤਰਤਾ ਹੈ। ਸਵਾਲ ਇਹ ਨਹੀਂ ਕਿ ਬੰਦਾ ਕੀ ਕਰਦਾ ਹੈ ਬੜਾ ਵੱਡਾ ਸੁਆਲ ਹੈ ਕਿ ਬੰਦਾ ਸੁਤੰਤਰ ਹੈ। ਸਾਰੇ ਧਰਮ ਮੁਕਤੀ ਹੀ ਤਾਂ ਅੰਤਮ ਮੰਜ਼ਲ ਦਸਦੇ ਹਨ। ਤਲਵਾਰ ਦੇ ਜ਼ੋਰ ਨਾਲ ਕਿਸੇ ਦੀ ਸੁਤੰਤਰਤਾ ਹੀ ਖੋਹ ਲਈ ਤਾਂ ਉਸਦਾ ਜੀਵਨ ਤਾਂ ਨਰਕ ਹੀ ਹੋਵੇਗਾ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਸਮਝਣਾ ਹੋਵੇ ਤਾਂ ਇਹ ਇਕ ਖਾਸ ਨੁਕਤਾ ਹੈ ਕਿ ਉਹ ਸੁਤੰਤਰਤਾ ਚਾਹੁੰਦੇ ਹਨ ਤੇ ਹਰ ਇਕ ਦੀ ਸੁਤੰਤਰਤਾ ਵਾਸਤੇ ਜਾਨ ਦੇਣ ਲਈ ਤਿਆਰ ਹਨ। ਹਾਲਾਂਕਿ ਤਿਲਕ ਜੰਞੂ ਦੇ ਧਾਰਨੀ ਵੀ ਨਹੀਂ, ਜੇ ਕੋਈ ਹਿੰਦੂ ਵੀ ਕਿਸੇ ਨੂੰ ਜ਼ਬਰਦਸਤੀ ਤਿਲਕ ਲਾਏ, ਜੰਞੂ ਪਾਏ ਤਾਂ ਉਹ ਕਹਿਣਗੇ, ਮੈਂ ਐਸਾ ਨਹੀਂ ਹੋਣ ਦੇਣਾ। ਤੇ ਜੇ ਕੋਈ ਧੱਕੇ ਨਾਲ ਜੰਞੂ ਤੋੜੇ, ਤਿਲਕ ਲਾਹ ਦੇਵੇ ਤਾਂ ਇਹ ਵੀ ਉਹ ਕਹਿੰਦੇ ਹਨ

ਕਿ ਜ਼ੁਲਮ ਹੈ। ਮੂਲ ਗੱਲ ਹੈ ਕਿ ਬੰਦੇ ਦੀ ਸੁਤੰਤਰਤਾ ਗਈ ਤਾਂ ਭਾਵੇਂ ਕਿਸੇ ਮਾਰਗ ਤੇ ਵੀ ਚੱਲੇ, ਐਸਾ ਬੰਦਾ, ਗੁਲਾਮ ਬਿਰਤੀ ਵਾਲਾ ਬੰਦਾ ਰੱਬ ਤੱਕ ਨਹੀਂ ਪੁੱਜੇਗਾ।

*ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥* (ਸਲੋਕ ਮ: ੯)

ਗੁਰੂ ਸਾਹਿਬ ਧਰਮੀ ਬਨਣ ਵਾਸਤੇ ਪਹਿਲੀ ਸ਼ਰਤ ਮੁਕਤਿ ਅਵਸਥਾ, ਸੁਤੰਤਰ ਮਨ, ਨਿਰਭੈ ਮਨ ਹੀ ਮੰਨਦੇ ਹਨ। ਇਸ ਤੋਂ ਬਿਨਾਂ ਕੋਈ ਭਾਵੇਂ ਕਿੰਨੇ ਚੰਗੇ ਸਿਧਾਂਤਾਂ ਵਾਲੇ ਧਰਮ ਦਾ ਪੈਰੋਕਾਰ ਹੈ। ਤੇ ਕਿੰਨੇ ਭਾਵ ਪੂਰਤ ਉਸਦੇ ਧਾਰਮਿਕ ਚਿੰਨ੍ਹ ਹਨ ਜੇਕਰ ਉਸਨੂੰ ਜ਼ਬਰਦਸਤੀ ਪਾਏ ਗਏ ਹਨ ਤਾਂ ਉਹ ਦੋ ਕੌਡੀ ਦੇ ਨਹੀਂ। ਗੁਰੂ ਸਾਹਿਬ ਦਾ ਖ਼ਿਆਲ ਸੀ ਬੇਸ਼ੱਕ ਜੰਞੂ ਵਾਲਾ ਭਟਕਿਆ ਹੈ ਪਰ ਅੱਜ ਨਹੀਂ ਤਾਂ ਕਲ੍ਹ ਆਪੇ ਧਰਮ ਦਾ ਅਸਲ ਮਾਰਗ ਮਿਲ ਜਾਏਗਾ। ਤੁਹਾਡੇ ਕੋਲ ਕੋਈ ਸੱਚੀ ਵਿਚਾਰ ਹੈ ਤਾਂ ਦਿਉ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਦਇਆ ਦੀ ਕਪਾਹ, ਸੰਤੋਖ ਦਾ ਸੂਤਰ, ਜਤ ਦੀਆਂ ਗੰਢਾਂ ਅਤੇ ਸਤ ਦਾ ਵੱਟ ਦੱਸਿਆ ਸੀ। ਪਰ ਐਸੀਆਂ ਵੀਚਾਰਾਂ ਸੁਣ ਕੇ ਮੁਗਲ ਅਹਿਲਕਾਰ ਕਾਜ਼ੀ ਮੁੱਲਾਂ ਬੁਖਲਾ ਉਠੇ ਸਨ। ਉਨ੍ਹਾਂ ਨੂੰ ਖਤਰਾ ਪੈ ਗਿਆ ਸੀ ਕਿ ਕਿਤੇ ਐਸਾ ਨਾ ਹੋਵੇ ਕਿ ਦਰਬਾਰੀਆਂ ਵਿਚੋਂ ਵੀ ਕੁਝ ਇਨ੍ਹਾਂ ਦੇ ਹਮ ਖ਼ਿਆਲ ਨਾ ਬਣ ਜਾਣ। ਉਨ੍ਹਾਂ ਨੂੰ ਜਾਪਦਾ ਸੀ ਇਹ ਜੋ ਕਹਿੰਦੇ ਹਨ ਇਹ ਹੈ ਤਾਂ ਠੀਕ ਪਰ ਸਾਡੇ, ਸੰਗਠਨ ਵਾਸਤੇ ਸਾਡੀ ਰਾਜਨੀਤੀ ਲਈ, ਖਾਸ ਕਰਕੇ ਮੁਗਲੀਆ ਹਕੂਮਤ ਵਾਸਤੇ ਖ਼ਤਰਾ ਪੈਦਾ ਹੋ ਜਾਏਗਾ। ਗੁਰੂ ਤੇਗ ਬਹਾਦਰ ਦੀਆਂ ਵਿਚਾਰਾਂ ਵਿਚ ਇਹ ਸਮਰੱਥਾ ਹੈ ਕਿ ਇਹ ਜਗਤ ਦੇ ਸਾਹਮਣੇ ਸਾਨੂੰ ਝੂਠੇ ਸਿੱਧ ਕਰ ਸਕਦੇ ਹਨ। ਫਿਰ ਇਹੀ ਠੀਕ ਹੋਵੇਗਾ ਕਿ ਗੱਲ ਫੈਲਣ ਤੋਂ ਪਹਿਲਾਂ ਹੀ ਇਨ੍ਹਾਂ ਦਾ ਮੂੰਹ ਸਦਾ ਲਈ ਬੰਦ ਕਰ ਦਿੱਤਾ ਜਾਏ। ਗੁਰੂ ਸਾਹਿਬ ਦੀਆਂ ਗੱਲਾਂ ਦਾ ਉੱਤਰ ਦੇਣ ਦੀ ਬਜਾਏ ਉਨ੍ਹਾਂ ਕਿਹਾ ਪ੍ਰਸ਼ਨ ਤਿੰਨ ਹਨ-ਇਸਲਾਮ ਕਬੂਲ ਕਰੋ, ਜਾਂ ਕਰਾਮਾਤ ਵਿਖਾਉ, ਜਾਂ ਮਰਨ ਲਈ ਤਿਆਰ ਹੋ ਜਾਉ। ਗੁਰੂ ਸਾਹਿਬ ਨੇ ਕਿਹਾ, ਤਿੰਨੇ ਤਰ੍ਹਾਂ ਹੀ ਮਰਨਾ ਹੈ। ਇਸਲਾਮ ਕਬੂਲ ਕੀਤਾ ਤਾਂ ਇਹ ਮੌਤ ਬਹੁਤ ਹੀ ਬੁਰੀ ਹੋਵੇਗੀ। ਇਹ ਮੌਤ ਮੇਰੀ ਹੀ ਨਹੀਂ ਇਸ ਨਾਲ ਧਰਮ ਦੀ ਸੁਤੰਤਰਤਾ ਮਰ ਜਾਏਗੀ। ਇਸ ਮੌਤੇ ਮੈਂ ਨਹੀਂ ਮਰਨਾ। ਕਰਾਮਾਤ ਨਾਲ ਵੀ ਰਾਮ ਰਾਇ ਵਾਂਗ ਮਰਨਾ ਹੈ ਇਸ ਨਾਲ ਧਰਮ ਦੇ ਸੱਚ ਦੀ ਮੌਤ ਹੋਵੇਗੀ। ਪਾਖੰਡ ਦਾ ਬੋਲ ਬਾਲਾ ਹੋਵੇਗਾ। ਇਸ ਲਈ ਇਸ ਮੌਤੇ ਵੀ ਮੈਂ ਨਹੀਂ ਮਰਨਾ। ਤੀਸਰੀ ਮੌਤ ਚੰਗੀ ਹੈ ਧਰਮ ਦੀ ਸੁਤੰਤਰਤਾ ਬਚੇਗੀ, ਧਰਮ ਦਾ ਸੱਚ ਬਚੇਗਾ, ਰਜ਼ਾ ਭਾਣੇ ਵਿਚ ਰਹਿਣ ਦੀ ਪ੍ਰੇਰਣਾ ਮਿਲੇਗੀ। ਇਸ ਲਈ ਮੈਂ ਇਸ ਮੌਤੇ ਮਰਨ ਲਈ ਤਿਆਰ ਹਾਂ। ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿਚ ਲਿਖਿਆ ਹੈ ਕਿ ਇਹ ਸ਼ਹਾਦਤ ਅਦੁੱਤੀ ਸੀ।

(੧) ਇਹ ਸ਼ਬਦ ਸਾਧੂਆਂ ਨੂੰ ਬਚਾਉਣ ਲਈ ਸੀ. ਜੇ ਇਹ ਨਾ ਹੁੰਦੀ ਤਾਂ ਪਰਉਪਕਾਰ ਦੀ ਰੁਚੀ ਖ਼ਤਮ ਹੋ ਜਾਂਦੀ।

(੨) ਇਹ ਸ਼ਹਾਦਤ ਧਰਮ ਵਾਸਤੇ ਸੀ ਇਹ ਨਾ ਹੁੰਦੀ ਤਾਂ ਧਰਮ ਦੀ ਸੁਤੰਤਰਤਾ ਨਾ ਰਹਿ ਜਾਂਦੀ।

(੩) ਇਹ ਸ਼ਹਾਦਤ ਧਾਰਮਿਕ ਚਿੰਨ੍ਹਾਂ ਦੀ ਸੁਤੰਤਰਤਾ ਵਾਸਤੇ ਸੀ।

(੪) ਉਨ੍ਹਾਂ ਆਪਣਾ ਸਿਰ ਦੇ ਦਿਤਾ ਸੀ ਪਰ ਸੱਚ ਦੀ ਦ੍ਰਿੜ੍ਹਤਾ ਨਹੀਂ ਦਿੱਤੀ। ਮੈਂ ਆਰੰਭ ਵਿਚ ਬੇਨਤੀ ਕੀਤੀ ਸੀ ਕਿ ਉਨ੍ਹਾਂ ਜੋ ਕੀਤਾ ਹੈ ਉਹ ਇਕ ਮਨ ਹੋ ਕੇ ਕੀਤਾ ਹੈ। ਉਨ੍ਹਾਂ ਦਾ ਇਕ ਮਨ ਸੀ। ਇਕ ਪ੍ਰਮਾਤਮਾ ਦੇ ਨਾਮ ਦੇ ਆਸਰੇ ਉਹ ਅੰਦਰੋਂ ਬਾਹਰੋਂ ਇਕ ਸਨ। ਏਸੇ ਲਈ ਉਨ੍ਹਾਂ ਜੋ ਫ਼ੈਸਲਾ ਕਰ ਲਿਆ ਉਸ ਨੂੰ ਅਮਲੀ ਰੂਪ ਦੇ ਦਿੱਤਾ। ਨਾ ਉਹ ਆਪ ਡੋਲੇ ਤੇ ਨਾ ਉਨ੍ਹਾਂ ਨੂੰ ਕੋਈ ਡੁਲਾ ਸਕਿਆ। ਏਸੇ ਦ੍ਰਿੜ੍ਹਤਾ ਦੇ ਕਾਰਨ ਉਨ੍ਹਾਂ ਦੇ ਸਿੱਖ ਭਾਈ ਦਿਆਲਾ ਜੀ. ਭਾਈ ਮਤੀ ਦਾਸ ਜੀ. ਭਾਈ ਸਤੀ ਦਾਸ ਜੀ ਸ਼ਹੀਦ ਹੋ ਗਏ ਪਰ ਸੱਚ ਤੇ ਦ੍ਰਿੜ੍ਹ ਰਹੇ।

*ਠੀਕਰ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਆ ਪਯਾਨ।*
*ਤੇਗ ਬਹਾਦਰ ਸੀ ਕ੍ਰਿਆ ਕਰੀ ਨਾਂ ਕਿਨਹੂ ਆਨ।*

■ ■ ■

# ੨੯

# ਗਾਥਾ ਦਸਵੇਂ ਗੁਰੂ ਦੀ
## ਦਸਵਾਂ ਨਾਨਕ

ਗੁਰੂ ਗੋਬਿੰਦ ਸਿੰਘ ਜੀ ਬਾਰੇ ਇਹ ਖ਼ਿਆਲ ਬਹੁਤ ਹੀ ਪ੍ਰਚਲਤ ਹੈ ਕਿ ਉਹ ਕ੍ਰਾਂਤੀਕਾਰੀ ਗੁਰੂ ਸਨ। ਉਹ ਪਿਛਲਾ ਅਤੀਤ ਜੋ ਮੁਰਦਾ ਹੋ ਚੁੱਕਾ ਸੀ ਉਸਨੂੰ ਵਿਦਾਇਗੀ ਦੇ ਰਹੇ ਸਨ ਅਤੇ ਉਸਨੂੰ ਮੁਰਦੇ ਵਾਂਗੂੰ ਸ਼ਮਸ਼ਾਨ ਘਾਟ ਵਿਚ ਜਲਾ ਦੇਣਾ ਚਾਹੁੰਦੇ ਸਨ। ਅਤੇ ਨਵ ਜੀਵਨ ਨੂੰ ਜੀ ਆਇਆਂ ਕਹਿ ਰਹੇ ਸਨ। ਉਹ ਕਹਿੰਦੇ ਸਨ ਜਦੋਂ ਤੁਸੀਂ ਮੁਰਦਿਆਂ ਨੂੰ ਘਰ ਵਿਚ ਨਹੀਂ ਰਖਦੇ ਫਿਰ ਮੁਰਦਾ ਵਿਚਾਰਾਂ ਨੂੰ ਵੀ ਆਪਣੇ ਮਨ ਵਿਚ ਨਾ ਰੱਖੋ। ਇਨ੍ਹਾਂ ਵਿਚਾਰਾਂ ਨੂੰ ਜੋ ਡਰ, ਵਹਿਮ, ਭਰਮ ਤੇ ਕਾਇਰਤਾ ਨਾਲ ਭਰੀਆਂ ਹਨ ਹੁਣ ਇਨ੍ਹਾਂ ਨੂੰ ਵੀ ਵਿਦਾ ਕਰ ਦਿਉ। ਇਨ੍ਹਾਂ ਨੂੰ ਕਿਸੇ ਸ਼ਮਸ਼ਾਨ ਘਾਟ ਤੱਕ ਪਹੁੰਚਾਉਣ ਦੀ ਲੋੜ ਨਹੀਂ। ਇਨ੍ਹਾਂ ਮੁਰਦਾ ਵਿਚਾਰਾਂ ਦੀ ਅਰਥੀ ਬਣਾਉਣ ਦੀ ਲੋੜ ਨਹੀਂ। ਸਿਰਫ਼ ਇਨ੍ਹਾਂ ਦੀ ਥਾਂ ਨਵੀਆਂ ਵਿਚਾਰਾਂ ਜੋ ਨਿਰਭੈ, ਭਰਮ ਤੋਂ ਰਹਿਤ, ਵਹਿਮ ਤੋਂ ਰਹਿਤ, ਸੂਰਬੀਰਤਾ ਦੀਆਂ ਵਿਚਾਰਾਂ ਹਨ ਉਨ੍ਹਾਂ ਨੂੰ ਆਪਣੇ ਹਿਰਦੇ ਵਿਚ ਥਾਂ ਦਿਉ। ਇਹ ਮੁਰਦਾ ਵਿਚਾਰਾਂ ਆਪਣੇ ਆਪ ਤੁਹਾਡੇ ਤੋਂ ਦੂਰ ਚਲੀਆਂ ਜਾਣਗੀਆਂ। ਇਹ ਵਿਚਾਰ ਕਰਦਿਆਂ ਇਕ ਗੱਲ ਦਾ ਖ਼ਿਆਲ ਰੱਖਣਾ ਬੜਾ ਹੀ ਜ਼ਰੂਰੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਬਾਰੇ ਕੋਈ ਵੀ ਵਿਦਵਾਨ ਜੋ ਉਨ੍ਹਾਂ ਦੀ ਤਾਰੀਫ਼ ਵਿਚ ਲਿਖ ਰਿਹਾ ਹੈ ਉਹ ਨੌਂ ਗੁਰੂ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਇਕ ਲੜੀ ਹੈ। ਗੁਰੂ ਗੋਬਿੰਦ ਸਿੰਘ ਉਸੇ ਲੜੀ ਵਿਚੋਂ ਗੁਰੂ ਹਨ। ਉਸੇ ਆਸਣ ਤੇ ਬੈਠੇ ਹਨ ਜਿਸ ਤੇ ਕਦੀ ਗੁਰੂ ਨਾਨਕ ਦੇਵ ਜੀ ਬੈਠਦੇ ਸਨ। ਜੇ ਕ੍ਰਾਂਤੀਕਾਰੀ ਹਨ ਤਾਂ ਦਸੇ ਹੀ ਗੁਰੂ ਹਨ। ਹਾਂ, ਕ੍ਰਾਂਤੀ ਕਰਨ ਦਾ ਢੰਗ ਸਮੇਂ-ਸਮੇਂ ਸਿਰ ਬਦਲਦਾ ਹੈ। ਪਰ ਇਹ ਤਾਂ ਮੰਨਣਾ ਹੀ ਪਵੇਗਾ ਕਿ ਦਸ ਗੁਰੂ ਇਕ ਸੁਰ ਸਨ ਇਕ ਜੋਤ ਸਨ। ਕ੍ਰਾਂਤੀਕਾਰੀ ਸਨ ਤਾਂ ਦਸੇ ਹੀ ਸਨ। ਸਾਨੂੰ ਇਹ ਕਦੀ ਨਹੀਂ ਭੁਲਣਾ ਚਾਹੀਦਾ ਕਿ ਸਤਿਗੁਰਾਂ ਨੇ ਜੋ ਵੀ ਕੀਤਾ

ਹੈ ਸੰਸਾਰੀ ਬੰਦਿਆਂ ਵਾਂਗੂੰ ਧਨ ਜਾਂ ਬਲ ਦੇ ਆਸਰੇ ਨਹੀਂ ਕੀਤਾ ਉਨ੍ਹਾਂ ਜੋ ਵੀ ਕੀਤਾ ਹੈ ਪ੍ਰਮਾਤਮਾ ਦੀ ਬਰਕਤ ਨਾਲ ਕੀਤਾ ਹੈ। ਵੱਡੀ ਤੋਂ ਵੱਡੀ ਮੁਸੀਬਤ ਦਾ ਟਾਕਰਾ ਉਨ੍ਹਾਂ ਪ੍ਰਮਾਤਮਾ ਦੀ ਸ਼ਕਤੀ ਨਾਲ ਕੀਤਾ ਹੈ ਮਨੁੱਖੀ ਬਲ ਨਾਲ ਨਹੀਂ। ਗੁਰੂ ਅਰਜਨ ਦੇਵ ਜੀ ਦਾ ਬਚਨ ਕੋਈ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੰਦਾ—

*ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥* *(ਅਸਾ ਮ: ੫, ਪੰਨਾ ੩੭੧)*

ਇੰਝ ਸਮਝੀਏ ਤਾਂ ਸੌਖਾ ਸਮਝ ਵਿਚ ਆ ਜਾਏਗਾ। ਕਿ ਜਿਵੇਂ ਕੁਝ ਨੀਂਹ ਵਿਚ ਇੱਟਾਂ ਹਨ ਜੋ ਧਰਤੀ ਵਿਚ ਦੱਬੀਆਂ ਗਈਆਂ ਹਨ। ਕੁਝ ਮਕਾਨ ਦੇ ਉਪਰਲੇ ਸਿਰੇ ਦੀਆਂ ਇੱਟਾਂ ਹਨ ਮਕਾਨ ਉਪਰੋਂ ਨਜ਼ਰ ਆਉਂਦਾ ਹੈ। ਪਰ ਕੀ ਇਹ ਹਕੀਕਤ ਨਹੀਂ ਕਿ ਜੇ ਨੀਂਹ ਪੱਕੀ ਨਾ ਹੁੰਦੀ ਤਾਂ ਕਦੀ ਵੀ ਸੁੰਦਰ ਤੇ ਸੋਹਣਾ ਦਿੱਸਣ ਵਾਲਾ ਮਹੱਲ ਖੜ੍ਹਾ ਨਾ ਹੋ ਸਕਦਾ। ਜੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰ ਤੇ ਕਰਮ, ਸਿੱਖ ਧਰਮ ਦੇ ਬਨੇਰੇ ਹਨ ਤਾਂ ਗੁਰੂ ਨਾਨਕ ਦੇਵ ਜੀ ਦੇ ਵੀਚਾਰ ਤੇ ਕਰਮ, ਸਿੱਖ ਧਰਮ ਦੀ ਬੁਨਿਆਦ ਹਨ। ਮਕਾਨ ਨੂੰ ਅਸੀਂ ਨੀਂਹਾਂ ਅਤੇ ਬਨੇਰਿਆਂ ਵਿਚ ਵੱਖ-ਵੱਖ ਨਹੀਂ ਵੰਡ ਸਕਦੇ। ਸਮੁੱਚਾ ਮਕਾਨ ਇਕ ਹੀ ਮਕਾਨ ਹੈ ਇਸੇ ਤਰ੍ਹਾਂ ਦਸਾਂ ਗੁਰੂਆਂ ਨੂੰ ਅਸੀਂ ਵੱਖ-ਵੱਖ ਨਹੀਂ ਵੰਡ ਸਕਦੇ। ਦਸੇ ਗੁਰੂ ਸਿੱਖੀ ਦੇ ਸਮੁੱਚੇ ਮਹੱਲ ਦਾ ਸਮਾਨ ਹਨ। ਜੇ ਇਸ ਨੂੰ ਵੱਖ-ਵੱਖ ਕਰ ਦਿਆਂਗੇ ਤਾਂ ਇਹ ਸੁੰਦਰ ਮਹੱਲ ਨਹੀਂ ਵੇਖ ਸਕਾਂਗੇ। ਇਕ ਹੋਰ ਤਰ੍ਹਾਂ ਗੱਲ ਨੂੰ ਸਮਝਣ ਦਾ ਜਤਨ ਕਰੀਏ ਜਿਵੇਂ ਇਕ ਰੁੱਖ ਹੈ, ਕਦੀ ਉਹ ਬੀਜ ਹੈ, ਕਦੀ ਪੌਦਾ ਹੈ, ਕਦੀ ਵੱਡਾ ਰੁੱਖ ਹੈ, ਕਦੀ ਫੁੱਲਾਂ ਨਾਲ ਭਰਪੂਰ ਰੁੱਖ ਹੈ। ਕਦੀ ਫੁੱਲਾਂ ਨਾਲ ਲੱਦਿਆ ਹੋਇਆ ਰੁੱਖ ਹੈ, ਰੁੱਖ ਦੇ ਕਈ ਰੂਪ ਹਨ। ਇਕ ਛੋਟੇ ਜਿਹੇ ਬੀਜ ਤੋਂ ਉਹ ਤੁਰਿਆ ਹੈ। ਪਰ ਰੁੱਖ ਤਾਂ ਇਕ ਹੈ। ਗੁਰੂ ਦੇ ਦਸ ਰੂਪ ਹੋ ਜਾਂਦੇ ਹਨ ਪਰ ਗੁਰੂ ਤਾਂ ਇਕ ਹੈ। ਉਹ ਰਬਾਬ ਨਾਲ ਕੀਰਤਨ ਕਰਦਾ ਹੈ ਤਾਂ ਵੀ ਕ੍ਰਾਂਤੀਕਾਰੀ ਹੈ, ਕੋਈ ਜ਼ਰੂਰੀ ਨਹੀਂ ਕਿ ਤਲਵਾਰ ਨਾਲ ਹੀ ਕ੍ਰਾਂਤੀ ਹੁੰਦੀ ਹੈ। ਨਹੀਂ ਸਗੋਂ ਸੱਚ ਤਾਂ ਇਹ ਹੈ ਕਿ ਕ੍ਰਾਂਤੀ ਤਾਂ ਹੀ ਹੁੰਦੀ ਹੈ ਜੇ ਤਲਵਾਰ ਦੇ ਮਗਰ ਵੀ ਚੰਗੀ ਵਿਚਾਰ ਹੋਵੇ। ਨਹੀਂ ਤਾਂ ਕ੍ਰਾਂਤੀ ਦੀ ਬਜਾਏ ਤਲਵਾਰ ਵਿਚ ਜ਼ੁਲਮ ਆ ਜਾਂਦਾ ਹੈ। ਫ਼ਰਕ ਇੰਨਾ ਕੁ ਹੁੰਦਾ ਹੈ ਕਿ ਇਕ ਜ਼ਾਲਮ ਮਰ ਜਾਂਦਾ ਹੈ ਤੇ ਦੂਸਰਾ ਤਲਵਾਰ ਵਾਲਾ ਜ਼ਾਲਮ ਉਸ ਦੀ ਥਾਂ 'ਤੇ ਆ ਕੇ ਖੜ੍ਹਾ ਹੋ ਜਾਂਦਾ ਹੈ। ਮਜ਼ਲੂਮਾਂ ਦਾ ਹਾਲ ਉਹੀ ਰਹਿੰਦਾ ਹੈ। ਕ੍ਰਾਂਤੀ ਜਦੋਂ ਵੀ ਹੁੰਦੀ ਹੈ ਉਥੇ ਪਹਿਲਾ ਹਥਿਆਰ ਵਿਚਾਰ ਹੁੰਦੀ ਹੈ ਤੇ ਆਖਰੀ ਹਥਿਆਰ ਤਲਵਾਰ ਹੁੰਦੀ ਹੈ। ਅਸੀਂ ਇੰਝ ਸਮਝੀਏ ਤਾਂ ਠੀਕ ਰਹੇਗਾ ਕਿ ਮੱਕੇ ਵਿਚ ਵਿਚਾਰ ਗੁਰੂ ਗੋਬਿੰਦ ਸਿੰਘ ਦੇ ਰਹੇ ਹਨ ਪਰ ਭੰਗਾਣੀ ਦੇ ਯੁੱਧ ਵਿਚ ਤਲਵਾਰ ਗੁਰੂ ਨਾਨਕ ਦੇਵ ਚਲਾ ਰਹੇ

ਹਨ। ਬੜਾ ਓਪਰਾ ਲੱਗੇਗਾ। ਕਾਲ ਭੰਗ ਦੋਸ਼ ਤਾਂ ਹੈ ਹੀ ਕਿ ਗੁਰੂ ਨਾਨਕ ਦੇਵ ਜੀ ਪਹਿਲੋਂ ਹੋਏ ਹਨ ਤੇ ਗੁਰੂ ਗੋਬਿੰਦ ਸਿੰਘ ਜੀ ਬਾਅਦ ਵਿਚ ਹੋਏ ਹਨ। ਪਰ ਹੈ ਇਹ ਸੱਚ ਕਿ ਗੁਰੂ ਨਾਨਕ ਦੇਵ ਜੀ ਵਿਚ ਤੇ ਗੁਰੂ ਗੋਬਿੰਦ ਸਿੰਘ ਜੀ ਵਿਚ ਕੋਈ ਫ਼ਰਕ ਨਹੀਂ। ਇਹ ਅਸੀਂ ਕਹਿੰਦੇ ਵੀ ਹਾਂ ਪਰ ਜੇ ਕੋਈ ਚਿੱਤਰਕਾਰ ਐਸਾ ਕਰੇ ਕਿ ਗੁਰੂ ਨਾਨਕ ਦੇਵ ਜੀ ਦੇ ਹੱਥ ਵਿਚ ਤਲਵਾਰ ਫੜਾ ਦੇਵੇ ਤੇ ਲੜਦੇ ਵਿਖਾ ਦੇਵੇ। ਦੂਸਰੇ ਪਾਸੇ ਭਾਈ ਮਰਦਾਨੇ ਦੇ ਨਾਲ ਬੈਠੇ ਕੀਰਤਨ ਕਰਦਿਆਂ ਗੁਰੂ ਗੋਬਿੰਦ ਸਿੰਘ ਨੂੰ ਵਿਖਾ ਦੇਵੇ ਤਾਂ ਹੋ ਸਕਦਾ ਹੈ ਕਿ ਸਾਡੇ ਮਨ ਨੂੰ ਇਕ ਝਟਕਾ ਜਿਹਾ ਲੱਗੇ ਕਿ ਇਸ ਚਿੱਤਰਕਾਰ ਨੇ ਕੀ ਕਰ ਦਿੱਤਾ ਹੈ। ਇੰਝ ਨਹੀਂ ਸੋਭਦਾ, ਮਰਦਾਨਾ ਗੁਰੂ ਨਾਨਕ ਦੇਵ ਨਾਲ ਹੀ ਸੋਭਦਾ ਹੈ ਤੇ ਤਲਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਵਿਚ ਹੀ ਸੋਭਦੀ ਹੈ। ਇਹ ਸਿਰਫ਼ ਸਾਡੇ ਪ੍ਰਚਾਰ ਦਾ ਅਸਰ ਹੈ। ਅਸੀਂ ਐਸਾ ਪ੍ਰਚਾਰ ਕਰਦੇ ਰਹੇ ਹਾਂ ਪਰ ਜੇ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਸੀਂ ਇਕ ਸਮਝੀਏ ਤਾਂ ਫਿਰ ਕੁਝ ਵਿਦਵਾਨਾਂ ਨੂੰ ਇਹ ਨਹੀਂ ਸੀ ਸੋਚਣਾ ਚਾਹੀਦਾ ਕਿ ਜਿਹੜੀਆਂ ਜੰਗਾਂ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀਆਂ ਹਨ ਉਹ ਗੁਰੂ ਨਾਨਕ ਦੇਵ ਜੀ ਨੇ ਹੀ ਕਰਨੀਆਂ ਸਨ। ਪਰ ਉਸ ਵੇਲੇ ਉਨ੍ਹਾਂ ਦੇ ਪਾਸ ਸੰਗਠਨ ਦੀ ਸ਼ਕਤੀ ਨਹੀਂ ਸੀ। ਇਹ ਅਸੀਂ ਕਿਵੇਂ ਮੰਨ ਲਈਏ ਕਿ ਜਿਹੜਾ ਸੰਗਠਨ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਹੈ ਇਹ ਗੁਰੂ ਨਾਨਕ ਦੇਵ ਨਹੀਂ ਸਨ ਕਰ ਸਕਦੇ। ਇਹ ਗੱਲ ਮੰਨ ਕੇ ਅਸੀਂ ਇੱਕ ਗੱਲ ਤਾਂ ਸਿੱਧ ਕਰ ਹੀ ਦਿੱਤੀ ਕਿ ਜਿਹੜਾ ਕੰਮ ਗੁਰੂ ਗੋਬਿੰਦ ਸਿੰਘ ਕਰ ਸਕਦੇ ਸਨ ਉਹ ਗੁਰੂ ਨਾਨਕ ਦੇਵ ਨਹੀਂ ਸਨ ਕਰ ਸਕਦੇ। ਅਸਲ ਵਿਚ ਕਿਸੇ ਕੰਮ ਨੂੰ ਵੀ ਕਰੋ ਉਸਦੀ ਤਰਤੀਬ ਹੁੰਦੀ ਹੈ। ਉਸ ਕੰਮ ਨੂੰ ਇਕ ਥਾਂ ਤੋਂ ਅਰੰਭ ਕਰਨਾ ਹੁੰਦਾ ਹੈ ਤੇ ਖਾਸ ਥਾਵਾਂ ਵਿਚੋਂ ਗੁਜ਼ਰ ਕੇ ਇਕ ਖਾਸ ਥਾਂ ਤੇ ਸੰਪੂਰਨ ਕਰਨਾ ਹੁੰਦਾ ਹੈ। ਮੈਂ ਇਕ ਉਦਾਹਰਨ ਦੇਂਦਾ ਹਾਂ। ਇਕ ਮਹੱਲ ਹੈ ਜਿਸ ਨੂੰ ਸ਼ੁਰੂ ਕਰਨ ਵਾਲਾ ਕਾਰੀਗਰ ਸ਼ੁਰੂ ਕਰਦਾ ਹੈ, ਬੁਨਿਆਦਾਂ ਭਰਦਾ ਹੈ ਪਰ ਸਰੀਰ ਚੋਲਾ ਛੱਡ ਜਾਂਦਾ ਹੈ। ਮਹੱਲ ਬਹੁਤ ਵੱਡਾ ਬਨਣਾ ਹੈ, ਦੂਸਰਾ ਕੁਝ ਉਸਾਰੀ ਕਰਦਾ ਹੈ, ਤੀਸਰਾ ਕੁਝ ਹੋਰ, ਇਸੇ ਤਰ੍ਹਾਂ ਦਸਵਾਂ ਬਨੇਰਿਆਂ ਤੱਕ ਪਹੁੰਚਾ ਕੇ ਸੰਪੂਰਨ ਕਰਦਾ ਹੈ, ਹੁਣ ਕੀ ਆਖੀਏ ਪਹਿਲੇ ਦਾ ਕੰਮ ਕੁਝ ਘੱਟ ਹੈ। ਕੀ ਉਹ ਬੁਨਿਆਦਾਂ ਨਾ ਭਰਦਾ ਸਿੱਧੇ ਬਨੇਰੇ ਹੀ ਬੰਨ੍ਹ ਦੇਂਦਾ? ਗੁਰੂ ਨਾਨਕ ਦੇਵ ਜੀ ਨੇ ਜਿਸ ਕੰਮ ਨੂੰ ਆਰੰਭ ਕੀਤਾ ਸੀ ਕਿ ਮਨੁੱਖ ਤੇ ਪ੍ਰਮਾਤਮਾ ਦੇ ਦਰਮਿਆਨ ਜੋ ਕੂੜ ਦੀ ਕੰਧ ਹੈ ਇਹ ਕਿਵੇਂ ਟੁੱਟੇ ਤੇ ਬੰਦਾ ਸੱਚ ਦੇ ਪ੍ਰਕਾਸ਼ ਦੇ ਯੋਗ ਕਿਵੇਂ ਬਣੇ ਤਾਂ ਕਿ ਇਸ ਦੇ ਅੰਦਰ ਸੱਚ ਦਾ ਪ੍ਰਕਾਸ਼ ਹੋ ਸਕੇ। ਉਹ ਕੰਮ ਦਸਾਂ ਜਾਮਿਆਂ ਵਿਚ ਉਨ੍ਹਾਂ ਕੀਤਾ ਸੀ ਇਸ ਲਈ ਕਿਸੇ ਗੁਰੂ ਨੇ ਕੁਝ ਘੱਟ ਨਹੀਂ ਕੀਤਾ। ਕਿਸੇ ਨੇ ਕੁਝ ਵੱਧ ਨਹੀਂ ਕੀਤਾ। ਕਿਉਂਕਿ ਜਾਮੇ ਦਸ ਸਨ ਪਰ ਗੁਰੂ ਹੈ ਹੀ ਇਕ ਸੀ। ਗੰਗਾ ਦੇ

ਕਿਨਾਰੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਸੀ। ਗੰਗਾ ਵੀ ਇਕ ਨਦੀ ਹੈ ਗੁਰੂ ਵੀ ਇਕ ਨਦੀ ਹੈ। ਗੰਗਾ ਨਦੀ ਅਨੇਕਾਂ ਨਾਲਿਆਂ ਦੇ ਗੰਦੇ ਪਾਣੀ ਨੂੰ ਆਪਣੇ ਵਿਚ ਮਿਲਾ ਕੇ ਸਮੁੰਦਰ ਤੱਕ ਪਹੁੰਚਾ ਦੇਂਦੀ ਹੈ। ਗੁਰੂ ਵੀ ਅਨੇਕਾਂ ਪਾਪੀ ਜੀਵਾਂ ਨੂੰ ਜਿਨ੍ਹਾਂ ਦਾ ਜੀਵਨ ਗੰਦੇ ਨਾਲਿਆਂ ਵਰਗਾ ਹੀ ਸੀ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਕੇ ਪ੍ਰਮਾਤਮਾ ਰੂਪੀ ਸਮੁੰਦਰ ਤੱਕ ਪਹੁੰਚਾ ਦੇਂਦੇ ਹਨ। ਫ਼ਰਕ ਇੰਨਾ ਹੈ ਕਿ ਗੰਗਾ ਨਦੀ ਵਿਚ ਪਾਣੀ ਹੈ। ਸਤਿਗੁਰੂ ਨਦੀ ਵਿਚ ਬਾਣੀ ਹੈ। ਗੰਗਾ ਵਿਚ ਪਾਣੀ ਦਾ ਪ੍ਰਵਾਹ ਚਲਦਾ ਹੈ, ਸਤਿਗੁਰੂ ਨਦੀ ਵਿਚ ਬਾਣੀ ਦਾ ਪ੍ਰਵਾਹ ਚਲਦਾ ਹੈ। ਨਵਾਬਾਂ ਦੀ ਆਕੜ ਨੂੰ ਹਾਸੇ ਦੀ ਠੋਕਰ ਮਾਰਨੀ, ਸ਼ਿਵਦੱਤ ਵਰਗਿਆਂ ਦਾ ਭਰਮ ਜਾਲ ਤੋੜ ਕੇ ਵਿਵੇਕੀ ਬਨਾਉਣਾ। ਰਾਣੀ ਮੈਣੀ ਨੂੰ ਪੁੱਤਰ ਦੀ ਮਮਤਾ ਤੋਂ ਉੱਚਾ ਚੁੱਕ ਕੇ ਉਸਦੀ ਗੋਦ ਵਿਚ ਆਪ ਬੈਠ ਕੇ ਮਾਂ ਕਹਿਣ ਦੀ ਦੇਰ ਸੀ ਉਸਦੀ ਬ੍ਰਹਮ ਗਿਆਨ ਦੀ ਅਵਸਥਾ ਬਣ ਗਈ। ਇਸ ਸਾਖੀ ਵਿਚ ਬੜੀ ਵੱਡੀ ਰਮਜ਼ ਹੈ ਜਿਸ ਨੂੰ ਸਮਝਣ ਦੀ ਲੋੜ? ਇਕ ਗ੍ਰਿਸਤੀ ਬੰਦਾ ਜਾਂ ਇਸਤਰੀ ਸਿਰਫ ਜੀਵਨ ਦਾ ਨਿਸ਼ਾਨਾ ਪੁੱਤਰ ਹੀ ਮਿੱਥ ਲਵੇ। ਇਹ ਤਾਂ ਰੱਬ ਦੀ ਦਾਤ ਹੈ ਜੇ ਨਾ ਮਿਲੇ ਤਾਂ ਕੀ ਉਹ ਝੂਰਦਾ ਹੀ ਮਰ ਜਾਏ। ਮਨੁੱਖੀ ਸਮਾਜ ਵਿਚ ਇਹ ਬੜੀ ਵੱਡੀ ਦੁਰਘਟਨਾ ਹੈ। ਸ਼ਤਿਗੁਰਾਂ ਨੇ ਇਹ ਗੱਲ ਸਮਝਾ ਦਿੱਤੀ ਸੀ ਕਿ ਕੀ ਗੁਰੂ ਪੁੱਤਰ ਦੀ ਮਮਤਾ ਨੂੰ ਪੂਰੀ ਨਹੀਂ ਕਰ ਸਕਦਾ? ਕੀ ਮਾਂ ਦੀ ਪੁੱਤਰ ਦੀ ਲਾਲਸਾ ਨੂੰ ਰੱਬ ਦਾ ਨਾਮ ਪੂਰੀ ਨਹੀਂ ਕਰ ਸਕਦਾ। ਜਿਸ ਇਸਤਰੀ ਦੇ ਘਰ ਪੁੱਤਰ ਨਾ ਹੋਵੇ ਜਾਂ ਬੱਚੇ ਨਾ ਹੋਣ ਉਸਦਾ ਜੀਵਨ ਕਿੰਨਾ ਦੁਖਦਾਈ ਹੁੰਦਾ ਸੀ। ਉਸ ਤੋਂ ਬਾਕੀ ਇਸਤਰੀਆਂ ਕਿਵੇਂ ਦੂਰ ਭੱਜਦੀਆਂ ਸਨ ਅਤੇ ਕੋਈ ਇਸਤਰੀ ਉਸਨੂੰ ਆਪਣਾ ਬੱਚਾ ਚੁਕਾਉਣ ਲਈ ਰਾਜ਼ੀ ਨਹੀਂ ਸੀ। ਵਿਚਾਰਨ ਵਾਲੀ ਇਹ ਗੱਲ ਹੈ ਕਿ ਜਿਨ੍ਹਾਂ ਕੋਲ ਬੜੇ ਪੁੱਤਰ ਹਨ ਫਿਰ ਉਹ ਬੰਦਾ ਤਾਂ ਸਭ ਤੋਂ ਸੁਖੀ ਹੋਣਾ ਚਾਹੀਦਾ ਹੈ ਪਰ ਸੱਚ ਇਹ ਹੈ ਕਿ ਬਾਹਲੇ ਬੱਚਿਆਂ ਵਾਲੇ ਸਭ ਤੋਂ ਜ਼ਿਆਦਾ ਦੁਖੀ ਹਨ। ਤੇ ਬੱਚਿਆਂ ਦੇ ਕਾਰਨ ਹੀ ਦੁਖੀ ਹਨ। ਚੋਜੀ ਪਾਤਸ਼ਾਹ ਨੇ ਵੇਖ ਲਿਆ ਸੀ ਕਿ ਇਹ ਇਕ ਕਮਜ਼ੋਰੀ ਹੈ ਤੇ ਇਸ ਨੂੰ ਦੂਰ ਕਰਨਾ ਹੀ ਚਾਹੀਦਾ ਹੈ। ਬੱਚੇ ਹੋਣ, ਨੇਕ ਹੋਣ ਤਾਂ ਚੰਗਾ ਹੈ। ਬੱਚੇ ਹੋਣ ਬੁਰੇ ਹੋਣ ਤਾਂ ਦੁੱਖ ਹੀ ਦੁੱਖ ਹੈ ਪਰ ਜਿਸਦਾ ਕੋਈ ਬੱਚਾ ਨਾ ਹੋਵੇ ਉਸਨੂੰ ਕੋਈ ਇਕ ਦੁੱਖ ਨਹੀਂ ਬਹੁਤ ਦੁੱਖ ਹਨ। ਪਰ ਉਹ ਦੁਖ ਸਾਡੇ ਹੀ ਭਰਮ ਤੇ ਅਧਾਰਤ ਹਨ। ਸਮਾਜ ਵਲੋਂ ਦੁੱਖ ਉਸ ਔਰਤ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਣਾ ਕਿ ਇਹ ਸ਼ੁਭ ਨਹੀਂ। ਫਿਰ ਉਸਨੂੰ ਇਹ ਦੁੱਖ ਕਿ ਮੇਰੇ ਬਾਅਦ ਮੇਰੀ ਜਾਇਦਾਦ ਕੌਣ ਸਾਂਭੇਗਾ। ਫਿਰ ਇਹ ਦੁੱਖ ਕਿ ਬੁਢਾਪੇ ਵਿਚ ਮੇਰੀ ਸੇਵਾ ਕੌਣ ਕਰੇਗਾ। ਫਿਰ ਇਹ ਦੁੱਖ ਕਿ ਮਰਨ ਤੋਂ ਬਾਦ ਮੇਰਾ ਕ੍ਰਿਆ ਕਰਮ ਕੌਣ ਕਰਵਾਏਗਾ? ਇਹ ਸਾਰੇ ਹੀ ਦੁੱਖ ਭਰਮ ਤੇ ਅਧਾਰਤ ਹਨ। ਇਹ ਦੁੱਖ ਵਾਸਤਵ ਵਿਚ ਹੈ ਨਹੀਂ ਤੇ ਸੁਖ ਵੀ

ਚੰਗੇ ਭਾਗਾਂ ਨਾਲ ਹੀ ਨਸੀਬ ਹੁੰਦਾ ਹੈ। ਜੇ ਨਿਰੀ ਔਲਾਦ ਨਾਲ ਹੀ ਸੁਖ ਮਿਲੇ ਤਾਂ ਔਲਾਦ ਵਾਲਾ ਕੋਈ ਦੁਖੀ ਨਹੀਂ ਹੋਣਾ ਚਾਹੀਦਾ। ਪਰ ਔਲਾਦ ਵਾਲੇ ਦੁਖੀ ਹਨ। ਗੁਰੂ ਪਾਤਸ਼ਾਹ ਨੇ ਇਹ ਭਰਮਗੜ੍ਹ ਤੋੜਿਆ ਸੀ ਕਿ ਲੈ ਮਾਤਾ ਜਿੰਨੀ ਮਾਤਾ, ਗੁਜਰੀ ਮੈਨੂੰ ਪੁੱਤਰ ਕਹਿ ਕੇ ਅਨੰਦ ਮਾਣਦੀ ਹੈ ਉਨ੍ਹਾਂ ਹੀ ਅਨੰਦ ਮੈਂ ਤੈਨੂੰ ਦਿਆਂਗਾ। ਸਾਹਿਬ ਉਸਦੀ ਗੋਦ ਵਿਚ ਬੈਠ ਗਏ ਸਨ। ਇਸ ਗੱਲ ਦਾ ਸਪੱਸ਼ਟ ਹੀ ਭਾਵ ਸੀ ਕਿ ਨਿਰਾਸੀਆਂ ਮਾਵਾਂ ਦੀ ਗੋਦ ਭਰਨ ਲਈ ਸੰਸਾਰ ਵਿਚ ਬੇਟੇ ਬਹੁਤ ਹਨ। ਪਰ ਜੇ ਪ੍ਰੇਮ ਭਰਪੂਰ ਹਿਰਦੇ ਹੋਣ। ਮਨੁੱਖ ਦੀ ਸਜਾਵਟ ਸ਼ੋਭਾ ਗਹਿਣਿਆਂ ਨਾਲ ਨਹੀਂ ਸਗੋਂ ਸ਼ੁਭ ਗੁਣਾਂ ਨਾਲ ਹੈ। ਪੰਜਾਬੀ ਦਾ ਇਕ ਅਖਾਣ ਸੀ ਮੁਹਾਵਰਾ ਸੀ-

ਬੇਗਾਨਾ ਗਹਿਣਾ ਪਾਇਆ।
ਤੇ ਆਪਣਾ ਰੂਪ ਘਟਾਇਆ।

ਕਿਸੇ ਕੋਲੋਂ ਮੰਗਿਆ ਗਹਿਣਾ ਕੱਪੜਾ ਪਾ ਕੇ ਜੋ ਸਮਝਦਾ ਹੈ ਕਿ ਮੈਂ ਸੋਹਣਾ ਹੋ ਗਿਆ ਹਾਂ ਉਹ ਭੁੱਲ ਕਰਦਾ ਹੈ। ਇਕ ਤਾਂ ਭਰੋਸਾ ਕੋਈ ਨਹੀਂ, ਕੋਈ ਕਦੋਂ ਵਾਪਸ ਲੈ ਲਵੇ। ਫਿਰ ਜੇ ਆਪਣਾ ਨਾ ਹੋਵੇ ਮਨ ਵਿਚ ਇਕ ਵਿਥ ਬਣੀ ਰਹਿੰਦੀ ਹੈ ਕਿ ਮੇਰਾ ਆਪਣਾ ਨਹੀਂ। ਇਸੇ ਕਾਰਨ ਮਨੁੱਖ ਦਾ ਮਨ ਖੇੜੇ ਵਿਚ ਨਹੀਂ ਆਉਂਦਾ। ਫਿਰ ਜਿਨ੍ਹਾਂ ਗਹਿਣਿਆਂ ਕੱਪੜਿਆਂ ਨੂੰ ਆਪਣੇ ਕਹਿੰਦੇ ਹਾਂ ਇਹ ਵੀ ਆਪਣੇ ਨਹੀਂ। ਆਪਣੇ ਤਾਂ ਸ਼ੁਭ ਗੁਣ ਹਨ। ਸ਼ੁਭ ਕਰਮ ਹਨ ਜਿਨ੍ਹਾਂ ਸਾਡੇ ਨਾਲ ਜਾਣਾ ਹੈ। ਸ਼ੁਭ ਕਰਮ ਹੀ ਹੱਥਾਂ ਦਾ ਗਹਿਣਾ ਹੈ। ਗੁਰੂ ਸਾਹਿਬ ਜੀ ਨੇ ਇਸੇ ਵਾਸਤੇ, ਮਾਤਾ ਨੇ ਜੋ ਸੋਨੇ ਦੇ ਕੰਗਣ ਹੱਥਾਂ ਵਿਚ ਪਾਏ ਸਨ ਇਕ ਗੰਗਾ ਵਿਚ ਸੁੱਟ ਦਿੱਤਾ ਸੀ। ਜਦੋਂ ਮਾਤਾ ਜੀ ਨੇ ਪੁੱਛਿਆ ਸੀ ਕਿ ਕੰਗਣ ਕਿਥੇ ਸੁੱਟਿਆ ਜੇ ਤਾਂ ਆਪ ਨੇ ਦੂਸਰਾ ਉਤਾਰ ਕੇ ਗੰਗਾ ਵਿਚ ਸੁੱਟ ਕੇ ਕਿਹਾ ਸੀ, ਏਥੇ ਸੁੱਟਿਆ ਹੈ।

ਲੰਗਰ ਦੀ ਪ੍ਰੰਪਰਾ ਵਿਚ ਉਨ੍ਹਾਂ ਕਿੰਨਾ ਕੁ ਹਿੱਸਾ ਪਾਇਆ ਹੈ ਲੰਗਰਾਂ ਦੀ ਆਪ ਪ੍ਰੀਖਿਆ ਕਰਨੀ ਇਸ ਗੱਲ ਦੀ ਗਵਾਹ ਹੈ। ਉਹ ਚਾਹੁੰਦੇ ਸਨ ਗੁਰੂ ਘਰ ਦੀ ਰਸੋਈ ਵੀ ਚੰਦ ਸੂਰਜ ਵਾਂਗ ਤਪਦੀ ਹੀ ਰਹੇ। ਰਾਵਣ ਦੀ ਰਸੋਈ ਤਾਂ ਨਾ ਚੱਲ ਸਕੀ ਪਰ ਗੁਰੂ ਕਾ ਲੰਗਰ ਤਾਂ ਅਟੱਲ ਹੈ। ਗੁਰੂ ਵੀ ਅਟੱਲ ਹੈ, ਸੰਗਤ ਵੀ ਅਟੱਲ ਹੈ ਅਤੇ ਲੰਗਰ ਵੀ ਅਟੱਲ ਹੈ। ਭਾਈ ਨੰਦ ਲਾਲ ਜੀ ਨੂੰ ਸ਼ਾਬਾਸ਼ ਇਸੇ ਲਈ ਮਿਲੀ ਸੀ ਕਿ ਉਨ੍ਹਾਂ ਦਾ ਲੰਗਰ ਅੱਧੀ ਰਾਤ ਵੀ ਤਿਆਰ ਸੀ। ਲੰਗਰ ਵਾਸਤੇ ਉਨ੍ਹਾਂ ਦੀ ਕੈਸੀ ਰੁਚੀ ਸੀ ਇਕ ਸਾਖੀ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਜਦੋਂ ਪਟਨਾ ਸਾਹਿਬ ਤੋਂ ਵਾਪਸ ਆਏ ਹਨ ਤਾਂ ਦਾਨਾਪੁਰ ਦੀ ਮਾਤਾ ਨੂੰ ਇਹ ਵਰ ਦੇਣਾ ਕਿ ਮਾਤਾ ਜੀ ਤੁਸੀਂ ਜਦੋਂ ਲੰਗਰ ਤਿਆਰ ਕਰਕੇ ਵਰਤਾਉਗੇ ਤਾਂ ਉਸੇ ਵੇਲੇ ਪੰਗਤ ਵਿਚ ਬੈਠਿਆਂ ਤੁਹਾਨੂੰ ਮੇਰੇ ਦਰਸ਼ਨ ਰੋਜ਼ ਹੋਇਆ ਕਰਨਗੇ। ਜੇ ਦਾਨਾਪੁਰ ਦੀ ਮਾਤਾ ਨੂੰ ਦਰਸ਼ਨ ਹੁੰਦੇ ਸਨ ਤਾਂ ਸੱਚ ਤਾਂ ਇਹ ਹੈ ਕਿ ਕੋਈ ਵੀ ਕਿਸੇ ਥਾਂ ਤੇ ਵੀ

ਗੁਰੂ ਕਾ ਸਿੱਖ ਲੰਗਰ ਤਿਆਰ ਕਰਕੇ ਗੁਰੂ ਨਮਿਤ ਵਰਤਾਉਂਦਾ ਹੈ ਤਾਂ ਹਰ ਛਕਣ ਵਾਲੇ ਵਿਚੋਂ ਉਸਨੂੰ ਸਤਿਗੁਰੂ ਦੇ ਹੀ ਦਰਸ਼ਨ ਹੁੰਦੇ ਹਨ। ਉਨ੍ਹਾਂ ਦੀ ਪੂਰੀ ਕੋਸ਼ਿਸ਼ ਸੀ ਕਿ ਗੁਰੂ ਦੇ ਦਰਸ਼ਨ ਗੁਰੂ ਦੇ ਸਿੱਖਾਂ ਵਿਚੋਂ ਹੀ ਹੋਣ। ਉਹ ਹਰ ਸਿੱਖ ਦੇ ਰੋਮ-ਰੋਮ ਵਿਚ ਸਮਾ ਜਾਣਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਮੇਰੇ ਦਰਸ਼ਨ ਕਰਨ ਸਿੱਖ ਨੂੰ ਕਿਸੇ ਹੋਰ ਥਾਂ ਨਾ ਜਾਣਾ ਪਵੇ। ਸਿੱਖ ਆਪਣੇ ਆਪ ਨੂੰ ਹੀ ਵੇਖ ਲਵੇ। ਜੋਗਾ ਸਿੰਘ ਦੀ ਸਾਖੀ ਬੜੀ ਹੀ ਮਹੱਤਵਪੂਰਨ ਹੈ, ਉਸਨੂੰ ਵਾਰ-ਵਾਰ ਉਸਦਾ ਸਰੂਪ ਯਾਦ ਕਰਾਉਂਦੇ ਹਨ, ਕਹਿੰਦੇ ਹਨ ਤੂੰ ਕਕਾਰ ਧਾਰੀ ਹੈਂ, ਤੂੰ ਅੰਮ੍ਰਿਤਧਾਰੀ ਹੈਂ, ਤੂੰ ਅਨੰਦਪੁਰੀਆ ਹੈਂ, ਤੂੰ ਆਪਣੇ ਵੱਲ ਨਹੀਂ ਵੇਖਦਾ। ਉਹ ਸਮਝਦੇ ਸਨ ਸਰੀਰਾਂ ਦਾ ਸਾਥ ਸਦਾ ਨਹੀਂ ਰਹਿਣਾ। ਸਿੱਖ ਆਪਣੇ ਵਿਚੋਂ ਹੀ ਮੈਨੂੰ ਵੇਖੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸਾਂ ਜਾਮਿਆਂ ਵਿਚ ਇਹੋ ਜਤਨ ਕੀਤਾ ਗਿਆ ਹੈ ਕਿ ਸਿੱਖ ਦੇ ਅੰਦਰ ਗੁਰ ਸ਼ਬਦ ਵਸ ਜਾਏ। ਸਿੱਖ ਆਪਣੇ ਵਿਚੋਂ ਹੀ ਗੁਰੂ ਨੂੰ ਵੇਖੇ ਅਤੇ ਆਪਣੇ ਵਿਚੋਂ ਹੀ ਪ੍ਰਮਾਤਮਾ ਨੂੰ ਵੇਖੇ।

■ ■ ■

## ੨੭

# ਅਮੁੱਲ ਗੁਰੂ

ਗੁਰੂ ਤੇਗ ਬਹਾਦਰ ਜੀ ਦਾ ਇਕ ਪ੍ਰਸਿੱਧ ਬਚਨ ਹੈ ਜੋ ਵਿਦਵਾਨਾਂ ਨੇ ਕਵਿਤਾ ਵਿਚ ਤੇ ਵਾਰਤਕ ਵਿਚ ਲਿਖਿਆ ਹੈ। ਉਹ ਇਹ ਹੈ ਕਿ ਸਤਿਗੁਰੂ ਨੇ ਧਨ ਦੀ ਖ਼ਾਤਰ ਇਹ ਕੋਈ ਦੁਕਾਨ ਨਹੀਂ ਪਾਈ, ਭਾਵ ਇਹ ਸੀ ਕਿ ਇਹ ਸਾਧ-ਸੰਗਤ ਗੁਰੂ ਕਾ ਹੱਟ ਹੈ ਜਿਸ ਥਾਂ ਸੱਚਾ ਸੌਦਾ ਮਿਲਦਾ ਹੈ। ਇਥੇ ਸਾਰਾ ਉਪਰਾਲਾ ਸਿੱਖ ਦੀ ਆਤਮਿਕ ਕਲਿਆਣ ਵਾਸਤੇ ਹੈ। ਜੇ ਇਥੇ ਸੰਗਤਾਂ ਦਾ ਭੇਟਾ ਕੀਤਾ ਧਨ ਨਜ਼ਰ ਆਉਂਦਾ ਹੈ ਤਾਂ ਇਹ ਸਭ ਇਸ ਲਈ ਹੈ ਕਿ ਜਿਹੜੇ ਰੱਬੀ ਢੂੰਢਾਊ ਗੁਰਸਿੱਖ ਆਉਂਦੇ ਹਨ ਉਨ੍ਹਾਂ ਦੀ ਸੇਵਾ ਕੀਤੀ ਜਾਏ।

ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਇਕ ਮੁਲਤਾਨ ਦਾ ਵਣਜਾਰਾ ਆਇਆ ਜਿਸ ਨੇ ਦੋ ਹਜ਼ਾਰ ਰੁਪੈ ਰੱਖ ਕੇ ਮੱਥਾ ਟੇਕਿਆ। ਸਤਿਗੁਰੂ ਜੀ ਕਹਿਣ ਲਗੇ, ਭਾਈ! ਤੂੰ ਸਾਡਾ ਸਿੱਖ ਤਾਂ ਨਹੀਂ ਫਿਰ ਭੇਟਾ ਕਿਉਂ ਰੱਖਦਾ ਹੈ? ਉਸਨੇ ਕਿਹਾ ਸਤਿਗੁਰੂ ਜੀ ਮਾਲ ਨਹੀਂ ਸੀ ਵਿਕਦਾ। ਮੈਂ ਸੁਖਨਾ ਸੁੱਖੀ ਸੀ, ਮਾਲ ਵਿਕ ਗਿਆ, ਮੈਂ ਤੁਹਾਡੀ ਸੁਖਨਾ ਦੇਣ ਆਇਆ ਹਾਂ। ਵੈਸੇ ਮੈਂ ਨਿਗਾਹੇ ਵਾਲੇ ਪੀਰ ਨੂੰ ਮੰਨਦਾ ਹਾਂ ਮੈਂ ਉਸਦਾ ਸੇਵਕ ਹਾਂ। ਸਤਿਗੁਰਾਂ ਨੇ ਕਿਹਾ, ਭਾਈ! ਜਿਸਦੀ ਖੇਤੀ ਹੋਵੇ ਉਸੇ ਦਾ ਅਨਾਜ ਹੁੰਦਾ ਹੈ ਖੇਤ ਵਿਚੋਂ ਕੋਈ ਪਸ਼ੂ ਬਾਹਰ ਕੱਢ ਦੇਵੇ ਜੋ ਖੇਤ ਖਾ ਰਿਹਾ ਸੀ ਤਾਂ ਉਹ ਖੇਤ ਦਾ ਮਾਲਕ ਨਹੀਂ ਬਣ ਜਾਂਦਾ। ਤੂੰ ਜਾ ਕੇ ਆਪਣੇ ਪੀਰ ਨੂੰ ਹੀ ਭੇਟਾ ਦੇ।

*ਸ੍ਰੀ ਸਤਿਗੁਰ ਤਬ ਭਨਯੋ ਬਚਨ।*
*ਜਿਸਕਾ ਖੇਤ ਤਿਸੀ ਕਾ ਅੰਨ।*
*ਜਿਹ ਮੁਰੀਦ ਦੇਹੁ ਭੇਟ ਸੁ ਜਾਹੁ।*
*ਗੁਰ ਕੇ ਰਾਹ ਨਾ ਮਾਰਤ ਕਾਹੁ।* (ਗੁ.ਪ੍ਰ.ਸੂ.)

ਉਸ ਤੇ ਇੰਨਾ ਅਸਰ ਹੋਇਆ, ਕਿ ਸਤਿਗੁਰਾਂ ਦੇ ਮਨ ਵਿਚ ਇੰਨੀ ਵਿਸ਼ਾਲਤਾ ਹੈ। ਕਹਿੰਦੇ ਹਨ, ਗੁਰੂ ਕੇ ਰਾਹ ਨਹੀਂ ਮਾਰਦੇ ਭਾਵ ਰਾਹ ਜਾਂਦਿਆਂ ਨੂੰ ਨਹੀਂ ਲੁੱਟਦੇ, ਅਸੀਂ ਸਿਰਫ ਆਪਣੇ ਪ੍ਰੇਮੀ ਸਿੱਖਾਂ ਪਾਸੋਂ ਹੀ ਭੇਟ ਪ੍ਰਵਾਨ ਕਰਦੇ ਹਾਂ। ਉਹ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਸੀ।

*ਭਯੋ ਸਿਖ ਲੇ ਪਾਹੁਲ ਸੋਈ॥*
*ਬਸਯੋ ਨਿਕਟ ਗੁਰ ਸ਼ਰਧਾ ਹੋਈ॥*

ਉਜੈਨ ਦੇ ਵੱਸਣ ਵਾਲੇ ਸਿਦਕੀ ਸਿੱਖ ਬਿਸ਼ੰਬਰ ਦਾਸ ਦੇ ਪੁੱਤਰ ਨੂੰ ਇਹੀ ਭੁਲੇਖਾ ਪਿਆ ਸੀ। ਉਹ ਗੁਰੂ ਘਰ ਪੰਜ ਸੌ ਰੁਪੈ ਭੇਟਾ ਰੱਖ ਗਿਆ ਪਰ ਗੁਰੂ ਘਰ ਦੀ ਸ਼ਾਨੋ-ਸ਼ੌਕਤ ਵੇਖ ਕੇ ਭਰਮ ਵਿਚ ਪੈ ਗਿਆ ਕਿ ਸਤਿਗੁਰੂ ਸ਼ਿਕਾਰ ਜਾਂਦੇ ਹਨ। ਇੰਨੇ ਪਦਾਰਥ ਹਨ. ਉਹ ਭੋਲਾ ਇੰਨਾ ਥਿੜਕਿਆ ਕਿ ਗੁਰੂ ਘਰੋਂ ਮਿਲੀ ਅਸੀਸ ਗੁਰੂ ਕਾ ਪ੍ਰੇਮ ਤੇ ਖੁਸ਼ੀ ਅਤੇ ਸਰਬ ਲੋਹ ਦਾ ਕੜਾ ਧਿਆਨ ਸਿੰਘ ਮਾਜਰੀਏ ਨੂੰ ਵੇਚ ਗਿਆ। ਉਸਨੇ ਕਿਹਾ ਮੈਂ ਗੁਰੂ ਕੇ ਬਚਨ ਦਾ ਨਿਰਾਦਰ ਨਹੀਂ ਹੋਣ ਦੇਣਾ। ਹਾਲਾਂਕਿ ਉਸ ਸਮੇਂ ਵਿਚ ਉਸ ਗ਼ਰੀਬ ਨੇ ਛੇ ਸੌ ਰੁਪੈ ਕਿਵੇਂ ਇਕੱਠੇ ਕੀਤੇ ਹੋਣਗੇ ਉਸ ਨੇ ਕਿਹਾ. ਤੂੰ ਪੰਜ ਸੌ ਆਪਣਾ ਅਤੇ ਸੌ ਆਪਣੇ ਬਾਪ ਦਾ ਸਾਰਾ ਲੈ ਜਾ। ਪੰਜ ਰੁਪੈ ਵਿਆਜ ਦੇ ਵੀ ਦੇ ਦਿੱਤੇ। ਜਦੋਂ ਪਿਤਾ ਨੇ ਸਮਝਾਇਆ ਸ਼ੀ ਤੇ ਕਿਹਾ ਸੀ—

*ਪਿਤਾ ਸੁਨਿਯੋ ਸਿਰ ਧੌ ਕਹਿਯੋ, ਸੁਤ ਗੁਰ ਪੂਰਨ ਸਾਚ।*
*ਤੇ ਕੌ ਭੇਜਾ ਲਾਭ ਹਿਤ ਤੂੰ ਲੇ ਆਇਉ ਕਾਚ।*

ਇਹ ਛੇ ਸੌ ਦਾ ਤਿੰਨ ਹਜ਼ਾਰ ਬਣਾ ਕੇ ਘਰ ਪੁੱਜਾ ਸੀ ਪਰ ਪਿਤਾ ਨਰਾਜ਼ ਹੋਏ। ਆਖਰ ਸਮੇਂ ਦੇ ਗੇੜ ਨੇ ਦੁੱਖ ਲਿਆ ਖੜ੍ਹੇ ਕੀਤੇ। ਫਿਰ ਆ ਗੁਰੂ ਚਰਨਾਂ ਵਿਚ ਡਿੱਗਾ। ਅੱਜ ਪਤਾ ਲੱਗਾ ਕਿ ਧਿਆਨ ਸਿੰਘ ਕਮਲਾ ਨਹੀਂ ਸਿਆਣਾ ਸੀ। ਇਹ ਸਮਝਦਾ ਸੀ ਗੁਰੂ ਦਾ ਬਚਨ ਕਿੰਨਾ ਅਮੁੱਲ ਹੈ? ਇਸ ਸੱਚ ਦੇ ਹੱਟ ਵਿਚੋਂ ਸਭ ਨੂੰ ਸੱਚ ਦੀ ਦਾਤ ਪ੍ਰਾਪਤ ਹੋਈ ਸੀ। ਭਾਵੇਂ ਕੋਈ ਸਤਿਗੁਰੂ ਦੇ ਪ੍ਰਵਾਰ ਵਿਚੋਂ ਹੋਵੇ ਭਾਵੇਂ ਕੋਈ ਹੋਰ ਸਿੱਖ ਹੋਵੇ। ਕਲਿਆਣ ਤਾਂ ਉਸੇ ਦਾ ਹੋਵੇਗਾ ਜਿਹੜਾ ਸਤਿਗੁਰੂ ਦਾ ਉਪਦੇਸ਼ ਸੁਣਦਾ ਹੈ, ਮੰਨਦਾ ਹੈ ਤੇ ਕਮਾਉਂਦਾ ਹੈ। ਸਤਿਗੁਰਾਂ ਦੀ ਸੁਪਤਨੀ ਮਾਤਾ ਜੀਤੋ ਨੇ ਜਦੋਂ ਆਤਮਿਕ ਕਲਿਆਣ ਬਾਰੇ ਪੁਛਿਆ ਤਾਂ ਸਤਿਗੁਰਾਂ ਨੇ ਕਿਹਾ। ਜਿੰਨੇ ਧਾਰਮਿਕ ਸਾਧਨ ਹਨ ਮਨ ਕਰਕੇ ਹੀ ਹੁੰਦੇ ਹਨ। ਸਾਰੇ ਉਪਦੇਸ਼ ਮਨ ਤੱਕ ਹੀ ਹਨ, ਜਦੋਂ ਮਨ ਪਲਟ ਜਾਂਦਾ ਹੈ ਫਿਰ ਗਿਆਨ ਹੁੰਦਾ ਹੈ। ਮਨ ਨੂੰ ਪ੍ਰਭੂ ਦਾ ਵਿਸ਼ੇਸ਼ ਪ੍ਰੇਮ ਪ੍ਰਾਪਤ ਹੁੰਦਾ ਹੈ। ਮਨ ਪ੍ਰਭੂ ਪ੍ਰੇਮ ਵਿਚ ਲੱਗ ਜਾਂਦਾ ਹੈ। ਸਤਿਗੁਰਾਂ ਕਿਹਾ—

*ਮਨ ਤੇ ਸਭ ਸਾਧਨ ਬਨੇ, ਮਨ ਲਗ ਸਭ ਉਪਦੇਸ਼।*
*ਮਨੂਆ ਪਲਟੇ ਗਯਾਨ ਹੋਇ ਮਨ ਲਾਗੇ ਰਤਿ ਸ਼ੇਸ਼।* (ਗੁ.ਪ੍ਰ.ਸੂ.)

ਮਨ ਕਿਵੇਂ ਪਲਟੇ ਇਹੀ ਗੱਲ ਕਾਜ਼ੀ ਸਲਾਰਦੀਨ ਨੂੰ ਸਮਝਾਈ ਸੀ ਕਿ ਕਾਜ਼ੀ ਜੀ ਜਿਵੇਂ ਮੁਹਰ ਦੇ ਅੱਖਰ ਪੁਠੇ ਹਨ, ਜਦੋਂ ਸਿਆਹੀ ਲਗਦੀ ਹੈ ਤਾਂ ਮੋਹਰ ਕਾਗਜ਼ ਤੇ ਲਗਦੀ ਹੈ ਤਾਂ ਅੱਖਰ ਸਿੱਧੇ ਹੋ ਜਾਂਦੇ ਹਨ। ਇਸੇ ਤਰ੍ਹਾਂ ਗੁਰੂ ਚਰਨਾਂ ਵਿਚ

ਆਇਆਂ ਗੁਰ ਉਪਦੇਸ਼ ਦੁਆਰਾ ਪੁੱਠੀ ਮਤਿ ਸਿੱਧੀ ਹੋ ਜਾਂਦੀ ਹੈ। ਪੁੱਠੇ ਕਰਮ ਸਿੱਧੇ ਹੋ ਜਾਂਦੇ ਹਨ। ਪੁੱਠੀਆਂ ਰੇਖਾ ਗੁਰੂ ਨੂੰ ਮੱਥਾ ਟੇਕਿਆਂ ਸਿੱਧੀਆਂ ਹੋ ਜਾਂਦੀਆਂ ਹਨ। ਮਨ ਪਲਟ ਜਾਂਦਾ ਹੈ।

*ਮਸਤਕ ਸ਼ਰਧਾ ਸਹਿਤ ਨਿਵਾਵੈ।*
*ਸੂਧੇ ਅਖਰ ਤਬ ਹੁਇ ਜਾਵੈ।*

ਗੁਰ ਉਪਦੇਸ਼ ਵਿਚ ਇਹ ਬਰਕਤ ਹੈ ਕਿ ਜਿਵੇਂ ਹੁਮਾ ਦਾ ਪੰਥ ਤੀਰ ਨੂੰ ਅਕਾਸ਼ ਵਿਚ ਲੈ ਗਿਆ ਹੈ ਰੱਬ ਦਾ ਨਾਮ ਰੂਪੀ ਗੁਰੂ ਦਾ ਉਪਦੇਸ਼, ਸਤਿਗੁਰੂ ਦਾ ਸ਼ਬਦ ਸਿੱਖ ਦੀ ਸੁਰਤ ਨੂੰ ਸੱਚਖੰਡ ਤੱਕ ਲੈ ਜਾਏਗਾ। ਜੋ ਸਭ ਦਾ ਅਸਲ ਟਿਕਾਣਾ ਹੈ—

*ਪੰਖ ਨਾਮ ਲੇ ਸਰ ਜਗਿਆਸੀ।*
*ਜਾਇ ਮਿਲਾਵਤ ਪ੍ਰਭ ਜੀ ਪਾਸੀ।*
*ਜਹਾ ਨਾਮੀ ਕੇ ਦੇਸ਼ ਸੁਹਾਵਨ।*
*ਤਹਾਂ ਕਰਹਿ ਬਿਨ ਬਿਲਮ ਪਹੁਚਾਵਨ।*

ਸਿੱਖ ਜੀਵਨ-ਮੁਕਤ ਸਨ ਇਸ ਦਰੋਂ ਘਰੋਂ ਵਰੋਸਾਇ ਹੋਏ ਕਿੰਨੇ ਬਿਬੇਕੀ ਸਨ। ਜਿਨ੍ਹਾਂ ਰਿਸ਼ੀਆਂ ਮੁਨੀਆਂ ਬ੍ਰਹਮ ਚਰਜ ਦਾ ਦਾਵਾ ਕੀਤਾ ਸੀ, ਪ੍ਰਣ ਕੀਤਾ ਸੀ, ਉਨ੍ਹਾਂ ਦੇ ਪ੍ਰਣ ਟੁੱਟ ਗਏ। ਜੇ ਮਛੰਦਰ ਨਾਥ ਵਰਗੇ ਸਾਬਤ ਨਾ ਰਹੇ ਤਾਂ ਬਾਕੀ ਦਿਆਂ ਦਾ ਕੀ ਹਾਲ ਹੋਵੇਗਾ? ਪਰ ਜਿਸ ਇਸਤਰੀ ਦੀ ਪੁਰਾਣੇ ਸਾਧੂ ਸਮਾਜ ਨੇ ਨਿੰਦਾ ਕੀਤੀ ਸੀ ਗੁਰੂ ਘਰ ਵਿਚ ਮਾਤਾ ਸਾਹਿਬ ਕੌਰ ਨੇ ਬ੍ਰਹਮ ਚਰਜ ਨਿਭਾਇਆ। ਪਰ ਇਹ ਕਿਸੇ ਹਠ ਦੇ ਆਸਰੇ ਨਹੀਂ ਸੀ ਸਗੋਂ ਗੁਰੂ ਦਰਸ਼ਨਾਂ ਦੇ ਪ੍ਰੇਮ ਦੇ ਆਸਰੇ ਸੀ। ਮਾਤਾ ਸਾਹਿਬ ਕੌਰ ਹੀ ਐਸੇ ਵਿਅਕਤੀ ਸਨ, ਜਿਨ੍ਹਾਂ ਨੂੰ ਰੋਜ਼ਾਨਾ ਸਾਹਿਬ ਕਲਗੀਧਰ ਆਪ ਦਰਸ਼ਨ ਦੇਣ ਜਾਂਦੇ ਸਨ। ਜੇ ਦਰਸ਼ਨ ਨਾ ਹੋਣ ਤਾਂ ਉਹ ਲੰਗਰ ਨਹੀਂ ਸਨ ਛਕਦੇ। ਉਸ ਦਿਨ ਭੁੱਖੇ ਰਹਿ ਜਾਂਦੇ ਸਨ।

*ਦਰਸ਼ਨ ਕਰਹਿ ਤਾਂ ਭੋਜਨ ਪਾਵੈ।*
*ਨਤ ਨਿਸ ਬਾਸੁਰ ਛੁਧਿਤ ਬਿਹਾਵੈ।*
*ਤਿਸੀ ਹੇਤ ਕਰਕੇ ਇਕ ਬਾਰ।*
*ਦਰਸ਼ਨ ਦੇਤ ਸੁ ਕਰੁਣਾ ਧਾਰ।*
*ਕਿਸ ਕਾਰਨ ਤੇ ਜੇ ਨਹਿ ਹੋਇ।*
*ਤਿਸ ਦਿਨ ਖਾਇ ਅਹਾਰ ਨਾ ਸੋਇ।* *(ਗੁ.ਪ੍ਰ.ਸੂ.)*

ਭਾਵੇਂ ਕੋਈ ਕਿਡਾ ਵੱਡਾ ਬ੍ਰਹਮ ਗਿਆਨੀ ਕਿਉਂ ਨਾ ਹੋਵੇ ਗੁਰੂ ਦੀ ਰਜ਼ਾ ਵਿਚ ਹਰ ਇਕ ਦਾ ਆਉਣਾ ਜ਼ਰੂਰੀ ਹੈ। ਸਿਮਰਨ ਭਜਨ ਘਾਲ ਕਮਾਈ ਦਾ ਇਹ ਅਰਥ ਨਹੀਂ ਕਿ ਕੋਈ ਆਪਣੀ ਜਥੇਬੰਦੀ ਤੋਂ ਵੱਖ ਹੋ ਕੇ ਬੈਠ ਜਾਏ। ਜੇ ਇਕ ਸਿੱਖ ਨੂੰ ਵੀ ਇਹ ਛੋਟ ਦੇ ਦਿੱਤੀ ਜਾਏ ਕਿ ਬਿਨਾਂ ਅੰਮ੍ਰਿਤ, ਬਿਨਾਂ ਰਹਿਤ ਤੋਂ ਕੋਈ ਗੁਰੂ

ਦਾ ਸਿੰਘ ਹੋ ਸਕਦਾ ਹੈ, ਫਿਰ ਇਕ ਨਹੀਂ ਹਜ਼ਾਰਾਂ ਨੂੰ ਇਹ ਛੋਟ ਦੇਣੀ ਪਵੇਗੀ। ਬ੍ਰਹਮ ਗਿਆਨੀ ਬਾਬਾ ਰਾਮ ਕੁਇਰ ਜੀ ਦਾ ਸਤਿਗੁਰੂ ਬੜਾ ਸਤਿਕਾਰ ਕਰਦੇ ਸਨ। ਮਾਤਾ ਗੁਜਰੀ ਜੀ ਨੇ ਜਦੋਂ ਬ੍ਰਹਮ ਗਿਆਨੀ ਦੇ ਦਰਸ਼ਨਾਂ ਲਈ ਕਿਹਾ ਸੀ ਤਾਂ ਸਤਿਗੁਰਾਂ ਨੇ ਇਨ੍ਹਾਂ ਦਾ ਹੀ ਨਾਂ ਲਿਆ ਸੀ। ਪਰ ਜਦੋਂ ਹੁਕਮ ਰਜ਼ਾ ਦੀ ਗੱਲ ਸਾਹਮਣੇ ਆਈ ਤਾਂ ਉਸਨੂੰ ਵੀ ਮੁਆਫ਼ ਨਹੀਂ ਕੀਤਾ। ਕਰਦੇ ਵੀ ਕਿਵੇਂ, ਇਹ ਸਿੱਖੀ ਦੀ ਰਹਿਤ ਤੋਂ ਤਾਂ ਸਤਿਗੁਰਾਂ ਆਪਣੇ ਆਪ ਨੂੰ ਵੀ ਪਾਸੇ ਨਹੀਂ ਰਖਿਆ। ਸਤਿਗੁਰਾਂ ਇਕ ਕੌਤਕ ਰਚਾ ਦਿੱਤਾ। ਕੜਾਹ ਪ੍ਰਸਾਦਿ ਤਿਆਰ ਕਰਕੇ ਕਿਹਾ ਅੱਜ ਸਿੰਘੋ ਲੁੱਟ ਲਉ ਪਰ ਭਾਈ ਰਾਮ ਕੁਇਰ ਜੀ ਨਹੀਂ ਉਠੇ। ਸਤਿਗੁਰਾਂ ਕਿਹਾ, ਤੁਸੀਂ ਨਹੀਂ ਉਠੇ। ਭਾਈ ਰਾਮ ਕੁਇਰ ਨੇ ਕਿਹਾ ਮੇਰੀ ਜ਼ਮੀਰ ਨੇ ਆਗਿਆ ਨਹੀਂ ਦਿਤੀ। ਸਤਿਗੁਰਾਂ ਕਿਹਾ, ਇਕ ਪਾਸੇ ਤੁਹਾਡੀ ਜ਼ਮੀਰ ਦੀ ਆਗਿਆ, ਇਕ ਪਾਸੇ ਗੁਰੂ ਦੀ ਆਗਿਆ ਹੈ। ਅਗੋਂ ਆਪ ਸੋਚ ਲਵੋ। ਭਾਈ ਸਾਹਿਬ ਨੇ ਚਰਨ ਫੜ ਲਏ, ਖਿਮਾ ਮੰਗੀ, ਸਤਿਗੁਰਾਂ ਕਿਹਾ-

*ਇਕ ਤੇ ਹਮਰੀ ਆਗਿਆ ਭਈ।*
*ਦੂਤੀਆ ਬਾਂਛਤ ਬਿਧ ਨਿਰਮਈ।*
*ਤਉ ਤੁਮਹਿ ਨੇ ਦੰਭ ਕਮਾਵਾਂ।*
*ਜਿਸ ਤੇ ਮਨਕੋ ਨਹਿ ਥਿਰਾਵਾ।* (ਗੁ.ਪ੍ਰ.ਸੂ.)

ਭਾਈ ਸਾਹਿਬ ਜੀ ਦੇ ਮਨ ਤੇ ਇਸ ਘਟਨਾ ਦਾ ਇੰਨਾ ਅਸਰ ਹੋਇਆ ਕਿ ਅੰਮ੍ਰਿਤਪਾਨ ਕਰਕੇ ਸਭ ਤੋਂ ਉੱਚੀ ਸਤਿਗੁਰੂ ਦੀ ਸੰਗਤ ਨੂੰ ਸਮਝਿਆ ਤੇ ਕਿਹਾ ਕਿ ਪਾਤਸ਼ਾਹ ਤੁਹਾਡੀ ਕ੍ਰਿਪਾ ਬਿਨਾਂ ਕਿਸੇ ਸਿੱਖ ਦਾ ਨਿਸਤਾਰਾ ਨਹੀਂ ਹੋ ਸਕਦਾ।

ਸਤਿਗੁਰੂ ਦੇ ਉਪਦੇਸ਼ ਤੇ ਜਿਸਦਾ ਮਨ ਟਿਕ ਜਾਂਦਾ ਹੈ ਉਹ ਅਨੇਕਾਂ ਲਈ ਥੰਮ੍ਹੀ ਬਣ ਜਾਂਦਾ ਹੈ। ਅਨੇਕਾਂ ਡੋਲਦੇ ਮਨ ਨੂੰ ਟਿਕਾ ਸਕਦਾ ਹੈ। ਪਰ ਜਿਹੜਾ ਗੁਰੂ ਦੇ ਹੁਕਮ ਤੇ ਨਾ ਟਿਕ ਸਕੇ ਐਸਾ ਬੰਦਾ ਆਪ ਤਾਂ ਡਿਗਦਾ ਹੈ ਤੇ ਅਗਲੇ ਨੂੰ ਨਾਲ ਲੈ ਕੇ ਮਰਦਾ ਹੈ। ਸਤਿਗੁਰਾਂ ਨੇ ਕਿਹਾ ਸੀ ਕਿ ਸਾਡਾ ਹਾਥੀ ਦੁਨੀ ਚੰਦ ਪਹਾੜੀਆਂ ਦੇ ਹਾਥੀ ਦਾ ਮੁਕਾਬਲਾ ਕਰੇਗਾ। ਦੁਨੀ ਚੰਦ ਹੁਕਮ ਤੇ ਟਿਕ ਨਹੀਂ ਸਕਿਆ। ਭਾਈ ਦਇਆ ਸਿੰਘ ਜੀ ਪਾਸ ਗਿਆ। ਵਾਰੀ ਵਾਰੀ ਪੰਜਾਂ ਪਿਆਰਿਆਂ ਦੇ ਪਾਸ ਗਿਆ, ਉਦੈ ਸਿੰਘ ਦੇ ਪਾਸ, ਫ਼ਿਰ ਭਾਈ ਰਾਮ ਕੁਇਰ ਦੇ ਪਾਸ ਗਿਆ ਕਿ ਸਤਿਗੁਰਾਂ ਨੂੰ ਸਮਝਾ ਕੇ ਰਾਤੋ ਰਾਤ ਪਹਾੜੀ ਰਾਜਿਆਂ ਨਾਲ ਸੁਲਹ ਕਰ ਲਵੋ ਨਹੀਂ ਤਾਂ ਸਾਰੇ ਮਾਰੇ ਜਾਵਾਂਗੇ। ਸਾਰੇ ਸਿੰਘਾਂ ਨੇ ਕਿਹਾ, ਸਤਿਗੁਰੂ ਤੈਨੂੰ ਵਡਿਆਈ ਦੇ ਰਹੇ ਹਨ। ਤੂੰ ਇਹ ਸਮਾਂ ਨਾ ਗਵਾ। ਸਤਿਗੁਰੂ ਜੋ ਕਹਿੰਦੇ ਹਨ, ਠੀਕ ਹੀ ਕਹਿੰਦੇ ਹਨ ਪਰ ਉਹ ਤਾਂ ਸਤਿਗੁਰਾਂ ਨੂੰ ਗੁਰੂ ਮੰਨਣ ਤੋਂ ਹੀ ਇਨਕਾਰੀ ਸੀ।

*ਕੈ ਮਿਲਿ ਜੁਧ ਹਟਾਵਨ ਕਰੋ। ਕੈ ਹੁਇ ਸੰਗ ਭਾਜ ਚਲਿ ਪਰੋ।*
*ਇਸ ਮਹਿ ਗੁਰ ਕੈ ਲਛਣ ਕੋਇ ਨਾ। ਰਹੇ ਸਮੀਪੀ ਅਵਲੋਕੇ ਲੋਇਣਾ।*
*ਅਬ ਕਰਤਾਰ ਪੁਰੇ ਚਲ ਬਰੇ। ਧੀਰ ਮਲ ਕੋ ਬਡ ਗੁਰ ਕਰੇ।* (ਗੁ.ਪ੍ਰ.ਸੂ.)

ਕਹਿਣ ਲੱਗਾ ਕਰਤਾਰਪੁਰ ਚਲਦੇ ਹਾਂ ਤੇ ਉਥੇ ਪਹੁੰਚ ਕੇ ਧੀਰ ਮੱਲ ਨੂੰ ਵੱਡਾ ਗੁਰੂ ਬਣਾ ਦਿਆਂਗੇ। ਪਰ ਕਿਤੇ ਜਾਣ ਜੋਗਾ ਨਾ ਰਿਹਾ। ਦੀਵਾਰ ਟੱਪ ਰਿਹਾ ਸੀ, ਲੱਤ ਟੁੱਟ ਗਈ। ਅੰਮ੍ਰਿਤਸਰ ਆ ਕੇ ਚਲਾਣਾ ਕਰ ਗਿਆ। ਜੋ ਗੁਰੂ ਦੀ ਹਜ਼ੂਰੀ ਵਿਚ ਰਹੇਗਾ, ਮਨ ਕਰਕੇ ਰਹੇਗਾ, ਗੁਰੂ ਦੇ ਉਪਦੇਸ਼ਾਂ ਨੂੰ ਅੰਗ ਸੰਗ ਸਮਝੇਗਾ ਉਸੇ ਦੀ ਕਲਿਆਣ ਹੋਵੇਗੀ। ਇਹੀ ਗੱਲ ਭਾਈ ਜੋਗਾ ਸਿੰਘ ਨੂੰ ਸਮਝਾਈ ਸੀ ਕਿ ਸਦਾ ਹਜ਼ੂਰੀ ਵਿਚ ਰਹੋ। ਭਾਵ ਸਦਾ ਗੁਰੂ ਨੂੰ ਅੰਗ ਸੰਗ ਸਮਝੋ। ਗੁਰੂ ਨਾਲ ਹੋਵੇ ਤਾਂ ਤੂੰ ਵੇਸ਼ਵਾ ਦੇ ਘਰ ਨਹੀਂ ਜਾ ਸਕਦਾ। ਗੁਰੂ ਨਾਲੋਂ ਵੱਖ ਹੋ ਕੇ ਹੀ ਅਵਗੁਣ ਕਰ ਸਕਦਾ ਹੈਂ। ਗੁਰੂ ਅੰਗ ਸੰਗ ਹੋਵੇ ਤਾਂ ਫਿਰ ਤਾਂ ਅਵਗੁਣ ਕਰਨਾ ਬੜਾ ਮੁਸ਼ਕਿਲ ਹੈ। ਜਦੋਂ ਗੁਰੂ ਨਾਲ ਵੇਖਦਾ ਹੈ ਫਿਰ ਤਾਂ ਤੂੰ ਕੋਈ ਅਵਗੁਣ ਨਹੀਂ ਕਰ ਸਕਦਾ। ਸਿਦਕੀ ਸਿਖ ਗੁਰੂ ਘਰ ਦੇ ਸੇਵਾਦਾਰ ਭਾਈ ਜੱਗਾ ਸਿੰਘ ਨੂੰ ਜਦੋਂ ਕੁਝ ਈਰਖਾਲੂਆਂ ਨੇ ਮਾਰਿਆ ਤਾਂ ਸਤਿਗੁਰਾਂ ਨੇ ਤਾੜਨਾ ਕੀਤੀ ਸੀ ਤੇ ਕਿਹਾ ਸੀ ਕਿ ਸਿੱਖੀ ਨੂੰ ਸਮਝਿਆ ਬਿਨਾਂ ਤੁਹਾਡਾ ਕਲਿਆਣ ਨਹੀਂ ਹੋਣਾ। ਉਹ ਤਾਂ ਮਾਰਨ ਵਾਲਿਆਂ ਵਿਚੋਂ ਵੀ ਰੱਬ ਵੇਖਦਾ ਹੈ। ਤੁਹਾਨੂੰ ਗੁਰੂ ਦੇ ਸੇਵਕ ਵਿਚੋਂ ਵੀ ਰੱਬ ਨਹੀਂ ਦਿਸਦਾ। ਹੁਣ ਤੁਸੀਂ ਆਪ ਹੀ ਦੱਸੋ ਕਿ ਗੁਰੂ ਘਰ ਆ ਕੇ ਤੁਸੀਂ ਕੀ ਖੱਟਿਆ ਹੈ। ਗੁਰੂ ਘਰ ਵਿਚ ਕਿੰਨੀਆਂ ਬਰਕਤਾਂ ਹਨ। ਘੋੜਿਆਂ ਨੂੰ ਘਾਹ ਪਾਉਣ ਵਾਲੇ ਵੱਡੇ-ਵੱਡੇ ਕਵੀਆਂ ਨੂੰ ਹਰਾ ਦੇਣ। ਜੈਸੇ ਕਿ ਭਾਈ ਧੰਨਾ ਸਿੰਘ ਨੇ ਚੰਦਨ ਕਵੀ ਨਾਲ ਕੀਤਾ ਸੀ। ਉਸਦਾ ਹੰਕਾਰ ਤੋੜਿਆ ਸੀ। ਗੁਰੂ ਪਾਤਸ਼ਾਹ ਦੇ ਘੋੜੇ ਦਾ ਸੇਵਕ ਭਾਈ ਮਦਨ ਸਿੰਘ ਅਗੰਮੀ ਗੱਲਾਂ ਕਰਨ ਲੱਗ ਪਿਆ ਸੀ। ਭਵਿੱਖ ਦੀਆਂ ਗੱਲਾਂ ਦੱਸਣ ਲੱਗ ਪਿਆ ਸੀ। ਸਤਿਗੁਰਾਂ ਨੇ ਕਿਹਾ ਸ਼ਕਤੀ ਤਾਂ ਆ ਗਈ ਹੈ ਪਰ ਸਿੱਖਾ। ਜਰਨਾ ਸਿਖ। ਘੋੜੇ ਦੀ ਸੇਵਾ ਕਰ। ਹੋਵੇਗੀ ਸੋ ਜਰ। ਰਾਖਾ ਸਾਚਾ ਸਤਿਗੁਰ ਸਿਖਾ। ਚਿੰਤਾ ਨਾ ਕਰ। ਚੁੱਪ ਦਾ ਸਮਾਂ ਸਰ।

ਜਿਹੜਾ ਸਿੱਖ ਮਨ ਕਰਕੇ ਸਤਿਗੁਰੂ ਨਾਲ ਜੁੜਿਆ ਹੈ ਉਹ ਕਿੰਨੀਆਂ ਮੁਸੀਬਤਾਂ ਵਿਚੋਂ ਗੁਜ਼ਰੇ ਉਸਦੀ ਸਿੱਖੀ ਕਾਇਮ ਰਹਿੰਦੀ ਹੈ। ਸਤਿਗੁਰੂ ਹਰ ਮਜਬੂਰੀ ਮੁਆਫ਼ ਕਰਦੇ ਹਨ। ਜਦੋਂ ਤੁਰਕਾਂ ਇਕ ਸਿੱਖ ਦੇ ਕੇਸ ਕੱਟ ਦਿਤੇ ਹੋਰ ਜ਼ੁਲਮ ਕੀਤੇ। ਸਤਿਗੁਰਾਂ ਕਿਹਾ, ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਕੇ ਅਰਦਾਸ ਕਰਵਾ ਦੇ।

*ਤਬੈ ਕਹਿਉ ਕਰਵਾਇ ਕਰਾਹਿ। ਦੇਹੁ ਖਾਲਸੇ ਮਹਿ ਬਰਤਾਇ।*
*ਖਰਾ ਸਿਖ ਤੂੰ ਹੈ ਸਭ ਬੇਰੀ। ਬਾਂਹ ਗੁਰੂ ਨੇ ਪਕਰੀ ਤੇਰੀ।* (ਗੁ.ਪ੍ਰ.ਸੂ.)

ਗੁਰੂ ਘਰ ਜਿਸ ਨੇ ਕੋਈ ਵੀ ਸੇਵਾ ਕੀਤੀ ਹੈ ਭਾਵੇਂ ਕਿਸੇ ਧਰਮ ਦਾ ਹੈ, ਕਿਸੇ ਦੇਸ਼ ਦਾ ਹੈ, ਉਸ ਦੀ ਸੇਵਾ ਬਿਰਥੀ ਨਹੀਂ ਗਈ। ਸਤਿਗੁਰਾਂ ਉਸ ਤੇ ਬਖਸ਼ਸ਼ ਕੀਤੀ ਹੈ। ਗਨੀ ਖ਼ਾਂ ਤੇ ਨਬੀ ਖ਼ਾਂ ਨੂੰ ਹੁਕਮਨਾਮਾ ਬਖਸ਼ਸ਼ ਕੀਤਾ ਸੀ—

*ਇਨਹੁ ਕਰੀ ਮਮ ਸੇਵ ਬਿਸਾਲਾ। ਸਿਖ ਮਾਨਹੁ ਇਨ ਕੋ ਸਭ ਕਾਲਾ।*

ਪਰ ਇਹ ਉਨ੍ਹਾਂ ਸੱਜਣਾਂ ਦੀ ਘਾਲ ਹੈ ਜਿਨ੍ਹਾਂ ਗੁਰੂ ਦੇ ਹੱਟ ਨੂੰ ਆਪਣੀ ਕਲਿਆਣ ਦਾ ਥਾਂ ਸਮਝਿਆ ਹੈ। ਜਿਨ੍ਹਾਂ ਸਿਰਫ ਧਨ ਹੀ ਵੇਖਿਆ ਹੈ, ਉਹ ਖ਼ਾਲੀ ਰਹਿ ਗਏ। ਸਿੱਖੀ ਮਿਲੀ ਨਹੀਂ ਧਨ ਕੁਝ ਦਿਨਾਂ ਵਿਚ ਖ਼ਤਮ ਹੋ ਜਾਂਦਾ ਹੈ।

ਬੈਰਾੜਾਂ ਨੇ ਸਤਿਗੁਰਾਂ ਦਾ ਘੋੜਾ ਰੋਕ ਲਿਆ ਸੀ ਤੇ ਕਿਹਾ ਸੀ ਸਾਡੀਆਂ ਤਨਖਾਹਾਂ ਦਿਉ ਤਾਂ ਅੱਗੇ ਜਾਣ ਦਿਆਂਗੇ। ਸਤਿਗੁਰਾਂ ਕਿਹਾ ਸਿੱਖੀ ਲੈ ਲਉ ਜਾਂ ਤਨਖਾਹ ਲੈ ਲਉ। ਉਨ੍ਹਾਂ ਕਿਹਾ ਗੁਰਸਿੱਖੀ ਆਪਣੇ ਪਾਸ ਰਖੋ। ਸਾਨੂੰ ਪੈਸੇ ਚਾਹੀਦੇ ਹਨ—

*ਕੈ ਗੁਰਸਿਖੀ ਤੁਮਹੁ ਰਖੀਜੈ। ਕਿਧੋਂ ਚਾਕਰੀ ਹਮਤੇ ਲੀਜੈ।*
*ਕਹੈ ਨਹੀ ਗੁਰਸਿਖੀ ਧਰੈ। ਦਰਬ ਚਾਕਰੀ ਲੈਬੋ ਕਰੈ।* (ਗੁ:ਪ੍ਰ:ਸੂ:)

ਪਰ ਸਾਰੇ ਐਸੇ ਨਹੀਂ। ਹੀਰਿਆਂ ਦੇ ਵਪਾਰੀ ਘੱਟ ਹੈਨ ਪਰ ਹੈਨ ਜ਼ਰੂਰ। ਸੱਚੇ ਸੁੱਚੇ ਸਿੱਖ ਹੈਨ ਘੱਟ ਪਰ ਹੈਨ ਜ਼ਰੂਰ। ਜਦੋਂ ਭਾਈ ਦਾਨ ਸਿੰਘ ਨੂੰ ਸਤਿਗੁਰਾਂ ਕਿਹਾ ਸੀ ਦਾਨ ਸਿੰਘ ਤੂੰ ਵੀ ਤਨਖ਼ਾਹ ਲੈ ਲੈ ਤਾਂ ਉਸਨੇ ਕਿਹਾ ਸੀ—

*ਕ੍ਰਿਪਾ ਕਰੋ ਸਿਖੀ ਮੁਝ ਦੀਜੈ। ਅਪਨੇ ਜਾਨ ਬਖਸ਼ਸ਼ ਕਰ ਲੀਜੈ।*

ਸਤਿਗੁਰਾਂ ਕਿਹਾ ਸੀ ਜਿਵੇਂ ਮਾਝੇ ਦੀ ਵਡਿਆਈ ਭਾਈ ਮਹਾਂ ਸਿੰਘ ਨੇ ਰੱਖ ਲਈ ਹੈ। ਮਾਲਵੇ ਵਿਚ ਸਿੱਖੀ ਦੀ ਵਡਿਆਈ ਤੂੰ ਬਚਾ ਲਈ ਹੈ ਭਾਵ ਇਹ ਸੀ ਤੇਰੇ ਵਰਗੇ ਇਕ ਨੂੰ ਵੇਖ ਕੇ ਅਨੇਕਾਂ ਹੋਰ ਤਿਆਰ ਹੋ ਜਾਣਗੇ—

*ਜਿਮ ਸਭ ਮਾਝੇ ਕੀ ਵਡਿਆਈ। ਮਹਾਂ ਸਿੰਘ ਨੇ ਰਾਖ ਦਿਖਾਈ।*
*ਦੇਸ਼ ਮਾਲਵੇ ਕੀ ਅਬ ਰਾਖੀ। ਉਪਜਹਿ ਸਿਖੀ ਕੇ ਅਭਿਲਾਖੀ।*

ਇਸ ਸਿਦਕੀ ਸਿਖ ਦਾ ਇੰਨਾ ਅਸਰ ਹੋਇਆ ਕਿ ਅਨੇਕਾਂ ਸਿੰਘ ਸੱਜ ਗਏ। ਇਬਰਾਹੀਮ ਮੁਸਲਮਾਨ ਨੇ ਅੰਮ੍ਰਿਤਪਾਨ ਕਰ ਲਿਆ। ਜਦੋਂ ਉਸਦੇ ਸੰਗੀਆਂ ਨੇ ਕਿਹਾ ਪੀਰ ਜੀ ਅਸੀਂ ਤੁਹਾਡੇ ਪਿਛੇ ਚਲਦੇ ਸਾਂ, ਤੁਸੀਂ ਆਪ ਹੀ ਥਿੜਕ ਗਏ ਹੋ ਤਾਂ ਉਸਨੇ ਬੜੀ ਸੁੰਦਰ ਗੱਲ ਕਹੀ ਸੀ। ਮੈਂ ਉਨ੍ਹਾਂ ਦੇ ਪੰਥ ਵਿਚ ਰਲਿਆ ਹਾਂ ਜਿਹੜੇ ਦੂਸਰੇ ਦੇ ਧਰਮ ਵਾਸਤੇ ਜਾਨ ਦੇ ਦੇਂਦੇ ਹਨ। ਜਿਹੜੇ ਬੰਦੇ ਆਪਣੇ ਧਾਰਮਿਕ ਗ੍ਰੰਥ ਦੀ ਝੂਠੀ ਕਸਮ ਖਾ ਜਾਣ ਉਹ ਠੀਕ ਹਨ ਕਿ ਜਿਹੜੇ ਭਰੋਸਾ ਕਰਕੇ ਆਪਣਾ ਘਰ ਬਾਹਰ ਹੀ ਛੱਡ ਦੇਣ? ਉਸਦੀ ਵੀ ਕਲਿਆਣ ਹੋਈ। ਨਾਂ ਅਜਮੇਰ ਸਿੰਘ ਹੋਇਆ ਸੀ। ਸਿਖ ਗੁਰੂ ਦਾ ਰਿਸ਼ਤਾ ਕੀ ਹੈ? ਕੋਈ ਜ਼ਰੂਰੀ ਨਹੀਂ ਖ਼ੂਨ ਦਾ ਹੀ ਨਾਤਾ ਹੋਵੇ। ਖ਼ੂਨ ਦੇ ਨਾਤੇ ਵਾਲੇ ਵੀ ਉਹੀ ਸਾਬਤ ਰਹੇ ਜਿਨ੍ਹਾਂ ਨੇ ਉਪਦੇਸ਼ ਦਾ ਨਾਤਾ ਬਣਾਈ ਰਖਿਆ ਸੀ। ਜਿਹੜਾ ਗੁਰੂ ਦੇ ਭਾਵ ਵਿਚ ਰਹੇ ਉਹੀ ਸਭ ਤੋਂ ਵੱਡਾ ਹੈ। ਗੁਰੂ ਦੀ ਨਜ਼ਰ ਵਿਚ ਉਹੀ ਸਭ ਤੋਂ ਉੱਚਾ ਹੈ। ਚੌਧਰੀ ਡਲਾ ਇਕ ਗੱਲ

ਵਾਰ-ਵਾਰ ਕਹਿੰਦਾ ਸੀ ਸਤਿਗੁਰੂ ਕਦੀ ਮੈਨੂੰ ਬੁਲਾ ਲੈਂਦੇ ਤਾਂ ਤੁਹਾਡੇ ਬੱਚੇ ਸ਼ਹੀਦ ਨਾ ਹੁੰਦੇ। ਆਪਣੇ ਸੂਰਮਿਆਂ ਦੀ ਤਾਰੀਫ ਦਿਨ ਰਾਤ ਕਰਦਾ ਸੀ ਪਰ ਪਰਖ ਵੇਲੇ ਕੋਈ ਵੀ ਨਾ ਟਿਕ ਸਕਿਆ। ਨਾ ਕੋਈ ਉਸਦਾ ਸੂਰਮਾ, ਨਾ ਹੀ ਆਪ ਟਿਕ ਸਕਿਆ। ਸਤਿਗੁਰਾਂ ਨੇ ਉਸ ਵਕਤ ਕਿਹਾ ਸੀ ਚੌਧਰੀ ਡਲਿਆ ਨਾ ਤੇਰੇ ਸੂਰਮੇ ਅੱਜ ਟਿਕੇ ਹਨ ਨਾ ਇਨ੍ਹਾਂ ਚਮਕੌਰ ਟਿਕਣਾ ਸੀ। ਜਿਹੜਾ ਗੁਰੂ ਦੀ ਰਜ਼ਾ ਵਿਚ ਨਹੀਂ ਟਿਕਿਆ ਉਹ ਗੁਰੂ ਦੇ ਮੈਦਾਨ ਵਿਚ ਵੀ ਨਹੀਂ ਟਿਕ ਸਕਦਾ। ਜੇਕਰ ਮੇਰੇ ਨਾਲ ਟਿਕਣਾ ਚਾਹੁੰਦਾ ਹੈਂ, ਜਿਵੇਂ ਬਾਕੀ ਸਿੰਘ ਨਿਰਭੈ ਹਨ ਤੂੰ ਵੀ ਨਿਰਭੈ ਹੋਣਾ ਚਾਹੁੰਦਾ ਹੈਂ ਤਾਂ ਫਿਰ ਇਕ ਹੀ ਢੰਗ ਹੈ ਜਿਸ ਬਾਟੇ ਵਿਚੋਂ ਮੈਂ ਤੇ ਮੇਰੇ ਸਿੰਘਾਂ ਨੇ ਅੰਮ੍ਰਿਤਪਾਨ ਕੀਤਾ ਹੈ ਤੂੰ ਵੀ ਕਰ। ਫਿਰ ਨਾ ਤੈਨੂੰ ਗੋਲੀ ਦਾ ਡਰ ਰਹੇਗਾ ਅਤੇ ਨਾ ਹੀ ਜਮ ਦਾ ਡਰ ਰਹੇਗਾ। ਜਦੋਂ ਇਸ ਨੇ ਕਿਹਾ ਸੀ ਮੈਨੂੰ ਪੀੜ੍ਹੀ ਜਿੰਨਾ ਥਾਂ ਅੱਗੇ ਦੇ ਦੇਣਾ ਤਾਂ ਸਤਿਗੁਰਾਂ ਕਿਹਾ ਸੀ ਮੈਂ ਤੈਨੂੰ ਆਪਣਾ ਸਾਰਾ ਹੀ ਘਰ ਦੇਣ ਵਾਸਤੇ ਤਿਆਰ ਹਾਂ। ਜੇ ਤੂੰ ਗੁਰੂ ਦੀ ਹੱਟੀ ਤੇ ਆਇਆ ਹੈ ਤਾਂ ਕੱਚ ਵੱਲ ਨਜ਼ਰ ਨਾ ਕਰ। ਤੂੰ ਸੱਚ ਦਾ ਗਾਹਕ ਬਣ।

ਸੋ ਦਰਬ ਦੀ ਖਾਤਰ ਗੁਰੂ ਨੇ ਨਹੀਂ ਬੈਠ ਦੁਕਾਨ ਪਾਈ। ਇਤਿਹਾਸਕਾਰ ਕਹਿੰਦੇ ਹਨ ਕਿ ਬਚਨ ਸਤਿਗੁਰਾਂ ਨੇ ਮੱਖਣਸ਼ਾਹ ਨੂੰ ਕਹੇ ਸਨ ਜਦੋਂ ਕਿ ਮਾਤਾ ਨਾਨਕੀ ਜੀ ਤੇ ਹੋਰ ਸਾਰਾ ਪਰਵਾਰ ਸਿੱਖ ਸੰਗਤਾਂ ਹਾਜ਼ਰ ਸਨ। ਇਹ ਬਚਨ ਇਕ ਗੁਰੂ ਤੇਗ ਬਹਾਦਰ ਜੀ ਤਕ ਹੀ ਸੀਮਤ ਨਹੀਂ। ਦਸਾਂ ਜਾਮਿਆਂ ਵਿਚ ਹੀ ਇਸੇ ਜੁਗਤਿ ਦਾ ਵਾਰਤਾਲਾਪ ਵਰਤਿਆ ਸੀ। ਅੱਜ ਇਸ ਗੱਲ ਤੋਂ ਅਸੀਂ ਪ੍ਰੇਰਣਾ ਲੈਣੀ ਹੈ ਕਿ ਗੁਰੂ ਦਾ ਗੁਰਦੁਆਰਾ ਦਰਬ ਦੀ ਖਾਤਰ ਦੁਕਾਨ ਹੀ ਨਾ ਬਣ ਕੇ ਰਹਿ ਜਾਏ। ਇਹ ਹੱਟੀ ਆਤਮਿਕ ਕਲਿਆਣ ਵਾਸਤੇ ਦਿਨ ਰਾਤ ਚਲਦੀ ਰਹੇ। ਇਥੇ ਮਾਇਆ ਨੂੰ ਸਿਰਫ਼ ਆਏ ਗਏ ਦੀ ਗੁਜ਼ਰਾਨ ਹੀ ਸਮਝਿਆ ਜਾਏ।

ਗੁਰਮਤਿ ਦਾ ਆਸ਼ਾ ਇਹ ਹੀ ਹੈ ਕਿ ਹਰ ਮਨੁੱਖ ਨੂੰ ਰੱਬ ਦਾ ਰਾਹ ਦਿੱਸੇ। ਹਰ ਬੰਦਾ ਪ੍ਰਮਾਤਮਾ ਵਿਚ ਅਭੇਦ ਹੋ ਸਕੇ। ਪੇਟ ਤਾਂ ਹਰ ਬੰਦਾ ਕਿਸੇ ਨਾ ਕਿਸੇ ਢੰਗ ਨਾਲ ਭਰ ਹੀ ਲੈਂਦਾ ਹੈ। ਪਰ ਹਿਰਦਾ ਪ੍ਰੇਮ ਨਾਲ ਭਰਨਾ ਹੋਵੇ। ਨਾਮ ਨਾਲ ਭਰਨਾ ਹੋਵੇ ਤਾਂ ਸਤਿਗੁਰ ਦੀ ਕ੍ਰਿਪਾ ਬਿਨਾਂ ਨਹੀਂ ਭਰਿਆ ਜਾ ਸਕਦਾ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਰੱਬ ਦਾ ਰਾਹ ਰੁਕਿਆ ਪਿਆ ਸੀ। ਮੈਂ ਉਹ ਰਾਹ ਚਲਾਉਣ ਆਇਆ ਹਾਂ। ਤੇ ਉਸ ਅਕਾਲ ਪੁਰਖ ਅੱਗੇ ਜੋਦੜੀ ਕਰਦਾ ਹਾਂ—

*ਪੰਥ ਚਲੈ ਤਬ ਜਗਤ ਮਹਿ*
*ਜਉ ਤੁਮ ਕਰੋ ਸਹਾਇ।*

■ ■ ■

# ੨੮

# ਸ਼ਬਦ ਗੁਰੂ

ਗੁਰੂ ਦੀ ਬਖਸ਼ੀ ਸਿੱਖੀ ਨੂੰ ਸਮਝਣਾ ਹੋਵੇ ਤਾਂ ਸਿੱਖੀ ਦਾ ਇਕ ਸਿਧਾਂਤ ਸਮਝਣਾ ਬਹੁਤ ਹੀ ਜ਼ਰੂਰੀ ਹੈ। ਉਹ ਇਹ ਹੈ ਕਿ ਸਿੱਖ ਦਾ ਸ਼ਬਦ ਗੁਰੂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅੱਜ ਸਿੱਖ ਗੁਰੂ ਆਖ ਕੇ ਮੱਥਾ ਟੇਕਦਾ ਹੈ। ਅਣਗਿਣਤ ਜੀਵਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਆਤਮਿਕ ਕਲਿਆਣ ਕਰ ਰਹੇ ਹਨ। ਅਨੇਕਾਂ ਪ੍ਰਾਣੀ ਬਾਣੀ ਪੜ੍ਹਦੇ ਹਨ। ਕੀਰਤਨ ਕਥਾ ਸੁਣਦੇ ਹਨ ਤੇ ਉਨ੍ਹਾਂ ਨੂੰ ਮਾਨਸਿਕ ਤ੍ਰਿਪਤੀ ਮਿਲਦੀ ਹੈ। ਅੱਜ ਜਗਤ ਦੇ ਸਿਆਣੇ ਇਸ ਗੱਲ ਨੂੰ ਮੰਨ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਸਿੱਖਾਂ ਨੂੰ ਕਿਸੇ ਦੇਹਧਾਰੀ ਗੁਰੂ ਦੀ ਲੋੜ ਨਹੀਂ। ਉਸ ਦਾ ਕਾਰਨ ਸਪਸ਼ੱਟ ਹੈ ਕਿ ਜਿਹੜਾ ਭੋਜਨ ਤ੍ਰਿਪਤੀ ਦੇ ਦੇਵੇ ਉਸ ਲਈ ਇੰਨਾ ਹੀ ਪ੍ਰਮਾਣ ਕਾਫ਼ੀ ਹੈ ਕਿ

*ਜੇ ਕੋ ਖਾਵੈ ਜੇ ਕੋ ਭੁੰਚੈ ਤਿਸਕਾ ਹੋਇ ਉਧਾਰੋ।* *(ਮੁੰਦਾਵਣੀ ਮ. ੫)*

ਇੰਨੇ ਚੰਗੇ ਜੀਵਨ ਵਾਲੇ ਟਿਕੇ ਹੋਏ ਗੁਰਸਿੱਖ ਮਿਲਦੇ ਹਨ ਜਿਨ੍ਹਾਂ ਦੇ ਦਰਸ਼ਨ ਕੀਤਿਆਂ ਹੀ ਮਨ ਖਿੜ ਜਾਂਦਾ ਹੈ। ਮਨ ਵਿਚ ਟਿਕਾਉ ਆਉਂਦਾ ਹੈ। ਉਨ੍ਹਾਂ ਦੀ ਰਸਨਾ ਵਿਚ ਰਸ ਹੈ, ਬਚਨ ਦੇ ਬਲੀ ਹਨ, ਬਚਨ ਸਿੱਧੀ ਵੀ ਹੈ। ਉਨ੍ਹਾਂ ਨੂੰ ਸੁਰਤ ਦਾ ਟਿਕਾਅ ਤੇ ਸੁਰਤ ਦੀ ਚੜ੍ਹਦੀ ਕਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੋਈ ਹੈ। ਜ਼ਰਾ ਪਿਛੇ ਚਲੀਏ, ਨਾਮ ਅਭਿਆਸੀ ਗਿਣੇ ਹੀ ਨਹੀਂ ਜਾਂਦੇ। ਭਾਈ ਬੁੱਧੂ ਸਾਹਿਬ ਜੀ ਪਾਸ ਮਹਾਰਾਜਾ ਰਣਜੀਤ ਸਿੰਘ ਗਏ। ਪਹਿਲਾਂ ਦਰਸ਼ਨ ਨਹੀਂ ਸਨ ਕੀਤੇ। ਜਾ ਕੇ ਪੁਛਿਆ ਮੈਂ ਭਾਈ ਬੁੱਧੂ ਸਾਹਿਬ ਨੂੰ ਮਿਲਣਾ ਹੈ। ਭਾਈ ਸਾਹਿਬ ਨੇ ਕਿਹਾ, ਸਾਹਿਬ ਤਾਂ ਅੰਦਰ ਹਨ ਤੇ ਬੁੱਧੂ ਮੈਂ ਹਾਂ। ਭਾਵ ਅੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ ਮੈਂ ਉਨ੍ਹਾਂ ਦਾ ਸੇਵਾਦਾਰ ਹਾਂ। ਅਣਗਿਣਤ ਨਾਮ ਜਪਣ ਵਾਲੇ, ਵੰਡ ਛਕਣ ਵਾਲੇ, ਵਿਦਵਾਨ, ਗੁਣਵਾਨ, ਕੁਰਬਾਨੀ ਕਰਨ ਵਾਲੇ ਸ਼ਹੀਦ ਸਿੰਘ ਸਿੰਘਣੀਆਂ ਹੋਏ ਹਨ। ਉਹ ਸਾਰੇ ਗੁਰੂ ਗ੍ਰੰਥ ਸਾਹਿਬ ਤੋਂ ਹੀ ਵਰੋਸਾਇ ਸਨ। ਉਹ ਕਿਸੇ ਵੀ ਦੇਹਧਾਰੀ ਗੁਰੂ ਪਾਸ ਨਹੀਂ ਗਏ। ਉਨ੍ਹਾਂ ਨੂੰ ਰੰਗ ਸ੍ਰੀ ਗੁਰੂ ਗ੍ਰੰਥ

ਸਾਹਿਬ ਤੋਂ ਹੀ ਲਗਾ ਸੀ। ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਣ ਵਿਚ ਅਣਗਿਣਤ ਜੀਵ ਨਾਮ ਰਸ ਪ੍ਰਾਪਤ ਕਰਕੇ ਮੁਕਤ ਹੋ ਰਹੇ ਹਨ। ਅੱਜ ਅਸੀਂ ਜੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ ਤਾਂ ਸੱਚ ਇਹ ਹੈ ਕਿ ਜੇ ਆਖਰੀ ਗੁਰੂ, ਗੁਰੂ ਗ੍ਰੰਥ ਸਾਹਿਬ ਹਨ ਤਾਂ ਸਿੱਖੀ ਦਾ ਪਹਿਲਾ ਗੁਰੂ ਵੀ ਸ਼ਬਦ ਹੀ ਹੈ। ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨੇ ਪੁੱਛਿਆ ਸੀ ਤੁਹਾਡਾ ਗੁਰੂ ਕੌਣ ਹੈ? ਅਸਲ ਵਿਚ ਉਹ ਜਾਣਦੇ ਸਨ ਕਿ ਗੁਰੂ ਨਾਨਕ ਦੇਵ ਜੀ ਨੇ ਅਜੇ ਤੱਕ ਕੋਈ ਦੇਹਧਾਰੀ ਗੁਰੂ ਧਾਰਨ ਨਹੀਂ ਕੀਤਾ। ਇਸ ਲਈ ਉਹ ਖ਼ਿਆਲ ਕਰਦੇ ਸਨ ਕਿ ਅਸੀਂ ਗੁਰੂ ਨਾਨਕ ਦੇਵ ਨੂੰ ਨਿਗੁਰਾ ਸਿੱਧ ਕਰਕੇ ਪ੍ਰੇਰਣਾ ਦੇ ਦਿਆਂਗੇ ਕਿ ਤੁਸੀਂ ਸਾਨੂੰ ਗੁਰੂ ਧਾਰਣ ਕਰ ਲਵੋ। ਉਹ ਵਾਰ-ਵਾਰ ਕਹਿੰਦੇ ਸਨ ਕਿ ਤੁਸੀਂ ਨਿਗੁਰੇ ਹੋ। ਤੁਹਾਡਾ ਗੁਰੂ ਕੋਈ ਨਹੀਂ, ਤੁਸੀਂ ਜੋਗ ਦਾ ਭੇਖ ਲੈ ਲਵੋ।

*ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾਂ ਝੋਲੀ ਖਿੰਥਾ॥*
*ਬਾਰਹ ਅੰਤਰਿ ਏਕੁ ਸਰੇਵਹੁ, ਖਟੁ ਦਰਸਨ ਇਕ ਪੰਥਾ॥*

ਪਰ ਸਤਿਗੁਰੂ ਕਹਿੰਦੇ ਹਨ ਤੁਹਾਨੂੰ ਭੁਲੇਖਾ ਲੱਗ ਰਿਹਾ ਹੈ ਮੇਰਾ ਗੁਰੂ ਹੈ। ਫਿਰ ਸਿੱਧ ਪੁਛਦੇ ਹਨ—

*ਤੇਰਾ ਕਵਣੁ ਗੁਰੂ ਜਿਸਕਾ ਤੂੰ ਚੇਲਾ॥*

ਸਤਿਗੁਰੂ ਅਗੋਂ ਦਸਦੇ ਹਨ—

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥* (ਸਿਧ ਗੋਸ਼ਟ, ਪੰਨਾ ੯੪੩)

ਇਸੇ ਸ਼ਬਦ ਦੇ ਆਸਰੇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸਿਧ ਮੰਡਲੀ ਨੂੰ ਜਿੱਤਿਆ ਸੀ। ਇਹ ਸ਼ਬਦ ਦੀ ਬਰਕਤ ਸੀ ਜਿਸ ਬਰਕਤ ਨਾਲ ਸਾਰਾ ਜਗਤ ਜਿੱਤ ਲਿਆ ਸੀ। ਇਹ ਸ਼ਬਦ ਦੀ ਦਾਤ ਜਿਸ ਜਿਸ ਪਾਸ ਚਲੀ ਗਈ ਉਹੋ ਗੁਰੂ ਬਣ ਗਿਆ ਸੀ।

ਪਹਿਲਾਂ ਵੀ ਗੁਰੂ ਨਾਨਕ ਦੇਵ ਜੀ ਨੇ ਹਰ ਸਿੱਖ ਨੂੰ ਇਹ ਗੱਲ ਕਹੀ ਸੀ ਸ਼ਬਦ ਨਾਲ ਜੁੜੋਗੇ ਤਾਂ ਵਿਛੜੋਗੇ ਨਹੀਂ। ਪਰ ਸਰੀਰ ਨਾਲ ਮਿਲੋਗੇ ਤਾਂ ਵਾਰ-ਵਾਰ ਵਿਛੜੋਗੇ। ਦਸਾਂ ਗੁਰ ਜਾਮਿਆਂ ਨੇ ਸ਼ਬਦ ਗੁਰੂ ਦਾ ਹੀ ਪ੍ਰਚਾਰ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਸਚਖੰਡ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਰ ਦਿੱਤਾ ਸੀ। ਸ਼ਬਦ ਨੂੰ ਗੁਰੂ ਤਾਂ ਗੁਰੂ ਨਾਨਕ ਦੇਵ ਜੀ ਨੇ ਹੀ ਕਹਿ ਦਿੱਤਾ ਸੀ। ਦਸਾਂ ਗੁਰੂ ਵਿਅਕਤੀਆਂ ਨੇ ਇਹੀ ਗੱਲ ਕਹੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਅੰਤਮ ਰਸਮ ਵੀ ਅਦਾ ਕਰ ਦਿੱਤੀ। ਐਸਾ ਨਾ ਸੋਚਣਾ ਕਿ ਪਹਿਲਾਂ ਬਾਣੀ ਦਾ ਆਦਰ ਅਦਬ ਨਹੀਂ ਸੀ। ਨਹੀਂ, ਖੁਦ ਗੁਰ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਸਨ। ਬਾਣੀ ਦਾ ਆਦਰ ਕਰਦੇ ਸਨ। ਇਕ ਸਾਖੀ ਪ੍ਰਸਿੱਧ ਹੈ ਕਿ ਗੁਰੂ ਹਰਿ ਰਾਇ ਸਾਹਿਬ ਜੀ ਬਾਣੀ ਦੇ ਆਦਰ ਲਈ ਆਰਾਮ ਕਰਦੇ

ਛੇਤੀ ਉੱਠੇ ਤੇ ਗੋਡੇ ਤੇ ਸੱਟ ਲੱਗ ਗਈ ਸੀ। ਸਤਿਕਾਰ ਤਾਂ ਗੁਰ ਵਿਅਕਤੀ ਕਰਦੇ ਸਨ। ਜੋ ਅਸੀਂ ਕਹਿੰਦੇ ਹਾਂ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿੱਤੀ ਇਹ ਸਿੱਖਾਂ ਪ੍ਰਤੀ ਇਕ ਹੁਕਮ ਸੀ ਜਿਸ ਨੂੰ ਰਸਮ ਦੇ ਰੂਪ ਵਿਚ ਵੀ ਕਰ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਹੀ ਤੁਹਾਡਾ ਗੁਰੂ ਹੈ। ਇਕ ਗੱਲ ਸਾਨੂੰ ਕਦੀ ਨਹੀਂ ਭੁਲਣੀ ਚਾਹੀਦੀ ਕਿ ਜਿਵੇਂ ਗੁਰ ਵਿਅਕਤੀਆਂ ਨੂੰ ਗੁਰਿਆਈ ਗੱਦੀ ਦਿੱਤੀ ਜਾਂਦੀ ਸੀ ਉਹੀ ਰਸਮ ਕੀਤੀ ਗਈ। ਪਰ ਗੁਰ ਵਿਅਕਤੀ ਸੇਵਾ ਕਰਕੇ ਗੁਰਗੱਦੀ ਦੇ ਯੋਗ ਹੋਏ ਸਨ ਜਿਵੇਂ ਗੁਰੂ ਅੰਗਦ ਦੇਵ ਜੀ ਨੇ ਕੀਤੀ, ਗੁਰੂ ਅਮਰਦਾਸ ਜੀ ਨੇ ਕੀਤੀ ਸੀ, ਗੁਰੂ ਰਾਮਦਾਸ ਜੀ ਨੇ ਕੀਤੀ ਸੀ। ਪਰ ਸ਼ਬਦ ਗੁਰੂ ਤਾਂ ਧੁਰੋਂ ਹੀ ਗੁਰੂ ਸਨ। ਇਹ ਇਕ ਰਸਮ ਸ਼ਬਦ ਦੇ ਸਤਿਕਾਰ ਵਾਸਤੇ ਤੇ ਖਾਲਸੇ ਨੂੰ ਹੁਕਮ ਦ੍ਰਿੜ ਕਰਾਉਣ ਵਾਸਤੇ ਕੀਤੀ ਗਈ ਸੀ।

ਅੱਜ ਸਮੁੱਚਾ ਸਿੱਖ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੈ। ਰੋਜ਼ਾਨਾ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਵਿਚ ਬੈਠ ਕੇ ਸਿੱਖੀ ਦੀ ਜਾਚਨਾ ਕਰਦਾ ਹੈ। ਪੰਜ ਪਿਆਰੇ ਵੀ, ਜੇ ਅੰਮ੍ਰਿਤਪਾਨ ਕਰਾਉਂਦੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਕੇ ਆਗਿਆ ਮੰਗਦੇ ਹਨ। ਸਤਿਗੁਰਾਂ ਕਿਹਾ ਸੀ, ਮੇਰਾ ਸਰੀਰ ਪੰਥ ਵਿਚ ਤੇ ਆਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲੀਣ ਹੋ ਰਹੀ ਹੈ। ਤੇ ਤੁਹਾਨੂੰ ਮੇਰਾ ਇਹ ਹੁਕਮ ਹੈ ਕਿ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਨੂੰ ਗੁਰੂ ਨਹੀਂ ਮੰਨਣਾ।

ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਜਿਹੜਾ ਬੰਦਾ ਹੋਰ ਪਾਸੇ ਜਾਂਦਾ ਹੈ ਤੇ ਆਪਣੇ ਆਪ ਨੂੰ ਸਿੱਖ ਵੀ ਸਮਝਦਾ ਹੈ। ਉਹ ਭੁਲੇਖੇ ਵਿਚ ਹੈ। ਸਿਆਣਿਆਂ ਦੇ ਕਥਨ ਅਨੁਸਾਰ ਕਾਫੀ ਧਰਮ ਹਨ ਅਤੇ ਹਰ ਧਰਮ ਦੀ ਆਪਣੀ ਸਾਧਨਾ ਹੈ। ਮੁਬਾਰਕ ਹੈ ਜਿਵੇਂ ਠੀਕ ਸਮਝਦੇ ਹਨ ਕਰਨ। ਪਰ ਇਕ ਗੱਲ ਸਾਫ਼ ਹੈ ਕਿ ਜਿਹੜਾ ਬੰਦਾ ਦੇਹ ਧਾਰੀ ਗੁਰੂ ਨੂੰ ਮੰਨਦਾ ਹੈ, ਉਹ ਕੁਝ ਹੋਰ ਤਾਂ ਹੋ ਸਕਦਾ ਹੈ, ਪਰ ਸਿੱਖ ਨਹੀਂ ਹੋ ਸਕਦਾ। ਉਸ ਵਿਚ ਬੜੇ ਗੁਣ ਹੋਣ, ਹੋ ਸਕਦਾ ਹੈ ਉਸ ਪਾਸ ਬੜਾ ਧਨ ਹੋਵੇ ਹੋ ਸਕਦਾ ਹੈ, ਉਸਦਾ ਬੜਾ ਅਸਰ ਰਸੂਖ ਹੋਵੇ। ਹੋ ਸਕਦਾ ਹੈ, ਉਸਦਾ ਉਸਦੇ ਮਜ਼ਹਬ ਵਿਚ ਬੜਾ ਸਨਮਾਨ ਹੋਵੇ। ਬਹੁਤ ਕੁਝ ਉਹ ਹੋ ਸਕਦਾ ਹੈ, ਪਰ ਜੇ ਪ੍ਰਮਾਤਮਾ ਤੇ ਵਿਸ਼ਵਾਸ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ਼ਰਧਾ ਨਹੀਂ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤਪਾਨ ਨਹੀਂ ਕੀਤਾ ਤਾਂ ਇਹ ਸੱਚ ਹੈ ਤੇ ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ ਕਿ ਉਹ ਮੇਰਾ ਸਿੱਖ ਨਹੀਂ ਹੋ ਸਕਦਾ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਹਨ ਤੇ ਇੰਝ ਕਹਿ ਦਿਆਂ ਕਿ ਦਸ ਗੁਰ ਵਿਅਕਤੀ ਜਿਸ ਨੂੰ ਗੁਰੂ ਆਖ ਕੇ ਜਿਸ ਨਾਲ ਸੰਗਤਾਂ ਨੂੰ ਜੋੜਦੇ ਰਹੇ ਹਨ ਉਹ ਇਹੀ ਗੁਰੂ ਹੈ ਜਿਸ ਨੂੰ ਅਣਗਿਣਤ ਪ੍ਰਾਣੀ ਸਿਰ ਝੁਕਾਉਂਦੇ ਹਨ ਤੇ ਕਹਿੰਦੇ ਹਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

■ ■ ■

## ੨੯

# ਗਾਥਾ ਗੁਰਪੁਰਬ ਦੀ

ਗੁਰੂ ਕੈਸਾ ਹੁੰਦਾ ਹੈ ਜਿਸ ਗੁਰੂ ਦਾ ਪੁਰਬ ਮਨਾਉਂਦੇ ਹਾਂ, ਇਹ ਕਥਾਵਾਂ ਤਾਂ ਅਸੀਂ ਪਿੱਛੇ ਪੜ੍ਹ ਲਈਆਂ ਹਨ, ਪਰ ਗੁਰਪੁਰਬ ਮਨਾਉਣ ਵਾਲਾ ਸਿੱਖ ਕੈਸਾ ਚਾਹੀਦਾ ਹੈ ਇਸ ਬਾਰੇ ਵੀ ਕੁਝ ਵਿਚਾਰਾਂ ਕਰਨੀਆਂ ਹਨ। ਇਕ ਮਹਾਨ ਅਦੀਬ ਕਹਿੰਦੇ ਹਨ–

*ਹਮ ਜਬ ਭੀ ਤੁਮਾਰੇ ਦਰ ਪੇ ਗਏ, ਹਾਥੋਂ ਮੇਂ ਲੇਕਰ ਫੂਲ ਗਏ।*
*ਵੋਹ ਫਿਰਨਾ ਹਰਸੂ ਮੱਕੇ ਕਾ, ਵੋਹ ਰੁਕਨਾ ਗਿਰਤੇ ਪਰਬਤ ਕਾ,*
*ਹਰ ਚੀਜ਼ ਤੁਮਾਰੀ ਯਾਦ ਰਹੀ, ਪੈਗਾਮ ਤੁਮਾਰਾ ਭੂਲ ਗਏ।*

ਭਾਈ ਗੁਰਦਾਸ ਜੀ ਦਾ ਫ਼ਰਮਾਨ ਹੈ ਕਿ ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੇ ਜਾਂਦਾ ਹਾਂ ਜਿਹੜੇ ਗੁਰੂ ਦੇ ਪ੍ਰੇਮ ਵਿਚ ਗੁਰੂ ਦੀ ਭਗਤੀ ਵਿਚ ਗੁਰੂ ਨੂੰ ਯਾਦ ਕਰਦੇ ਹਨ ਗੁਰਪੁਰਬ ਮਨਾਉਂਦੇ ਹਨ। ਪ੍ਰੇਮਾ ਭਗਤੀ ਵਾਲੇ ਭਾਵੁਕ ਬੰਦੇ ਅੱਜ ਵੀ ਸੰਸਾਰ ਵਿਚ ਬਹੁਤ ਹਨ। ਈਸਾ ਦੇ ਪ੍ਰੇਮੀ ਈਸਾਈ ਸਾਧੂ ਅੱਜ ਵੀ ਮੌਜੂਦ ਹਨ। ਜਿਸ ਦਿਨ ਈਸਾ ਨੂੰ ਸੂਲੀ ਤੇ ਚੜ੍ਹਾਇਆ ਗਿਆ ਸੀ, ਜਦੋਂ ਉਹ ਦਿਨ ਆਉਂਦਾ ਹੈ ਤਾਂ ਉਹ ਸਾਧੂ ਇੰਨੇ ਭਾਵਕ ਹੋ ਜਾਂਦੇ ਹਨ ਕਿ ਉਨ੍ਹਾਂ ਦੇ ਹੱਥਾਂ ਪੈਰਾਂ ਵਿਚੋਂ ਖ਼ੂਨ ਨਿਕਲਣ ਲੱਗ ਪੈਂਦਾ ਹੈ। ਉਹ ਇੰਝ ਮਹਿਸੂਸ ਕਰਦੇ ਹਨ ਕਿ ਮੈਂ ਹੀ ਸੂਲੀ ਤੇ ਚੜ੍ਹ ਰਿਹਾ ਹਾਂ।

ਗੁਰੂ ਨਾਨਕ ਦੇਵ ਜੀ ਜਦੋਂ ਜਗਨ ਨਾਥ ਪੁਰੀ ਗਏ ਸਨ ਤਾਂ ਐਸੇ ਬੰਦੇ ਵੇਖੇ ਸਨ ਜਿਨ੍ਹਾਂ ਨੇ ਕ੍ਰਿਸ਼ਨ ਜੀ ਦੇ ਰੱਥ ਥੱਲੇ ਆ ਕੇ ਆਪਣੇ ਪ੍ਰਾਣ ਦੇ ਦਿੱਤੇ ਸਨ। ਕਰਬਲਾ ਵਿਚ ਜਦੋਂ ਹੁਸੈਨ ਨੂੰ ਯਜ਼ੀਦ ਦੇ ਹੁਕਮ ਨਾਲ ਪਿਆਸਾ ਮਾਰ ਦਿੱਤਾ ਸੀ ਮੁਸਲਮਾਨ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਫਾਤਮਾ ਦੇ ਪੁੱਤਰ ਦਾ ਸ਼ਹਾਦਤ ਦਾ ਦਿਨ ਮਨਾਉਂਦੇ ਹਨ। ਇਕ ਅਦੀਬ ਲਿਖਦੇ ਹਨ–

*ਕਤਲੇ ਹੁਸੈਨ ਅਸਲ ਮੇ ਮਰ ਗਏ ਯਜ਼ੀਦ ਹੈ*
*ਇਸਲਾਮ ਜ਼ਿੰਦਾ ਹੋਤਾ ਹੈ ਹਰ ਕਰਬਲਾ ਕੇ ਬਾਦ।*

ਮੁਸਲਮਾਨ ਫਕੀਰ ਇਸ ਦਿਨ ਆਪਣੇ ਸਰੀਰ ਨੂੰ ਮਾਰ-ਮਾਰ ਕੇ ਖ਼ੂਨ ਕੱਢ ਲੈਂਦੇ ਹਨ। ਕੋਈ ਚਿਮਟੇ ਮਾਰਦਾ ਹੈ, ਕੋਈ ਸੰਗਲ ਮਾਰਦਾ ਹੈ। ਸਾਨੂੰ ਭਾਈ ਗੁਰਦਾਸ ਜੀ ਐਸੀ ਪ੍ਰੇਮਾ ਭਗਤੀ ਦੀ ਪ੍ਰੇਰਣਾ ਨਹੀਂ ਦੇ ਰਹੇ। ਸਾਨੂੰ ਤਾਂ ਭਾਈ ਗੁਰਦਾਸ ਕਹਿ ਰਹੇ ਹਨ, ਗੁਰੂ ਦੇ ਉਪਦੇਸ਼ਾਂ ਨਾਲ ਗੁਰੂ ਦੀ ਬਾਣੀ ਨਾਲ, ਗੁਰਮਤਿ ਸਿਧਾਂਤਾਂ ਨਾਲ ਪ੍ਰੇਮ ਕਰੋ। ਗਏ ਨਾਲ ਮਰ ਜਾਣਾ ਔਖਾ ਨਹੀਂ। ਪਰ ਕਿਸੇ ਮਹਾਂਪੁਰਖ ਦੇ ਉਪਦੇਸ਼ਾਂ ਨੂੰ ਜੀਵਣ ਆਧਾਰ ਬਣਾ ਕੇ ਜਿਊਣਾ ਬਹੁਤ ਔਖਾ ਹੈ। ਗੁਰਪੁਰਬ ਮਨਾਉਣੇ ਕੀ ਹਨ ਗੁਰੂ ਦੀ ਵਡਿਆਈ ਕਰਨੀ। ਤੇ ਗੁਰੂ ਦੀ ਵਡਿਆਈ ਗੱਲੀਂਬਾਤੀਂ ਹੀ ਪ੍ਰਗਟ ਨਾ ਹੋਵੇ। ਗੁਰੂ ਦੀ ਵਡਿਆਈ ਤਾਂ ਸ਼ਿੱਖ ਦੇ ਜੀਵਨ ਵਿਚੋਂ ਹੀ ਪ੍ਰਗਟ ਹੋਣੀ ਚਾਹੀਦੀ ਹੈ। ਜੇ ਗੁਰੂ ਦੀ ਵਡਿਆਈ ਸਿੱਖ ਦੇ ਜੀਵਨ ਵਿਚੋਂ ਨਜ਼ਰ ਨਾ ਆਈ ਤਾਂ ਫਿਰ ਕੀਤੀਆਂ ਕਥਾਵਾਂ ਤਾਂ ਇੰਜ ਹੋਣਗੀਆਂ।

ਜਿਵੇਂ ਕਿ ਇਕ ਬਾਣੀਆ, ਰੋਜ਼ਾਨਾ ਕਥਾ ਸੁਨਣ ਜਾਂਦਾ ਸੀ। ਪੰਡਤ ਭਲੀਆਂ ਗੱਲਾਂ ਦਸਦਾ ਸੀ। ਬੇਸ਼ੱਕ ਇਹ ਉਨ੍ਹਾਂ ਗੱਲਾਂ ਵਿਚੋਂ ਇਕ ਵੀ ਨਹੀਂ ਸੀ ਮੰਨਦਾ ਪਰ ਸੁਨਣ ਨੇਮ ਨਾਲ ਜਾਂਦਾ ਸੀ। ਕਿਉਂਕਿ ਸੁਣਿਆ ਸੀ ਕਿ ਕਥਾ ਸੁਨਣ ਦਾ ਫਲ ਹੁੰਦਾ ਹੈ। ਉਹ ਇਹੀ ਸਮਝਦਾ ਸੀ, ਸ਼ਾਇਦ ਦੁਕਾਨ ਚੰਗੀ ਚੱਲਦੀ ਹੈ ਅਤੇ ਚੱਲਦੀ ਵੀ ਸੀ। ਲੋਕ ਭਰੋਸਾ ਕਰਨ ਲੱਗ ਪਏ ਸਨ ਕਿ ਰੋਜ਼ਾਨਾ ਕਥਾ ਸੁਨਣ ਵਾਲਾ ਬੰਦਾ ਘੱਟ ਨਹੀਂ ਤੋਲਦਾ ਹੋਣਾ ਤੇ ਘੱਟੋ ਘੱਟ ਜਿੰਨੇ ਕਥਾ ਸੁਨਣ ਜਾਂਦੇ ਸਨ, ਉਹ ਤਾਂ ਜ਼ਰੂਰ ਫਸਣਗੇ ਕਿ ਰੋਜ਼ਾਨਾ ਦਾ ਸਤਸੰਗੀ ਹੈ। ਇਸਦੇ ਪਾਸ ਹੀ ਜਾਈਏ। ਉਸਦੀ ਸੁਣੀ ਕਥਾ ਅਧਿਆਤਮਕਤਾ ਤਾਂ ਨਹੀਂ ਸੀ ਪਰ ਆਰਥਿਕ ਫਾਇਦਾ ਜ਼ਰੂਰ ਹੋ ਰਿਹਾ ਸੀ। ਐਸੇ ਬੰਦੇ ਆਮ ਮਿਲਦੇ ਹਨ। ਇਕ ਸੱਜਣ ਗ੍ਰੰਥੀ ਸਿੰਘ ਨੂੰ ਕਹਿ ਰਿਹਾ ਸੀ ਕਿ ਮਹੀਨੇ ਦੇ ਇਕੱਠੇ ਪੈਸੇ ਲੈ ਲਵੋ ਅਰਦਾਸ ਜ਼ਰੂਰ ਕਰਨੀ। ਮੇਰਾ ਨਾਂ ਬੇਸ਼ੱਕ ਨਾ ਲੈਣਾ ਕਿਉਂਕਿ ਮੈਂ ਨਿਸ਼ਕਾਮ ਸੇਵਕ ਹਾਂ ਪਰ ਫੈਕਟਰੀ ਦਾ ਨਾਂ ਜ਼ਰੂਰ ਲੈਣਾ, ਸੋਪ ਫੈਕਟਰੀ। ਸਾਬਣ ਵੇਚਣ ਦਾ ਇਸ ਤੋਂ ਵਧੀਆ ਹੋਰ ਕੀ ਢੰਗ ਹੋ ਸਕਦਾ ਹੈ। ਅੱਜ ਵੀ ਕਈ ਗੁਰਦਵਾਰਿਆਂ ਦੀਆਂ ਗੋਲਕਾਂ ਉੱਤੇ ਲੋਕਾਂ ਦੀਆਂ ਦੁਕਾਨਾਂ ਦੇ ਨਾਂ ਲਿਖੇ ਪਏ ਹਨ। ਮੱਥਾ ਟੇਕਣ ਵਾਲਾ ਗੋਲਕ ਤਾਂ ਵੇਖੇਗਾ ਹੀ ਸਾਡੀ ਦੁਕਾਨ ਦਾ ਨਾਂ ਪੜ੍ਹੇਗਾ ਤਾਂ ਆਵੇਗਾ ਵੀ ਜ਼ਰੂਰ।

ਬਾਣੀਏ ਨੇ ਕਦੀ ਨਾਗਾ ਨਹੀਂ ਸੀ ਪਾਇਆ ਪਰ ਕਿਤੇ ਬਾਹਰ ਜਾਣਾ ਪਿਆ। ਪੁੱਤਰ ਨੂੰ ਕਿਹਾ, ਜਾ ਅੱਜ ਮੇਰੀ ਥਾਂ ਕਥਾ ਤੂੰ ਸੁਣ ਕੇ ਆ। ਪੁੱਤਰ ਗਿਆ। ਮਾਸੂਮ ਬੱਚਾ ਨਿਰਛਲ ਸੀ। ਪੰਡਤ ਦੀਆਂ ਗੱਲਾਂ ਚੰਗੀਆਂ ਲੱਗੀਆਂ। ਪੰਡਤ ਨੇ ਜਿਵੇਂ ਰੋਜ਼ਾਨਾ ਕਹਿੰਦਾ ਸੀ ਗਊ ਗਰੀਬ ਦੀ ਸੇਵਾ ਕਰਨੀ, ਆਖਿਆ ਤਾਂ ਬੱਚੇ ਨੇ ਸੁਣਿਆ, ਹਿਰਦੇ ਦੀ ਸਲੇਟ ਕੋਰੀ ਸੀ, ਇਸ ਤੋਂ ਪਹਿਲਾਂ ਕਦੀ ਦੁਕਾਨ ਤੇ ਵੀ

ਨਹੀਂ ਸੀ ਆਇਆ। ਅੱਜ ਕਥਾ ਸੁਣ ਕੇ ਦੁਕਾਨ ਤੇ ਆਇਆ। ਜੋ ਕਿਸੇ ਗਰੀਬ ਨੇ ਮੰਗਿਆ ਦਿੱਤਾ। ਇਕ ਗਊ ਆ ਗਈ। ਵੜੇਵਿਆਂ ਦੀ ਬੋਰੀ ਤੇ ਮੂੰਹ ਮਾਰਨ ਲੱਗੀ ਇਸ ਨੇ ਨਹੀਂ ਰੋਕਿਆ। ਇੰਨੀ ਦੇਰ ਨੂੰ ਬਾਪ ਵੀ ਆ ਗਿਆ। ਬੱਚੇ ਨੂੰ ਬੁਰਾ-ਭਲਾ ਕਿਹਾ ਅਤੇ ਗਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਬੱਚੇ ਨੇ ਕਿਹਾ, ਪਿਤਾ ਜੀ ਕੀ ਕਰਦੇ ਹੋ। ਇਹ ਕਥਾ ਤੁਸੀਂ ਨਹੀਂ ਸੁਣੀ ਕਿ ਗਊ ਗਰੀਬ ਦੀ ਸੇਵਾ ਕਰਨੀ, ਮਾਰਨਾ ਨਹੀਂ। ਬਾਣੀਏ ਦੀ ਸਮਝ ਵਿਚ ਹੁਣ ਗੱਲ ਆਈ ਤੇ ਕਹਿਣ ਲੱਗਾ, ਮੂਰਖ ਜੇ ਤੇਰੇ ਵਾਂਗੂੰ ਮੈਂ ਕਰਦਾ ਤਾਂ ਅੱਜ ਤੱਕ ਅਸੀਂ ਉਜੜ ਜਾਂਦੇ। ਉਹ ਕਥਾ ਏਥੇ ਨਾਲ ਨਹੀਂ ਲਿਆਈਦੀ ਉੱਥੇ ਹੀ ਛੱਡ ਆਈਦੀ ਹੈ। ਭੋਲੇ ਬੱਚੇ ਨੇ ਕਿਹਾ, ਪਿਤਾ ਜੀ ਫਿਰ ਤੁਸੀਂ ਸੁਨਣ ਹੀ ਕਿਉਂ ਜਾਂਦੇ ਹੋ? ਪਿਤਾ ਨੇ ਕਿਹਾ, ਪੁੱਤਰ ਐਸਾ ਨਹੀਂ ਆਖੀਦਾ। ਬੜਾ ਧਾਰਮਿਕ ਕੰਮ ਹੈ, ਬੜਾ ਫਲ ਮਿਲਦਾ ਹੈ, ਇਹ ਕਥਾ ਦੀ ਹੀ ਬਰਕਤ ਹੈ ਕਿ ਦੁਕਾਨ ਠੀਕ ਚੰਗੀ ਚੱਲਦੀ ਹੈ।

ਸਾਡਾ ਗੁਰਪੁਰਬ ਸਾਨੂੰ ਦੁਕਾਨਾਂ ਚਲਾਉਣ ਤਕ ਹੀ ਸੀਮਤ ਨਹੀਂ ਕਰਦਾ। ਅਸੀਂ ਤਾਂ ਗੁਰੂ ਕੋਲੋਂ ਗੁਰਮਤਿ ਲੈ ਕੇ ਜਾਣਾ ਹੈ। ਸਿੱਖੀ ਲੈ ਕੇ ਜਾਣਾ ਹੈ। ਸਾਡੀ ਗੁਰਮਤਿ ਦੀ ਕਥਾ ਸਾਨੂੰ ਪ੍ਰੇਰਣਾ ਦਿੰਦੀ ਹੈ ਕਿ ਗੁਰਸਿੱਖਾ ਤੂੰ ਬਾਣੀ ਅਤੇ ਬਾਣੇ ਦਾ ਧਾਰਨੀ ਹੋ।

ਬਾਣੀ ਸਾਡੀ ਜਿੰਦ ਜਾਨ ਹੈ, ਬਾਣਾ ਸਾਡਾ ਸਰੀਰ ਹੈ। ਇਕ ਬੱਚੇ ਨੇ ਜਨਮ ਲਿਆ ਹੈ ਜੇ ਅੰਗ ਪੂਰੇ ਨਹੀਂ ਤਾਂ ਅਪਾਹਜ ਹੈ। ਜੇ ਅੰਗ ਪੂਰੇ ਹਨ ਅਤੇ ਵਿਚ ਜਿੰਦ ਜਾਨ ਨਹੀਂ ਤਾਂ ਫਿਰ ਮੁਰਦਾ ਹੈ। ਜੇ ਸਿੱਖ ਬਾਣੀ ਤਾਂ ਪੜ੍ਹਦਾ ਹੈ, ਪਰ ਬਾਣਾ ਨਹੀਂ, ਤਾਂ ਇੰਝ ਸਮਝਣਾ, ਕਿ ਜਾਨ ਤਾਂ ਹੈ, ਪਰ ਸਰੀਰ ਪੂਰਾ ਨਹੀਂ। ਤੇ ਜੇ ਬਾਣਾ ਤਾਂ ਹੈ, ਪਰ ਬਾਣੀ ਨਹੀਂ ਪੜ੍ਹਦਾ, ਅੰਦਰ ਬਾਣੀ ਨਹੀਂ, ਤਾਂ ਫਿਰ ਸਰੀਰ ਤਾਂ ਹੈ, ਪਰ ਮੁਰਦਾ ਹੈ। ਵਿਚ ਜਿੰਦ ਜਾਨ ਨਹੀਂ। ਗੁਰੂ ਸਾਨੂੰ ਪ੍ਰੇਰਣਾ ਦਿੰਦੇ ਹਨ ਕਿ ਸਿੱਖਾ—

*ਜੈ ਤਨਿ ਬਾਣੀ ਵਿਸਰ ਜਾਇ॥ ਜਿਉ ਪਕਾ ਰੋਗੀ ਵਿਲਲਾਇ॥*

ਤੇ ਕੇਸ ਸਾਡੀ ਮੋਹਰ ਹੈ। ਬਾਣੇ ਵਾਲਾ ਸਿੱਖ ਗੁਰੂ ਦਾ ਤੁਰਦਾ ਫਿਰਦਾ ਨਿਸ਼ਾਨ ਸਾਹਿਬ ਹੈ। ਪਰ ਨਿਰਾ ਨਿਸ਼ਾਨ ਸਾਹਿਬ ਹੀ ਹੋਵੇ ਅੰਦਰ ਬਾਣੀ ਦਾ ਪ੍ਰਕਾਸ਼ ਨਾ ਹੋਵੇ ਤਾਂ ਅਸੀਂ ਸਮਝਦੇ ਹਾਂ ਕਿ ਐਵੇਂ ਕਿਸੇ ਨੇ ਥਾਂ ਤੇ ਕਬਜ਼ਾ ਕਰਨ ਵਾਸਤੇ ਹੀ ਨਿਸ਼ਾਨ ਸਾਹਿਬ ਲਗਾਇਆ ਹੈ। ਸਚਖੰਡ ਹਰਿਮੰਦਰ ਸਾਹਿਬ ਬਹੁਤ ਦੇਰ ਪਹਿਲੇ ਬਣ ਗਿਆ ਸੀ। ਫਿਰ ਬਾਣੀ ਦਾ ਪ੍ਰਕਾਸ਼ ਹੋਇਆ ਸੀ। ਫਿਰ ਨਿਸ਼ਾਨ ਸਾਹਿਬ ਲੱਗੇ ਸਨ। ਦੋ ਸੌ ਤੀਹ (੨੩੦) ਸਾਲ ਪਹਿਲਾਂ ਸਿੱਖ ਦੇ ਹਿਰਦੇ ਵਿਚ ਬਾਣੀ ਵਸਾਉਣ ਦਾ ਉਪਰਾਲਾ ਕੀਤਾ ਗਿਆ। ਫਿਰ ਇਸ ਨੂੰ ਬਾਣਾ ਦਿੱਤਾ ਗਿਆ।

ਅੱਜ ਵੀ ਬੜਾ ਚੰਗਾ ਹੋਵੇ ਕਿ ਬਾਣਾ ਧਾਰਣ ਕਰਨ ਤੋਂ ਪਹਿਲਾਂ ਹੀ ਸਿੱਖ ਦੇ ਅੰਦਰ ਬਾਣੀ ਵਸੀ ਹੋਵੇ। ਤੁਰਦਿਆਂ ਹੀ ਪਤਾ ਲੱਗੇ ਕਿ ਔਹ ਸਿੱਖ ਬਾਣੇ ਵਾਲਾ ਜਾ ਰਿਹਾ ਹੈ ਜਿਸ ਦੇ ਅੰਦਰ ਸਤਿਗੁਰੂ ਬਾਣੀ ਦੇ ਰੂਪ ਵਿਚ ਹੈ ਤੇ ਬਾਹਰ ਬਾਣੇ ਦੇ ਰੂਪ ਵਿਚ ਹੈ। ਗੁਰੂ ਦੀਆਂ ਸਿਫ਼ਤਾਂ ਨਾਲ ਸਾਡਾ ਪ੍ਰੇਮ ਬਣੇ ਫਿਰ ਸਾਨੂੰ ਗੁਰਪੁਰਬਾਂ ਤੇ ਇਹ ਅਵਾਜ਼ਾਂ ਨਾ ਦੇਣੀਆਂ ਪੈਣਗੀਆਂ ਕਿ ਸਤਿਗੁਰੂ ਇਕ ਵਾਰ ਫਿਰ ਆ ਜਾ। ਗੁਰੂ ਦੇ ਦਰਸ਼ਨ ਕਰਨ ਵਾਸਤੇ ਬਾਹਰ ਨਾ ਭਟਕਣਾ ਪਵੇਗਾ। ਸਗੋਂ ਦੀਦਾਰ ਖਾਲਸੇ ਦਾ ਇਹ ਬਚਨ ਯਾਦ ਆਉਣਗੇ ਤੇ ਗੁਰਪੁਰਬ ਮਨਾਉਣ ਆਏ ਗੁਰੂ ਦੇ ਸਿੱਖਾਂ ਵਿਚੋਂ ਹੀ ਗੁਰੂ ਦੇ ਦਰਸ਼ਨ ਹੋਣਗੇ ਤੇ ਇਹ ਬਚਨ ਸਾਡੇ ਤੇ ਢੁੱਕਣਗੇ।

*ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹਉ ਕਰਉ ਨਿਵਾਸ।*

ਗੁਰੂ ਦੇ ਉਹ ਬਚਨ ਸਾਡੇ ਤੇ ਪੂਰੇ ਉਤਰਨਗੇ। ਸਿੱਖਾਂ ਪੁਛਿਆ ਸੀ, ਪਾਤਸ਼ਾਹ! ਤੁਹਾਡੇ ਦਰਸ਼ਨ ਕਿਥੋਂ ਕਰਾਂਗੇ? ਸਤਿਗੁਰਾਂ ਕਿਹਾ ਸੀ ਅਸਲ ਦਰਸ਼ਨ ਤਾਂ ਉਸ ਦਿਨ ਹੀ ਹੋਣਗੇ ਜਦੋਂ ਤੂੰ ਸ਼ੀਸ਼ਾ ਵੇਖੇਂ ਤੇ ਤੇਰੇ ਸਰੂਪ ਵਿਚੋਂ ਮੇਰਾ ਸਰੂਪ ਦਿੱਸੇ। ਤੇ ਜਦੋਂ ਤੂੰ ਅੰਦਰ ਝਾਤੀ ਮਾਰੇਂ ਤਾਂ ਆਪਣੀ ਵਿਚਾਰ ਵਿਚੋਂ ਮੇਰੀ ਵਿਚਾਰ ਦਿੱਸੇ। ਭਾਵ ਇਹ ਸੀ, ਕਿ ਬਾਹਰ ਬਾਣਾ ਹੋਵੇ ਤੇ ਅੰਦਰ ਬਾਣੀ ਹੋਵੇ। ਉਸ ਸਿੱਖ ਦੇ ਦਰਸ਼ਨ ਮੇਰੇ ਹੀ ਦਰਸ਼ਨ ਹਨ। ਇਹ ਹੈ ਸਾਡੀ ਮੰਜ਼ਲ। ਜੇ ਐਸਾ ਜੀਵਨ ਬਣਾਉਣ ਲਈ ਇਨ੍ਹਾਂ ਗੁਰੂ ਦੀਆਂ ਕਥਾਵਾਂ ਵਿਚੋਂ ਕੋਈ ਪ੍ਰੇਰਣਾ ਮਿਲ ਜਾਏ ਤਾਂ ਮੈਂ ਆਪਣੇ ਧੰਨ ਭਾਗ ਸਮਝਾਂਗਾ।

ਸਤਿਗੁਰੂ ਅਮਰਦਾਸ ਜੀ ਦਾ ਬਚਨ ਹੈ ਕਿ ਬਾਬਿਆਂ ਦੀਆਂ ਕਹਾਣੀਆਂ, ਭਾਵ ਸਤਿਗੁਰਾਂ ਦੀਆਂ ਸਾਖੀਆਂ ਸਿੱਖ ਪੁੱਤਰਾਂ ਨੂੰ ਸਪੁੱਤਰ, ਚੰਗੇ ਗੁਰਮੁਖ, ਗੁਰਸਿੱਖ ਬਣਾ ਦੇਂਦੀਆਂ ਹਨ। ਜਿਵੇਂ ਸਤਿਗੁਰੂ ਨੂੰ ਭਾਉਂਦਾ ਹੈ ਸਿੱਖ ਪੁੱਤਰਾਂ ਦਾ ਉਹੀ ਵਿਸ਼ਵਾਸ ਬਣਦਾ ਹੈ, ਮੰਨ ਲੈਂਦੇ ਹਨ, ਗੁਰੂ ਨੂੰ ਭਾਉਣ ਵਾਲੇ ਕਰਮ ਕਰਦੇ ਹਨ ਇਹੀ ਅਸਲ ਸਿੱਖੀ ਹੈ।

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥*
*ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ, ਸੇਈ ਕਰਮ ਕਰੇਨਿ॥*
*(ਰਾਮਕਲੀ ਕੀ ਵਾਰ, ਸਲੋਕ ਮ: ੩, ਪੰਨਾ ੯੫੧)*

■ ■ ■

# ੩੦

## ਸਿੱਖੀ ਦਾ ਬਚਪਨ

ਬੱਚਾਂ ਸੰਸਾਰ ਵਿਚ ਅੱਖ ਖੋਹਲਣ ਤੋਂ ਬਾਦ ਜੋ ਸੰਸਾਰ ਨਾਲ ਸਾਂਝ ਪਾਉਂਦਾ ਹੈ ਉਹ ਸਾਂਝ ਖੁਰਾਕ ਦੀ ਹੈ। ਸਤਿਗੁਰੂ ਬਾਣੀ ਵਿਚ ਫੁਰਮਾਉਂਦੇ ਹਨ-

*ਪਹਿਲੈ ਪਿਆਰਿ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ॥*

*(ਮਾਝ ਕੀ ਵਾਰ ਮ: ੧, ਪੰਨਾ ੧੩੭)*

ਪਹਿਲੇ ਖੁਰਾਕ, ਫਿਰ ਖੁਰਾਕ ਦੇਣ ਵਾਲਿਆਂ ਵੱਲ ਧਿਆਨ ਜਾਂਦਾ ਹੈ। ਮਾਂ ਬਾਪ ਦਾ ਗਿਆਨ ਹੁੰਦਾ ਹੈ, ਰਿਸ਼ਤੇਦਾਰੀ ਦਾ ਧਿਆਨ ਆਉਂਦਾ ਹੈ।

*ਤੀਜੈ ਭਯਾ ਭਾਭੀ ਬੇਬ॥ ਚਉਥੈ ਪਿਆਰ ਉਪੰਨੀ ਖੇਡ॥*

ਪਰ ਇਹ ਜਨਮ ਸਹਿਜ ਸਹਿਜ ਮੌਤ ਵਲ ਤੁਰਿਆ ਜਾਂਦਾ ਹੈ। ਇਹ ਲਾਡ ਪਿਆਰ ਇਕ ਦਿਨ ਦੁਸ਼ਮਣੀ ਵਿਚ ਬਦਲ ਜਾਂਦੇ ਹਨ। ਉਹ ਭੈਣ ਭਰਾ ਜੋ ਇਕ ਦੂਸਰੇ ਬਿਨਾਂ ਖਾਣਾ ਨਹੀਂ ਸਨ ਖਾਂਦੇ, ਇਕ ਦੂਸਰੇ ਤੋਂ ਬਿਨਾਂ ਸੌਂਦੇ ਨਹੀਂ ਸਨ, ਜੋ ਮਾਤਾ ਪਿਤਾ ਨੂੰ ਬੜੇ ਪਿਆਰੇ ਸਨ। ਵੈਸੇ ਮਾਤਾ ਪਿਤਾ ਨੂੰ ਆਪਣਾ ਬੱਚਾ ਜਨਮ ਸਮੇਂ ਬੜਾ ਪਿਆਰਾ ਲਗਦਾ ਹੈ, ਬੜਾ ਹੀ ਸੁਹਣਾ ਲਗਦਾ ਹੈ, ਪਰ ਅਸਲ ਵਿਚ ਸੁਖ ਪਿਆਰੇ ਲਗਦੇ ਹਨ, ਸੁਖਾਂ ਦੀ ਆਸ ਪਿਆਰੀ ਲਗਦੀ ਹੈ। ਜੋ ਆਸਾਂ ਸੱਧਰਾਂ ਬੱਚੇ ਤੇ ਬਣਾਈਆਂ ਸਨ ਜੇ ਉਹ ਪੂਰੀਆਂ ਨਾ ਹੋਣ, ਜੇਕਰ ਉਸ ਤੋਂ ਉਲਟ ਦੁੱਖ ਮਿਲੇ, ਜੇ ਬੱਚਾ ਬੇਕਾਰ ਹੋਵੇ, ਜਾਂ ਗੁਨਾਹਗਾਰ ਹੋਵੇ ਤਾਂ ਮਾਂ ਬਾਪ ਨੂੰ ਉਹ ਲਾਡ ਪਿਆਰ ਕਿੱਥੇ ਉਮੜਦਾ ਹੈ ਜੋ ਉਸਦੇ ਜਨਮ ਵੇਲੇ ਸੀ ਜਾਂ ਉਸਦੇ ਬਚਪਨ ਵੇਲੇ ਸੀ। ਕਈ ਵਾਰ ਤਾਂ ਮਾਂ ਬਾਪ ਦੇ ਮੂੰਹੋਂ ਇਹ ਸ਼ਬਦ ਨਿਕਲਦੇ ਹਨ ਕਿ ਇਹ ਜੰਮਦਾ ਹੀ ਕਿਉਂ ਨਾ ਮਰ ਗਿਆ। ਜੇ ਕਬੀਰ ਸਾਹਿਬ ਦੀ ਮਾਂ ਇਹ ਸ਼ਬਦ ਕਹਿ ਸਕਦੀ ਹੈ ਕਿ ਮੇਰੀ ਦਰਾਣੀਉ ਤੇ ਜਠਾਣੀਉ, ਸੁਣੋ। ਇਹ ਅਸਚਰਜ ਗੱਲ ਹੈ ਕਿ ਕਿਸੇ ਦਾ ਪੁੱਤਰ ਇੰਨਾ ਬੇਕਾਰ ਨਿਕਲੇ। ਸਾਰੇ ਸੂਤਰ ਸਾਤਰ ਇਸ ਨੇ ਖਰਾਬ ਕਰ ਦਿੱਤੇ

ਹਨ। ਇਹ ਮੁੰਡਾ ਜੰਮਦਾ ਹੀ ਕਿਉਂ ਨਾ ਮਰ ਗਿਆ। ਹਾਲਾਂਕਿ ਕਬੀਰ ਸਾਹਿਬ ਵਿਚ ਕੋਈ ਅਵਗੁਣ ਨਹੀਂ ਸੀ। ਉਹ ਮਾਤਾ ਪਿਤਾ ਨੂੰ ਕੋਈ ਦੁੱਖ ਨਹੀਂ ਸਨ ਦੇ ਰਹੇ। ਪਰ ਜਿਹੜੇ ਬੱਚੇ ਮਾਤਾ ਪਿਤਾ ਦੀ ਆਸ ਸੱਧਰ ਤਾਂ ਕੋਈ ਪੂਰੀ ਨਹੀਂ ਕਰਦੇ ਸਗੋਂ ਦੁੱਖ ਹੀ ਦੁੱਖ ਦਿੰਦੇ ਹਨ ਉਹ ਮਾਤਾ ਪਿਤਾ ਨੂੰ ਕਿਵੇਂ ਚੰਗੇ ਲੱਗਣ ਅਤੇ ਬਚਪਨ ਵਾਲਾ ਲਾਡ ਕਿਵੇਂ ਯਾਦ ਆਵੇ? ਜਨਮ ਵੇਲੇ ਬਚਪਨ ਵੇਲੇ ਪੁੱਤਰ ਵਿਚੋਂ ਜੋ ਸੁੰਦਰਤਾ ਨਜ਼ਰ ਆਈ ਸੀ ਉਹ ਅੱਜ ਕਿੱਥੇ ਹੈ? ਮੈਂ ਸੁਣਿਆ ਹੈ ਕਿ ਇਕ ਬਾਦਸ਼ਾਹ ਦੇ ਘਰ ਬੜਾ ਸੁੰਦਰ ਪੁੱਤਰ ਸੀ। ਇਕ ਦਿਨ ਇਕ ਫਕੀਰ ਕਹਿ ਰਿਹਾ ਸੀ ਕਿ ਸੁੰਦਰਤਾ ਰੱਬ ਦੀ ਦਾਤ ਹੈ, ਸਿਆਣਪ ਰੱਬ ਦੀ ਦਾਤ ਹੈ। ਕੋਈ ਪਤਾ ਨਹੀਂ ਬਾਦਸ਼ਾਹ ਦੇ ਪੁੱਤਰ ਨੂੰ ਕਰੂਪ ਬਣਾ ਦੇਵੇ ਅਤੇ ਕੰਗਾਲ ਦੇ ਪੁੱਤਰ ਨੂੰ ਸੁੰਦਰ ਬਣਾ ਦੇਵੇ। ਕੋਈ ਪਤਾ ਨਹੀਂ, ਬਾਦਸ਼ਾਹ ਦੇ ਪੁੱਤਰ ਨੂੰ ਮੂਰਖ ਬਣਾ ਦੇਵੇ ਤੇ ਕਿਸੇ ਕੰਗਾਲ ਦੇ ਪੁੱਤਰ ਨੂੰ ਸਿਆਣਾ ਤੇ ਦਾਨਸ਼ਮੰਦ ਬਣਾ ਦੇਵੇ। ਕੋਈ ਪਤਾ ਨਹੀਂ ਬਾਦਸ਼ਾਹ ਦੇ ਪੁੱਤਰ ਨੂੰ ਕਾਇਰ ਬਣਾ ਦੇਵੇ ਅਤੇ ਕੰਗਾਲ ਦੇ ਪੁੱਤਰ ਨੂੰ ਸੂਰਮਾ ਬਣਾ ਦੇਵੇ। ਕੋਈ ਪਤਾ ਨਹੀਂ ਕੰਗਾਲ ਦਾ ਪੁੱਤਰ ਤਖਤ ਤੇ ਬੈਠੇ ਅਤੇ ਬਾਦਸ਼ਾਹ ਦਾ ਪੁੱਤਰ ਦਰ-ਦਰ ਭਟਕਦਾ ਫਿਰੇ। ਉਹ ਫਕੀਰ ਕਹਿ ਰਿਹਾ ਸੀ ਕਈ ਵਾਰ ਕਿਸਮਤ ਇੰਝ ਵੀ ਕਰਦੀ ਹੈ ਕਿ ਇਕੋ ਬਾਪ ਦੇ ਘਰ ਦੋ ਬੇਟੇ ਪੈਦਾ ਹੁੰਦੇ ਹਨ, ਇਕ ਰਾਜਾ ਹੋ ਜਾਂਦਾ ਹੈ, ਇਕ ਕੰਗਾਲ ਹੋ ਜਾਂਦਾ ਹੈ।

*ਇਕ ਬਾਪ ਕੇ ਦੋ ਬੇਟੇ, ਕਿਸਮਤ ਜੁਦਾ ਜੁਦਾ ਹੈ।*
*ਇਕ ਸ਼ਾਹੇ ਨਾਮਵਰ ਹੈ, ਇਕ ਦਰ ਬਦਰ ਗਦਾ ਹੈ।*
*ਦੋ ਗਜ਼ ਕੇ ਦੋ ਹੀ ਕਪੜੇ, ਇਕ ਹੀ ਜਗਾ ਸੇ ਫਾੜੇ,*
*ਇਕ ਸੁੰਦਰੀ ਕੇ ਸਰ ਪਰ, ਇਕ ਕਫਨ ਮੇ ਪੜਾ ਹੈ।*
*ਸਾਗਰ ਕੇ ਦੋ ਹੀ ਮੋਤੀ, ਇਕ ਹੀ ਜਗਾ ਸੇ ਨਿਕਲੇ,*
*ਇਕ ਖਰਲ ਮੇ ਪਿਸਾ ਹੈ, ਇਕ ਤਾਜ ਪੇ ਚੜਾ ਹੈ।*
*ਇਕ ਬੇਲ ਕੇ ਦੋ ਤੂਬੇ, ਇਕ ਹੀ ਜਗਾ ਸੇ ਤੋੜੇ,*
*ਇਕ ਸਾਧ ਕਾ ਕਮੰਡਲ, ਇਕ ਕਿੰਗ ਪੇ ਮੜਾ ਹੈ।*

ਬਾਦਸ਼ਾਹ ਦੇ ਕੰਨੀਂ ਆਵਾਜ਼ ਪਈ, ਕਹਿਣ ਲੱਗਾ, ਬਾਕੀ ਤਾਂ ਸਭ ਕੁਝ ਬਾਅਦ ਵਿਚ ਹੋਵੇਗਾ, ਹੋਵੇਗਾ ਤਾਂ ਵੇਖਾਂਗੇ ਪਰ ਇਕ ਗੱਲ ਤਾਂ ਮੈਂ ਅੱਜ ਹੀ ਵੇਖਾਂਗਾ ਕਿ ਮੇਰੇ ਪੁੱਤਰ ਨਾਲੋਂ ਸੋਹਣਾ ਕੌਣ ਹੈ? ਘਰ ਘਰ ਜਾ ਕੇ ਬੱਚੇ ਵੇਖਣ ਲੱਗਾ। ਇਕ ਘਰ ਦੇ ਬਾਹਰ ਬੱਚੇ ਦੀ ਮਾਂ ਬੱਚੇ ਨੂੰ ਖਿਡਾ ਰਹੀ ਸੀ ਤੇ ਲਾਡ ਲਡਾਉਂਦੀ ਕਹਿ ਰਹੀ ਸੀ-

*ਮੇਰਾ ਪੁਤਰ ਭੋਲਾ, ਰਾਜਾ ਤੇਰਾ ਗੋਲਾ,*
*ਰਾਣੀ ਤੇਰੀ ਦਾਈ, ਆਟਾ ਪੀਹ ਲਿਆਈ।*

ਰਾਜਾ ਹੈਰਾਨ ਹੋ ਗਿਆ। ਵੇਸ ਬਦਲ ਕੇ ਬੱਚੇ ਵੇਖ ਰਿਹਾ ਸੀ। ਅੰਦਰ ਜਾ ਕੇ ਉਸ ਬੱਚੇ ਨੂੰ ਵੇਖਿਆ ਤੇ ਉਸਦੀ ਮਾਤਾ ਨੂੰ ਪੁੱਛਿਆ ਕਿ ਬੀਬੀ ਸੱਚ ਹੀ ਤੇਰੇ ਪੁੱਤਰ ਦੀਆਂ ਇਹ ਸਿਫਤਾਂ ਹਨ। ਮਾਂ ਨੇ ਕਿਹਾ ਭਾਈ ਮੈਂ ਹੋਰ ਕੁਝ ਜ਼ਿਆਦਾ ਤਾਂ ਨਹੀਂ ਜਾਣਦੀ ਬਸ ਇੰਨਾ ਜ਼ਰੂਰ ਕਹਿੰਦੀ ਹਾਂ ਕਿ ਜੋ ਕੁਝ ਮੇਰੇ ਪਾਸ ਹੈ ਮੈਂ ਇਸ ਤੋਂ ਕੁਰਬਾਨ ਕਰ ਰਹੀ ਹਾਂ। ਰਾਜੇ ਨੇ ਪੁੱਛਿਆ ਕਿ ਮਾਤਾ ਤੇਰਾ ਪੁੱਤਰ ਕੀ ਇਸ ਰਾਜੇ ਦੇ ਪੁੱਤਰ ਤੋਂ ਸੋਹਣਾ ਹੈ? ਮਾਤਾ ਕਹਿਣ ਲਗੀ, ਭਾਈ! ਉਹ ਰਾਜੇ ਦਾ ਪੁੱਤਰ ਕੀ ਸੋਹਣਾ ਹੈ। ਉਹਨੂੰ ਰਾਜ ਮਹਿਲ ਵਿਚ ਨਾ ਵੇਖ ਉਸਨੂੰ ਇਸ ਝੌਂਪੜੀ ਵਿਚ ਲਿਆ ਤੇ ਇਸ ਗੋਦੜੀ ਵਿਚ ਪਾ ਫਿਰ ਮੇਰੀ ਅੱਖ ਨਾਲ ਵੇਖ ਤੈਨੂੰ ਪਤਾ ਲੱਗੇ ਕਿ ਕੌਣ ਸੁੰਦਰ ਹੈ। ਮੈਂ ਆਪਣੇ ਪੁੱਤਰ ਤੋਂ ਸੌ ਰਾਜ ਵਾਰ ਦਿਆਂ ਤੂੰ ਧਿਆਨ ਨਾਲ ਵੇਖ ਮੇਰੇ ਪੁੱਤਰ ਵਰਗਾ ਤਾਂ ਸੋਹਣਾ ਇਸ ਸੰਸਾਰ ਵਿਚ ਹੈ ਹੀ ਕੋਈ ਨਹੀਂ। ਰਾਜਾ ਸਿਰ ਝੁਕਾ ਕੇ ਵਾਪਸ ਆ ਗਿਆ ਤੇ ਸੋਚਣ ਲੱਗਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਮਾਂ ਆਪਣੇ ਬੱਚੇ ਲਈ ਪਿਆਰ ਭਾਵਨੀ ਤੇ ਲਾਡ ਦਾ ਮਹੱਲ ਬਣਾਉਂਦੀ ਹੈ ਭਾਵੇਂ ਉਹ ਝੌਂਪੜੀ ਵਿਚ ਹੀ ਬੈਠੀ ਹੋਵੇ। ਉਹ ਲਾਡ ਪਿਆਰ ਦਾ ਤਖ਼ਤ ਉਸ ਲਈ ਬਣਾਉਂਦੀ ਹੈ ਤੇ ਪਿਆਰ ਦਾ ਤਾਜ ਉਸਦੇ ਸਿਰ ਤੇ ਸਜਾਉਂਦੀ ਹੈ ਤੇ ਆਪਣੇ ਪਿਆਰ ਦੀਆਂ ਫ਼ੌਜਾਂ ਤੇ ਸਾਜ਼ੋ ਸਾਮਾਨ ਉਸ ਦੇ ਸਾਹਮਣੇ ਰਖਦੀ ਹੈ ਤੇ ਕਹਿੰਦੀ ਹੈ ਮੇਰਾ ਪੁੱਤਰ ਸਾਰੇ ਜਗਤ ਦਾ ਰਾਜਾ, ਰਾਜਿਆਂ ਦਾ ਰਾਜਾ ਪਰ ਜਦੋਂ ਉਹੋ ਪੁਤਰ ਜੁਆਨ ਹੁੰਦਾ ਹੈ, ਵਹੁਟੀ ਦੇ ਆਖੇ ਲੱਗ ਕੇ ਮਾਂ ਨੂੰ ਦੁਰਕਾਰਦਾ ਹੈ। ਤਾਂ ਉਹੋ ਮਾਂ ਜੋ ਕਹਿੰਦੀ ਸੀ ਰਾਜਿਆਂ ਦਾ ਰਾਜਾ, ਉਹੋ ਮਾਂ ਕਹਿੰਦੀ ਹੈ ਜੋਰੂ ਦਾ ਗ਼ੁਲਾਮ, ਵਹੁਟੀ ਦਾ ਚਾਕਰ, ਨਾ ਹੀ ਜੰਮਦਾ। ਮੈਂ ਤੇਰਾ ਕੀ ਸੁਖ ਵੇਖਿਆ ਹੈ। ਗੱਲ ਹੈ ਸੁਖ ਦੀ, ਸੰਸਾਰ ਦੇ ਸਾਰੇ ਲਾਡ ਪਿਆਰ ਖੜ੍ਹੇ ਹਨ ਸੁਖ ਤੇ। ਅਤੇ ਉਸ ਮਾਲਕ ਦਾ ਨਿਯਮ ਐਸਾ ਹੈ ਕਿ ਹਰ ਸੁੱਖ ਸਹਜ ਸਹਜ ਦੁੱਖ ਵਿਚ ਤਬਦੀਲ ਹੁੰਦਾ ਹੈ। ਪਹਿਲਾਂ ਬੰਦਾ ਸੁਖ ਤੋਂ ਉਪਰਾਮ ਹੁੰਦਾ ਹੈ, ਬੇਰੁਖੀ ਹੁੰਦੀ ਹੈ। ਫਿਰ ਸੁਖ ਵੀ ਦੁੱਖ ਬਣ ਜਾਂਦਾ ਹੈ। ਜਿਥੇ ਸੁਖ ਵੀ ਦੁੱਖ ਬਣ ਜਾਏ ਉਥੇ ਨਿਰੇ ਦੁੱਖ ਦਾ ਕੀ ਹਾਲ ਹੋਵੇਗਾ? ਜਿਹੜੇ ਸਾਨੂੰ ਸੁਖ ਦਿੰਦੇ ਹਨ ਅਸੀਂ ਉਨ੍ਹਾਂ ਤੋਂ ਵੀ ਉਪਰਾਮ ਹੋ ਜਾਂਦੇ ਹਾਂ ਕਿ ਕੋਈ ਨਵਾਂ ਸੁਖ ਦਿਉ ਇਹ ਸੁਖ ਤਾਂ ਪੁਰਾਣੇ ਹੋ ਚੁੱਕੇ ਹਨ। ਪੁਰਾਣੇ ਸੁਖਾਂ ਵਿਚ ਬੰਦੇ ਦੀ ਕੋਈ ਦਿਲਚਸਪੀ ਨਹੀਂ ਰਹਿੰਦੀ। ਨਵੇਂ ਤੋਂ ਨਵਾਂ ਸੁਖ ਕਿਥੋਂ ਆਵੇ ਬੰਦੇ ਦੇ ਉਹੋ ਸ਼ਬਦ ਹਨ, ਉਹੋ ਹਾਸਾ ਹੈ। ਉਹੀ ਨਿਤ ਦੀ ਖੁਸ਼ਾਮਦ ਹੈ, ਉਹੋ ਨੇਤ੍ਰ, ਉਹੀ ਤੱਕਣੀ, ਉਹੀ ਜ਼ੁਬਾਨ ਉਹੀ ਹਾਸਾ। ਉਹੀ ਹੱਥ ਉਹੀ ਪੈਰ, ਵਿਚਾਰਾ ਨਵਾਂ ਸੁਖ ਕਿਥੋਂ ਲਿਆਵੇ? ਆਖਰ ਬੰਦਾ ਬੋਰ ਹੋ ਜਾਂਦਾ ਹੈ, ਉਦਾਸ ਤੇ ਉਪਰਾਮ ਹੋ ਜਾਂਦਾ ਹੈ। ਇਹ ਸੱਚ ਹੈ ਕਿ ਪੁਰਾਣੇ ਸੁਖ ਨਾਲੋਂ ਤਾਂ ਥੋੜ੍ਹੇ ਚਿਰ ਵਾਸਤੇ ਨਵਾਂ ਦੁੱਖ ਵੀ ਚੰਗਾ ਲਗਦਾ ਹੈ। ਪਰ ਕਿੰਨਾ ਕੁ ਚਿਰ, ਆਖਰ ਬੰਦਾ ਉਪਰਾਮ ਹੋ ਹੀ ਜਾਂਦਾ ਹੈ। ਸੁਖ ਤੋਂ ਜ਼ਰਾ ਦੇਰ ਨਾਲ, ਦੁੱਖ ਤੋਂ ਛੇਤੀ, ਫਿਰ ਸੰਸਾਰ ਦਾ ਲਾਡ ਪਿਆਰ ਤਾਂ ਸੁਪਨਾ ਹੋ ਜਾਂਦਾ ਹੈ। ਬੰਦਾ ਲਾਡ ਪਿਆਰ 'ਚੋਂ ਗੁਜ਼ਰਦਾ ਜਨਮ,

ਜੁਆਨੀ ਬੁਢਾਪਾ ਤੇ ਆਖਰ ਮੌਤ ਦੇ ਮੂੰਹ ਵਿਚ ਜਾ ਪੈਂਦਾ ਹੈ। ਪਰ ਗੁਰੂ ਮਾਂ ਦੇ ਘਰ ਜਦੋਂ ਸਿੱਖ ਦਾ ਜਨਮ ਹੁੰਦਾ ਹੈ ਸਿਖ ਬੱਚੇ ਨੂੰ ਪਹਿਲੇ ਮਾਂ ਦੀ ਸੋਝੀ ਆਉਂਦੀ ਹੈ। ਮਨੁੱਖ ਬੱਚਾ ਜਨਮ ਦੀ ਪੀੜਾ ਤੋਂ ਇਕ ਬੇਹੋਸ਼ੀ ਲੈ ਕੇ ਜਨਮਦਾ ਹੈ। ਪਰ ਸਿਖ ਬੱਚਾ ਇਹ ਹੋਸ਼ ਲੈ ਕੇ ਇਹ ਸੋਝੀ ਲੈ ਕੇ ਜਨਮਦਾ ਹੈ ਜਿਸਨੂੰ ਗੁਰਮਤਿ ਕਹਿੰਦੇ ਹਾਂ। ਸਿੱਖ ਬੱਚੇ ਦੇ ਨਾਲ ਗੁਰਮਤਿ ਜਨਮਦੀ ਹੈ ਅਤੇ ਬ੍ਰਹਮ ਦੀ ਪਛਾਣ ਹੋ ਜਾਂਦੀ ਹੈ। ਭੱਟਾਂ ਨੇ ਸਤਿਗੁਰੂ ਅਰਜਨ ਦੇਵ ਜੀ ਦੇ ਜਨਮ ਬਾਰੇ ਇਹੀ ਸ਼ਬਦ ਕਹੇ ਹਨ:

*ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ॥*

*(ਸਵਈਏ ਮ: ਪੰਜਵੇ ਕੇ ਭਟ ਕਲਸਹਾਰ)*

ਇਹੀ ਗੱਲ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਬਾਰੇ ਕਹੀ ਹੈ :

*ਪਹਿਲਾ ਬਾਬੇ ਪਾਇਆ ਬਖਸ ਦਰ ਪਿਛਹੁ ਦੇ ਫਿਰਿ ਘਾਲ ਕਮਾਈ॥*

ਬਾਬੇ ਉਤੇ ਅਕਾਲ ਪੁਰਖ ਨੇ ਸ਼ਬਦ ਦੀ ਦਾਤ ਤੇ ਸ਼ਬਦ ਦੀ ਸੋਝੀ ਦੀ ਬਖਸ਼ਸ਼ ਦੀ ਕ੍ਰਿਪਾ ਕੀਤੀ। ਇਹੀ ਦਾਤ ਜਦੋਂ ਕੋਈ ਸਿਖ ਬੱਚਾ ਗੁਰੂ ਦੇ ਘਰ ਜਨਮ ਲੈਂਦਾ ਹੈ, ਤਾਂ ਸਤਿਗੁਰੂ ਦੇਂਦੇ ਹਨ। ਸਿਖ ਬੱਚਾ ਜਦੋਂ ਧਰਮ ਦੀ ਦੁਨੀਆਂ ਵਿਚ ਅੱਖ ਖੋਲ੍ਹਦਾ ਹੈ ਤਾਂ ਪਹਿਲਾਂ ਗੁਰੂ ਤੋਂ ਕੁਰਬਾਨ ਜਾਂਦਾ ਹੈ।

*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ......*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥.....*
*ਭਾਗੁ ਹੋਆ ਗੁਰਿ ਸੰਤੁ ਮਿਲਾਇਆ............।*

ਇਹ ਕਰਮ ਗੁਰੂ ਨੇ ਹੀ ਕੀਤਾ ਹੈ ਕਿ ਸੰਤ ਰੱਬ ਗੁਰੂ ਨੇ ਮਿਲਾ ਦਿੱਤਾ ਹੈ।

*ਸਤਿਗੁਰੁ ਅਪੁਨੇ ਸੁਨੀ ਅਰਦਾਸਿ॥ ਕਾਰਜ ਆਇਆ ਸਗਲਾ ਰਾਸਿ॥*
*ਤਿਸੁ ਕਉ ਸਦ ਕਰੀ ਨਮਸਕਾਰ॥ ਤਿਸੁ ਗੁਰ ਕਉ ਸਦ ਜਾਉ ਬਲਿਹਾਰ॥*

*(ਭੈਰਉ ਮ: ੫:. ਪੰਨਾ ੧੧੫੨)*

ਸਿੱਖ ਦਾ ਬਚਪਨਾ ਹੈ ਲਾਡ ਪਰ ਇਹ ਲਾਡ ਜੁਆਨੀ ਵਿਚ ਵੀ ਕਾਇਮ ਰਹਿੰਦਾ ਹੈ। ਬੁਢਾਪੇ ਵਿਚ ਵੀ ਕਾਇਮ ਰਹਿੰਦਾ ਹੈ। ਉਸਦਾ ਕਾਰਨ ਹੈ ਕਿ ਸਿੱਖ ਦਾ ਬੁਢਾਪੇ ਦਾ ਲਾਡ ਵੀ ਆਪਣਾ ਨਹੀਂ ਉਸ ਪਿਆਰੇ ਗੁਰੂ ਦਾ ਹੈ ਜਿਸ ਵਿਚ ਪ੍ਰਮਾਤਮਾ ਨੇ ਆਪਣਾ ਆਪ ਟਿਕਾਇਆ ਹੈ। ਸਿਖ ਤਾਂ ਬਾਣੀ ਪੜ੍ਹਦਾ ਹੋਇਆ ਕਹਿੰਦਾ ਹੈ-

*ਤੇਰੈ ਭਰੋਸੈ ਪਿਆਰੇ, ਮੈ ਲਾਡ ਲਡਾਇਆ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ॥*

*(ਸਿਰੀ ਰਾਗ ਮ. ੫ . ਪੰਨਾ ੫੧)*

ਇੰਝ ਕਹੀਏ ਤਾਂ ਠੀਕ ਹੈ ਸਤਿਗੁਰੂ ਵੱਲੋਂ ਮਿਲਿਆ ਹੋਇਆ ਲਾਡ ਹੀ ਸਿੱਖ ਦਾ ਬਚਪਨਾ ਹੈ।

ਲਾਡ ਨਾਲ ਬੱਚਾ ਬਾਪ ਦੀ ਪਿੱਠ ਵੱਲ ਹੋ ਕੇ ਪਿਤਾ ਦੇ ਗਲ ਵਿਚ ਬਾਹਵਾਂ ਪਾ ਦੇਂਦਾ ਹੈ ਤੇ ਕਦੀ ਅੱਖਾਂ ਉੱਤੇ ਹੱਥ ਰੱਖ ਦਿੰਦਾ ਹੈ। ਜੇ ਕੋਈ ਡਰਾਵੇ ਤਾਂ ਵੀ ਦੌੜ ਕੇ ਪਿਤਾ ਜਾਂ ਮਾਤਾ ਨੂੰ ਆ ਚੰਬੜਦਾ ਹੈ ਇਸੇ ਤਰ੍ਹਾਂ ਹੀ ਰੱਬ ਦੇ ਪਿਆਰੇ ਨਾਮ ਦੇਵ ਨਾਲ ਹੋਇਆ ਸੀ। ਸਾਹਮਣੇ ਦਰਵਾਜ਼ਿਉਂ ਅੰਦਰ ਗਿਆ ਸੀ ਪੁਜਾਰੀਆਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਸੀ। ਪਰ ਲਾਡਲਾ ਪੁੱਤਰ ਪਿਛਲੇ ਪਾਸੇ ਆ ਗਿਆ ਅਤੇ ਅਪਣੇ ਬਾਪ ਨੂੰ ਗਲਵਕੜੀ ਪਾ ਲਈ ਤੇ ਲਾਡ ਨਾਲ ਕੁਝ ਬਚਨ ਕਹੇ ਸਨ–

*ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥*
*ਹੀਨੜੀ ਜਾਤਿ ਮੇਰਾ ਜਾਦਿਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥*
*॥੧॥ ਰਹਾਉ॥*

*ਲੈ ਕਮਲੀ ਚਲਿਓ ਪਲਟਾਇ॥ ਦੇਹੁਰੈ ਪਾਛੈ ਬੈਠਾ ਜਾਇ॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾ ਕਉ ਦੇਹੁਰਾਂ ਫਿਰੈ॥*
*(ਭੈਰਉ ਨਾਮਦੇਵ ਜੀ, ਪੰਨਾ ੧੧੬੪)*

ਲਾਡਲੇ ਦੇ ਪਿਆਰ ਭਰੇ ਭਰੋਸੇ ਤੇ ਲਾਡ ਭਰੇ ਬਚਨ ਸੁਣ ਕੇ ਜਿਵੇਂ ਕੋਈ ਬਾਪ ਆਪਣੇ ਬੇਟੇ ਵੱਲ ਮੂੰਹ ਕਰਕੇ ਉਸਨੂੰ ਗਲਵਕੜੀ ਵਿਚ ਲੈ ਲੈਂਦਾ ਹੈ। ਇਸੇ ਤਰ੍ਹਾਂ ਪ੍ਰਮਾਤਮਾ ਨੇ ਮੂੰਹ ਨਾਮਦੇਵ ਵੱਲ ਕਰ ਲਿਆ ਤੇ ਪਿਠ ਹੰਕਾਰੀ ਪੁਜਾਰੀਆਂ ਵੱਲ ਕਰ ਲਈ। ਸਤਿਗੁਰੂ ਰਾਮਦਾਸ ਜੀ ਆਸਾ ਛੰਤ ਵਿਚ ਫ਼ਰਮਾਉਂਦੇ ਹਨ ਕਿ

*ਅਹੰਕਾਰੀਆ ਨਿੰਦਕਾਂ ਪਿਠਿ ਦੇ ਨਾਮ ਦੇਉ ਮੁਖਿ ਲਾਇਆ॥ (ਪੰਨਾ ੪੫੧)*

ਰੱਬ ਦੇ ਪੁੱਤਰ ਲਾਡ ਵਿਚ ਐਸੇ ਐਸੇ ਕੰਮ ਕਰਦੇ ਹਨ ਜੋ ਜਨਮਾਂ-ਜਨਮਾਂ ਦੇ ਪਾਪ ਮੁਕਾ ਜਾਂਦੇ ਹਨ। ਨਾਮਦੇਵ ਜੀ ਫ਼ਰਮਾਉਂਦੇ ਹਨ ਮੇਰੀ ਲਾਡ ਦੀ ਸੁਰਤ ਜਿਸਨੂੰ ਰੱਬ ਵਲੋਂ ਬੜਾ ਲਾਡ ਪਿਆਰ ਮਿਲਿਆ ਸੀ ਤੇ ਉਸ ਲਾਡ ਪਿਆਰ ਵਿਚ ਪਤਾ ਨਹੀਂ ਕਿੰਨੀਆਂ ਕੁ ਭੁੱਲਾਂ ਹੋ ਗਈਆਂ ਹੋਣਗੀਆਂ। ਇਕ ਦਿਨ ਇਸ ਲਾਡਲੀ ਨੇ ਫ਼ੈਸਲਾ ਕਰ ਲਿਆ ਕਿ ਮੈਂ ਅਜ ਗੁਰੂ ਧੋਬੀ ਕੋਲ ਸਾਰੇ ਕੱਪੜੇ ਜੋ ਜਨਮਾਂ-ਜਨਮਾਂ ਦੇ ਮੈਲੇ ਹੋਏ ਹਨ ਧੋਣ ਵਾਸਤੇ ਲੈ ਜਾਣੇ ਹਨ। ਅਤੇ ਸਾਫ ਕਰਕੇ ਹੀ, ਪਰਤਣਾ ਹੈ। ਬਸ ਪਹੁੰਚਣ ਦੀ ਦੇਰ ਸੀ ਸਤਸੰਗ ਸਰੋਵਰ ਤੇ ਬੈਠੇ ਗੁਰੂ ਹੱਸ ਪਏ ਤੇ ਕਿਹਾ, ਬਸ ਇਹ ਕਪੜੇ ਰੱਖ ਦੇ ਹੁਣ ਮੈਂ ਧੋ ਦਿਆਂਗਾ। ਤੇਰਾ ਲਾਡਲੀ ਦਾ ਆ ਜਾਣਾ ਹੀ ਕਾਫੀ ਹੈ। ਤੂੰ ਸਾਰੇ ਪਾਪ ਮੇਰੇ ਸਾਹਮਣੇ ਰੱਖ ਦੇ।

*ਸਰ ਧੋਵਨ ਚਾਲੀ ਲਾਡਲੀ।*

ਗੁਰੂ ਸਿੱਖ ਨੂੰ ਲਾਡ ਲਡਾਉਂਦੇ ਹਨ ਜਿਵੇਂ ਕੋਈ ਮਾਂ ਕਹਿੰਦੀ ਹੈ ਮੇਰਾ ਚੰਦ. ਮੇਰੀ ਅੱਖ ਦਾ ਤਾਰਾ ਮੇਰਾ ਸਹਿਨਸ਼ਾਹ, ਮੇਰਾ ਕੁਲ ਦੀਪਕ ਮੇਰੀ ਸ਼ਾਨ । ਇਸੇ ਤਰ੍ਹਾਂ ਸਤਿਗੁਰੂ ਕਹਿੰਦੇ ਹਨ ਇਹ ਮੇਰਾ ਚਾਨਣ ਹੈ, ਮੇਰੇ ਘਰ ਦਾ ਪ੍ਰਕਾਸ਼ ਹੈ. ਭਾਈ ਗੁਰਦਾਸ ਜੀ ਲਿਖਦੇ ਹਨ–

*ਬਾਬਾਣੈ ਘਰ ਚਾਨਣ ਲਹਿਣਾ।*

ਗੁਰੂ ਅਮਰਦਾਸ ਭਾਈ ਪਾਰੋ ਨੂੰ ਕਹਿੰਦੇ ਹਨ, ਤੂੰ ਗੁਰਿਆਈ ਗੱਦੀ ਤੇ ਬੈਠ ਅਤੇ ਗੁਰੂ ਅਰਜਨ ਦੇਵ ਕਹਿੰਦੇ ਹਨ, ਬਹਿਲੋ ਸਭ ਤੋਂ ਪਹਿਲੋਂ। ਗੁਰੂ ਹਰਿਗੋਬਿੰਦ ਸਾਹਿਬ ਫ਼ੁਰਮਾਉਂਦੇ ਹਨ ਕਿ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ । ਗੁਰੂ ਗੋਬਿੰਦ ਸਿੰਘ ਤਾਂ ਇੰਝ ਲਾਡ ਲੁਡਾਉਂਦੇ ਹਨ ਕਿ ਜਿਵੇਂ ਕੋਈ ਬਾਪ ਪਿਆਰੇ ਬੱਚੇ ਨੂੰ ਆਪਣੇ ਕੰਧੇ 'ਤੇ ਚੁੱਕ ਕੇ ਆਖੇ ਤੂੰ ਮੇਰੇ ਤੋਂ ਵੀ ਉੱਚਾ ਹੋ ਗਿਆ ਹੈਂ ।

*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀਂ ਮੋਸੋ ਗਰੀਬ ਕਰੋਰ ਪਰੇ।*
*ਖਾਲਸਾ ਮੈਰੋ ਕਰੇ ਨਿਰਬਾਹ। ਖਾਲਸਾ ਮੇਰੋ ਦੇਹ ਅਰ ਸਾਹ।*

ਗੋਦਾਵਰੀ ਨਦੀ ਦੇ ਕਿਨਾਰੇ ਜਦੋਂ ਬਹਾਦਰ ਸ਼ਾਹ ਨੇ ਹੀਰਾ ਭੇਟ ਕੀਤਾ ਸੀ ਤੇ ਸਤਿਗੁਰਾਂ ਨੇ ਉਹ ਹੀਰਾ ਗੋਦਾਵਰੀ ਵਿਚ ਸੁੱਟ ਦਿੱਤਾ ਸੀ ਤੇ ਬਹਾਦਰ ਸ਼ਾਹ ਨੂੰ ਸਮਝਾਇਆ ਸੀ ਕਿ ਮੇਰੇ ਸਿੱਖ, ਇਹ ਮੇਰੇ ਬੱਚੇ, ਇਹ ਮੇਰੇ ਪੁੱਤਰ ਜਿਨ੍ਹਾਂ ਤੋਂ ਮੈਂ ਆਪਣੇ ਚਾਰ ਪੁੱਤਰ ਵਾਰੇ ਹਨ ਇਹ ਹੀ ਮੇਰੇ ਹੀਰੇ ਹਨ। ਇਨ੍ਹਾਂ ਹੀਰਿਆਂ ਦੇ ਹੁੰਦਿਆਂ ਮੈਨੂੰ ਕਿਸੇ ਹੋਰ ਹੀਰੇ ਦੀ ਲੋੜ ਨਹੀਂ। ਮੇਰੀ ਸੁੱਚੀ ਦੌਲਤ ਮੇਰੇ ਸਿੰਘ ਹਨ। ਇਨ੍ਹਾਂ ਦੇ ਅੱਗੇ ਸਾਰੀ ਦੁਨੀਆਂ ਦੀ ਦੌਲਤ ਤੁਛ ਹੈ। ਇਹ ਗੁਰੂ ਪਿਤਾ ਦਾ ਲਾਡ ਹੈ। ਕਦੀ ਅਸੀਂ ਵੀ ਲਾਡ ਵਿਚ ਕਹਿੰਦੇ ਹਾਂ ਕਿ ਹੇ ਪਰਮ ਪਿਤਾ! ਤੇਰੀ ਬਖਸ਼ਸ਼ ਦੇ ਹੁੰਦਿਆਂ ਸਾਨੂੰ ਕਾਹਦਾ ਖ਼ਤਰਾ ਹੈ।

*ਮੇਰੀ ਬੰਦਗੀ ਸੇ ਮੇਰੇ ਜੁਰਮ ਅਫਜ਼ੂ,*
*ਤੇਰੇ ਕਹਿਰ ਸੇ ਤੇਰੀ ਰਹਿਮਤ ਜ਼ਿਆਦਾ।*

ਭਾਈ ਸਾਹਿਬ ਭਾਈ ਨੰਦ ਲਾਲ ਜੀ ਸਤਿਗੁਰੂ ਦੇ ਕਵੀਆਂ ਵਿਚੋਂ ਸ਼੍ਰੋਮਣੀ ਕਵੀ ਸਨ ਅਤੇ ਬੜੇ ਲਾਡਲੇ ਕਵੀ ਸਨ। ਇਕ ਵਾਰ ਕਹਿਣ ਲੱਗੇ, ਸਾਨੂੰ ਇਹ ਕੋਈ ਮਾਣ ਨਹੀਂ ਕਿ ਅਸੀਂ ਕੋਈ ਤਪ ਕੀਤਾ ਹੈ, ਬੰਦਗੀ ਕੀਤੀ ਹੈ, ਸਾਨੂੰ ਤਾਂ ਇਕ ਹੀ ਮਾਣ ਹੈ ਕਿ ਤੇਰੇ ਲਾਡਲੇ ਬੱਚੇ ਹਾਂ, ਜੇ ਅਸੀਂ ਗੁਨਾਹਗਾਰ ਹਾਂ ਤਾਂ ਤੂੰ ਬਖਸ਼ਣਹਾਰ ਹੈਂ।

*ਮਾ ਨਮੇ ਲਾਫੇਮ ਅਜ਼ ਜ਼ੁਹਦੋ ਰਿਆ*
*ਗਰ ਗੁਨਾਹ ਗਾਰੇਮ, ਹੱਕ ਬਖਸ਼ੰਦਾ ਅਸਤ।*

ਅਕਾਲੀ ਫੂਲਾ ਸਿੰਘ ਜੀ ਬਜ਼ੁਰਗ ਸਨ ਪਰ ਦਸਮ ਪਿਤਾ ਨਾਲ ਲਾਡ ਬੱਚਿਆਂ ਵਾਲਾ ਹੀ ਕਰਦੇ ਹਨ। ਗੁਰੂ ਨੂੰ ਹਮੇਸ਼ਾ ਅੰਗ-ਸੰਗ ਤੇ ਜ਼ਾਹਰਾ ਜ਼ਹੂਰ ਸਮਝਦੇ ਸਨ ਇਸੇ ਲਈ ਇਸ ਜਥੇ ਦੇ ਸਿੰਘਾਂ ਦਾ ਨਾਂ ਹੀ ਲਾਡਲੀਆਂ ਫ਼ੌਜਾਂ ਪੈ ਗਿਆ।

ਲਾਡ ਕਰਦਿਆਂ ਬੱਚਾ ਤਾਂ ਬੱਚਾ ਹੁੰਦਾ ਹੀ ਹੈ ਪਿਤਾ ਵੀ ਬੱਚਾ ਹੀ ਬਣ ਜਾਂਦਾ ਹੈ। ਜਿਵੇਂ ਬੱਚਾ ਬੋਲਦਾ ਹੈ ਪਿਤਾ ਵੀ ਬੋਲੀ ਜਾਂਦਾ ਹੈ। ਬੱਚਾ ਛੋਟਾ ਹੁੰਦਾ ਹੈ ਤਾਂ ਮਾਤਾ-ਪਿਤਾ ਬੱਚੇ ਦੇ ਪ੍ਰਸ਼ਨ ਵੀ ਆਪ ਹੀ ਕਰਦੇ ਹਨ ਅਤੇ ਉੱਤਰ ਵੀ ਆਪ ਹੀ ਦੇਂਦੇ ਹਨ। ਸੱਚ ਤਾਂ ਇਹ ਹੈ ਕਿ ਅਸੀਂ ਜਦੋਂ ਗੁਰੂ ਦੇ, ਪ੍ਰਮਾਤਮਾ ਦੇ ਲਾਡਲੇ ਬੱਚੇ ਬਣ ਜਾਂਦੇ ਹਾਂ ਤਾਂ ਉਹ ਵੀ ਸਾਡੇ ਵਿਚ ਬੱਚਾ ਬਣ ਕੇ ਹੀ ਬੈਠ ਜਾਂਦਾ ਹੈ। ਭਗਤ ਜਨਾਂ ਦਾ ਰੱਬ ਮਾਂ ਪਿਉ ਤਾਂ ਹੁੰਦਾ ਹੀ ਹੈ। ਲਾਡ ਵਿਚ ਬੇਟਾ ਵੀ ਬਣ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਐਸਾ ਲਿਖਿਆ—

*ਭਗਤ ਜਨਾਂ ਹਰ ਮਾਂ ਪਿਉ ਬੇਟਾ ।*

ਸਿੱਖ ਜਦੋਂ ਰੱਬ ਦੇ ਲਾਡ ਵਿਚ ਕੁਝ ਵਿਚਾਰਦਾ ਹੈ ਤਾਂ ਹਰ ਵਿਚਾਰ ਪ੍ਰੇਮ ਬਣਦੀ ਹੈ, ਸ਼ਰਧਾ ਬਣਦੀ ਹੈ। ਪ੍ਰੇਮ ਤੇ ਸ਼ਰਧਾ ਨਾਲ ਭਰਪੂਰ ਸਿੱਖ ਬੱਚੇ ਦਾ ਰਸਤਾ ਸਾਫ਼ ਕਰ ਦੇਂਦੀ ਹੈ। ਜਿਵੇਂ ਬੱਚਾ ਪਿਆਰ ਨਾਲ ਮਾਂ ਵੱਲ ਵੇਖਦਾ ਹੈ। ਮਾਂ ਵੱਲ ਬਾਹਵਾਂ ਫੈਲਾ ਦਿੰਦਾ ਹੈ ਇਸੇ ਤਰ੍ਹਾਂ ਹੀ ਅੱਗੋਂ ਸਤਿਗੁਰੂ ਵੇਖਦੇ ਹਨ ਅਤੇ ਲਾਡਲੇ ਸਿੱਖ ਬੱਚੇ ਨੂੰ ਆਪਣੀ ਗੋਦੀ ਵਿਚ ਲੈ ਲੈਂਦੇ ਹਨ। ਜਦੋਂ ਸਿੱਖ ਬੱਚਾ ਸ਼ਰਧਾ ਤੇ ਪਿਆਰ ਨਾਲ ਬੋਲਦਾ ਹੈ ਤਾਂ ਇਸ ਦੀਆਂ ਪਰਮ ਪਿਤਾ ਨਾਲ ਗੱਲਾਂ ਹੁੰਦੀਆਂ ਹਨ। ਪ੍ਰੇਮ ਤੇ ਸ਼ਰਧਾ ਦੀ ਭਾਸ਼ਾ ਵਿਚ ਹੀ ਉਸ ਨਾਲ ਗੱਲਾਂ ਹੋ ਸਕਦੀਆਂ ਹਨ। ਜਪੁ ਵਿਚ ਸਤਿਗੁਰਾਂ ਨੇ ਫ਼ਰਮਾਇਆ ਹੈ—

*ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥*

ਜਦੋਂ ਸਿੱਖ ਬੱਚਾ ਪਿਆਰ ਨਾਲ, ਸ਼ਰਧਾ ਨਾਲ ਕੋਈ ਕਰਮ ਕਰਦਾ ਹੈ ਤਾਂ ਸਤਿਗੁਰੂ ਕਹਿ ਦਿੰਦੇ ਹਨ ਕਿ ਰਾਮਦਾਸ ਇਹ ਤੂੰ ਪਿਆਰ ਲਾਡ ਨਾਲ ਥੜ੍ਹਾ ਹੀ ਨਹੀਂ ਬਣਾਇਆ ਸਗੋਂ ਆਪਣੇ ਬੈਠਣ ਲਈ ਦੀਨ ਦੁਨੀਆਂ ਦਾ ਤਖ਼ਤ ਬਣਾ ਲਿਆ ਹੈ। ਮਨ, ਬਚਨ, ਕਰਮਾਂ ਵਿਚ ਜਦੋਂ ਪ੍ਰਮਾਤਮਾ ਦਾ ਲਾਡ ਆ ਜਾਏ ਫਿਰ ਭਾਵੇਂ ਕੋਈ ਜੁਆਨ ਹੋਵੇ ਭਾਵੇਂ ਕੋਈ ਬੁੱਢਾ ਹੋਵੇ ਤੇ ਭਾਵੇਂ ਕੋਈ ਬੱਚਾ ਹੋਵੇ, ਉਹ ਬੱਚਾ ਹੀ ਹੁੰਦਾ ਹੈ ਜਿਸਦਾ ਸਾਰਾ ਜੀਵਨ ਹੀ ਲਾਡ ਬਣ ਜਾਏ ਲਾਡ ਦੇ ਮਗਰ ਇਕ ਪਿਆਰ ਹੁੰਦਾ ਹੈ, ਭਰੋਸਾ ਹੁੰਦਾ ਹੈ, ਦੁਨੀਆਂ ਦੇ ਗਿਆਨ ਧਿਆਨ ਤੋਂ ਪਰ੍ਹਾਂ ਇਕ ਅਧਿਕਾਰ ਹੁੰਦਾ ਹੈ, ਕਿ ਜੋ ਮਾਂ ਬਾਪ ਕੋਲ ਹੈ ਮੈਨੂੰ ਮਿਲ ਹੀ ਜਾਣਾ ਹੈ। ਇਸੇ ਤਰ੍ਹਾਂ ਸਿੱਖ ਦੇ ਮਨ ਵਿਚ ਲਾਡ ਪਿਆਰ ਦੇ ਨਾਲ ਇਕ ਬੱਚੇ ਵਾਲਾ ਅਧਿਕਾਰ

ਵੀ ਹੁੰਦਾ ਹੈ। ਇਸ ਲਾਡਲੇ ਅਧਿਕਾਰ ਦਾ ਜ਼ਿਕਰ ਕਬੀਰ ਸਾਹਿਬ ਵੀ ਕਰਦੇ ਹਨ।

*ਹਉ ਪੂਤ ਤੇਰਾ ਤੂੰ ਬਾਪ ਮੇਰਾ। ਏਕੈ ਠਾਹਰ ਦੁਹਾ ਬਸੇਰਾ।*

ਸਤਿਗੁਰੂ ਅਰਜਨ ਦੇਵ ਫੁਰਮਾਉਂਦੇ ਹਨ—

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ॥* *(ਸਿਰੀ ਰਾਮ ਮ: ੫, ਪੰਨਾ ੫੧)*

ਕਿਸੇ ਨੂੰ ਬੱਚੇ ਵਾਲਾ ਲਾਡ ਆ ਜਾਏ ਤੇ ਇਹ ਲਾਡ ਗੁਰੂ ਦੇ ਭਰੋਸੇ ਹੋਵੇ ਤਾਂ ਐਸਾ ਸਿੱਖ ਹਮੇਸ਼ਾ ਹੀ ਗੁਰੂ ਦੀ ਗੋਦ ਵਿਚ ਹੁੰਦਾ ਹੈ ਅਤੇ ਸਤਿਗੁਰੂ ਆਪ ਐਸੇ ਸਿੱਖ ਦੀ ਰਖਵਾਲੀ ਕਰਦੇ ਹਨ ਅਤੇ ਸਾਸ ਸਾਸ ਧਿਆਨ ਰੱਖਦੇ ਹਨ ਜਿਵੇਂ ਕਿ ਮਾਂ, ਗੋਦੀ ਵਾਲੇ ਬੱਚੇ ਦਾ ਧਿਆਨ ਰੱਖਦੀ ਹੈ। ਭਾਈ ਗੁਰਦਾਸ ਜੀ ਫ਼ਰਮਾਉਂਦੇ ਹਨ:—

*ਜੈਸੇ ਮਾਤ ਪਿਤਾ ਹੈ ਪਾਲਤ ਅਨੇਕ ਸੁਤ,*
*ਸਭਹੀ ਮਹਿ ਅਧਿਕ ਪਿਆਰੋ ਸੁਤ ਗੋਦ ਕੋ।*
*ਸਿਆਨੇ ਸੁਤ ਬਨਜ ਬਿਉਹਾਰ ਕੇ ਬਿਚਾਰ ਬਿਖੈ*
*ਗੋਦ ਮਹਿ ਅਚੇਤ ਹੇਤ ਸੰਪੈ ਨਾ ਸਹੋਦ ਕੋ।*
*ਪਲਨਾ ਸੁਆਇ ਮਾਇ ਗ੍ਰਿਹ ਕਾਜ ਲਾਗੈ ਜਾਇ,*
*ਸੁਣ ਸੁਤ ਰੁਦਨ ਪੈ ਪੀਆਏ ਮਨ ਮੋਦਕੋ।*
*ਜੋਈ ਆਪਾ ਖੋਇ ਗੁਰ ਚਰਨ ਸ਼ਰਨ ਰਹੈ,*
*ਪਾਵੈ ਮੋਖ ਪਦਵੀ ਅਨਦ ਬਿਨੋਦ ਕੋ।*

ਲਾਡ ਵਿਚ ਬੱਚੇ ਦਾ ਹੱਸ ਪੈਣਾ ਮਾਂ-ਬਾਪ ਦਾ ਮਨ ਮੋਹ ਲੈਂਦਾ ਹੈ। ਲਾਡ ਵਿਚ ਭਗਤਾਂ ਦਾ ਹੱਸ ਪੈਣਾ ਵੀ ਪ੍ਰਮਾਤਮਾ ਦਾ ਮਨ ਮੋਹ ਲੈਂਦਾ ਹੈ। ਲਾਡ ਵਿਚ ਬੱਚੇ ਦਾ ਰੋ ਪੈਣਾ ਵੀ ਮਾਤਾ-ਪਿਤਾ ਨੂੰ ਆਪਣੇ ਵਲ ਦੌੜਾ ਲੈਂਦਾ ਹੈ। ਲਾਡ ਵਿਚ ਭਗਤਾਂ ਦਾ ਰੋਣਾ ਸੁਣ ਕੇ ਅਰਸ਼ਾਂ ਵਾਲਾ ਉੱਚਿਆਂ ਤੋਂ ਉੱਚਾ ਆਪਣੇ ਭਗਤ ਵੱਲ ਦੌੜਦਾ ਹੈ ਤੇ ਬਾਹਵਾਂ ਪਸਾਰ ਕੇ ਆਪਣੇ ਪਿਆਰੇ ਨੂੰ ਗਲਵਕੜੀ ਵਿਚ ਲੈ ਲੈਂਦਾ ਹੈ। ਸਤਿਗੁਰੂ ਜੀ ਉਸ ਪਿਆਰੇ ਬਾਰੇ ਬਾਣੀ ਵਿਚ ਫ਼ਰਮਾਉਂਦੇ ਹਨ ਕਿ ਅਸੀਂ ਨਿਸਚਿੰਤ ਹੋ ਸਕਦੇ ਹਾਂ ਜੇ ਸਾਡੀ ਬਿਰਤੀ ਇਹ ਬਣੇ ਕਿ ਅਸੀਂ ਤੇਰੇ ਸਾਹਮਣੇ ਬੱਚੇ ਬਣੇ ਰਹੀਏ। ਫਿਰ ਤਾਂ ਅਸੀਂ ਤੇਰੀ ਸੰਭਾਲ ਵਿਚ, ਤੇਰੀ ਰਖਵਾਲੀ ਵਿਚ ਸੁਖੀ ਤੇ ਅਨੰਦਤ ਹੁੰਦੇ ਹਾਂ।

*ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥*
*ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥*

*ਸਹਜੇ ਸਹਜਿ ਖਿਲਾਇਦਾ ਨਹੀਂ ਕਰਦਾ ਆਲਕ।* (ਮਾਰੂ ਵਾਰ ਮ: ੫ ੧੧੦੧)
*ਹਮ ਬਾਰਿਕ ਤੁਮ ਪਿਤਾ ਹਮਾਰੇ, ਤੁਮ ਮੁਖਿ ਦੇਵਹੁ ਖੀਰਾ॥*
*ਹਮ ਖੇਲਹ ਸਭ ਲਾਡ ਲਡਾਵਹਿ, ਤੁਮ ਸਦ ਗੁਣੀ ਗਹੀਰਾ॥*
(ਰਾਮਕਲੀ ਮ: ੫, ਪੰਨਾ ੮੮੪)
*ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ॥*
*ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ, ਮੋਹਿ ਰਿਦੈ ਬਸਹਿ ਨਿਤ ਚਰਨਾ॥*
(ਮਲਾਰ ਮ: ੫, ਪੰਨਾ ੧੨੬੬)

ਕਬੀਰ ਸਾਹਿਬ ਤਾਂ ਉਸ ਪਿਆਰੇ ਦੇ ਲਾਡ ਵਿਚ ਏਥੇ ਤੱਕ ਕਹਿੰਦੇ ਹਨ ਤੇਰੇ ਲਾਡ ਤੇ ਭਰੋਸੇ ਵਿਚ ਮੈਂ ਕਾਸ਼ੀ ਛਡ ਕੇ ਮਗਹਰ ਆ ਵਸਿਆ ਹਾਂ :

*ਤੇਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ॥*
*ਪਹਿਲੇ ਦਰਸਨੁ ਮਗਹਰ ਪਾਇਓ ਫੁਨਿ ਕਾਸੀ ਬਸੇ ਆਈ॥*

ਪ੍ਰਮਾਤਮਾ ਦਾ ਭਗਤ ਪ੍ਰਮਾਤਮਾ ਦੇ ਪਿਆਰ ਵਿਚ ਸਭ ਕੁਝ ਰਾਜ ਤੇ ਮੁਕਤੀ ਵੀ ਕੁਰਬਾਨ ਕਰ ਦੇਂਦਾ ਹੈ। ਜਿਵੇਂ ਕਿ ਭਾਈ ਤਿਲਕੂ ਨੇ ਗੜ੍ਹਸ਼ੰਕਰ ਵਿਚ ਉਸ ਨਾਥ ਨੂੰ ਕਿਹਾ ਸੀ, ਜੋ ਕਹਿ ਰਿਹਾ ਸੀ ਕਿ ਮੇਰੇ ਦਰਸ਼ਨ ਕਰਨ ਵਾਲਾ ਇਕ ਸਾਲ ਲਈ ਬੈਕੁੰਠ ਜਾਏਗਾ। ਭਾਈ ਤਿਲਕੂ ਨੇ ਕਿਹਾ ਸੀ ਕਿ, ਨਾਥ ਜੀ! ਤੁਸੀਂ ਬੰਦਿਆਂ ਦੀ ਗੱਲ ਕਰਦੇ ਹੋ ਮੇਰਾ ਸਤਿਗੁਰੂ ਜਿਸ ਅੰਮ੍ਰਿਤਸਰ ਵਿਚ ਰਹਿੰਦਾ ਹੈ ਉਥੋਂ ਉੱਡ ਕੇ ਲੰਘਣ ਵਾਲੇ ਪੰਛੀ ਵੀ ਮੁਕਤ ਹੋ ਜਾਣਗੇ। ਗੁਰੂ ਕੇ ਲਾਡਲੇ ਸਿੱਖ ਗੁਰੂ ਦੇ ਲਾਡ ਵਿਚ ਬਾਦਸ਼ਾਹੀਆਂ ਕੁਰਬਾਨ ਕਰਦੇ ਹਨ–

*ਲਖ ਖੁਸ਼ੀਆ ਪਾਤਸ਼ਾਹੀਆਂ ਜੇ ਸਤਿਗੁਰ ਨਦਰ ਕਰੇ॥*

ਇਹ ਹੈ ਸਿੱਖੀ ਦਾ ਬਚਪਨ ਜਿਸ ਵਿਚ ਲਾਡ ਹੈ ਤੇ ਲਾਡ ਦੇ ਪਿੱਛੇ ਪੂਰੇ ਸਤਿਗੁਰੂ ਦਾ ਭਰੋਸਾ ਹੈ।

■ ■ ■

## ੩੧

# ਸਿੱਖੀ ਦੀ ਜਵਾਨੀ

ਜਵਾਨੀ ਵਿਚ ਬਲ ਹੈ, ਜੋਸ਼ ਹੈ, ਮਸਤੀ ਹੈ, ਬਲ ਹੈ ਤਾਂ ਜਵਾਨੀ ਹੈ। ਨਿਰਬਲ ਦੀ, ਕੋਈ ਜਵਾਨੀ ਨਹੀਂ। ਇਕ ਕਹਾਣੀ ਹੈ ਕਿ ਇਕ ਬਜ਼ੁਰਗ ਪਾਣੀ ਦੀ ਵਗਦੀ ਆਡ ਟੱਪਣ ਲੱਗਾ ਤਾਂ ਵਿਚ ਡਿੱਗ ਪਿਆ। ਮੂੰਹੋਂ ਕਹਿਣ ਲੱਗਾ, ਹੇ ਜਵਾਨੀ ਤੂੰ ਕਿੱਥੇ ਚਲੀ ਗਈ ਹੈਂ। ਪਰ ਵੇਖਿਆ ਕਿ ਆਸੇ-ਪਾਸੇ ਕੋਈ ਵੇਖਣ ਵਾਲਾ ਨਹੀਂ ਤਾਂ ਉਹ ਬਜ਼ੁਰਗ ਬੋਲਿਆ, ਜਵਾਨੀ ਵੇਲੇ ਕਿਹੜੇ ਦਰਿਆ ਟਪਦੇ ਰਹੇ ਹਾਂ। ਜਵਾਨੀ ਵੇਲੇ ਵੀ ਇਹੋ ਹੀ ਹਾਲ ਰਿਹਾ ਹੈ। ਜਵਾਨੀ ਹੋਵੇ ਵੀ ਤਾਂ ਰਹਿੰਦੀ ਕਿਤਨੀ ਕੁ ਦੇਰ ਹੈ? ਇਕ ਅਦੀਬ ਦਾ ਕਥਨ ਹੈ—

*ਝਪਕੀ ਜ਼ਰਾ ਆਂਖ ਜਵਾਨੀ ਗੁਜ਼ਰ ਗਈ।*
*ਬਦਲੀ ਕੀ ਛਾਂਓ ਥੀ ਇਧਰ ਆਈ ਉਧਰ ਗਈ।*
*ਰਹਤੀ ਨਹੀਂ ਬਹਾਰੇਂ ਜਵਾਨੀ ਤਮਾਮ ਉਮਰ*
*ਮਾਨਿੰਦੇ ਬੂਏ ਗੁਲ ਇਧਰ ਆਈ ਉਧਰ ਗਈ।*

ਪਰ ਜਵਾਨੀ ਦਾ ਗੁਮਾਨ ਅੰਨ੍ਹਾ ਬੋਲਾ ਹੁੰਦਾ ਹੈ। ਇਸ ਤੇ ਕਿਸੇ ਸਿੱਖਿਆ ਦਾ ਅਸਰ ਕਿਥੇ ਹੁੰਦਾ ਹੈ ਬਲਕਿ ਜਵਾਨੀ ਵਿਚ ਤਾਂ ਸਿੱਖਿਆ ਦੇਣ ਵਾਲਾ ਵੀ ਮਜ਼ਾਕ ਬਣ ਜਾਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਵੇਖਿਆ ਸੀ ਜਵਾਨ ਨੂੰਹ ਨੂੰ ਜਿਹੜੀ ਕਹਿ ਰਹੀ ਸੀ ਜਵਾਨੀ ਦੇ ਕਾਰਨ ਮੈਂ ਸੱਸ ਅੱਗੇ ਝੁਕ ਨਹੀਂ ਸਕਦੀ। ਸਤਿਗੁਰਾਂ ਨੇ ਕਿਹਾ ਸੀ ਬੀਬੀ ਅੱਖਾਂ ਤੇਰੀਆਂ ਸੁੰਦਰ ਹਨ, ਹਰਨ ਵਰਗੀਆਂ ਹਨ ਪਰ ਜੀਵਨ ਵੇਖਣਾ ਤੈਨੂੰ ਨਹੀਂ ਆਇਆ। ਜੀਵਨ ਦੀਆਂ ਕਦਰਾਂ ਕੀਮਤਾਂ ਕੀ ਹਨ? ਤੈਨੂੰ ਪਰਖ ਨਹੀਂ, ਤੂੰ ਝੁਕਣ ਦੇ ਮਹੱਤਵ ਨੂੰ ਨਹੀਂ ਜਾਣਦੀ। ਤੂੰ ਵੱਡਿਆਂ ਦੇ ਅਦਬ ਦੀ ਮਹਾਨਤਾ ਹੀ ਨਹੀਂ ਸਮਝਦੀ। ਪਰ ਜਿਸ ਜਵਾਨੀ ਦੀ ਮਸਤੀ ਵਿਚ ਤੂੰ ਆਕੜ ਕੇ ਚਲ ਰਹੀ ਹੈਂ। ਇਹ ਆਕੜ ਸਦਾ ਨਹੀਂ ਰਹਿਣੀ। ਮੈਂ ਤੇ ਪਹਾੜਾਂ ਜਿਡੇ ਵੱਡੇ ਚੂੰਨੇਗਚ ਮਹੱਲ ਵੀ ਡਿਗਦੇ ਵੇਖੇ ਹਨ। ਤੂੰ ਜਵਾਨੀ ਦਾ ਹੰਕਾਰ ਨਾ ਕਰ—

*ਉਤੰਗੀ ਪੈਓਹਰੀ ਗਹਿਰੀ ਗੰਭੀਰੀ॥*
*ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥*
*ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥*
*ਸੇ ਭੀ ਢਹਿੰਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥*

*ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥*
*ਪਹਿਲਾਂ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥*

*(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੦)*

ਜੇਕਰ ਜਵਾਨੀ ਵਿਚ ਵਿਵੇਕ ਨਹੀਂ ਤਾਂ ਜਵਾਨੀ ਵਿਚ ਜ਼ੋਰ ਦੇ ਆਸਰੇ ਧੱਕਾ ਹੀ ਪ੍ਰਧਾਨ ਹੁੰਦਾ ਹੈ। ਪਰ ਜੇ ਚੰਗੇ ਭਾਗਾਂ ਨਾਲ ਜਵਾਨੀ ਵਿਚ ਕੋਈ ਗੁਰਮਤਿ ਦਾ ਧਾਰਣੀ ਹੋ ਜਾਵੇ ਤਾਂ ਫਿਰ ਜਵਾਨੀ ਵਿਚ ਧੱਕਾ ਨਹੀਂ ਹੁੰਦਾ ਸਗੋਂ ਜੀਵਨ ਵਿਚ ਸੇਵਾ ਪ੍ਰਧਾਨ ਹੁੰਦੀ ਹੈ। ਜੇ ਕੋਈ ਸਮਝਦਾ ਹੈ ਕਿ ਸਰੀਰ ਵਿਚ ਬਲ ਮੇਰਾ ਹੈ ਤਾਂ ਜ਼ਰੂਰੀ ਹੈ ਕਿ ਜੀਵਨ ਵਿਚ ਉਹ ਹਰ ਕਰਮ ਜ਼ੋਰ ਨਾਲ, ਧੱਕੇ ਨਾਲ, ਜ਼ਬਰਦਸਤੀ ਕਰਨ ਦਾ ਉਪਰਾਲਾ ਕਰੇ। ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਹੁੰਦੀ ਕਿ ਮੇਰੇ ਕੀਤੇ ਹੋਏ ਕਰਮ ਨਾਲ ਕਿਸੇ ਦਾ ਦਿਲ ਦੁਖਦਾ ਹੈ ਜਾਂ ਕਿਸੇ ਦਾ ਨੁਕਸਾਨ ਹੁੰਦਾ ਹੈ ਕਿਸੇ ਦਾ ਬੁਰਾ ਹੁੰਦਾ ਹੈ। ਐਸਾ ਜਵਾਨ ਅਨੇਕਾਂ ਮਾਸੂਮਾਂ ਨੂੰ ਰੁਆ ਕੇ, ਅਨੇਕਾਂ ਅਬਲਾਵਾਂ ਦੀ ਇੱਜ਼ਤ ਨਾਲ ਖੇਡ ਕੇ, ਅਨੇਕਾਂ ਜਿਉਂਦਿਆਂ ਨੂੰ ਮਾਰ ਕੇ ਬੜੇ ਚਾਅ ਨਾਲ ਲਾਸ਼ਾਂ ਦੇ ਢੇਰ ਉੱਤੋਂ ਹੱਸਦਾ ਹੋਇਆ ਗੁਜ਼ਰ ਸਕਦਾ ਹੈ। ਉਸ ਨੂੰ ਕਿਸੇ ਦੇ ਰੋਣ ਦੀ, ਕਿਸੇ ਦੇ ਹਉਕਿਆਂ ਦੀ, ਕਿਸੇ ਦੇ ਨੁਕਸਾਨ ਦੀ ਕੋਈ ਪ੍ਰਵਾਹ ਨਹੀਂ ਹੁੰਦੀ।

ਇਕ ਨੌਜਵਾਨ ਆਪਣੀ ਮਸਤੀ ਵਿਚ ਜਵਾਨੀ ਦੇ ਜੋਸ਼ ਵਿਚ ਤੁਰਿਆ ਜਾ ਰਿਹਾ ਸੀ। ਇਕ ਬਗੀਚੀ ਵਿਚੋਂ ਗੁਜ਼ਰਦਿਆਂ ਉਸਨੇ ਬੜੇ ਸੁੰਦਰ ਫੁੱਲ ਤੋੜੇ। ਤੋੜ-ਤੋੜ ਕੇ ਜ਼ਮੀਨ ਤੇ ਸੁੱਟੀ ਜਾ ਰਿਹਾ ਹੈ। ਏਨੀ ਬੇਫ਼ਿਕਰੀ ਨਾਲ ਉਹ ਫੁੱਲ ਸੁੱਟ ਰਿਹਾ ਸੀ ਕਿ ਕੁਝ ਫੁੱਲ ਇਕ ਬਜ਼ੁਰਗ ਦੇ ਮੂੰਹ ਤੇ ਜਾ ਕੇ ਵੱਜੇ। ਉਸ ਬਜ਼ੁਰਗ ਨੇ ਕਿਹਾ, ਨੌਜਵਾਨ! ਤੂੰ ਗ਼ਲਤੀ ਤੇ ਗ਼ਲਤੀ ਕਰ ਰਿਹਾ ਹੈਂ। ਤੂੰ ਨਾ ਹੀ ਫੁੱਲਾਂ ਦੀ ਪ੍ਰਵਾਹ ਕੀਤੀ ਹੈ, ਨਾ ਹੀ ਮੇਰੀ, ਨਾ ਹੀ ਬਾਗ਼ ਦੇ ਮਾਲੀ ਦੀ। ਤੇਰੀ ਜਵਾਨੀ ਦੇ ਜੋਸ਼ ਮਗਰ ਸਿਰਫ਼ ਬੇਰਹਿਮੀ ਹੀ ਹੈ, ਬੇਦਰਦੀ ਹੈ। ਨੌਜਵਾਨ ਗੁੱਸੇ ਵਿਚ ਆ ਗਿਆ ਤੇ ਕਹਿਣ ਲੱਗਾ ਉਇ ਬੁੱਢੇ! ਤੂੰ ਕੀ ਬੜ-ਬੜ ਕਰ ਰਿਹਾ ਹੈ। ਮੈਂ ਤੈਨੂੰ ਕੀ ਕਿਹਾ ਹੈ? ਜੇ ਫੁੱਲ ਤੇਰੇ ਤੇ ਡਿਗ ਪਿਆ ਹੈ ਤਾਂ ਕੀ ਹਨੇਰ ਆ ਗਿਆ ਹੈ। ਜਦੋਂ ਲੋਕ ਕਿਸੇ ਤੇ ਫੁੱਲਾਂ ਦੀ ਬਰਖਾ ਕਰਦੇ ਹਨ ਤਾਂ ਉਹ ਕਿੰਨਾ ਖੁਸ਼ ਹੁੰਦਾ ਹੈ? ਤੇ ਇਕ ਤੂੰ ਅਕ੍ਰਿਤਘਣ ਹੈ ਕਿ ਮੈਂ ਤੇਰੇ ਤੇ ਫੁੱਲ ਸੁੱਟੇ ਹਨ ਤੂੰ ਨਰਾਜ਼ ਹੈਂ। ਮੈਂ ਕੋਈ ਤੈਨੂੰ ਪੱਥਰ ਤਾਂ ਨਹੀਂ ਮਾਰੇ, ਫੁੱਲ ਹੀ ਸੁੱਟੇ ਹਨ। ਬਜ਼ੁਰਗ ਨੇ ਕਿਹਾ, ਤੂੰ ਫੁੱਲ ਮੇਰੇ ਤੋਂ ਵਾਰੇ ਨਹੀਂ ਤੂੰ ਮਾਰੇ ਹਨ। ਅਤੇ ਇਹ ਖਾਸ ਗੱਲ ਹੈ ਕਿ ਅਜੇ ਤੈਨੂੰ ਸਿਰਫ ਮਾਰਨਾ ਹੀ ਆਉਂਦਾ ਹੈ, ਤੇਰੇ ਹੱਥ ਵਿਚ ਭਾਵੇਂ ਕੰਡਾ ਹੋਵੇ, ਭਾਵੇਂ ਫੁੱਲ ਹੋਵੇ ਤੂੰ ਸਿਰਫ਼ ਮਾਰੇਂਗਾ ਹੀ। ਤੇਰੇ ਹੱਥ ਵਿਚ ਭਾਵੇਂ ਹੀਰਾ ਹੋਵੇ, ਭਾਵੇਂ ਪੱਥਰ ਹੋਵੇ ਤੂੰ ਕਿਸੇ ਦਾ ਸਿਰ ਹੀ ਫੋੜੇਂਗਾ। ਤੈਨੂੰ ਮਾਰਨ ਤੋਂ ਬਿਨਾਂ ਕੁਝ ਆਉਂਦਾ ਹੀ ਨਹੀਂ। ਨੌਜਵਾਨ ਨੇ ਫਿਰ ਕਿਹਾ ਬਾਬਾ! ਮਾਲੀ ਵੀ ਤਾਂ ਫੁੱਲ ਰੋਜ਼ ਤੋੜਦਾ ਹੈ। ਜੇ ਮੈਂ ਤੋੜ ਦਿੱਤੇ ਤਾਂ ਕੀ ਹਨੇਰ ਹੋ ਗਿਆ ਹੈ? ਬਜ਼ੁਰਗ ਨੇ ਕਿਹਾ ਠੀਕ ਹੈ ਮਾਲੀ ਫੁੱਲ ਤੋੜਦਾ ਹੈ ਪਰ ਕਿਸੇ ਤਰਤੀਬ ਨਾਲ ਤੋੜਦਾ ਹੈ। ਉਹ ਹਰ ਇਕ ਫੁੱਲ ਨਹੀਂ ਤੋੜਦਾ। ਉਹ ਵੇਖਦਾ

ਹੈ ਕਿਹੜਾ ਫੁੱਲ ਤੋੜਨ ਦੇ ਯੋਗ ਹੈ। ਫਿਰ ਤੇਰੇ ਵਾਂਗੂੰ ਆਸੇ-ਪਾਸੇ ਨਹੀਂ ਸੁੱਟਦਾ, ਉਸਦੇ ਕੋਲ ਚੰਗੇਰ ਹੁੰਦੀ ਹੈ। ਉਹ ਫੁੱਲ ਇਕੱਠੇ ਕਰਦਾ ਹੈ, ਪਰੋਂਦਾ ਹੈ, ਮਾਲਾ ਬਣਾਉਂਦਾ ਹੈ ਤੇ ਸਤਿਕਾਰ ਨਾਲ ਕਿਸੇ ਗਲ ਵਿਚ ਪਾਈ ਜਾਂਦੀ ਹੈ। ਫੁੱਲ ਸਤਿਕਾਰ ਬਣ ਕੇ ਕਿਸੇ ਸਤਿਕਾਰ ਯੋਗ ਗਲੇ ਵਿਚ ਸਜਦੇ ਹਨ। ਤੇਰੇ ਵਾਂਗ ਮਾਲੀ ਕਿਸੇ ਦੇ ਮੂੰਹ ਤੇ ਫੁੱਲ ਨਹੀਂ ਮਾਰਦਾ। ਤੇਰੇ ਬਲ ਦੇ ਮਗਰ ਸਿਰਫ਼ ਬੇਤਰਤੀਬੀ ਹੈ, ਬੇਇੱਜ਼ਤੀ ਹੈ, ਦੁੱਖ ਹੈ, ਵਿਨਾਸ਼ ਹੈ। ਫੁੱਲ ਤੋੜਨੇ ਹੀ ਹਨ ਤਾਂ ਪਹਿਲਾਂ ਕਿਸੇ ਮਾਲੀ ਕੋਲੋਂ ਲਾਉਣੇ ਸਿੱਖ। ਪਾਲਣੇ ਸਿੱਖ, ਹੱਥੀਂ ਬੂਟੇ ਲਾ, ਪਾਣੀ ਪਾ, ਪਾਲ ਫਿਰ ਫੁੱਲ ਤੋੜੀਂ । ਤੂੰ ਜੇ ਕੁਛ ਤੋੜਨਾ ਹੀ ਹੈ ਤਾਂ ਪਹਿਲਾਂ ਕੁਝ ਜੋੜਨਾ ਸਿੱਖ। ਫਿਰ ਤੇਰੇ ਤੋੜਨ ਵਿਚ ਸਮਝਦਾਰੀ ਹੋਵੇਗੀ, ਵਿਕਾਸ ਹੋਵੇਗਾ, ਸੇਵਾ ਹੋਵੇਗੀ।

ਸਤਿਗੁਰੂ ਨਾਨਕ ਦੇਵ ਨੇ ਉਸ ਤਾਕਤਵਰ ਜਵਾਨ ਨੂੰ ਸੇਧ ਦਿਤੀ ਜੋ ਧਨ ਕਰਕੇ ਵੀ ਜਵਾਨ ਸੀ, ਤਨ ਕਰਕੇ ਵੀ ਜਵਾਨ ਸੀ। ਸ਼ਕਤੀ ਪਾਸ ਸੀ। ਸਤਿਗੁਰਾਂ ਨੇ ਕਿਹਾ ਜੇ ਮਨੁੱਖ ਬਲ ਦਾਤੇ ਨਾਲ ਜੁੜਿਆ ਰਹੇ, ਉਸ ਦਾ ਸ਼ੁਕਰਾਨਾ ਕਰਦਾ ਰਹੇ ਜਿਸਨੇ ਬਲ ਦਿੱਤਾ ਹੈ ਤਾਂ ਉਸਦੀ ਜਵਾਨੀ ਸਦਾ ਬਣੀ ਰਹੇਗੀ। ਜਿਸ ਮਨੁੱਖ ਨੇ ਸਰੀਰ ਦੇ ਬਲ ਨੂੰ, ਬਾਹੂ ਬਲ ਨੂੰ ਹੀ ਜਵਾਨੀ ਸਮਝਿਆ ਹੈ ਉਹ ਐਸੀ ਭੁੱਲ ਕਰ ਰਿਹਾ ਹੈ ਜਿਸ ਲਈ ਅੰਤ ਪਛਤਾਉਣਾ ਪੈਂਦਾ ਹੈ। ਐਸੀ ਭੁੱਲ ਰਾਜੇ ਭਰਥਰੀ ਨੇ ਕੀਤੀ ਸੀ। ਸਰੀਰ ਦੀ ਜਵਾਨੀ ਤਾਂ ਆਖਰ ਜਾਏਗੀ। ਉਸਨੇ ਜਤਨ ਕੀਤਾ ਕਿ ਮੇਰੀ ਜਵਾਨੀ ਜੇ ਜਾ ਵੀ ਰਹੀ ਹੈ, ਤਾਂ ਵੀ ਮੈਂ ਆਪਣੇ ਆਲੇ-ਦੁਆਲੇ ਜਵਾਨੀ ਦਾ ਮਾਹੌਲ ਬਣਾਈ ਰੱਖਾਂ, ਮੇਰੇ ਕੋਲ ਸੈਨਾਪਤੀ ਚੰਗੇ ਜਵਾਨ ਹੋਣ, ਗਾਇਕ ਸੁੰਦਰ ਜਵਾਨ ਹੋਣ, ਰਾਣੀ ਚੰਗੀ ਸੁੰਦਰ ਤੇ ਜਵਾਨ ਹੋਵੇ। ਕਥਾ ਐਸੀ ਹੈ ਜੋ ਉਸਨੇ ਆਪ ਹੀ ਲਿਖੀ ਹੈ ਕਿ ਸੋਮ ਨਾਮੀ ਬ੍ਰਾਹਮਣ ਨੇ ਤਪ ਕੀਤਾ ਅਤੇ ਇਕ ਦੇਵੀ ਨੂੰ ਖੁਸ਼ ਕੀਤਾ ਤੇ ਵਰ ਲਿਆ। ਦੇਵੀ ਨੇ ਵਰ ਵਿਚ ਇਕ ਫਲ ਦਿਤਾ ਤੇ ਕਿਹਾ, ਜਾ! ਜਿਹੜਾ ਇਸਨੂੰ ਖਾਏਗਾ ਉਹ ਜਵਾਨ ਬਣਿਆ ਰਹੇਗਾ। ਬ੍ਰਾਹਮਣ ਨੇ ਜਵਾਨੀ ਦਾ ਮੁੱਲ ਵੱਟਣਾ ਚਾਹਿਆ। ਉਸਨੇ ਉਹ ਫਲ ਰਾਜੇ ਭਰਥਰੀ ਦੇ ਪਾਸ ਜਾ ਕੇ ਵੇਚ ਦਿੱਤਾ। ਭਰਥਰੀ ਨੇ ਜਵਾਨੀ ਨੂੰ ਸਿਰਫ ਐਸ਼ ਹੀ ਸਮਝ ਕੇ ਜਵਾਨੀ ਦਾ ਰਸ ਆਪਣੀ ਰਾਣੀ ਨੂੰ ਦੇ ਦਿੱਤਾ ਤਾਂਕਿ ਇਹ ਸਦਾ ਜਵਾਨ ਬਣੀ ਰਹੇ। ਪਿੰਗਲਾ ਰਾਣੀ ਦੀ ਮਿੱਤਰਤਾ ਮਹਾਵਤ ਨਾਲ ਸੀ। ਉਸਨੇ ਉਹ ਫਲ ਮਹਾਵਤ ਨੂੰ ਦੇ ਦਿੱਤਾ। ਮਹਾਵਤ ਦੀ ਮਿੱਤਰਤਾ ਇਕ ਵੇਸਵਾ ਨਾਲ ਸੀ ਉਸਨੇ ਫਲ ਵੇਸਵਾ ਨੂੰ ਦੇ ਦਿੱਤਾ। ਵੇਸਵਾ ਨੇ ਵੀ ਸੋਚਿਆ ਸਦਾ ਜਵਾਨ ਰਹਿ ਕੇ ਵੀ, ਮੈਂ ਆਖਰ ਪੈਸੇ ਹੀ ਇਕੱਠੇ ਕਰਨੇ ਹਨ, ਕਿਉਂ ਨਾ ਇਕੋ ਦਿਨ ਫਲ ਰਾਜੇ ਨੂੰ ਦੇ ਕੇ ਪੈਸੇ ਵੱਟ ਲਵਾਂ। ਉਸਨੇ ਫਿਰ ਫਲ ਰਾਜੇ ਅੱਗੇ ਲਿਆ ਰਖਿਆ। ਭਰਥਰੀ ਹੈਰਾਨ ਹੋ ਗਿਆ, ਕਹਿਣ ਲੱਗਾ, ਇਹ ਫਲ ਨਹੀਂ ਇਹ ਜਵਾਨੀ ਹੈ ਤੇ ਇਹ ਉਹ ਜਵਾਨੀ ਹੈ ਜੋ ਥਾਂ-ਥਾਂ ਵਿਕਦੀ ਫਿਰਦੀ ਹੈ। ਇਹ ਜਵਾਨੀ ਇੰਨੀ ਬੇਵਫ਼ਾ ਹੈ, ਇਹ ਫਲ ਕਾਮ ਦਾ ਫਲ ਹੈ, ਇਸਦਾ ਇਕ ਥਾਂ ਟਿਕਾਣਾ ਹੀ ਨਹੀਂ, ਮੈਂ ਹੁਣ ਇਹ ਫਲ ਨਹੀਂ ਖਾਵਾਂਗਾ ਹੁਣ ਤਾਂ ਮੈਂ ਨਾਮ

ਦਾ ਫਲ ਖਾਵਾਂਗਾ। ਨਾਮ ਦਾ ਫਲ ਐਸੀ ਜਵਾਨੀ ਹੈ ਜੋ ਸਦਾ ਹੀ ਕਾਇਮ ਰਹਿੰਦੀ ਹੈ ਅਤੇ ਵਫ਼ਾਦਾਰ ਹੈ, ਬੇਵਫ਼ਾ ਨਹੀਂ। ਨਾਮ ਦੀ ਜਵਾਨੀ, ਥਾਂ-ਥਾਂ ਵਿਕਦੀ ਨਹੀਂ। ਵੈਰਾਗ ਸ਼ੱਤਕ ਵਿਚ ਲਿਖਿਆ ਹੈ—

*ਸੋਮ ਨਾਮ ਬਿਪ੍ਰਵਰ, ਗਿਰਜਾ ਕੇ ਵਰ ਕਰ,*
*ਲੀਨੋ ਸੁਧਾ ਫਰ, ਕਰ ਦੀਨੋ ਨਰ ਨਾਹ ਕੇ।*
*ਭੂਪਤ ਸ੍ਰੈਪਤਨੀ ਕੋ, ਰਾਣੀ ਨਿਜ ਮੀਤ ਹੀ ਕੋ,*
*ਤਾਨੇ ਦੀਨੋ ਗੀਤਕੀ ਕੋ, ਨੀਕੇ ਫਲ ਚਾਹਕੇ।*
*ਆਗੈ ਗਨਕਾ ਸਰਾਗੇ, ਧਰਾਪਤਿ ਆਗੇ ਧਰਾ,*
*ਨਰ ਨਾਥ ਮਾਥ ਧੁਨਾ ਸੁਨਿ ਧੁਨਾ ਤਾਹ ਕੇ।*
*ਹਾ ਹਾ ਕਾਮਨੀ ਕੇ ਹੇਤ, ਹਤੇ ਕਾਮ ਨੀਕੇ,*
*ਅਬ, ਤਾਂਹਿ ਤਜੋ, ਤਾਹਿ ਭਜੋ, ਸਸੀ ਸੀਸ ਜਾਹਿ ਕੇ।*

ਫਿਰ ਕਹਿੰਦਾ ਹੈ ਮੈਂ ਤਾਂ ਰੱਬ ਦਾ ਸਿਮਰਨ ਛੱਡਕੇ ਇਸ ਜਵਾਨੀ ਦਾ ਹੀ ਸਿਮਰਨ ਕਰਦਾ ਰਿਹਾ ਹਾਂ। ਮੇਰੇ ਲਈ ਕਾਮਣੀ ਹੀ ਜਵਾਨੀ ਸੀ। ਐਸੀ ਪ੍ਰੀਤਿ ਨੂੰ ਧ੍ਰਿਕਾਰ ਹੈ ਜੋ ਇਕ ਥਾਂ ਤੇ ਟਿਕ ਹੀ ਨਾ ਸਕੇ।

*ਜਿਨਕੋ ਨਿਤ ਮੈਂ ਚਿਤ ਮੇ ਚਿਤਮੇ, ਤਿਨ ਕੀ ਰਤਿ ਮੇ ਤਨ ਮਾਹਿ ਰਤੀ ਨਾ।*
*ਵੋਹ ਔਰ ਪੁਮਾਨ ਕੇ ਸੰਗ ਰਤੀ, ਪੁਨ ਤਾਂ ਮਨ ਮਹਿ ਗਨਕਾ ਗ੍ਰਿਹ ਕੀਨਾ।*
*ਧਿਕ ਹੈ ਅਬਲਾ, ਧ੍ਰਿਗ ਕੰਦ੍ਰਪ ਪੈ, ਅਰ ਮੋਹਿ ਧਿਕਾਰ ਜੋ ਮਾਰ ਅਧੀਨਾ।*
*ਇਸ ਰੀਤਿ ਸਮੂੰਹ ਕੀ ਪ੍ਰੀਤਿ ਤਜੀ, ਨ੍ਰਿਪ ਹੋ ਜਿ ਜੋਗੀਸ਼ਰ ਈਸ਼ਰ ਚੀਨਾ।*

ਇਹ ਠੋਕਰ ਕਿਸੇ ਭਾਗਾਂ ਵਾਲੇ ਨੂੰ ਹੀ ਲਗਦੀ ਹੈ ਕਿ ਉਹ ਕਾਮ ਤੋਂ ਉਚੇਰਾ ਹੋ ਕੇ ਨਾਮ ਦੇ ਪ੍ਰਵਾਹ ਵਿਚ ਤਾਰੀਆਂ ਲਾਉਣ ਲੱਗ ਪਵੇ। ਆਮ ਕਰਕੇ ਤਾਂ ਜੋ ਨਜ਼ਰ ਆਉਂਦਾ ਹੈ ਕਿ ਜਵਾਨੀ ਐਸੀ ਅਵਸਥਾ ਹੈ ਕਿ ਇਕ ਬੱਚਾ ਵੀ ਛੇਤੀ ਜਵਾਨ ਹੋਣਾ ਚਾਹੁੰਦਾ ਹੈ। ਇਸੇ ਲਈ ਬਾਜ਼ਾਰ ਵਿਚੋਂ ਨਕਲੀ ਮੁੱਛਾਂ ਖਰੀਦ ਲੈਂਦਾ ਹੈ, ਮੂੰਹ ਤੇ ਲਗਾ ਲੈਂਦਾ ਹੈ ਤੇ ਬੜਾ ਪ੍ਰਸੰਨ ਹੁੰਦਾ ਹੈ ਕਿ ਮੈਂ ਜਵਾਨ ਹੋ ਗਿਆ ਹਾਂ ਅਤੇ ਬੁੱਢਾ ਬੰਦਾ ਵੀ ਵਾਰ-ਵਾਰ ਜਵਾਨੀ ਨੂੰ ਯਾਦ ਕਰਦਾ ਹੈ ਅਤੇ ਕਈ ਵਾਰ ਤਾਂ ਵੇਖਣ ਵਿਚ ਆਇਆ ਹੈ ਕਿ ਹੱਥ ਕੰਬਦੇ ਹਨ ਅਤੇ ਲੱਤਾਂ ਵਿੰਗੀਆਂ ਹਨ, ਤੁਰਿਆ ਜਾਂਦਾ ਨਹੀਂ ਅੱਖਾਂ ਤੋਂ ਦਿਸਦਾ ਕੁਝ ਨਹੀਂ, ਮੂੰਹ ਤੇ ਮਾਸ ਨਹੀਂ ਰਿਹਾ, ਹੱਡੀਆਂ ਨਜ਼ਰ ਆਉਂਦੀਆਂ ਹਨ, ਦੰਦ ਸਾਰੇ ਝੜ ਗਏ ਹਨ, ਕੰਨਾਂ ਤੋਂ ਕੁਝ ਸੁਣਿਆ ਨਹੀਂ ਜਾਂਦਾ ਪਰ ਵਿਚਾਰਾ ਫਿਰ ਦਾੜ੍ਹੀ ਕੇਸ ਕਾਲੇ ਕਰ ਕੇ ਜਵਾਨ ਬਨਣ ਦਾ ਭਰਮ ਪੂਰਾ ਕਰ ਰਿਹਾ ਹੈ। ਬਜ਼ੁਰਗ ਮਾਤਾਵਾਂ ਕੇਸ ਕਾਲੇ ਕਰਕੇ ਇਹੋ ਭਰਮ ਪਾਲ ਰਹੀਆਂ ਹਨ। ਬੁਢਾਪੇ ਵਿਚ ਤਾਂ ਜਵਾਨੀ ਦੀਆਂ ਯਾਦਾਂ ਆਉਂਦੀਆਂ ਹਨ। ਜਿਸ ਜਵਾਨੀ ਦੇ ਮਗਰ ਬੁਢਾਪੇ ਦਾ ਮਗਰਮੱਛ ਹੈ ਜਿਸ ਜਵਾਨੀ ਵਿਚ ਸਿਰਫ ਗੁਨਾਹ ਹੀ ਗੁਨਾਹ ਹਨ, ਗੁਰੂ ਨੂੰ ਐਸੀ ਜਵਾਨੀ ਪ੍ਰਵਾਨ ਨਹੀਂ। ਜਿਵੇਂ ਪਿੱਛੇ ਅਸੀਂ ਵਿਚਾਰ ਕਰ ਆਏ ਹਾਂ ਕਿ ਬਚਪਨਾ ਨਿਰਾ ਸਰੀਰ ਹੀ ਨਹੀਂ ਇਕ ਅਵਸਥਾ ਹੈ।

ਇਸੇ ਤਰ੍ਹਾਂ ਗੁਰਮਤਿ ਵਿਚ ਜਵਾਨੀ ਦੀ ਸਿਰਫ਼ ਸਰੀਰਕ ਅਵਸਥਾ ਹੀ ਨਹੀਂ ਸਗੋਂ ਨਾਲ ਇਕ ਮਾਨਸਿਕ ਅਵਸਥਾ ਵੀ ਹੈ। ਗੁਰੂ ਅਮਰਦਾਸ ਜੀ ਬਜ਼ੁਰਗ ਹੁੰਦੇ ਹੋਏ ਵੀ ਜਵਾਨ ਸਨ। ਬਾਣੀ ਵਿਚ ਐਸਾ ਲਿਖਿਆ ਹੈ—

*ਗੁਰਮੁਖਿ ਬੁਢੇ ਕਦੇ ਨਾਹੀ, ਜਿਨਾ ਅੰਤਰਿ ਸੁਰਤਿ ਗਿਆਨ॥*
*ਸਦਾ ਸਦਾ ਹਰਿ ਗੁਣ ਰਵਹਿ, ਅੰਤਰਿ ਸਹਜ ਧਿਆਨੁ॥*
*ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ।*
*ਤਿਨਾ ਨਦਰੀ ਇਕੋ ਆਇਆ ਸਭ ਆਤਮ ਰਾਮੁ ਪਛਾਨੁ॥*

*(ਸਲੋਕ ਵਾਰਾਂ ਤੇ ਵਧੀਕ ਮ: ੩, ਪੰਨਾ ੧੪੧੮)*

ਗੁਰਮਤਿ ਵਿਚ ਛੈਲ ਜਵਾਨ ਉਹ ਹਨ ਜੋ ਆਪ ਤਰ ਰਹੇ ਹਨ ਤੇ ਦੂਸਰਿਆਂ ਦੀ ਬਾਂਹ ਫੜ ਕੇ ਤਾਰ ਰਹੇ ਹਨ। ਭਾਵੇਂ ਉਹ ਬੱਚਾ ਹੋਵੇ ਜਾਂ ਬੁੱਢਾ ਹੋਵੇ ਉਹ ਜਵਾਨ ਹੈ ਜੋ ਆਪ ਭਵ ਸਾਗਰ ਤੋਂ ਤਰ ਰਿਹਾ ਹੈ ਅਤੇ ਉਸਨੂੰ ਤਰਦਿਆਂ ਵੇਖ ਕੇ ਅਨੇਕਾਂ ਕਮਜ਼ੋਰੀਆਂ ਨਾਲ ਭਰਪੂਰ ਜੀਵ ਦਾ ਮਨ ਵੀ ਧੀਰਜ ਫੜਦਾ ਹੈ, ਕਿ ਇਹ ਸਾਡੀ ਬਾਂਹ ਫੜ ਕੇ ਵੀ ਪਾਰ ਕਰ ਦੇਵੇਗਾ।

ਬਾਬਾ ਫ਼ਰੀਦ ਜੀ ਦਾ ਬਚਨ ਹੈ—

*ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ।*

*(ਆਸਾ ਸੇਖ ਫਰੀਦ, ਪੰਨਾ ੪੮੮)*

ਗੁਰਮਤਿ ਦਾ ਜਵਾਨ ਕਰਮ ਖੰਡ ਵਿਚ ਵਿਚਰਦਾ ਹੈ ਉਥੇ ਜ਼ੋਰ ਹੈ ਪਰ ਆਪਣਾ ਨਹੀਂ ਪ੍ਰਮਾਤਮਾ ਦਾ ਜ਼ੋਰ ਹੈ।

*ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥*

ਜਦੋਂ ਚਾਰ ਚੁਫੇਰੇ ਅਕਾਲ ਪੁਰਖ ਦਾ ਬਲ ਆ ਜਾਏ ਫਿਰ ਐਸਾ ਜਵਾਨ ਲੋੜ ਪੈਣ ਤੇ ਰਣ ਵਿਚ ਵੀ ਜੂਝਦਾ ਹੈ। ਲੋੜ ਪੈਣ ਤੇ ਸੰਗਤਾਂ ਦੇ ਜੋੜੇ ਵੀ ਝਾੜਦਾ ਹੈ। ਜੀਵਨ ਵਿਚ ਐਸਾ ਜਵਾਨ ਕਦੀ ਨਹੀਂ ਹਾਰਦਾ ਕਿਉਂਕਿ ਉਹ ਅਕਾਲ ਪੁਰਖ ਦੇ ਬਲ ਦੇ ਆਸਰੇ ਚਲਦਾ ਹੈ। ਇਕਬਾਲ ਨੇ ਕਿਹਾ ਹੈ-

*ਵੋਹ ਕੌਮ ਸਲਾਰੇ ਅਕਵਾਮ ਹੋਗੀ*
*ਜਵਾਂ ਜਿਸਕੇ ਪਾਕੀਜ਼ਾ ਇਖਲਾਕ ਹੋਂਗੇ।*

ਸਿੱਖ ਦੇ ਆਚਰਣ ਦੀ ਉਸਾਰੀ ਹੀ ਰੱਬ ਦੀ ਰਜ਼ਾ ਵਿਚ ਸਤਿਗੁਰੂ ਦੀ ਬਾਣੀ ਦੇ ਆਸਰੇ ਹੋਈ ਹੈ। ਇਸ ਲਈ ਇਸ ਜਵਾਨੀ ਵਿਚ ਜਿੱਥੇ ਜੋਸ਼ ਹੈ ਉਥੇ ਇਕ ਪਰਮ ਹੋਸ਼ ਵੀ ਹੈ। ਮਸਤੀ ਜ਼ਰੂਰ ਹੈ ਪਰ ਇਹ ਮਸਤੀ ਜਵਾਨੀ ਦੇ ਬਲ ਦੀ ਨਹੀਂ। ਇਹ ਨਾਮ ਦੀ ਮਸਤੀ ਹੈ। ਇਸ ਅਵਸਥਾ ਵਿਚ ਮੂੜਤਾ ਨਹੀਂ ਸਗੋਂ ਵਿਵੇਕ ਹੈ। ਵਿਨਾਸ਼ ਨਹੀਂ ਸਗੋਂ ਵਿਕਾਸ ਹੈ। ਦੁਰਾਚਾਰ ਨਹੀਂ ਪਰ ਉਪਕਾਰ ਹੈ। ਬੁਰਾ ਕਿਸੇ ਦਾ ਨਹੀਂ ਭਲਾ ਸਰਬੱਤ ਦਾ ਹੈ। ਐਸਾ ਜਵਾਨ ਹਸਾਉਂਦਾ ਸਾਰੇ ਜਗਤ ਨੂੰ ਹੈ ਪਰ

ਰੋਣਾ ਕਿਸੇ ਦਾ ਵੀ ਬਰਦਾਸ਼ਤ ਨਹੀਂ ਕਰਦਾ। ਆਪਣੇ ਖ਼ੂਨ ਦੇ ਸਾਰੇ ਕਤਰੇ ਵਹਾ ਕੇ ਵੀ ਇਸਨੂੰ ਦੂਸਰੇ ਦੇ ਅੱਥਰੂ ਪੂੰਝਣੇ ਆਉਂਦੇ ਹਨ।

ਗੁਰਸਿਖ ਜਵਾਨ ਐਸਾ ਹੈ ਜੋ ਆਪ ਵਿਗਸਿਆ ਹੈ ਤੇ ਜਗਤ ਵਿਚ ਵਿਗਾਸ ਵੰਡਦਾ ਹੈ।

*ਨਾਨਕ ਭਗਤਾ ਸਦਾ ਵਿਗਾਸੁ।*
*ਸੁਣਿਐ ਦੂਖ ਪਾਪ ਕਾ ਨਾਸੁ।। ਜਪੁਜੀ ।।*

ਐਸੇ ਜਵਾਨ ਦੇ ਪਰਉਪਕਾਰ ਬਾਰੇ ਇਹ ਅਦੀਬ ਲਿਖਦੇ ਹਨ—

*ਜੋ ਦਿਲ ਤੇਰੇ ਮੇ ਗ਼ਮ ਗੁਸਾਰੀ ਨਹੀਂ। ਤੇਰੀ ਬਾਤ ਫਿਰ ਕੋਈ ਪਯਾਰੀ ਨਹੀਂ।*
*ਜੋ ਦਿਲ ਸੋਜ਼ ਹੈ ਔਰ ਹਮਦਰਦ ਹੈ। ਹਜ਼ਾਰੋਂ ਜਵਾਨੋ ਮੇ ਤੂ ਮਰਦ ਹੈ।*
*ਦਿਖਾਉ ਨਾ ਜਬ ਤਕ ਜਵਾਂ ਮਰਦੀਆਂ।*
*ਯੇ ਹਮਦਰਦੀਆਂ ਸਭ ਹੈਂ ਸਿਰਦਰਦੀਆਂ।*
*ਨਾ ਚਾਹੇ ਕਿਸੀ ਕਾ ਜੋ ਕਰਨਾ ਭਲਾ। ਤੋ ਉਸ ਬੇ ਮੁਰਵੱਤ ਕਾ ਮਰਨਾ ਭਲਾ।*

ਹੋਰ ਕਿਹਾ ਹੈ—

*ਬਖੀਲ ਅਪਨੇ ਸੀਨੇ ਪੇ ਡਾਲੇਗਾ ਖ਼ਾਕ। ਸਖ਼ੀ ਜ਼ਰਸੇ ਅਪਨੇ ਕਰੇ ਖ਼ਾਕ ਪਾਕ।*
*ਵਹੀ ਨਹਰ ਕਾ ਜਾਰੀ ਪਾਨੀ ਭਲਾ। ਜੋ ਔਰੋਂ ਕੀ ਚਕੀ ਚਲਾ ਕਰ ਚਲਾ।*
*ਕਰ ਮੁਹਬਤ ਹਰ ਕਿਸੀ ਸੇ ਦਿਲ ਦੁਖਾਨਾ ਛੋੜ ਦੇ।*
*ਹੈ ਇਬਾਦਤ ਬਸ ਯਹੀ, ਜੰਗਲ ਮੇ ਜਾਨਾ ਛੋੜ ਦੇ।*
*ਗਰ ਚੁਭੇ ਕਾਂਟਾ ਕਿਸੀ ਕੋ ਦਰਦ ਤੂੰ ਮਹਿਸੂਸ ਕਰ*
*ਮਤ ਤਸੱਵਰ ਗ਼ੈਰ ਕਰ ਅਪਨਾ ਬੇਗਾਨਾ ਛੋੜ ਦੇ।*

ਐਸੇ ਜਵਾਨ ਮਰਦ ਦੇ ਹੱਥ ਵਿਚ ਕਲਗੀਧਰ ਜੀ ਨੇ ਦੇਗ ਦਿੱਤੀ ਸੀ ਕਿ ਕੋਈ ਵੀ ਭੁੱਖਾ ਨਾ ਰਹੇ। ਐਸੇ ਜਵਾਨ ਮਰਦ ਸਿੰਘ ਦੇ ਹੱਥ ਵਿਚ ਤੇਗ਼ ਦਿੱਤੀ ਕਿ ਕੋਈ ਦੁਖੀ ਨਾ ਰਹੇ। ਕਿਸੇ ਨਾਲ ਬੇਇਨਸਾਫ਼ੀ ਨਾ ਹੋਵੇ ਅਤੇ ਕਿਸੇ ਨਾਲ ਕੋਈ ਵਧੀਕੀ ਨਾ ਹੋਵੇ। ਦੇਗ਼ ਤੇਗ਼ ਫਤਿਹ ਦਾ ਅਰਥ ਹੀ ਇਹ ਹੈ ਕਿ ਭੁੱਖ ਮੁੱਕ ਗਈ ਸਭ ਤ੍ਰਿਪਤ ਹਨ। ਅਤੇ ਦੁੱਖ ਕਲੇਸ਼ ਮੁਕ ਗਏ, ਉਪਾਧੀਆਂ ਤੇ ਜ਼ੁਲਮ ਮੁੱਕ ਗਏ, ਹਰ ਪਾਸੇ ਸ਼ਾਂਤੀ ਹੈ, ਅਮਨ ਹੈ। ਐਸੇ ਜਵਾਨ ਮਰਦ ਨੂੰ ਰੱਬ ਸਾਰੀਆਂ ਬਰਕਤਾਂ ਦੇਵੇ। ਉਸਦਾ ਹੱਥ ਕਦੀ ਤੰਗ ਨਾ ਹੋਵੇ ਅਤੇ ਕਮੀਨੇ ਬੰਦੇ ਨੂੰ ਰੱਬ ਕੋਈ ਸ਼ਕਤੀ ਨਾ ਦੇਵੇ ਉਸਦੀ ਕੋਈ ਹਸਤੀ ਨਾ ਬਣ ਸਕੇ। ਐਸੀ ਦੁਆ ਸ਼ੇਖ ਸਾਅਦੀ ਨੇ ਵੀ ਕੀਤੀ ਹੈ—

*ਐ ਸਿਫਲਾ ਖ਼ੁਦਾਵੰਦ ਹਸਤੀ ਮਬਾਸ਼।*
*ਜਵਾਂ ਮਰਦ ਰਾ ਤੰਗ ਦਸਤੀ ਮਬਾਸ਼।*

■ ■ ■

# ੩੨

# ਸਿੱਖੀ ਦੀ ਬਜ਼ੁਰਗੀ

ਇਕ ਬਜ਼ੁਰਗੀ ਦੀ ਉਹ ਹਾਲਤ ਹੈ ਜਿਸ ਵਿਚ ਸਰੀਰ ਸਤਿਆਹੀਨ ਹੋ ਜਾਂਦਾ ਹੈ, ਕਮਜ਼ੋਰ ਹੋ ਜਾਂਦਾ ਹੈ, ਐਸੀ ਬਜ਼ੁਰਗੀ ਨੂੰ ਵੇਖ ਕੇ ਸਿਧਾਰਥ, ਗੌਤਮ ਬੁੱਧ ਸੰਸਾਰ ਤੋਂ ਉਪਰਾਮ ਹੋ ਗਿਆ ਸੀ। ਭਗਤ ਭੀਖਨ ਜੀ ਐਸੀ ਬਜ਼ੁਰਗੀ ਦਾ ਇਕ ਸ਼ਬਦ ਵਿਚ ਹਾਲ ਲਿਖਦੇ ਹਨ–

*ਨੈਨਹੁ ਨੀਰੁ ਬਹੈ ਤਨੁ ਖੀਨਾ*
*ਭਏ ਕੇਸ ਦੁਧ ਵਾਨੀ॥*
*ਰੂਧਾ ਕੰਠੁ ਸਬਦੁ ਨਹੀ ਉਚਰੈ, ਅਬ ਕਿਆ ਕਰਹਿ ਪਰਾਨੀ॥*
*(ਸੋਰਠਿ ਭੀਖਨ ਜੀਉ, ਪੰਨਾ ੬੫੯)*

ਬਜ਼ੁਰਗੀ ਵਿਚ ਬੰਦਾ ਕਿੰਨਾ ਦੀਨ-ਹੀਨ ਹੋ ਜਾਂਦਾ ਹੈ, ਜਿਨ੍ਹਾਂ ਧੀਆਂ-ਪੁੱਤਰਾਂ ਤੇ ਬੜੀਆਂ ਆਸਾਂ ਬਣਾਈਆਂ ਹੁੰਦੀਆਂ ਹਨ, ਉਹ ਵੀ ਧਿਆਨ ਨਹੀਂ ਦਿੰਦੇ। ਕੋਈ ਇਸ ਦੀ ਗੱਲ ਨਹੀਂ ਸੁਣਦਾ। ਪਰ ਇਹ ਬੁਢਾਪਾ ਤਾਂ ਆਉਣਾ ਹੀ ਹੈ। ਜਵਾਨੀ ਹਾਰ ਜਾਂਦੀ ਹੈ, ਬੁਢਾਪਾ ਆ ਜਾਂਦਾ ਹੈ।

*ਜਰੁ ਆਈ ਜੋਬਨਿ ਹਾਰਿਆ।* *(ਆਸਾ ਕੀ ਵਾਰ ਮ: ੧, ਪੰਨਾ ੪੭੨)*

ਬੁਢਾਪਾ ਸਾਰੇ ਦੁੱਖ, ਚਿੰਤਾ, ਫਿਕਰਾਂ ਨਾਲ ਭਰਪੂਰ ਹੁੰਦਾ ਹੈ। ਅਸਚਰਜ ਗੱਲ ਹੈ ਕਿ ਜਿਹੜੇ ਸੰਬੰਧੀ ਇਸਦਾ ਬਿਲਕੁਲ ਹੀ ਫਿਕਰ ਨਹੀਂ ਕਰਦੇ ਇਹ ਦਿਨ ਰਾਤ ਉਨ੍ਹਾਂ ਦਾ ਫ਼ਿਕਰ ਕਰਦਾ ਰਹਿੰਦਾ ਹੈ। ਇਸ ਬੁਢਾਪੇ ਦੀ ਅਵਸਥਾ ਵਿਚ ਦੁੱਖਾਂ ਤੇ ਫਿਕਰਾਂ ਤੋਂ ਬਿਨਾਂ ਹੋਰ ਕੀ ਹੈ। ਭਰਥਰੀ ਨੇ ਸੱਚ ਹੀ ਕਿਹਾ ਹੈ–

*ਜਰਾ ਉਪਾਇ ਨ ਬਨ ਸਕੇ ਜਰਾ ਅਵਸਥਾ ਮਾਹਿ।*
*ਭਵ ਸਾਗਰ ਕੇ ਤਰਨ ਕਉ ਤਰਨ ਅਵਸਥਾ ਆਹਿ।*

ਇਕ ਤਾਂ ਬਜ਼ੁਰਗੀ ਇਹ ਹੈ ਤਨ ਦਾ ਨਿਤਾਣਾਪਣ, ਕਮਜ਼ੋਰੀ, ਸਰੀਰ ਦਾ ਖੀਨ ਹੋਣਾ, ਇਹ ਇਕ ਕੁਦਰਤੀ ਘਟਨਾ ਹੈ। ਇਸ ਵਿਚ ਬੰਦਾ ਦੁਖੀ ਜ਼ਰੂਰ ਹੈ, ਬੰਦੇ ਦੀ ਵਡਿਆਈ ਵਾਲੀ ਕੋਈ ਗੱਲ ਨਹੀਂ।

ਦੂਸਰੀ ਬਜ਼ੁਰਗੀ ਹੈ ਸਿਆਣਪ ਨਾਲ, ਅਕਲ ਨਾਲ, ਜਿਵੇਂ ਕਿ ਪ੍ਰਸਿੱਧ ਵਿਦਵਾਨ ਸਾਅਦੀ ਕਹਿੰਦੇ ਹਨ ਬਜ਼ੁਰਗੀ ਅਕਲ ਨਾਲ ਹੈ, ਸਾਲਾਂ ਨਾਲ ਨਹੀਂ। ਇਕ ਬੱਚਾ ਵੀ ਅਕਲ ਦੀ ਗੱਲ ਕਰੇ ਤਾਂ ਉਹ ਬਜ਼ੁਰਗ ਹੈ ਪਰ ਇਕ ਬਜ਼ੁਰਗ ਵੀ ਬੇਸਮਝੀ ਦੀ ਗੱਲ ਕਰੇ ਤਾਂ ਉਹ ਬੱਚਾ ਹੀ ਹੈ। ਇਹ ਧਾਰਨਾ ਵੀ ਰਹੀ ਹੈ ਕਿ ਉਮਰ ਨਾਲ ਬੰਦੇ ਨੇ ਜੀਵਨ ਦੇ ਉਤਰਾਅ-ਚੜ੍ਹਾਅ ਵੇਖੇ ਹੁੰਦੇ ਹਨ। ਜੀਵਨ ਵਿਚ ਬੀਤੀਆਂ ਘਟਨਾਵਾਂ ਤੋਂ ਕੁਝ ਸਿੱਖਿਆ ਹੁੰਦਾ ਹੈ। ਬਜ਼ੁਰਗ ਦਾ ਕਾਫ਼ੀ ਤਜਰਬਾ ਹੋ ਜਾਂਦਾ ਹੈ। ਪਰ ਇਹ ਜ਼ਰੂਰੀ ਨਹੀਂ ਕਿ ਜੀਵਨ ਦੇ ਬੀਤੇ ਦਿਨਾਂ ਤੋਂ ਹਰ ਬੰਦੇ ਨੇ ਸਬਕ ਲਿਆ ਹੋਵੇ। ਕਾਲਜ ਵਿਚ ਪ੍ਰਿੰਸੀਪਲ ਵੀ ਜਾਂਦਾ ਹੈ ਵਿਦਿਆਰਥੀ ਵੀ, ਸਫ਼ਾਈ ਕਰਨ ਵਾਲਾ ਵੀ। ਪਰ ਸਵਾਲ ਜਾਣ ਦਾ ਨਹੀਂ, ਜੀਵਨ ਦੇ ਦਿਨ ਬਿਤਾਉਣ ਦਾ ਨਹੀਂ, ਸਵਾਲ ਤਾਂ ਸਿੱਖਣ ਦਾ ਹੈ।

ਕਾਲਜ ਦਾ ਚਪੜਾਸੀ ਸਭ ਤੋਂ ਪਹਿਲਾਂ ਜਾਂਦਾ ਹੈ ਬਾਦ ਵਿਚ ਆਉਂਦਾ ਹੈ ਪਰ ਸਿਖਦਾ ਕੁਝ ਵੀ ਨਹੀਂ। ਇਹ ਦੁਨੀਆਂ, ਇਹ ਸੰਸਾਰ, ਇਕ ਵਿਦਿਆਲਾ ਹੈ। ਪਰ ਸਿਆਣਪ ਤਾਂ ਹੀ ਆਵੇਗੀ ਜੇ ਕੋਈ ਇਥੋਂ ਸਿਖਣਾ ਚਾਹੇ। ਸਾਅਦੀ ਅਨੁਸਾਰ ਬਜ਼ੁਰਗੀ ਅਕਲ ਨਾਲ ਹੈ ਉਮਰ ਨਾਲ ਨਹੀਂ—

*ਬਜ਼ੁਰਗੀ ਬਾਅਕਲ ਅਸਤ ਨਾ ਕਿ ਬਾਸਾਲ।*
*ਤਵੰਗਰੀ ਬਾ ਦਿਲ ਅਸਤ ਨਾ ਕਿ ਬਾਮਾਲ।*

ਪਰ ਸਿੱਖੀ ਦੀ ਬਜ਼ੁਰਗੀ ਨਾ ਬੁਢਾਪੇ ਤੇ ਖੜ੍ਹੀ ਹੈ ਨਾ ਹੀ ਅਕਲ ਤੇ ਸਿਆਣਪ ਤੇ। ਇਥੇ ਤਾਂ ਬਜ਼ੁਰਗੀ ਦੀ ਪ੍ਰਿਭਾਸ਼ਾ ਹੋਰ ਹੀ ਹੈ। ਭਾਈ ਨੰਦ ਲਾਲ ਜੀ ਬਜ਼ੁਰਗੀ ਦੀ ਵਿਆਖਿਆ ਬੜੀ ਸੁੰਦਰ ਕਰਦੇ ਹਨ।

*ਗਰ ਬਜ਼ੁਰਗੀ ਬਾਇਦਤ ਕੁੰਨ ਬੰਦਗੀ।*

ਜੇ ਤੈਨੂੰ ਬਜ਼ੁਰਗੀ ਚਾਹੀਦੀ ਹੈ ਤਾਂ ਅਕਾਲ ਪੁਰਖ ਦੀ ਬੰਦਗੀ ਕਰ। ਸਿੱਖ ਦੀ ਬਜ਼ੁਰਗੀ ਆਪਣੀ ਅਕਲ ਦੇ ਆਸਰੇ ਨਹੀਂ। ਸਗੋਂ ਪ੍ਰਮਾਤਮਾ ਦੀ ਨਦਰ, ਮਿਹਰ, ਕ੍ਰਿਪਾ, ਰਹਿਮਤ ਦੇ ਆਸਰੇ ਹੈ। ਸਿੱਖ ਦੀ ਬਜ਼ੁਰਗੀ ਆਪਣਾ ਹਿਰਦਾ ਗੁਰੂ ਅੱਗੇ ਭੇਟ ਕਰਨ ਵਿਚ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਠੀਕ ਕਹਿੰਦੇ ਹਨ-

*ਜਿਨਾਂ ਉਚਆਈਆਂ ਉਤੋਂ ਬੁਧੀ ਖੰਬ ਝਾੜ ਬੈਠੀ*
*ਮਲੋ ਮਲੀ ਦਿਲ ਉਥੇ ਮਾਰਦਾ ਉਡਾਰੀਆਂ।*

ਲੱਖਾਂ ਹਜ਼ਾਰਾਂ ਸਿਆਣਪਾਂ ਹੋਣ ਇੰਨ੍ਹਾਂ ਨਾਲ ਬੰਦੇ ਦੀ ਮਤ ਚੰਚਲ ਹੋ ਜਾਂਦੀ ਹੈ। ਬੰਦਾ ਹੰਕਾਰੀ ਜ਼ਰੂਰ ਹੋ ਜਾਂਦਾ ਹੈ ਪਰ ਸਤਿਗੁਰੂ ਦੇ ਦਰ ਪ੍ਰਵਾਨ ਨਹੀਂ ਹੁੰਦਾ।

ਮਨ ਵਿਚ ਟਿਕਾਉ ਨਹੀਂ ਆਉਂਦਾ, ਕੋਈ ਸ਼ਾਂਤੀ ਨਹੀਂ ਆਉਂਦੀ, ਕੋਈ ਰਸ ਨਹੀਂ ਆਉਂਦਾ। ਇਹੀ ਕਾਰਨ ਹੈ ਕਿ ਦਾਰਸ਼ਨਿਕ ਬੰਦਿਆਂ ਦੇ ਜੀਵਨ ਵਿਚ ਪ੍ਰੇਮ ਰਸ ਨਹੀਂ ਰਹਿੰਦਾ। ਵਿਚਾਰਾਂ ਦੀ ਤੋੜ-ਫੋੜ, ਅਖਰਾਂ ਦੀ ਤੋੜ-ਫੋੜ ਵਿਚ ਜੀਵਨ ਬਤੀਤ ਹੋ ਜਾਂਦਾ ਹੈ। ਇਕ ਆਲਮ ਨੂੰ ਇਕ ਆਬਦ ਨੇ ਕਿਹਾ ਸੀ। ਤੂੰ ਕਾਗਜ਼ ਕਾਲੇ ਕਰ ਰਿਹਾ ਹੈਂ, ਤੇਰੀ ਸਿਆਣਪ ਨਾਲ ਸਿਰਫ ਕਾਗਜ਼ ਕਾਲੇ ਹੋਏ ਹਨ ਹੋਰ ਕੁਝ ਨਹੀਂ। ਤੇਰਾ ਸੰਵਰਿਆ ਕੁਝ ਨਹੀ। ਸਿਆਣਪ ਨਾਲ ਕਾਗਜ਼ ਕਾਲੇ ਹੁੰਦੇ ਹਨ ਅਤੇ ਬੰਦਗੀ ਨਾਲ ਮਨ ਸੁਫੈਦ ਹੁੰਦਾ ਹੈ ਮਨ ਪਵਿੱਤਰ ਹੁੰਦਾ ਹੈ। ਮੈਂ ਬੰਦਗੀ ਕਰਕੇ ਮਨ ਪਵਿੱਤਰ ਕਰ ਰਿਹਾ ਹਾਂ। ਰਵਾਇਤ ਹੈ ਕਿ ਪ੍ਰਸਿੱਧ ਵਿਦਵਾਨ ਜਲਾਲੇਦੀਨ ਰੂਮੀ ਅਜ ਜੋ ਮੌਲਾਨਾ ਰੂਮ ਕਰਕੇ ਪ੍ਰਸਿੱਧ ਹੈ ਇਹ ਇਲਮ ਦੀਆਂ ਕਿਤਾਬਾਂ ਖੋਹਲ ਕੇ ਆਪਣੇ ਸ਼ਾਗਿਰਦਾਂ ਨੂੰ ਪੜ੍ਹਾ ਰਿਹਾ ਸੀ। ਬਹੁਤ ਵੱਡਾ ਆਲਮ ਸੀ। ਆਲਮ ਹੋਣ ਦਾ ਮਾਣ ਵੀ ਸੀ। ਆਮ ਬੰਦੇ ਨੂੰ ਤਾਂ ਇਹ ਸ਼ਾਗਿਰਦ ਵੀ ਨਹੀਂ ਸੀ ਬਣਾਉਂਦਾ। ਜੋ ਇਸਦੀ ਕਸਵੱਟੀ ਤੇ ਪੂਰਾ ਨਹੀਂ ਸੀ ਉਤਰਦਾ ਉਸਨੂੰ ਤਾਂ ਇਹ ਪਾਸ ਨਹੀਂ ਸੀ ਬੈਠਣ ਦਿੰਦਾ। ਪ੍ਰਸਿੱਧ ਸੂਫ਼ੀ ਫਕੀਰ ਸ਼ਮਸ ਤਬਰੇਜ਼ ਆ ਗਏ। ਫਟੇ ਬਸਤਰ, ਪੈਰਾਂ ਤੋਂ ਨੰਗੇ। ਇਸ ਦੇ ਪਾਸ ਆ ਕੇ ਖੜ੍ਹੇ ਹੋ ਗਏ ਅਤੇ ਕਹਿਣ ਲੱਗੇ, ਕੀ ਕਰ ਰਿਹਾ ਹੈਂ? ਇਸ ਨੇ ਇਸ ਫਕੀਰ ਨੂੰ ਬੜੀ ਨਫ਼ਰਤ ਭਰੀ ਨਜ਼ਰ ਨਾਲ ਵੇਖਿਆ ਤੇ ਮੂੰਹੋਂ ਇੰਨੇ ਹੀ ਸ਼ਬਦ ਕਹੇ ਕਿ ਚਲ ਅੱਗੇ ਜਾ ਇਹ ਉਹ ਇਲਮ ਹੈ ਜਿਸਦਾ ਤੈਨੂੰ ਕੋਈ ਪਤਾ ਨਹੀਂ। ਇਸ ਫਕੀਰ ਨੇ ਸਿਰਫ਼ ਨਜ਼ਰ ਭਰ ਕੇ ਵੇਖਿਆ ਤਾਂ ਰੂਮੀ ਘਬਰਾ ਗਿਆ ਤੇ ਇਸ ਦੀਆਂ ਕਿਤਾਬਾਂ ਨੂੰ ਅੱਗ ਲੱਗ ਗਈ। ਇਸਨੇ ਘਬਰਾ ਕੇ ਪੁੱਛਿਆ ਕਿ ਫਕੀਰ ਸਾਂਈ ਇਹ ਕੀ ? ਉਹ ਕਹਿਣ ਲੱਗਾ ਇਹ ਉਹ ਹੈ ਜਿਸਦਾ ਤੈਨੂੰ ਕੋਈ ਪਤਾ ਨਹੀਂ। ਜਲਾਲਦੀਨ ਸਭ ਕੁਝ ਛੱਡ ਕੇ ਉਸ ਫ਼ਕੀਰ ਦੇ ਮਗਰ ਹੋ ਗਿਆ ਸੀ। ਉਸ ਤੋਂ ਬਾਅਦ ਬੰਦਗੀ ਕੀਤੀ। ਬੰਦਗੀ ਕਰਕੇ ਜੋ ਪਾਇਆ ਉਸ ਇਲਮ ਵਿਚ ਹੰਕਾਰ ਨਹੀਂ ਪਿਆਰੇ ਦੀਆਂ ਪ੍ਰੇਮ ਕਹਾਣੀਆਂ ਹਨ। ਜਿਹੜਾ ਬੰਦਾ ਫਕੀਰ ਨੂੰ ਕਹਿੰਦਾ ਸੀ ਅੱਗੇ ਚਲ ਇਹ ਉਹ ਹੈ ਜਿਸਦਾ ਤੈਨੂੰ ਕੀ ਪਤਾ ? ਉਹ ਬੰਦਾ ਫਿਰ ਆਪਣੀ ਮਸਨਵੀ ਵਿਚ ਲਿਖਦਾ ਹੈ ਕਿ ਇਕ ਅਯਾਲੀ ਨੇ ਸੁਣਿਆ ਕਿ ਖ਼ੁਦਾ ਲਾ ਮਕਾਂ ਹੈ। ਲਾ ਸ਼ਰੀਕ ਹੈ। ਇਕ ਇਕੱਲਾ ਹੈ। ਉਸਨੇ ਸੋਚਿਆ ਕਿ ਮੇਰੇ ਵਰਗਾ ਹੋਵੇਗਾ। ਮੇਰਾ ਮਿੱਤਰ ਕੋਈ ਨਹੀਂ, ਆਪਣੇ ਵਰਗੇ ਨੂੰ ਹੀ ਮਿੱਤਰ ਬਣਾਉਣਾ ਚਾਹੀਦਾ ਹੈ। ਉਹ ਪ੍ਰਮਾਤਮਾ ਨੂੰ ਕਹਿ ਰਿਹਾ ਸੀ—

*ਤੂੰ ਕੁਜਾਈ ਤਾਂ ਸਵੱਮ ਮਮ ਚਾਕਰਮ*

ਤੂੰ ਕਿਥੇ ਹੈਂ ਮੈ ਤੇਰੀ ਚਾਕਰੀ ਖਿਦਮਤ ਕਰਾਂ।

ਜੇ ਤੂੰ ਮਿਲੇ ਤਾਂ ਮੈਂ ਅੱਧਾ ਸਾਗ ਤੇ ਅੱਧੀ ਰੋਟੀ ਤੈਨੂੰ ਦੇਵਾਂ। ਤੇਰੀ ਜੁੱਤੀ ਗੰਢ ਦਿਆਂ, ਤੇਰਾ ਬੁਖਾਰ ਦਵਾਈ ਬੂਟੀ ਨਾਲ ਉਤਾਰ ਦਿਆਂ। ਤੇਰੀਆਂ ਜੂੰਆਂ ਮਾਰ

ਦਿਆਂ। ਤੇਰੇ ਫਟੇ ਕੱਪੜੇ ਸੀ ਦਿਆਂ। ਮੂਸਾ ਕੋਲੋਂ ਗੁਜ਼ਰ ਰਿਹਾ ਸੀ। ਉਸਨੂੰ ਗੁੱਸਾ ਆਇਆ ਉਸਨੇ ਇਸਦੇ ਮੂੰਹ ਤੇ ਥੱਪੜ ਮਾਰ ਦਿੱਤਾ ਤੇ ਕਿਹਾ ਕਿ ਉਸ ਪਰਵਰਦਗਾਰ ਖ਼ੁਦਾ ਦੀ ਐਸੇ ਲਫ਼ਜ਼ਾਂ ਨਾਲ ਤੂੰ ਤੌਹੀਨ ਕਰ ਰਿਹਾ ਹੈਂ। ਉਹ ਚੁੱਪ ਹੋ ਗਿਆ। ਫਿਰ ਏਨੇ ਸ਼ਬਦ ਹੀ ਕਹੇ ਕਿ ਅੱਜ ਤੋਂ ਬਾਅਦ ਤੇਰਾ ਕਦੀ ਨਾਮ ਨਾ ਲਵਾਂਗਾ। ਤੈਨੂੰ ਮਿੱਤਰ ਬਣਾਉਣਾ ਤਾਂ ਦੂਰ, ਤੇਰਾ ਨਾਂ ਵੀ ਨਹੀਂ ਲਵਾਂਗਾ। ਤੇਰਾ ਨਾਂ ਲਿਆਂ ਹੀ ਥੱਪੜ ਪਿਆ ਹੈ ਜੇ ਤੂੰ ਮਿੱਤਰ ਬਣ ਜਾਏਂ, ਕੋਲ ਹੋਵੇਂ ਤਾਂ ਪਤਾ ਨਹੀਂ ਮੇਰੇ ਤੇ ਕਿਹੜੀ ਮੁਸੀਬਤ ਆਵੇਗੀ। ਤੌਬਾ ਤੇਰੇ ਨਾਮ ਤੋਂ ਤੌਬਾ। ਆਪਾਂ ਇਕੱਲੇ ਹੀ ਠੀਕ ਹਾਂ। ਪਰ ਮੂਸਾ ਜਦੋਂ ਰੱਬ ਨਾਲ ਜੁੜਨ ਲੱਗਾ ਤਾਂ ਅੱਜ ਇਕ ਆਵਾਜ਼ ਆਈ ਕਿ ਮੂਸਾ ਤੂੰ ਬੁਰਾ ਕੀਤਾ। ਮੇਰੇ ਨਾਲ ਇਕ ਜੁੜੇ ਬੰਦੇ ਨੂੰ ਤੋੜ ਦਿੱਤਾ ਹੈ। ਮੈਂ ਤੈਨੂੰ ਤੋੜਨ ਵਾਸਤੇ ਨਹੀਂ ਭੇਜਿਆ, ਤੈਨੂੰ ਜੋੜਨ ਵਾਸਤੇ ਭੇਜਿਆ ਹੈ।

*ਵਹੀ ਆਮਦ ਸੂਏ ਮੂਸਾ ਅਜ਼ ਖ਼ੁਦਾ। ਬੰਦਾ ਏ ਮਾਰਾ ਜ਼ਿ ਮਾ ਕਰਦੀ ਜੁਦਾ।*
*ਤੂੰ ਬਰਾਇ ਵਸਲ ਕਰਦਨ ਆਮਦੀ। ਨੈ ਬਰਾਇ ਫਸਲ ਕਰਦਨ ਆਮਦੀ।*

ਰੂਮੀ, ਮੂਸਾ ਦੀ ਤੇ ਅਯਾਲੀ ਦੀ ਇਹ ਘਟਨਾ ਲਿਖਣ ਤੋਂ ਪਤਾ ਲਗਦਾ ਹੈ ਕਿ ਰੂਮੀ ਦੀਆਂ ਕਿਤਾਬਾਂ ਸ਼ਮਸ ਤਬਰੇਜ਼ ਦੀ ਨਜ਼ਰ ਨਾਲ ਸੜੀਆਂ ਹੋਣ ਜਾਂ ਨਾ ਪਰ ਸ਼ਮਸ ਤਬਰੇਜ਼ ਦੀ ਨਜ਼ਰ ਨਾਲ ਜਲਾਲੇਦੀਨ ਰੂਮੀ ਦਾ ਸਿਆਣਪ ਦਾ ਅਭਿਮਾਨ ਜ਼ਰੂਰ ਸੜ ਗਿਆ ਸੀ ਅਤੇ ਬੰਦਗੀ ਦਾ ਚਾਅ ਉਸਦੇ ਅੰਦਰ ਪੈਦਾ ਹੋ ਗਿਆ ਸੀ। ਬੰਦਗੀ ਕਰਨ ਵਾਲੇ ਦੇਂ ਦਰਸ਼ਨ ਨੇ ਉਸਦੇ ਅੰਦਰ ਬੰਦਗੀ ਦਾ ਚਾਅ, ਸ਼ੌਕ ਪੈਦਾ ਕਰ ਦਿੱਤਾ ਸੀ। ਤੇ ਇਹ ਪਤਾ ਲਗ ਗਿਆ ਸੀ ਕਿ ਬਜ਼ੁਰਗੀ ਸਿਆਣਪ ਵਿਚ, ਇਲਮ ਵਿਚ ਹੀ ਨਹੀਂ। ਇਲਮ ਸਫਲ ਹੈ ਜੇ ਬੰਦਾ ਪਰਉਪਕਾਰੀ ਹੋਵੇ ਤੇ ਇਹ ਪਤਾ ਲੱਗ ਜਾਏ ਕਿ ਅਕਲ ਨਾਲ ਨਹੀਂ, ਬਜ਼ੁਰਗੀ ਬੰਦਗੀ ਨਾਲ ਹੈ।

*ਬੰਦਾ ਹੋਇ ਬੰਦਗੀ ਗਹੈ।।*
*ਬੰਦੇ ਬੰਦਗੀ ਇਕਤੀਆਰੁ।।*

ਭਾਈ ਨੰਦ ਲਾਲ ਜੀ ਕਹਿੰਦੇ ਹਨ ਭਾਵੇਂ ਕੋਈ ਔਲੀਆ ਕਿਉਂ ਨਾ ਬਣ ਜਾਏ ਉਸਨੂੰ ਬੰਦਗੀ ਵਿਚ ਹੀ ਜਿਊਣਾ ਚਾਹੀਦਾ ਹੈ ਉਸਨੂੰ ਬੰਦਗੀ ਨਹੀਂ ਛੱਡਣੀ ਚਾਹੀਦੀ ਭਾਵੇਂ ਸਿਰ ਤੋਂ ਲੈ ਕੇ ਪੈਰਾਂ ਤਕ ਰੱਬ ਕਿਉਂ ਨਾ ਬਣ ਜਾਵੇ।

*ਜ਼ੀਸਤਨ ਦਰ ਬੰਦਗੀ ਅਉਲਾ ਬਵੱਦ।*
*ਗਰਚਿ ਸਰ ਤਾ ਪਾ ਹਮਾ ਹਮਹ ਮੌਲਾ ਬਵੱਦ।*

ਬੰਦਗੀ ਸਦਾ ਰਹਿਣ ਵਾਲੀ ਦੌਲਤ ਹੈ ਇਸ ਲਈ ਤੂੰ ਸਦਾ ਬੰਦਗੀ ਹੀ ਕਰ—

*ਦੌਲਤੇ ਜਾਵੈਦ ਬਾਸ਼ਦ ਬੰਦਗੀ।*
*ਬੰਦਗੀ ਕੁੰਨ ਬੰਦਗੀ ਕੁੰਨ ਬੰਦਗੀ।*

ਪੰਜ ਸਾਲ ਦੇ ਬੱਚੇ ਧ੍ਰੂ ਭਗਤ ਦੀ ਬਜ਼ੁਰਗੀ ਨੂੰ ਕਬੀਰ ਸਾਹਿਬ ਕਬੂਲਦੇ ਹਨ। ਇੰਨੀ ਕੁ ਉਮਰ ਦੇ ਪ੍ਰਹਿਲਾਦ ਦੀ ਬਜ਼ੁਰਗੀ ਨੂੰ ਕਬੂਲਦੇ ਹਨ। ਕਬੀਰ ਸਾਹਿਬ ਜੀ ਲਿਖਦੇ ਹਨ ਕਿ ਮੈਂ ਪ੍ਰਮਾਤਮਾ ਦਾ ਸਿਮਰਨ ਧ੍ਰੂ ਅਤੇ ਪ੍ਰਹਿਲਾਦ ਵਾਂਗੂੰ ਕਰਾਂਗਾ। ਧ੍ਰੂ ਪ੍ਰਹਿਲਾਦ ਦੀ ਵਡਿਆਈ, ਉਨ੍ਹਾਂ ਦੀ ਬਜ਼ੁਰਗੀ ਬੰਦਗੀ ਦੀ ਬਜ਼ੁਰਗੀ ਹੈ, ਉਮਰਾਂ ਦੀ ਨਹੀਂ।

*ਰਾਮ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ।*
*(ਗਉੜੀ ਕਬੀਰ ਜੀ, ਪੰਨਾ ੩੩੭)*

ਜੇ ਬਚਪਨ ਵਿਚ ਹੀ ਬੰਦਗੀ ਦੀ ਵਡਿਆਈ ਮਿਲ ਜਾਏ ਤਾਂ ਮੁਬਾਰਕ ਹੈ। ਜੇ ਜਵਾਨੀ ਵਿਚ ਇਹ ਬਜ਼ੁਰਗੀ ਮਿਲ ਜਾਏ ਤਾਂ ਧੰਨ ਭਾਗ ਹਨ। ਪਰ ਜੇ ਤਨ ਬੁੱਢਾ ਹੋਣ ਸਮੇਂ ਬੁਢਾਪੇ ਵਿਚ ਵੀ ਇਹ ਬਜ਼ੁਰਗੀ ਨਾ ਮਿਲੇ ਤਾਂ ਜੀਵਨ ਫਿਟਕਾਰ ਯੋਗ ਹੈ। ਇਕ ਬਜ਼ੁਰਗ ਨੂੰ ਕਿਸੇ ਦਾਨਸ਼ਵਰ ਨੇ ਪੁੱਛਿਆ ਸੀ ਕਿ ਬਜ਼ੁਰਗੋ! ਤੁਸੀਂ ਵੱਡੇ ਹੋ ਕਿ ਤੁਹਾਡੀ ਦਾੜ੍ਹੀ ਵੱਡੀ ਹੈ, ਉਸਨੇ ਉੱਤਰ ਦਿੱਤਾ ਸੀ ਮੈਂ ਵੱਡਾ ਹਾਂ ਦਾੜ੍ਹੀ ਛੋਟੀ ਹੈ। ਮੈਂ ੨੦ ਸਾਲ ਦਾ ਹੋ ਗਿਆ ਸਾਂ ਜਦੋਂ ਦਾੜ੍ਹੀ ਆਉਣੀ ਸ਼ੁਰੂ ਹੋਈ ਸੀ। ਅੱਗੋਂ ਉਸ ਸਿਆਣੇ ਨੇ ਕਿਹਾ, ਫਿਰ ਤੂੰ ਪਿੱਛੇ ਰਹਿ ਗਿਆ ਹੈਂ ਦਾੜ੍ਹੀ ਅੱਗੇ ਨਿਕਲ ਗਈ ਹੈ। ਇਹ ਗੱਲ ਰੂਮੀ ਤੇ ਇਕ ਪਾਦਰੀ ਦੀ ਹੋਈ ਸੀ। ਦਾੜ੍ਹੀ ਸਫੈਦ ਹੋ ਗਈ ਹੈ ਪਰ ਤੂੰ ਅਜੇ ਤੱਕ ਕਾਲਾ ਹੀ ਹੈਂ। ਇਹ ਬੁਢਾਪੇ ਦੀ ਤੌਹੀਨ ਹੈ ਕਿ ਦਾੜ੍ਹੀ ਸਫੈਦ ਹੁੰਦੀ ਜਾਏ ਤੇ ਮਨ ਦਿਨ-ਬ-ਦਿਨ ਕਾਲਾ ਹੁੰਦਾ ਜਾਏ। ਦਾੜੀ ਸਫੈਦ ਹੋਣੀ ਤਾਂ ਇਕ ਪ੍ਰਕਿਰਤਕ ਘਟਨਾ ਹੈ। ਦਾੜੀ ਸਫੈਦ ਸਾਕਤ ਦੀ ਵੀ ਹੁੰਦੀ ਹੈ ਸੰਤ ਦੀ ਵੀ, ਚੋਰ ਦੀ ਵੀ, ਸਾਧ ਦੀ ਵੀ, ਧਰਮੀ ਦੀ ਵੀ, ਪਾਪੀ ਦੀ ਵੀ। ਕੁਝ ਵੀ ਨਾ ਕਰੋ ਦਾੜ੍ਹੀ ਤਾਂ ਸਫੈਦ ਹੋ ਹੀ ਜਾਏਗੀ। ਪਰ ਮਨ ਪਵਿੱਤਰ ਆਪਣੇ ਆਪ ਨਹੀਂ ਹੁੰਦਾ ਇਸ ਲਈ ਸਿੱਖ ਦੀ ਘਾਲਣਾ ਚਾਹੀਦੀ ਹੈ ਤੇ ਸਤਿਗੁਰੂ ਦੀ ਮਿਹਰ ਚਾਹੀਦੀ ਹੈ। ਇਹ ਬਜ਼ੁਰਗੀ ਨਦੀਨ ਵਾਂਗੂੰ ਆਪੇ ਨਹੀਂ ਉਗਦੀ, ਇਹ ਬਜ਼ੁਰਗੀ ਤਾਂ ਕਣਕ ਤੇ ਕਪਾਹ ਵਾਂਗੂੰ ਬੀਜਣੀ ਪੈਂਦੀ ਹੈ। ਇਹ ਤਾਂ—

*ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ॥*
*ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ।*
*(ਸਿਰੀ ਰਾਗ ਮ: ੩, ਪੰਨਾ ੩੫)*

*ਇਸ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨਾ ਹੋਇ।*
*ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮ ਨਾ ਹੋਇ॥*

*(ਆਸਾ ਮ: ੩ ਪੰਨਾ ੪੨੯)*

ਇਹ ਬਜ਼ੁਰਗੀ ਤਾਂ ਮਿਲਦੀ ਹੈ ਕੋਈ ਸਤਿਗੁਰੂ ਦੀ ਸਰਣ ਆ ਕੇ ਇਸ ਸ਼ੋਭਾ ਦੀ, ਨਾਮ ਦੀ, ਸੁਖ ਦੀ ਮੰਗ ਕਰੇ।

*ਸਤਿਗੁਰ ਆਇਓ ਸਰਣ ਤੁਹਾਰੀ॥*
*ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥*

*(ਟੋਡੀ ਮ: ੫, ਪੰਨਾ ੭੧੩)*

ਸਤਿਗੁਰਾਂ ਨੇ ਮੁਸਲਮਾਨ ਫਕੀਰਾਂ ਨੂੰ ਉਪਦੇਸ਼ ਦੇਂਦਿਆਂ ਕਿਹਾ ਸੀ—ਬਜ਼ੁਰਗ ਕੀ ਸੰਗਤ ਨਿਤ ਕਰਨੀ।

ਐਸੇ ਬਜ਼ੁਰਗ ਕੌਣ ਹਨ ਜਿਹੜੇ ਬੰਦਗੀ ਵਿਚ ਲੀਨ ਹਨ ਭਾਵੇਂ ਉਹ ਕਿਸੇ ਅਵਸਥਾ ਵਿਚ ਹੋਣ ਭਾਵੇਂ ਬਚਪਨਾ ਹੋਵੇ ਭਾਵੇਂ ਉਹ ਜਵਾਨ ਹੋਣ ਤੇ ਭਾਵੇਂ ਬੁੱਢੇ ਹੋਣ। ਮੈਂ ਇਹ ਨਹੀਂ ਕਹਿ ਰਿਹਾ ਕਿ ਸਿੱਖ ਸਰੀਰਕ ਤੌਰ ਤੇ ਬੱਚਾ ਨਹੀਂ ਹੁੰਦਾ। ਜਾਂ ਸਰੀਰਕ ਤੌਰ ਤੇ ਜਵਾਨ ਨਹੀਂ ਹੁੰਦਾ ਜਾਂ ਸਰੀਰਕ ਤੌਰ ਤੇ ਬੁੱਢਾ ਨਹੀਂ ਹੁੰਦਾ ਨਹੀਂ, ਐਸਾ ਨਹੀਂ ਕਿਹਾ। ਇਹ ਅਵਸਥਾਵਾਂ ਤਾਂ ਹਰ ਇਕ ਤੇ ਆਪਣੇ ਆਪ ਆ ਹੀ ਜਾਣਗੀਆਂ। ਸਿੱਖੀ ਵਾਸਤੇ ਬੜੀ ਵੱਡੀ ਚੁਨੌਤੀ ਹੈ ਕਿ ਇਨ੍ਹਾਂ ਅਵਸਥਾਵਾਂ ਦੇ ਨਾਲ ਉਹ ਸਭ ਗੁਣ ਸਿੱਖ ਵਿਚ ਚਾਹੀਦੇ ਹਨ ਜੋ ਅਸੀਂ ਗੁਰਮਤਿ ਦੇ ਅਧਾਰ ਤੇ ਲਿਖੇ ਹਨ।

ਗੁਰੂ ਦਾ ਲਾਡ ਸਿੱਖੀ ਦਾ ਬਚਪਨਾ ਹੈ। ਗੁਰੂ ਦੇ ਬਲ ਦਾ ਭਰੋਸਾ ਸਿੱਖੀ ਦੀ ਜਵਾਨੀ ਹੈ। ਤੇ ਗੁਰੂ ਦੀ ਦੱਸੀ ਬੰਦਗੀ ਦੀ ਵਡਿਆਈ ਹੀ ਸਿੱਖੀ ਦੀ ਬਜ਼ੁਰਗੀ ਹੈ। ਇਹ ਵਡਿਆਈਆਂ ਸਾਡੇ ਵਿਚ ਆਉਣ, ਇਹ ਬਜ਼ੁਰਗੀ ਸਾਨੂੰ ਪ੍ਰਾਪਤ ਹੋਵੇ। ਇਸੇ ਲਈ ਇਹ ਪੁਸਤਕ ਗੁਰੂ ਦੀਆਂ ਵਡਿਆਈਆਂ ਦੀਆਂ ਕਥਾਵਾਂ ਲਿਖਣ ਦਾ ਉਪਰਾਲਾ ਕੀਤਾ ਹੈ। ਬਾਬਿਆਂ ਦੀਆਂ ਕਹਾਣੀਆਂ ਪੁੱਤਰਾਂ ਨੂੰ ਸਪੁੱਤਰ ਬਣਾ ਦੇਂਦੀਆਂ ਹਨ, ਇਹ ਸੱਚ ਹੈ ਕਿ ਜੇ ਤੂੰ ਚਾਹੁੰਦਾ ਹੈ ਕਿ ਨੇਕਾਂ ਵਿਚ ਤੇਰਾ ਨਾਮ ਬਰਕਰਾਰ ਰਹੇ ਤਾਂ ਆਪਣੇ ਤੋਂ ਪਹਿਲੇ ਨੇਕਾਂ ਨੂੰ ਨਾ ਭੁੱਲ।

*ਨਾਮੇ ਨੇਕੋ ਰਫਤਗਾਂ ਜ਼ਾਇਆ ਮਕੁੰਨ।*
*ਤਾ ਬਮਾਨਦ ਨਾਮ ਨੇਕਤ ਬਰਕਰਾਰ।* *(ਸ਼ੇਖ ਸਾਅਦੀ)*

■ ■ ■